
ਮੈਂ ਅਜੇ ਵਾਪਸ ਨਹੀਂ ਆਇਆ



ਅਮਰ ਭਾਰਤੀ

ਮੈਂ ਅਜੇ ਵਾਪਸ ਨਹੀਂ ਆਇਆ

ਭੇਟ - ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ
ਦੇ ਚਰਨਾਂ ਵਿਚ
[illegible] ਗਾਂਧੀ
20 ਜਨਵਰੀ ੧੯੯੯

ਅਮਰ ਭਾਰਤੀ ਲਿਖਿਤ ਹੋਰ ਪੁਸਤਕਾਂ

1. ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ।
2. ਅਲਹ ਵਰਸਉ ਮੇਹੁ।
3. ਸਤਿਗੁਰੁ ਤਿਸਕਾ ਨਾਉਂ।
4. ਸਿਖ ਇਤਿਹਾਸ ਤੇ ਕੂਕੇ-ਤੁਲਨਾਤਮਕ ਅਧਿਐਨ।
5. ਸ੍ਰੀ ਦਸਮੇਸ਼ ਨਾਂਦੇੜ ਪਿੱਛੋਂ।

ਬੰਗਲਾ ਤੋਂ ਅਨੁਵਾਦ

1. ਬਨਵਾਸੀ-ਨਾਵਲ - ਵਿਭੂਤੀ ਭੂਸ਼ਣ ਬੰਧੋਪਾਧਿਆਏ
2. ਸਪਤਪਦੀ-ਨਾਵਲ - ਤਾਰਾ ਸ਼ੰਕਰ ਬੰਧੋਪਾਧਿਆਏ
3. ਅਰੋਗ ਨਿਕੇਤਨ-ਨਾਵਲ - ਤਾਰਾ ਸ਼ੰਕਰ ਬੰਧੋਪਾਧਿਆਏ
4. ਕਵੀ-ਨਾਵਲ - ਤਾਰਾ ਸ਼ੰਕਰ ਬੰਧੋਪਾਧਿਆਏ
5. ਗੋਰਾ-ਨਾਵਲ - ਰਵੀਂਦ੍ਰ ਨਾਥ ਟੈਗੋਰ
6. ਅੱਖ ਦੀ ਰੜਕ-ਨਾਵਲ - ਰਵੀਂਦ੍ਰ ਨਾਥ ਟੈਗੋਰ
7. ਇੱਕੀ-ਕਹਾਣੀਆਂ - ਰਵੀਂਦ੍ਰ ਨਾਥ ਟੈਗੋਰ
8. ਕਪਾਲ ਕੁੰਡਲਾ-ਨਾਵਲ - ਬੰਕਿਮ ਚੰਦਰ ਚੱਟੋਪਾਧਿਆਏ
9. ਦੇਵੀ ਚੌਧਰਾਣੀ-ਨਾਵਲ - ਬੰਕਿਮ ਚੰਦਰ ਚੱਟੋਪਾਧਿਆਏ
10. ਚੰਦੇਰ ਸ਼ੇਖਰ-ਨਾਵਲ - ਬੰਕਿਮ ਚੰਦਰ ਚੱਟੋਪਾਧਿਆਏ

ਅਸਮੀਆਂ ਤੋਂ ਅਨੁਵਾਦ

11. ਲੰਮੇਰੇ ਦਿਨ ਅਤੇ ਰੁੱਤਾਂ-ਕਵਿਤਾ - ਨਿਰਮਲ ਪ੍ਰਭਾ ਬਾਰਦੋਲੋਇ

ੴ
ਸਤਿਗੁਰੂ ਪ੍ਰਸਾਦਿ

ਮੈਂ ਅਜੇ ਵਾਪਸ ਨਹੀਂ ਆਇਆ

ਅਮਰ ਭਾਰਤੀ

ਮਨਪ੍ਰੀਤ ਪ੍ਰਕਾਸ਼ਨ
ਦਿੱਲੀ-ਜਲੰਧਰ

MAIN AJAY WAPIS NAHI AAYA
by
AMAR BHARTI

ਪਹਿਲੀ ਵਾਰ : **1999**

ਸਰਵਰਕ : ਤਰੂਨਜੀਤ

ਪ੍ਰਕਾਸ਼ਕ : ਮਨਪ੍ਰੀਤ ਪ੍ਰਕਾਸ਼ਨ
16/16 ਪਹਿਲੀ ਮੰਜ਼ਿਲ
ਗੀਤਾ ਕਾਲੋਨੀ ਦਿੱਲੀ-31
ਫੋਨ : 2451046

ਬ੍ਰਾਂਚ : ਈ.ਐਮ.-66 ਰਸਤਾ ਮੁਹੱਲਾ,
ਫਗਵਾੜਾ ਗੇਟ, ਜਲੰਧਰ

ਲੇਜ਼ਰ ਟਾਈਪ ਸੈਟਿੰਗ :
ਇਸ਼ਾਨ ਲੇਜ਼ਰਸ
A-73, ਸ਼ਿਵਾਜੀ ਵਿਹਾਰ, ਨਵੀਂ ਦਿੱਲੀ-27
ਫੋਨ : 5461786

ਛਾਪਕ :
ਬਾਲਾਜੀ ਆਫਸੈਟ
ਨਵੀਨ ਸ਼ਾਹਦਰਾ, ਦਿੱਲੀ

ਮੁਲ : **140/-**

ਭੂਮਿਕਾ

ਗੁਰੂਦੇਵ ਰਵੀਂਦ੍ਰ ਨਾਥ ਦੀ ਸਭ ਤੋਂ ਵਡੀ ਦੇਣ ਹੈ 'ਸ਼ਾਂਤੀ ਨਿਕੇਤਨ', ਜਿੱਥੇ ਉਨ੍ਹਾਂ ਦੀ ਸਾਹਿਤਕ ਚੇਤਨਾ ਨੇਪਰੇ ਚੜ੍ਹੀ।

ਸ਼ਾਂਤੀ ਨਿਕੇਤਨ ਬਾਰੇ ਮੈ ਤਾਂ ਏਥੋਂ ਤਕ ਆਖ ਸਕਦਾ ਹਾਂ ਕਿ ਉਹ ਗੁਰੂਦੇਵ ਦੀ ਮਹਾਨ ਯਾਦਗਾਰ ਹੀ ਨਹੀਂ, ਉਹ ਉਨ੍ਹਾਂ ਦਾ ਪ੍ਰਤੀਕ ਵੀ ਹੈ।

ਸ਼ਾਂਤੀ ਨਿਕੇਤਨ ਦਾ ਸੁਪਨਾ ਗੁਰੂਦੇਵ ਦੇ ਪਿਤਾ ਮਹਾਂਰਿਸ਼ੀ ਦੇਵੇਂਦ੍ਰ ਨਾਥ ਠਾਕੁਰ ਨੇ ਵੇਖਿਆ ਸੀ। ਫਿਰ ਉਸ ਦੇ ਵਿਕਾਸ ਵਿਚ ਗੁਰੂਦੇਵ ਨੇ ਵੱਧ ਤੋਂ ਵੱਧ ਸੀਰ ਪਾਇਆ। ਸ਼ਾਂਤੀ ਨਿਕੇਤਨ ਨੇ ਅੱਗੇ ਜਾ ਕੇ ਵਿਸ਼ਵ ਭਾਰਤੀ ਦਾ ਰੂਪ ਧਾਰਨ ਕੀਤਾ, ਪਰ ਗੁਰੂਦੇਵ ਦਾ ਮੂਲ ਸੁਪਨਾ ਬਾਅਦ ਵਿਚ ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਵਖਰੀ ਲੀਹੇ ਤੁਰ ਪਿਆ।

ਇਕ ਵਾਰੀ ਮੈਂ ਗੁਰੂਦੇਵ ਨੂੰ ਮਿਲਣ ਗਿਆ ਤਾਂ ਉਨ੍ਹਾ ਨੂੰ ਬੜਾ ਉਦਾਸ ਵੇਖਿਆ। ਪੁੱਛਣ ਤੇ ਉਨ੍ਹਾਂ ਨੇ ਕਿਹਾ, "ਇਨ੍ਹਾ ਲੋਕਾਂ ਨੇ ਮੈਨੂੰ ਧ੍ਰਿਤਰਾਸ਼ਟਰ ਬਣਾ ਲਿਆ ਹੈ ਤੇ ਕੌਰਵਾਂ ਵਾਂਗ ਮਨ ਮਰਜ਼ੀ ਚਲਾ ਰਹੇ ਹਨ।"

ਮੈਨੂੰ ਉਸ ਦਿਨ ਵਾਲੀ ਗੁਰੂਦੇਵ ਦੀ ਗੱਲ ਕੰਡੇ ਵਾਂਗ ਚੁਭ ਰਹੀ ਹੈ।

ਅਮਰ ਭਾਰਤੀ ਲਿਖਿਤ 'ਸ਼ਾਂਤੀ ਨਿਕੇਤਨ' ਪੜ੍ਹਣ ਤੇ ਤੁਹਾਡੇ ਸਾਹਮਣੇ ਗੁਰੂਦੇਵ ਦੇ ਉਸ ਸੁਪਨੇ ਤੇ ਉਨ੍ਹਾਂ ਦੀ ਮਹਾਨ ਯਾਦਗਾਰ ਦਾ ਪੂਰਾ ਚਿਤ੍ਰ ਆ ਜਾਵੇਗਾ।

ਅਮਰ ਭਾਰਤੀ ਨੇ 'ਸ਼ਾਂਤੀ ਨਿਕੇਤਨ' ਪੁਸਤਕ ਦੀ ਰਚਨਾ ਤੋਂ ਪਹਿਲਾਂ ਸ਼ਾਂਤੀ ਨਿਕੇਤਨ ਦੀ ਯਾਤਰਾ ਕੀਤੀ। ਢਾਈ ਮਹੀਨੇ ਤੱਕ ਓਥੇ ਰਹਿ ਕੇ ਵੇਖਿਆ, ਸੁਣਿਆਂ ਤੇ ਪੜ੍ਹਿਆ ਅਤੇ ਫੇਰ ਉਨ੍ਹਾਂ ਨੇ ਇਹ ਰਚਨਾ ਪੰਜਾਬੀ ਪਾਠਕਾਂ ਲਈ ਤਿਆਰ ਕੀਤੀ।

ਅਮਰ ਭਾਰਤੀ ਦੀ ਇਸ ਰਚਨਾ ਨਾਲ ਮੈਂ ਆਪਣੇ ਸਾਹ ਮੇਲ ਕੇ ਆਖ ਸਕਦਾ ਹਾਂ ਕਿ ਇਹ ਪੰਜਾਬੀ ਸਾਹਿਤ ਨੂੰ ਨਵੀਂ ਨਰੋਈ ਦੇਣ ਹੈ।

— ਦੇਵਿੰਦਰ ਸਤਿਆਰਥੀ

ਨਵੀਂ ਦਿੱਲੀ

ਆਸ਼ੀਰਵਾਦ

2. ਪ੍ਰੀਤ ਨਗਰ, ਲੋਅਰ ਮਲ, ਪਟਿਆਲਾ

7-12-88

ਪਿਆਰੇ ਭਾਰਤੀ ਜੀ, ਫਤਿਹ

ਏਥੇ ਠੰਢ ਨਾਲ ਦੰਦੋੜਿਕਾ ਵੱਜ ਰਿਹਾ ਹੈ, ਫੇਰ ਵੀ ਅੱਜ ਮੈਂ ਤੁਹਾਡੀ ਉਂਗਲੀ ਫੜਕੇ ਅਮਰ ਨਾਥ ਦੀ ਸਾਰੀ ਯਾਤਰਾ ਮੁਕਾ ਲਈ ਹੈ। ਇਸ ਯਾਤਰਾ ਦਾ ਪੁੰਨ ਮੈਨੂੰ ਵੀ ਮਿਲੇਗਾ ਕਿ ਸਾਰੇ ਦਾ ਸਾਰਾ ਤੁਹਾਨੂੰ ਹੀ ਮਿਲ ਜਾਣਾ ਹੈ? ਅਲਾਹ ਕਰੇ ਜ਼ੋਰਿ-ਕਲਮ ਔਰ ਜ਼ਿਆਆ !

ਤੁਹਾਡਾ ਹਿਤੂ

ਪ੍ਰੀਤਮ ਸਿੰਘ (ਪ੍ਰੋ:)

ਅਪਣੇ ਵੱਲੋਂ

''ਮੈ ਅਜੇ ਵਾਪਸ ਨਹੀ ਆਇਆ''— ਵਿਚ ਤਿੰਨ ਯਾਤਰਾ ਵਿਵਰਨ ਹਨ। 1988 ਵਿਚ ਕਾਸ਼ਮੀਰ ਦੇ 'ਲੱਦਾਖ਼' ਅਤੇ 'ਅਮਰ ਨਾਥ' ਅੰਚਲਾਂ ਦੀ ਯਾਤਰਾ ਤੇ ਜਾਣ ਦਾ ਮੌਕਾ ਮਿਲਿਆ ਸੀ। ਓਥੇ ਪ੍ਰਕ੍ਰਿਤੀ ਦੇ ਜਿਸ ਵਿਰਾਟ ਰੂਪ ਦੇ ਦਰਸ਼ਨ ਹੋਏ, ਤੇ ਉਨ੍ਹਾਂ ਅੰਚਲਾਂ ਦਾ ਇਤਿਹਾਸਕ - ਅਗੇਤ-ਪਛੇਤ ਕੀ ਹੈ- ਉਸ ਨੂੰ ''ਲੱਦਾਖ'' ਅਤੇ ''ਅਮਰ ਨਾਥ'' ਨਾਮੀ ਲੇਖਾਂ ਵਿਚ ਰੇਖਾਂਕਿਤ ਕੀਤਾ ਗਿਆ ਹੈ।

1959 ਵਿਚ, ਗੁਰੂਦੇਵ ਰਵੀਂਦ੍ਰ ਨਾਥ ਟੈਗੋਰ ਦੀ ਕਰਮਭੂਮੀ, 'ਸ਼ਾਂਤੀਨਿਕੇਤਨ' ਜਾਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਓਥੇ ਢਾਈ ਮਹੀਨੇ ਰਿਹਾ ਸਾਂ। ਉਨ੍ਹਾਂ ਢਾਈ ਮਹੀਨਿਆਂ ਵਿਚ ਜੋ ਵੇਖਿਆ, ਸਮਝਿਆ, ਤੇ ਮਾਣਿਆਂ- ਉਸ ਨੂੰ ਸ਼ਾਂਤੀ ਨਿਕੇਤਨ ਤੇ ਵਿਸ਼ਵ ਭਾਰਤੀ ਯੂਨੀਵਰਸਿਟੀ ਦੇ ਇਤਿਹਾਸ ਸਮੇਤ ਪੁਸਤਕ ਦਾ ਰੂਪ ਦਿੱਤਾ ਸੀ। ਓਦੋਂ ਉਹ ਪੁਸਤਕ 'ਸ਼ਾਂਤੀ ਨਿਕੇਤਨ ਬਾਰੇ', ਨਾਮ ਹੇਠ ਛਪੀ ਸੀ।

ਹੁਣ ਉਸ ਪੁਸਤਕ ਅਤੇ 'ਲੱਦਾਖ' ਤੇ 'ਅਮਰ ਨਾਥ' ਦੇ ਯਾਤਰਾ ਵਿਵਰਨਾ ਨੂੰ ਇਕੱਠਿਆਂ ਕਰਕੇ ਇੱਕੋ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਸ਼ਾਂਤੀ ਨਿਕੇਤਨ ਦੇ ਵਿਵਰਨ ਵਿਚ ਕੁਝ ਵਾਧਾ ਵੀ ਕੀਤਾ ਗਿਆ ਹੈ।

'ਲੱਦਾਖ' ਅਤੇ 'ਅਮਰ ਨਾਥ' ਸੰਬੰਧੀ ਲੇਖ ਪਹਿਲਾਂ, ਰੋਜ਼ਾਨਾ 'ਅਜੀਤ' ਵਿਚ ਛਪ ਚੁੱਕੇ ਹਨ। 'ਅਮਰ ਨਾਥ' ਵਾਲਾ ਲੇਖ 'ਮਾਸਿਕ ਵਰਿਆਮ' ਵਿਚ ਅਤੇ 'ਲੱਦਾਖ' ਵਾਲਾ ਲੇਖ ਮਾਸਿਕ ਸਮਦਰਸ਼ੀ ਵਿਚ ਵੀ ਛਪ ਚੁੱਕੇ ਹਨ।

'ਸ਼ਾਂਤੀ ਨਿਕੇਤਨ' ਦਾ ਭਾਰਤ ਦੇ ਬੌਧਿਕ, ਅਧਿਆਤਮਕ ਅਤੇ ਇਤਿਹਾਸਕ ਪੱਖ ਵਿਚ ਸਥਾਈ ਮਹੱਤਵ ਅਤੇ ਯੋਗਦਾਨ ਹੈ।

'ਲੱਦਾਖ' ਪ੍ਰਕ੍ਰਿਤੀ ਦਾ ਮਹਿਮਾ ਭਰਿਆ ਅੰਚਲ ਹੋਣ ਦੇ ਨਾਲ ਨਾਲ ''ਬੋਧ ਧਰਮ'' ਦੇ ਇਕ ਵਿਸ਼ੇਸ਼ ਅੰਗ ਦਾ ਕੇਂਦਰ ਬਿੰਦੂ ਹੋਣ ਕਰਕੇ ਭਾਰਤ ਦੇ ਅਧਿਆਤਮਕ ਇਤਿਹਾਸ ਵਿਚ ਮਹੱਤਵ ਪੂਰਨ ਸਥਾਨ ਰੱਖਦਾ ਹੈ।

ਅਮਰ ਨਾਥ ਭਾਰਤ ਦੇ 'ਸ਼ੈਵ ਮਤ' ਦਾ ਇਕ ਗਿਰੀ-ਤੀਰਥ ਹੋਣ ਕਰਕੇ ਆਪਣੀ ਨਿਵੇਕਲੀ ਪਛਾਣ ਰੱਖਦਾ ਹੈ।

—ਅਮਰ ਭਾਰਤੀ
5, ਦਿਸੰਬਰ 1998
ਸੀ-5-ਡੀ/79 ਏ, ਜਨਕਪੁਰੀ,
ਨਵੀ ਦਿੱਲੀ-58

ਤਤਕਰਾ

ਲੱਦਾਖ਼

ਅਚਾਨਕ ਹੀ ਉਸ ਦਿਨ ਡਾ: ਮਨਜੀਤ ਤੇ ਪਿਆਰਾ ਸਿੰਘ ਦਾਤਾ ਜੀ ਨੇ ਆਣ ਕੇ ਕਿਹਾ, "ਯੂਥ ਹੋਸਟਲ ਵੱਲੋਂ ਇਸ ਵਾਰ ਲੱਦਾਖ ਦੀ ਟਰੈਕਿੰਗ ਏ– ਇਕ ਦਮ ਦੁਨੀਆਂ ਦੀ ਛੱਤ ਤਕ– ਲੱਦਾਖ ਰੂਫ ਟੌਪ ਆਫ ਦ ਵਰਲਡ– ਸਿਰਫ ਪੰਜ ਦਿਨਾਂ ਦੀ ਟਰੈਕਿੰਗ, ਦਸ ਦਿਨ ਕਸ਼ਮੀਰ ਘਾਟੀ ਤੇ ਲੇਹ - ਲੱਦਾਖ ਦੀ ਤਫਰੀਹ। ਤੁਸੀ ਜ਼ਰੂਰ ਚੱਲੋ, ਬੜਾ ਵਧੀਆ ਮੌਕਾ ਜੇ।"

"ਤੇ ਖ਼ਰਚਾ?" ਮੇਰਾ ਸਵਾਲ ਸੀ।

"ਪੌਣੇ ਸੱਤ ਸੌ ਰੁਪਏ ਯੂਥ ਹੋਸਟਲ ਵਾਲੇ ਲੈਣਗੇ, ਸ੍ਰੀਨਗਰ ਤੋਂ ਵਾਪਸ ਸ੍ਰੀਨਗਰ ਤਕ। ਖਾਣ-ਪੀਣ, ਰਹਿਣ, ਸੌਣ ਤੇ ਬਸ ਦੇ ਸਫਰ ਦਾ ਸਾਰਾ ਬੰਦੋਬਸਤ ਉਨ੍ਹਾਂ ਦਾ। ਬਾਕੀ ਦਿੱਲੀ ਤੋਂ ਸ੍ਰੀਨਗਰ ਜਾਣ-ਆਉਣ ਦਾ ਖ਼ਰਚ ਵੱਖਰਾ ਆਪਣਾ।"

"ਪੰਜ ਸੌ ਰੁਪਏ ਮੈ ਦੇ ਦਿਆਂਗਾ, ਜਦੋਂ ਜੀ ਕਰੇ ਮੋੜ ਦੇਣਾ" ਦਾਤਾ ਜੀ ਨੇ ਪੇਸ਼ਕਸ਼ ਕੀਤੀ।

"ਕੁਝ ਮੈਂ ਦੇ ਦਿਆਂਗਾ ਤੇ ਕੁਝ ਤੁਸੀ ਆਪ ਬੰਦੋਬਸਤ ਕਰ ਲਉ।" ਡਾ: ਮਨਜੀਤ ਨੇ ਵੀ ਹੱਥ ਵਧਾ ਦਿੱਤਾ।

"ਗੱਲ ਤੇ ਵਧੀਆ ਏ, ਪੰਜ ਸਾਲ ਹੋ ਗਏ ਨੇ ਗੰਗੋਤਰੀ-ਗੋਮੁਖ ਦੀ ਯਾਤ੍ਰਾ ਤੋਂ ਬਾਅਦ ਚੱਜ ਨਾਲ ਪਹਾੜ ਦੇ ਦਰਸ਼ਨ ਹੀ ਨਹੀ ਹੋਏ। ਅੱਗੇ ਤਾਂ ਤੁਰੇ ਹੀ ਰਹੀਦਾ ਸੀ, ਕੋਈ ਸਾਲ ਖਾਲੀ ਨਹੀ ਸੀ ਲੰਘਦਾ। ਕੁੱਲੂ-ਮਨਾਲੀ ਦਰੱਰਾ ਰੋਹਤਾਂਗ ਤੇ ਉਸ ਤੋਂ ਅਗਾਂਹ ਕੋਕਸਰ, ਕੇਲੌਂਗ, ਮਣੀਕਰਨ ਤੇ ਉਸਤੋਂ ਅੱਗੇ ਖੀਰ ਗੰਗਾ, ਸਿਮਲਾ ਤੇ ਉਸਦੇ ਧੁਰ ਅੰਦਰਲੇ ਇਲਾਕੇ, ਤਰੁੰਡ, ਕੁੰਤੀਸਰ ਤੇ ਹਿਮਾਚਲ ਦੇ ਅਨੇਕਾਂ ਹੋਰ ਇਲਾਕੇ ਇਨ੍ਹਾਂ ਪੈਰਾ ਨਾਲ ਹੀ ਗਾਹੇ ਹੋਏ ਨੇ। ਓਦੋਂ ਦਮ ਸੀ, ਲੱਤਾਂ ਵਿਚ ਤ੍ਰਾਣ ਸੀ, ਹਿਮਾਲਯ ਦਾ ਕੱਦ ਨਿੱਕਾ-ਨਿੱਕਾ ਲੱਗਦਾ ਸੀ ਤੇ ਪੈਂਡੇ ਛੋਟੇ-ਛੋਟੇ। ਪਰ ਹੁਣ? ਇਸ ਉਮਰ ਵਿਚ– ਪੰਜ ਦਿਨਾ ਦੀ ਮਿਥੀ ਹੋਈ ਟਰੈਕਿੰਗ, ਵੱਧ ਤੋਂ ਵੱਧ ਔਖੀਆਂ ਚੜ੍ਹਾਈਆਂ-ਉਤਰਾਈਆਂ ਹੋਣਗੀਆਂ– ਕਰ ਸੱਕਾਂਗਾ?"

"ਬਿਲਕੁਲ ਕਰ ਸੱਕੋਗੇ।"

"ਠੀਕ ਏ, ਤੁਸੀ ਤਾਂ ਮੈਥੋਂ ਵੀ ਉਮਰੋਂ ਵਡੇ ਓ, ਸੋ, ਜੋ ਗਤੀ ਤਹਾਡੀ ਉਹੋ ਹੀ ਮੇਰੀ।" ਮੈਂ ਦਾਤਾ ਜੀ ਨੂੰ ਕਿਹਾ।

"ਮੈ ਤੇ ਜਾ ਨਹੀ ਰਿਹਾ, ਏਥੇ ਹੋਰ ਕੰਮ ਏ ਉਨ੍ਹਾਂ ਦਿਨਾ ਵਿਚ, ਤੁਸੀ ਤੇ ਮਨਜੀਤ ਹੀ ਜਾਉਗੇ।"

"ਚਲੋ ਏਸੇ ਬਹਾਨੇ ਕਾਇਆ ਕਲਪ ਹੋ ਜਾਏਗਾ, ਮੇਰੀ ਤੇ ਸੰਜੀਵਨੀ ਹੀ ਪਹਾੜਾਂ ਦੀ ਯਾਤ੍ਰਾ ਏ। ਤੁਸੀ ਪੈਸੇ ਜਮ੍ਹਾਂ ਕਰਵਾ ਦਿਉ।"

ਤੀਸਰੇ ਦਿਨ ਦਾਤਾ ਜੀ ਨੇ ਦੋ ਹਜ਼ਾਰ ਰੁਪਏ ਮੇਰੇ ਹੱਥ ਫੜਾਉਂਦਿਆ ਕਿਹਾ, "ਇਹ ਭਾਪਾ ਜੀ (ਪ੍ਰੀਤਮ ਸਿੰਘ ਆਰਸੀ) ਨੇ ਦਿੱਤੇ ਨੇ। ਉਨ੍ਹਾਂ ਨੇ ਤੁਹਾਡੇ ਲੱਦਾਖ ਜਾਣ ਦੀ ਗੱਲ ਸੁਣਦਿਆਂ ਈ ਕਿਹਾ, 'ਭਾਰਤੀ ਜੀ ਨੂੰ ਆਖਣਾ, ਤਸੱਲੀ ਨਾਲ ਘੁੰਮ ਫਿਰ ਕੇ ਆਉਣ, ਇਹ ਰੁਪਏ ਮੋੜਨੇ ਨਹੀਂ ਪੈਣਗੇ।'"

25 ਜੁਲਾਈ 1988 ਨੂੰ ਰਾਤ ਦੇ ਬਾਰਾਂ ਕੁ ਵਜੇ ਅਸਾਂ ਸ੍ਰੀਨਗਰ ਕਸ਼ਮੀਰ ਦੇ ਯੂਥ ਹੋਸਟਲ ਐਸੋਸੀਏਸ਼ਨ ਔਫ ਇੰਡੀਆਂ ਵੱਲੋਂ ਲੱਗੇ ਬੇਸ ਕੈਂਪ ਵਿਚ ਰਿਪੋਰਟ ਜਾ ਕੀਤੀ।

"ਈਦ ਮੁਬਾਰਿਕ" ਕਹਿੰਦਿਆਂ ਹੀ ਗਲ ਲਗ ਕੇ ਇੱਕ ਸੱਜਣ ਨੇ ਆਖਿਆ, "ਮੁੰਹਮਦ ਇਬ੍ਰਾਹੀਮ ਖਾਂ, ਮੱਧ ਪ੍ਰਦੇਸ਼ ਤੋਂ, ਏਥੇ ਕੈਂਪ ਲੀਡਰ ਦੀ ਡਿਊਟੀ ਏ। ਅੱਜ ਈਦ ਦੇ ਦਿਨ ਤੁਹਾਨੂੰ ਖੁਸ਼ ਆਮਦੀਦ ਕਹਿਣ ਦੀ ਖੁਸ਼ੀ ਲੈ ਰਿਹਾ ਹਾਂ।"

"ਈਦ ਮੁਬਾਰਿਕ" ਆਖ ਕੇ ਇਕ ਹੋਰ ਸੱਜਣ ਨੇ ਗਲ ਲਗਦਿਆਂ ਕਿਹਾ, "ਮੈਂ ਖ਼ਾਂ ਸਾਹਿਬ ਦਾ ਸਾਥੀ ਆਂ। ਮੇਰੀ ਡਿਊਟੀ ਵੀ ਕੈਂਪ ਲੀਡਰ ਦੀ ਹੀ ਏ। ਅਸੀ ਦੋਵੇ ਛਤਰਪੁਰ ਮੱਧ ਪ੍ਰਦੇਸ਼ ਤੋਂ ਹਾਂ। ਜਿਊ ਆਇਆ ਨੂੰ।... ਹਾਂ, ਇੱਕ ਗੱਲ,—ਬੁਰਾ ਨਾ ਮਨਾਉਣਾ, ਤੁਹਾਡੀ ਉਮਰ ਕਿੰਨੀ ਏ?"

"ਬਾਹਠ ਸਾਲ।"

"ਕਮਾਲ ਏ ! ਮੁਬਾਰਿਕ ਤੁਹਾਡੀ ਹਿੰਮਤ ਲਈ।"

ਦੋ ਦੋ ਕੰਬਲ ਤੇ ਤੰਬੂ ਵਿਚ ਪੈਣ ਦੀ ਜਗ੍ਹਾ ਮਿਲ ਜਾਣ ਤੇ ਅਸਾਂ ਸੌਣ ਨੂੰ ਢਿੱਲ ਨਾ ਲਾਈ।

ਸਵੇਰੇ ਛੇ ਵਜੇ ਹੀ ਚਾਹ ਦਾ ਹੋਕਾ ਸੀ। ਹਰ ਕਿਸੇ ਨੇ ਆਪਣਾ ਆਪਣਾ ਪਿਆਲਾ-ਗਿਲਾਸ ਭਰਵਾ ਲਿਆ। ਘੰਟੇ ਡੇੜ੍ਹ ਬਾਅਦ ਨਾਸ਼ਤੇ ਦੀ ਘੰਟੀ ਵੱਜੀ। ਨਾਸ਼ਤੇ ਸਮੇਂ ਵੇਖਿਆ, ਸੈਂਕੜੇ ਹੀ ਗਭਰੂ ਤੇ ਮੁਟਿਆਰਾਂ। ਸਭ ਇਕ ਦੂਜੇ ਨਾਲ ਗੱਲੀ ਲੱਗੇ ਨਾਸ਼ਤਾ ਕਰ ਰਹੇ ਸਨ। ਛੱਤੀ ਛੱਤੀ ਵਿਅਕਤੀਆਂ ਦੇ ਤਿੰਨ ਗਰੁਪ ਉਸ ਸਵੇਰ ਇਕੱਠੇ ਸਨ। ਜਿਹੜੇ ਗਰੁਪ ਨੇ ਕੱਲ੍ਹ ਜਾਣਾ ਸੀ, ਉਹ ਅਜੇ ਏਥੇ ਹੀ ਸੀ, ਕਿਉਂਕਿ ਉਪਰਲੇ ਰਸਤੇ ਵਿਚ ਕਿਸੇ ਰੁਕਾਵਟ ਕਾਰਨ ਕੱਲ੍ਹ ਉਪਰੋਂ ਮੁੜਨ ਵਾਲਾ ਗਰੁਪ ਆਇਆ ਨਹੀ ਸੀ। ਸਾਡਾ ਅਤੇ ਸਾਥੋਂ ਇਕ ਦਿਨ ਪਹਿਲਾਂ ਵਾਲਾ ਗਰੁਪ ਆਪਣੀ ਆਪਣੀ ਵਾਰੀ ਦੀ ਉਡੀਕ ਵਿਚ ਦੋ ਦੋ ਦਿਨਾਂ ਲਈ ਸ੍ਰੀ ਨਗਰ ਵਿਚ ਮੌਜੂਦ ਸੀ। ਇਸ ਸਾਰੇ ਮੇਲੇ ਵਿਚ ਕੁੱਲ ਤਿੰਨ ਪੰਜਾਬੀ ਤੇ ਉਹ ਵੀ ਸਿੱਖ,— ਸਨ। ਡਾ: ਮਨਜੀਤ, ਮੈਂ ਅਤੇ ਸਾਥੋਂ ਅਗਲੇ ਗਰੁਪ ਵਿਚ— ਬਾਵਾ ਸਾਹਿਬ। ਬਾਕੀ ਸਾਰੇ ਲੋਕ ਹਿੰਦੁਸਤਾਨ ਦੇ ਵੱਖ ਵੱਖ ਸੂਬਿਆਂ ਤੋਂ ਸਨ। ਸਭ ਚੁਸਤ ਦਰੁਸਤ। ਮੈਂ ਵੇਖਿਆ, ਮੇਰੇ ਨਾਲ ਜਾਣ-ਪਛਾਣ ਬਹੁਤਿਆਂ ਲਈ ਜ਼ਰੂਰੀ ਸੀ। ਲਗਭਗ ਹਰ ਕੋਈ ਹੀ ਆਪਣਾ ਨਾਮ ਅਤੇ ਸ਼ਹਿਰ ਦੱਸ ਕੇ ਕੌਤੂਹਲ ਜਿਹੇ ਨਾਂਲ ਸਿੱਧਾ ਹੀ ਪੁੱਛ ਲੈਂਦਾ— "ਅੰਕਲ, ਤੁਹਾਡੀ ਉਮਰ ਕਿੰਨੀ ਏ?"

"ਬਾਹਠ ਸਾਲ।"

"ਤੁਹਾਡੀ ਹਿੰਮਤ ਦੀ ਦਾਦ ਦੇਣ ਨੂੰ ਜੀਅ ਕਰਦੈ। ਪਹਿਲਾਂ ਵੀ ਗਏ ਓ ਟਰੈਕਿੰਗ ਤੇ?"

"ਹਾਂ, ਕਈ ਵਾਰੀ।"

"ਯੂਥ ਹੋਸਟਲ ਵੱਲੋਂ? ਕਿੱਥੇ ਕਿੱਥੇ?"

"ਨਹੀਂ, ਯੂਥ ਹੋਸਟਲ ਵੱਲੋਂ ਤਾਂ ਹੁਣ ਹੀ ਜਾ ਰਿਹਾ ਹਾਂ।"

"ਤਾਂ ਫਿਰ?"

"ਦੋ ਚਾਰ ਦੋਸਤਾਂ ਦੇ ਗਰੁਪ ਵਿਚ, ਜਾਂ ਇਕੱਲਿਆ ਈ। ਹਿਮਾਚਲ ਤੇ ਉੱਤਰ ਪ੍ਰਦੇਸ਼ ਦੇ ਬਹੁਤ ਸਾਰੇ ਪਹਾੜਾਂ ਤੇ ਚੜ੍ਹਿਆ ਹਾਂ।"

ਮੇਰੇ ਇਸ ਜਵਾਬ ਤੋਂ ਬਾਅਦ ਅਕਸਰ ਸੁਣਾਈ ਦੇਂਦਾ— "ਤੁਹਾਨੂੰ ਵੇਖਕੇ ਸਾਡਾ ਹੌਸਲਾ ਵਧ ਗਿਆ ਏ।"

ਮੈਂ ਭਾਵੇਂ ਪੂਰੇ ਆਤਮ ਵਿਸ਼ਵਾਸ ਨਾਲ ਆਪਣੀ ਤਿਆਰੀ ਦੱਸ ਰਿਹਾ ਸਾਂ— ਪਰ ਅੰਦਰੋਂ ਡਰ ਹੀ ਲਗਦਾ ਸੀ। ਸੋਚਦਾ ਸੀ, ਇਨ੍ਹਾਂ ਨਾਲ ਕਿਵੇਂ ਚੱਲ ਸੱਕਾਂਗਾ। ਪਿਛਲੇ ਦਸਾਂ ਸਾਲਾਂ ਤੋਂ ਮੇਰੇ ਗੋਡਿਆਂ ਦੇ ਕਬਜੇ ਖੜਕੇ ਹੋਏ ਨੇ, ਦੋ ਸਾਲਾਂ ਤੋਂ ਸਰਵਾਈਕਲ ਸਪੋਂਡੇਲੋਸਿਸ ਕਾਰਨ ਸਿਰ ਭੌਂ ਭੌਂ ਜਾਂਦਾ ਏ— ਫਿਰ ਉਮਰ ਵੀ ਤਾਂ...। ਅਤੇ ਉਪਰੋਂ ਬੁਖ਼ਾਰ, ਜੰਮੂ ਤੋਂ ਹੀ ਬੁਖਾਰ ਮਗਰ ਪੈ ਗਿਆ ਏ, ਰੋਜ਼ ਹੀ ਤਾਂ ਚੜ੍ਹ ਰਿਹਾ ਏ ਤਿੰਨਾਂ ਦਿਨਾਂ ਤੋਂ। ਪਰ ਮੇਰਾ ਸੰਕਲਪ ਸ਼ਾਇਦ ਸਭਨਾਂ ਨਾਲੋਂ ਤਗੜਾ ਸੀ। ਲਗਦਾ ਸੀ— ਜਿਵੇਂ ਮੈਨੂੰ ਕੋਈ ਉਪਰੋਂ— ਹਿਮਾਲਯ ਤੋਂ ਪਾਰੋਂ ਬੁਲਾ ਰਿਹਾ ਹੈ, ਕੋਈ ਚਿਰੀਂ ਵਿਛੁੰਨਾ, ਜਨਮ ਜਨਮਾਤਰਾਂ ਦਾ ਵਿਛੜਿਆ ਹੋਇਆ— ਜਾਣਾ ਹੀ ਹੈ ਮੈਂ ਤੇ।

ਦੋ ਦਿਨ ਸ੍ਰੀਨਗਰ ਵਿਚ ਘੁੰਮੇ-ਫਿਰੇ। ਨਿਸ਼ਾਤ ਤੇ ਸ਼ਾਲੀਮਾਰ ਬਾਗ ਵੇਖੇ, ਡਲ ਝੀਲ ਦੇ ਕਿਨਾਰੇ ਕਿਨਾਰੇ ਫਿਰਦਿਆਂ ਅਥਾਹ ਜਲ ਰਾਸ਼ੀ ਵੇਖੀ ਤੇ ਤੀਜੇ ਦਿਨ ਸਵੇਰੇ ਨੌਂ ਕੁ ਵਜੇ ਬਸ ਰਾਹੀ ਸਾਡਾ ਗਰੁਪ ਕਾਰਗਿਲ ਨੂੰ ਚੱਲ ਪਿਆ।

ਕਾਰਗਿਲ— ਜਿਸ ਦਾ ਨਾਮ ਹਿੰਦ-ਪਾਕ ਲੜਾਈਆਂ ਦੇ ਦਿਨਾਂ ਵਿਚ ਅਕਸਰ ਪੜ੍ਹਨ-ਸੁਣਨ ਵਿਚ ਆਉਂਦਾ ਸੀ— ਸ੍ਰੀਨਗਰ ਤੋਂ ੨੦੪ ਕਿਲੋਮੀਟਰ ਦੀ ਦੂਰੀ ਤੇ ਹੈ। ਬਸ ਚਲਦਿਆਂ ਹੀ ਜਵਾਨੀ ਨੇ ਮਸਤਾਨੀ ਹੋ ਹੋ ਗੀਤ ਗਾਉਣੇ ਸ਼ੁਰੂ ਕਰ ਦਿੱਤੇ। ਹਿੰਦੀ, ਮਰਾਠੀ, ਗੁਜਰਾਤੀ ਤੇ ਪੰਜਾਬੀ ਗੀਤਾਂ ਦੀ ਜਿਵੇਂ ਝੜੀ ਹੀ ਲੱਗ ਗਈ ਹੋਵੇ। ਸਾਡੇ ਗਰੁਪ ਵਿਚ ਪੰਦਰਾਂ ਕੁ ਵਿਅਕਤੀ ਗੁਜਰਾਤ, ਮਹਾਂਰਾਸ਼ਟਰ ਤੇ ਗੋਵਾ ਤੋਂ ਸਨ। ਤਿੰਨ ਉੜੀਸਾ ਤੋਂ, ਤਿੰਨ ਚਾਰ ਬੰਗਾਲ ਤੋਂ, ਦੋ ਆਂਧਰਾ ਤੋਂ, ਇਕ ਕੇਰਲ ਤੋਂ, ਇਕ ਤਾਮਿਲਨਾਡੂ ਤੋਂ। ਸੱਤ ਕੁੜੀਆਂ ਸਨ ਵੱਖ ਵੱਖ ਸੂਬਿਆ ਤੋਂ। ਇਕ ਸਰਦਾਰ ਜੀ ਬੰਬਈ ਤੋਂ ਸਨ, ਪਨੇਸਰ— ਜੋ ਅਜ ਹੀ ਅਮਰਨਾਥ ਦੀ ਯਾਤ੍ਰਾ ਤੋਂ ਪਰਤ ਕੇ ਸਾਡੇ ਗਰੁਪ ਵਿਚ ਆ ਰਲੇ ਸਨ। ਦੋ ਅਸੀਂ ਦਿੱਲੀ ਤੋਂ ਸਾਂ, ਮੱਧ ਪ੍ਰਦੇਸ਼, ਬਿਹਾਰ, ਉਤਰ ਪ੍ਰਦੇਸ਼ ਤੋਂ ਵੀ ਕੁਝ ਵਿਅਕਤੀ ਆਏ ਸਨ। ਕੁੱਲ ਮਿਲਾ ਕੇ ਇਕ ਛੋਟਾ ਹਿੰਦੁਸਤਾਨ ਆਪਣੇ ਆਪਣੇ ਰੰਗ ਢੰਗ ਤੇ ਭਾਸ਼ਾ-ਸੰਸਕ੍ਰਿਤੀ ਨਾਲ ਹਾਜ਼ਰ ਸੀ। ਪਨੇਸਰ (ਸਵਿੰਦਰ ਸਿੰਘ) ਚਾਰ ਬੋਲੀਆਂ,— ਪੰਜਾਬੀ, ਹਿੰਦੀ, ਗੁਜਰਾਤੀ ਤੇ ਮਰਾਠੀ ਵਿਚ ਇਕੱਲਾ ਹੀ ਵਾਰੀ ਦੇ ਰਿਹਾ ਸੀ। ਬੰਗਾਲੀ ਕੁੜੀ ਸੁਪ੍ਰੀਯਾ ਚੈਟਰਜੀ ਟੈਗੋਰ ਸੰਗੀਤ ਸੁਣਾਉਂਦੀ। ਗੀਤਾਂ ਦਾ ਇਹ ਸਿਲਸਿਲਾ ਸ੍ਰੀਨਗਰ ਤੋਂ ਸ਼ੁਰੂ ਹੋ ਕੇ ਵਾਪਸ ਸ੍ਰੀ ਨਗਰ ਤੱਕ ਲਗਾਤਾਰ ਪੰਦਰਾਂ ਦਿਨ

ਚਲਦਾ ਰਿਹਾ। ਰਾਤਾਂ ਵੇਲੇ ਇਹ 'ਕੈਂਪ ਫਾਇਰ' ਦੇ ਰੂਪ ਵਿਚ ਚਲਦਾ ਸੀ।

ਕਾਰਗਿਲ ਦੇ ਰਾਹ ਵਿਚ 84 ਕਿਲੋਮੀਟਰ ਦੀ ਵਿੱਥ ਤੇ ਸਾਡਾ ਪਹਿਲਾ ਪੜਾਅ ਸੀ— ਸੋਨ ਮਰਗ।

ਸੁਨਹਿਰੇ ਘਾਹ ਦਾ ਮੈਦਾਨ

ਸੋਨ ਮਰਗ ਸਿੰਧੂ ਨਦੀ ਦੇ ਕੰਢੇ ਵੱਸਿਆ ਇਕ ਛੋਟਾ ਜਿਹਾ ਹਿਲ ਸਟੇਸ਼ਨ ਹੈ। ਇਕ ਛੋਟਾ ਬਾਜ਼ਾਰ ਹੈ। ਦੂਰ ਨੇੜੇ ਦੇਵਦਾਰ, ਚੀਲ, ਤੇ ਤੇਜ ਪੱਤਿਆਂ ਦੇ ਦਰਖਤਾਂ ਦਾ ਝੁਰਮਟ ਹੈ। ਨੇੜੇ ਹੀ ਤਿੰਨ ਕਿਲੋਮੀਟਰ ਦੀ ਵਿੱਥ ਤੇ ਤਿੰਨ ਹਜ਼ਾਰ ਮੀਟਰ ਦੀ ਉਚਾਈ ਤੇ ਥਾਜੀਵਾਸ ਗਲੇਸ਼ੀਅਰ ਹੈ, ਜਿੱਥੇ ਸੈਲਾਨੀਆਂ ਦਾ ਆਮ ਆਉਣਾ ਜਾਣਾ ਰਹਿੰਦਾ ਹੈ। ਬਹੁਤੇ ਸੈਲਾਨੀ ਟੱਟੂ-ਘੋੜੇ ਭਾੜੇ ਤੇ ਲੈ ਕੇ ਬਰਫ਼ ਦਾ ਉਹ ਥਲ ਨੇੜਿਉਂ ਵੇਖਣ ਜਾਂਦੇ ਹਨ। ਥਾਜੀਵਾਸ ਗਲੇਸ਼ੀਅਰ ਦੂਰੋਂ ਹੀ ਹਰ ਕਿਸੇ ਨੂੰ ਸੈਣਤਾਂ ਕਰ ਕਰ ਕੇ ਬੁਲਾਉਂਦਾ ਲਗਦਾ ਹੈ। ਬੁਲਾ ਉਹ ਸਾਨੂੰ ਵੀ ਰਿਹਾ ਸੀ ਪਰ ਸਾਡੇ ਡਰਾਈਵਰ ਨੂੰ ਕਾਹਲ ਸੀ ਜ਼ੋਜੀਲਾ ਦੱਰਰੇ ਦੀ ਹੱਦ ਵਿਚ ਪਹੁੰਚਣ ਦੀ। ਓਥੇ ਪਹੁੰਚਣ ਵਿਚ ਥੋੜ੍ਹੀ ਜਿੰਨੀ ਦੇਰ ਦਾ ਅਰਥ ਸੀ— ਫਿਰ ਚੋਖੀ ਦੇਰ ਤਕ ਦੀ ਉਡੀਕ, ਇਸ ਲਈ ਸਿਰਫ ਅੱਧਾ ਘੰਟਾ ਸੋਨ ਮਰਗ ਰੁਕ ਕੇ ਸਾਡੀ ਬਸ ਅਗਾਂਹ ਟੁਰ ਪਈ। ਸੋਨ ਮਰਗ ਕੋਈ ਸੱਤ ਕਿਲੋਮੀਟਰ ਤੇ ਪਹਾੜੀ ਉਪਰ ਇਕ ਪਿੰਡ ਹੈ— 'ਨੀਲਾ ਘਰਾਟ'। ਸਿੰਧੂ ਨਦੀ ਦੇ ਕੰਢੇ ਫੈਲੀ ਹੋਈ ਇਕ ਖੂਬਸੂਰਤ ਵਾਦੀ ਹੈ। ਓਥੇ ਹੀ ਜ਼ੋਜੀਲਾ ਦੱਰਰੇ ਦੀ ਟਰੈਫਿਕ ਨੂੰ ਕੰਟਰੋਲ ਕਰਨ ਵਾਲੀ ਫੌਜੀ ਚੌਕੀ ਹੈ। ਦੋ ਤਿੰਨ ਚਾਹ ਦੀਆਂ ਦੁਕਾਨਾਂ ਅਤੇ ਬੱਸਾਂ, ਕਾਰਾਂ, ਟਰੱਕਾਂ ਦਾ ਹਜੂਮ। ਸਾਢੇ ਬਾਰਾਂ ਵਜੇ ਓਥੇ ਪਹੁੰਚਣ ਤੇ ਪਤਾ ਲੱਗਾ ਕਿ ਅਜੇ ਰਸਤਾ ਨਹੀ ਖੁੱਲ੍ਹ ਰਿਹਾ। ਲੋਕ ਬਸ ਵਿਚੋਂ ਉਤਰ ਕੇ ਨਦੀ ਕਿਨਾਰੇ ਪਹੁੰਚ ਗਏ ਤੇ ਉਡੀਕ ਸ਼ੁਰੂ ਹੋ ਗਈ ਰਾਹ ਖੁਲ੍ਹਣ ਦੀ। ਘੰਟੇ ਘੰਟੇ ਬਾਅਦ ਵਾਇਰਲੈਸ ਦੀ ਖ਼ਬਰ ਉਡਦੀ ਉਡਦੀ ਜਾਂ ਕਿਸੇ ਫ਼ੌਜੀ ਜਵਾਨ ਦੀ ਜ਼ਬਾਨੀ ਸਾਡੇ ਤੱਕ ਵੀ ਪੁਜਦੀ ਕਿ ਥੋੜ੍ਹੀ ਹੀ ਦੇਰ ਤੱਕ ਰਾਹ ਖੁੱਲ੍ਹ ਜਾਏਗਾ। ਤਰਕਾਲੀ ਜਿਹੀ ਜਾ ਕੇ ਪਤਾ ਲੱਗਾ ਕਿ ਇਕ ਟਰੱਕ ਨੂੰ ਜੋ ਦੱਰਰੇ ਵਿਚ ਫਸਿਆ ਹੋਇਆ ਹੈ, ਕੱਢਣ ਗਿਆ—ਬੁਲਡੋਜ਼ਰ ਖੁਦ ਦੱਰਰੇ ਵਿਚ ਫਸ ਗਿਆ ਹੈ। ਦੁਪਹਿਰ ਦਾ ਭੋਜਨ ਸਾਨੂੰ ਘਰੋਂ ਨਾਲ ਲਿਆਂਦੇ ਡਬਿਆਂ ਵਿਚ ਸ੍ਰੀਨਗਰ ਤੋਂ ਹੀ ਮਿਲ ਗਿਆ ਸੀ। ਲੌਢੇ ਪਹਿਰ ਲਈ ਬਿਸਕੁਟਾਂ ਦੇ ਪੈਕਟ ਤੇ ਰਾਤ ਦੇ ਅਰੰਭ ਲਈ ਡਬਲ ਰੋਟੀਆਂ ਅਤੇ ਮੱਖਣ-ਜੈਮ ਨਾਲ ਸੀ। ਬਾਕੀ ਦਾ ਦਿਨ ਅਸਾਂ ਉਨ੍ਹਾਂ ਬਿਸਕੁਟਾਂ ਅਤੇ ਚਾਹ ਦੀਆਂ ਦੁਕਾਨਾਂ ਦੇ ਸਹਾਰੇ ਲੰਘਾ ਲਿਆ। ਸਿੰਧੂ ਨਦੀ ਦੀ ਗਰਜਨਾ ਤੇ ਉਸ ਵਿਚੋਂ ਨਿਕਲਦੇ ਛੋਟੇ ਛੋਟੇ ਨਾਲਿਆਂ, ਨਿਕੀਆਂ ਪਤਲੀਆਂ ਕੂਹਲਾਂ ਦੇ ਕਲਕਲ ਕਰਦੇ ਪਾਣੀ ਕੰਢੇ ਬਹਿੰਦੇ, ਉਠਦੇ, ਘੁੰਮਦੇ ਗੱਲਾਂ ਕਰਦਿਆਂ, ਨਵੇਂ ਲੋਕਾਂ ਨਾਲ ਨਵੀਆਂ ਪਛਾਣਾ ਬਣਾਉਂਦਿਆਂ ਸ਼ਾਮ ਹੋ ਗਈ। ਠੰਢ ਉਤਰ ਆਈ ਪਰ ਕਾਹਲੀ ਕਿਸੇ ਦੇ ਮਨ ਵਿਚ ਕੋਈ ਨਹੀਂ ਸੀ। 'ਜਾਣਾ ਹੀ ਹੈ, ਚਲੇ ਜਾਵਾਂਗੇ ਓਥੇ ਕਿਹੜੀ ਮਾਸੀ ਉਡੀਕਦੀ ਏ ਪਈ।' ਸੋਚ ਕੇ ਆਪਣੇ ਆਪਣੇ ਥੈਲਿਆਂ ਵਿਚੋਂ ਸਵੈਟਰ ਕੱਢ ਕੇ ਪਹਿਣ ਲਏ ਤੇ ਫਿਰ ਨਦੀ ਕਿਨਾਰੇ। ਸਾਡੇ ਨਾਲ ਦੀਆਂ ਟਰੈਕਰ ਕੁੜੀਆਂ ਨੇ ਡਬਲ ਰੋਟੀਆਂ ਉਪਰ

ਮੱਖਣ ਤੇ ਜੈਮ ਲਗਾ ਦਿੱਤੇ ਪਰ ਖਾਣ ਵਾਲੇ ਅਜੇ ਬਾਹਰ ਹੀ ਮਸਤ ਸਨ। ਅਤੇ ਰਾਤ ਦੇ ਦਸ ਵਜੇ ਰਸਤਾ ਖੁੱਲ੍ਹਾ।

ਜ਼ੋਜੀਲਾ ਦੱਰਰਾ ਓਥੋਂ 12-13 ਕਿਲੋਮੀਟਰ ਹੈ। ਰਾਤ ਦੇ ਹਨੇਰੇ ਵਿਚ ਓਦੋਂ ਹੀ ਪਤਾ ਲੱਗਾ ਜਦੋਂ ਗਡੀ ਨੇ ਪਹਿਲੇ ਗੀਯਰਾਂ ਵਿਚ ਚਿੰਘਾੜਨਾ, ਤਿਲਕਣਾ ਤੇ ਧਕਿਆਉਣਾ ਸ਼ੁਰੂ ਕਰ ਦਿੱਤਾ। ਬਸ ਜ਼ੋਜੀਲਾ ਦੱਰਰੇ ਵਿਚੋਂ ਦੀ ਲੰਘ ਰਹੀ ਸੀ ਜੋ ਕਿ ਸਤਹ ਸਮੁੰਦਰ ਤੋਂ 11614 ਫੁਟ ਦੀ ਉਚਾਈ ਤੇ ਹੈ। ਨੀਲਾ ਘਰਾਟ ਤੋਂ ਇਕ ਦਮ 2614 ਫੁਟ ਸਿੱਧੀ ਉਪਰ ਨੂੰ ਛਲਾਂਗ ਸੀ ਇਹ। ਇੰਜ ਲਗ ਰਿਹਾ ਸੀ ਜਿਵੇਂ ਕੁਝ ਵਖਰੀ ਤਰ੍ਹਾਂ ਦਾ ਹੋ ਰਿਹਾ ਹੈ ਤੇ ਕੁਝ ਅਣਕਿਆਸਿਆ ਹੋਣ ਵਾਲਾ ਹੈ। ਅਸੀ ਇਹ ਦਰੱਰਾ ਹੀ ਨਹੀਂ, ਇਸ ਦੱਰਰੇ ਰਾਹੀ ਹਿਮਾਲਯ ਨੂੰ ਵੀ ਪਾਰ ਕਰ ਰਹੇ ਸਾਂ! 'ਪਾਰ' ਸ਼ਬਦ ਆਪਣੇ ਆਪ ਵਿਚ ਹੀ ਵਿਸਮਯ, ਕੌਤੂਹਲ, ਹੋਣੀਆਂ ਤੇ ਸੰਭਾਵਨਾਵਾਂ ਭਰਿਆ ਹੈ। ਜਿਥੇ ਕੁਝ ਪਛਾਣਿਆ-ਪਛਾਣਿਆ ਛੁਟਕਦਾ ਲਗਦਾ ਹੈ ਤੇ ਕੁਝ ਬੇਪਛਾਣ ਤਾਂਘ ਨਾਲ ਸਾਡੀ ਪਛਾਣ ਬਣਨ ਵਾਲਾ ਹੁੰਦਾ ਹੈ। ਗੱਡੀ ਸਾਡੀ ਹਿਚਕੋਲੇ ਲੈ ਰਹੀ ਸੀ, ਇੰਜਣ ਦੀ ਆਵਾਜ਼ ਲਗਾਤਾਰ ਇਕ ਤਾਰ ਵਿਚ ਗੂੰਜਦੀ ਨਾਦ-ਰੂਪ ਧਾਰ ਗਈ ਜਾਪੀ। ਮੇਰਾ ਧਿਆਨ ਜਿਹਾ ਲਗ ਗਿਆ। ਜਾਪਿਆ— ਇਹ ਦੁਨੀਆਂ ਤੇ ਇਸ ਵਿਚ ਵਿਚਰਦਾ ਮੇਰਾ ਸਰੀਰ ਇਕੋ ਇਕਾਈ ਹਨ। ਲੱਦਾਖ— ਜਿਸ ਨੂੰ ਇਸ ਦੁਨੀਆਂ ਦੀ ਸਭ ਤੋਂ ਉਤਲੀ ਛੱਤ ਕਿਹਾ ਜਾਂਦਾ ਹੈ— ਤੇ ਮੇਰੀ ਦੇਹ ਦਾ ਛੇਵਾਂ ਕਮਲ (ਆਗਿਆ ਚੱਕਰ) ਇਕੋ ਹੀ ਹਨ। ਰੋਮਾਂਟਿਕ ਦਰਿਸ਼ਾਂ ਵਾਲੇ ਸ੍ਰੀਨਗਰ, ਸੋਨਮਰਗ, ਨੀਲਾ ਘਰਾਟ ਆਦਿ ਮੇਰੀ ਰੀੜ੍ਹ ਹੇਠਲੇ ਕਮਲ ਹਨ ਤੇ ਇਹ ਜ਼ੋਜੀਲਾ ਦੱਰਰਾ ਮੇਰਾ ਨਾਭੀ-ਕਮਲ। ਜਿਵੇਂ ਮੇ ਰੀ ਚੇਤਨਾ ਇਸ ਮਣੀਪੁਰ ਚੱਕਰ ਨੂੰ ਪਾਰ ਕਰ ਰਹੀ ਹੋਵੇ। ਮੇਰੀ ਰੀੜ੍ਹ ਵਿਚ ਹਲਚਲ ਹੈ... ਇਕ ਨਾਦ ਸੁਣਾਈ ਦੇ ਰਿਹਾ ਹੈ ਤੇ ਮਨ ਨਾਦ ਵਿਚ ਲੀਣ ਹੁੰਦਾ ਜਾ ਰਿਹਾ ਹੈ। ਪਤਾ ਨਹੀ ਕਿੰਨਾ ਚਿਰ ਲੱਗਾ— ਆਲੇ ਦੁਆਲੇ ਬੈਠਿਆਂ ਦੀਆਂ ਅਵਾਜ਼ਾ ਨਾਲ ਧਿਆਨ ਟੁੱਟਾ— 'ਦਰਾਸ' ਆ ਗਿਆ ਸੀ।

'ਦਰਾਸ' ਦੁਨੀਆਂ ਭਰ ਵਿਚ ਦੂਸਰਾ ਸਭ ਤੋਂ ਠੰਢਾ ਇਲਾਕਾ। ਪਹਿਲਾ ਸਭ ਤੋਂ ਠੰਢਾ ਇਲਾਕਾ ਰੂਸ ਦਾ ਸਾਏਬੇਰੀਆ ਹੈ। 10597 ਫੁੱਟ ਦੀ ਉਚਾਈ ਤੇ ਵੱਸੇ ਇਸ ਛੋਟੇ ਕਸਬੇ ਦਾ ਤਾਪਮਾਨ ਸਰਦੀਆਂ ਵਿਚ ਜਮਾਓ ਬਿੰਦੂ ਤੋਂ ਚਾਲੀ ਡਿਗਰੀ ਘਟ (—40%) ਰਹਿੰਦਾ ਹੈ ਤੇ ਅਸਚਰਜ ਕਿ ਲੋਕ ਏਥੇ ਰਹਿੰਦੇ ਨੇ ਉਨ੍ਹਾਂ ਦਿਨਾਂ ਵਿਚ ਵੀ। ਅੱਧੀ ਰਾਤ ਵੇਲੇ 'ਦਰਾਸ' ਦਾ ਕੀ ਵੇਖਣਾ ਸੀ? ਦਸ ਮਿੰਟ ਬਸ ਰੁਕੀ, ਤੇ ਸਾਰੇ ਫਿਰ ਬਸ ਵਿਚ ਬੈਠ ਗਏ। ਤੜਕੇ ਚਾਰ ਵਜੇ ਅਸੀ ਕਾਰਗਿਲ ਪੁੱਜ ਗਏ। ਸ਼ਹਿਰ ਤੋਂ ਦੋ ਕੁ ਕਿੱਲੋਮੀਟਰ ਬਾਹਰ ਸੁਰੂ ਨਦੀ ਦੇ ਕੰਢੇ ਯੂਥ ਹੋਸਟਲ ਦਾ ਤੰਬੂਆਂ ਵਾਲਾ ਕੈਂਪ ਸੀ।

ਪਾਨੀਖਰ

ਸ਼ਰਮਾ ਜੀ (ਨਰੇਸ਼ ਕੁਮਾਰ) ਨੇ ਜਿਊ ਆਇਆਂ ਕਿਹਾ ਤੇ ਫਿਰਨੀ— 'ਕਸਟਰਡ-- ਖਾਣ ਦੀ ਦਾਅਵਤ ਦਿੱਤੀ। ਫਿਰਨੀ ਖਾਂਦਿਆਂ ਖਾਂਦਿਆਂ ਉਨ੍ਹਾਂ ਨੇ ਟਮੈਟਰ ਦਾ ਸੂਪ

ਤਿਆਰ ਕਰਨਾ ਕਿਹਾ ਤੇ ਉਸ ਤੋਂ ਬਾਅਦ ਚਾਹ ਆ ਗਈ। ਦੋ ਘੰਟਿਆਂ ਦੀ ਨੀਂਦ ਤੇ ਫੇਰ ਉਠੋਇਆਂ ਹੀ ਤਿਆਰੀ ਦਾ ਹੁਕਮ। ਬਿਸਤਰ-ਚਾਹ ਤੋਂ ਬਾਅਦ ਨਾਸ਼ਤਾ ਕਰਨ ਤੇ ਸ਼ਰਮਾ ਜੀ ਨੇ ਭਾਸ਼ਣ ਦਿੱਤਾ ਤੇ ਅੱਠ ਵਜਦਿਆਂ ਨਾ ਵਜਦਿਆਂ ਬਸ ਵਿਚ ਬੈਠਾ ਕੇ ਪਾਨੀਖਰ ਨੂੰ ਟੋਰ ਦਿੱਤਾ।

ਕਾਰਗਿਲ ਸ਼ਹਿਰ ਅਜੇ ਖੁੱਲ੍ਹਾ ਨਹੀਂ ਸੀ— ਪਰ ਲਗਦਾ ਸੀ ਕਿ ਸ਼ਹਿਰ ਤਗੜਾ ਹੈ। ਕਾਰਗਿਲ ਵਿਚ ਸੁਰੂ ਨਦੀ ਦੇ ਮੁਹਾਨੇ ਤੇ ਦੋ ਹੋਰ ਨਦੀਆਂ 'ਦਰਾਸ' ਅਤੇ 'ਵਾਖਾ ਰੂੰ' ਆਣ ਕੇ ਰਲਦੀਆਂ ਹਨ। ਕਾਰਗਿਲ ਤੋਂ ਹੀ ਦੋ ਪਰਬਤ ਮਾਲਾਵਾਂ ਨੂੰ ਰਸਤੇ ਮਿਲਦੇ ਹਨ। ਸੁਰੂ ਵੈਲੀ ਵਿਚੋਂ ਲੰਘਦਿਆਂ ਜ਼ੰਸਕਾਰ ਪਰਬਤ ਮਾਲਾ ਅਤੇ ਮੂਲਬੈਕ ਵੈਲੀ 'ਚੋਂ ਲੰਘਦਿਆਂ ਲੱਦਾਖ ਪਰਬਤ ਮਾਲਾ।

ਕਾਰਗਿਲ ਪੁਰਾਣੇ ਸਮਿਆਂ ਵਿਚ ਹਿੰਦੁਸਤਾਨ, ਚੀਨ, ਤੁਰਕੀ, ਯਾਰਕੰਦ, ਅਫਗਾਨਿਸਤਾਨ ਆਦਿ ਦੇਸ਼ਾਂ ਨਾਲ ਵਪਾਰ, ਵੱਖ ਵੱਖ ਮਜ਼ਹਬੀ ਇਤਕਾਦਾਂ ਦੇ ਪਰਚਾਰਕਾਂ ਅਤੇ ਸੈਲਾਨੀਆਂ ਦੇ ਲਾਂਘੇ ਦਾ ਇਕ ਪਰਮੁਖ ਦਵਾਰ ਰਿਹਾ ਹੈ। ਸਮੁੰਦਰ ਦੀ ਸਤਹ ਤੋਂ 8990 ਫੁਟ ਦੀ ਉਚਾਈ ਤੇ ਇਸਥਿਤ ਕਾਰਗਿਲ ਲੇਹ ਤੋਂ ਬਾਅਦ ਲੱਦਾਖ ਦਾ ਦੂਜਾ ਵਡਾ ਸ਼ਹਿਰ ਤੇ ਜ਼ਿਲਾ ਹੈ। ਇਸ ਦੀ ਪੰਜ ਹਜ਼ਾਰ ਵੱਸੋਂ ਵਿਚ ਵਧੇਰੇ ਗਿਣਤੀ ਸ਼ੀਆ ਮੁਸਲਮਾਨਾ ਦੀ ਹੈ। ਕਾਰਗਿਲ ਦੇ ਫਲਾਂ ਵਿਚੋਂ ਖੁਰਮਾਨੀ ਮਸ਼ਹੂਰ ਹੈ ਤੇ ਫਸਲਾਂ ਵਿਚ ਕਣਕ-ਬਾਜਰੇ ਦੀ ਫਸਲ ਪਰਮੁਖ ਹੈ। ਸਾਡੀ ਅੱਜ ਦੀ ਯਾਤ੍ਰਾ ਏਸੇ ਜ਼ਿਲੇ ਦੀ ਹੀ ਸੁਰੂ ਨਦੀ ਦੇ ਕੰਢੇ ਕੰਢੇ ਪੱਸਰੀ ਹੋਈ ਸੁਰੂ ਵੈਲੀ ਰਾਹੀਂ— 'ਪਾਨੀਖਰ' ਤਕ ਦੀ ਹੈ। ਗਰੇਟ ਹਿਮਾਚਲ ਰੇਂਜ ਦੇ ਪਾਰ ਉਸ ਦੀ ਦੀਵਾਰ ਨੂੰ ਛੁੰਹਦੀ ਸੁਰੂ ਵੈਲੀ ਪਾਨੀਖਰ ਤੋਂ ਜ਼ੰਸਕਾਰ ਵੱਲ ਲੈ ਜਾਂਦੀ ਹੈ। ਸੁਰੂ ਵੈਲੀ ਦੀ ਆਬਾਦੀ ਲਗਭਗ 25000 ਹੈ। ਇਸ ਵਿਚ 60 ਫੀਸਦੀ ਮੁਸਲਮਾਨ ਹਨ ਜੋ ਕਿ 16ਵੀਂ ਸਦੀ ਵਿਚ ਬੁੱਧ ਮੱਤ ਤੋਂ ਬਦਲ ਕੇ ਇਸਲਾਮ ਕਬੂਲ ਕਰ ਚੁਕੇ ਹਨ। ਇਸੇ ਇਲਾਕੇ ਵਿਚ 'ਨੂਨ' ਤੇ 'ਕੁਨ' ਦੋ ਪਰਬਤ ਚੋਟੀਆਂ ਹਨ ਜਿਨ੍ਹਾਂ ਨੂੰ ਛੂਹਨ ਲਈ ਦੁਨੀਆਂ ਭਰ ਦੇ ਪਰਬਤਾਰੋਹੀ ਏਥੇ ਆਉਂਦੇ ਰਹਿੰਦੇ ਹਨ। ਨੂਨ ਚੋਟੀ ਦੀ ਉਚਾਈ ਸਤਹ ਸਮੁੰਦਰ ਤੋਂ 23408 ਫੁਟ ਅਤੇ ਕੁਨ ਦੀ ਉਚਾਈ 23081 ਫੁਟ। ਇਹ ਦੋਵੇਂ ਬਰਫ ਲੱਦੀਆਂ ਚੋਟੀਆਂ ਕਾਰਗਿਲ ਤੋਂ ਪਾਨੀਖਰ ਨੂੰ ਜਾਂਦਿਆਂ ਬਹੁਤਾ ਸਮਾਂ ਦਿੱਸਦੀਆਂ ਰਹਿੰਦੀਆਂ ਹਨ ਤੇ ਸੁਰੂ ਵੈਲੀ ਦਾ ਸ਼ਿੰਗਾਰ ਹਨ। ਸੁਰੂ ਘਾਟੀ ਦੇ ਅੰਦਰ ਜਿਉਂ ਜਿਉਂ ਅਗਾਂਹ ਵਧਦੇ ਹਾਂ, ਵੱਡੇ ਉਚੇ ਦਰਖਤ ਛੋਟੇ ਹੁੰਦੇ ਜਾਂਦੇ ਤੇ ਪਹਾੜ ਹੌਲੀ ਹੌਲੀ ਘੋਨੇ। ਪਰ ਬਰਫਾਂ ਲੱਦੀਆਂ, ਇਨ੍ਹਾਂ ਪਹਾੜਾਂ ਦੀਆਂ ਚੋਟੀਆਂ ਤੋਂ ਹੇਠਾਂ ਨੂੰ ਪਲਮਦੀਆਂ ਆਉਂਦੀਆਂ ਚਿੱਟੇ ਪਾਣੀ ਦੀਆਂ ਝਲਾਰਾਂ, ਮੈਦਾਨ ਵਿਚ ਵਲ ਖਾਂਦੀ ਸ਼ੂਕਦੀ ਸੁਰੂ ਨਦੀ ਤੇ ਉਸ ਵਿਚੋਂ ਚਿੱਟੇ ਨਾਗਾਂ ਵਾਂਗ ਨਿਕਲ ਨਿਕਲ ਏਧਰ ਓਧਰ ਦੋੜਦੀਆਂ ਨਦੀ-ਸ਼ਾਖਾਵਾਂ ਤੇ ਕੂਹਲਾਂ ਹਨ। ਗੂਹੜੇ ਹਰੇ ਘਾਹ ਦੇ ਮੈਦਾਨ ਹਨ। ਸਾਢੇ ਨੌਂ ਹਜ਼ਾਰ ਫੁਟ ਦੀ ਉਚਾਈ ਤੋਂ ਝਾਕਦਾ 'ਪਾਨੀਖਰ' ਕਾਰਗਿਲ ਤੋਂ 67 ਕਿਲੋਮੀਟਰ ਅਤੇ ਨੂਨ ਕੁਨ ਦਾ ਗਵਾਂਢੀ ਹੈ। ਸੁਰੂ ਨਦੀ ਅਤੇ ਉਸੇ ਵਿਚੋਂ ਨਿਕਲਦੀਆਂ ਕੂਹਲਾਂ ਦੇ ਵਿਚਕਾਰ ਸੜਕ ਦੇ ਕੰਢੇ ਛੋਟੇ ਬਿਰਛਾਂ ਦੀ ਇਕ ਝਿੜੀ ਵਿਚ ਯੂਥ ਹੋਸਟਲ

ਦਾ ਤੰਬੂਆਂ ਵਾਲਾ ਕੈਂਪ ਸੀ। ਕੈਂਪ ਦੇ ਠੀਕ ਇਕ ਸਿਰੇ ਤੇ ਸੁਰੂ ਦਾ ਪੁਲ ਹੈ। ਸਭ ਮਿਲਾ ਕੇ ਸਾਰਾ ਚੌਗਿਰਦਾ ਬੜਾ ਹੀ ਰਮਣੀਕ ਤੇ ਆਕਰਸ਼ਕ ਹੈ। ਬਸ ਤੋਂ ਉਤਰਦਿਆਂ ਹੀ ਕੈਂਪ ਲੀਡਰ ਸ਼ਰਮਾ ਜੀ (ਦੂਜੇ) ਨੇ ਜਿਉ ਆਇਆਂ ਆਖਿਆ ਤੇ ਤੰਬੂਆਂ ਵਿਚ ਰੁਕਸੈਕ ਰਖਵਾ ਕੇ ਦੁਪਹਿਰ ਦਾ ਭੋਜਨ ਪੇਸ਼ ਕਰ ਦਿੱਤਾ। ਆਪਣੀਆਂ ਆਪਣੀਆਂ ਥਾਲੀਆਂ-ਗਿਲਾਸ ਚੁਕੀ ਸਭ ਲੰਗਰ ਸਾਹਮਣੇ ਪੁਜ ਗਏ, ਭੋਜਨ ਲਿਆ ਤੇ ਨਦੀ ਕਿਨਾਰੇ ਜਾ ਬੈਠੇ। ਥੋੜ੍ਹੀ ਦੇਰ ਅਰਾਮ ਕਰਨ ਤੋਂ ਬਾਅਦ ਭ੍ਰਮਣ ਸ਼ੁਰੂ ਹੋ ਗਿਆ। ਕੋਈ ਨਦੀ ਦੇ ਇਸ ਪਾਰ ਤੇ ਕੋਈ ਨਦੀ ਦੇ ਉਸ ਪਾਰ। ਨਦੀ ਦੇ ਦੋਹੀਂ ਪਾਸੀ ਹੀ ਪਿੰਡ ਤੇ ਘਰ ਸਨ। ਪਿੰਡ ਵਿਚ ਇਕ ਸ਼ਾਨਦਾਰ ਮਸਜਿਦ ਹੈ ਜੋ ਕਈ ਮੀਲਾਂ ਤੋਂ ਆਪਣੀਆਂ ਸਫੇਦ ਗੋਲਾਈਆਂ ਤੇ ਉਚਾਈਆਂ ਨਾਲ ਆਕਰਸ਼ਿਤ ਕਰਦੀ ਹੈ। ਇਸ ਮਸਜਿਦ ਉਪਰ ਲੱਖਾਂ ਦੇ ਹਿਸਾਬ ਰੁਪਇਆ ਖਰਚਿਆ ਗਿਆ ਹੈ ਤੇ ਪਾਨੀਖਰ ਤੋਂ ਦੂਰ ਦਰਾਜ਼ ਦੇ ਹਜ਼ਾਰਾਂ ਸ਼ਰਧਾਲੂਆਂ ਦੀ ਇਬਾਦਤਗਾਹ ਹੈ। ਏਥੋਂ ਤਕ ਦਿਨ ਵਿਚ ਇਕ ਵਾਰੀ ਬਸ ਵੀ ਆਉਂਦੀ ਹੈ ਤੇ ਪਾਨੀਖਰ ਨੂਨ ਕੁਨ ਦੇ ਪਰਬਤਾਰੋਹੀਆਂ ਦਾ ਇਕ ਪੜਾਵੀ ਕੈਂਪ ਵੀ ਹੈ। ਮੈਂ ਤੇ ਡਾ: ਮਨਜੀਤ ਨਦੀ ਕਿਨਾਰੇ ਟੁਰਦੇ ਟੁਰਦੇ ਪਿੰਡ ਵਿਚ ਪਹੁੰਚ ਗਏ ਤੇ ਫਿਰ ਮਸਜਿਦ ਵਿਚ ਵੀ। ਮਸਜਿਦ ਵੇਖਣ ਤੋਂ ਬਾਅਦ ਮੌਲਵੀ ਸਾਹਿਬ ਦੇ ਦਰਸ਼ਨ ਕਰਨ ਉਨ੍ਹਾਂ ਦੇ ਘਰ ਗਏ ਅਤੇ ਚਾਹ ਪਾਣੀ ਛਕਿਆ। ਡਾ. ਮਨਜੀਤ ਨੇ ਮੌਲਵੀ ਸਾਹਿਬ ਨਾਲ ਕੁਛ ਧਰਮ-ਚਰਚਾ ਵੀ ਕੀਤੀ। ਦੁਪਹਿਰ ਤੋਂ ਲੈ ਕੇ ਰਾਤ ਤਕ ਸਾਰਾ ਸਮਾਂ ਮੁਕਾਮੀ ਵਸਨੀਕਾਂ ਤੇ ਬਕਰਵਾਨਾ ਨਾਲ ਗੱਲਾਂ-ਬਾਤਾਂ ਕਰਦਿਆਂ ਤੇ ਫਿਰਦਿਆਂ ਟੁਰਦਿਆਂ ਬੀਤ ਗਿਆ। ਮੈਂ ਆਪਣੇ ਗਰੁਪ ਲੀਡਰ ਵਿਵੇਕ ਬਾਬੂ ਨਾਲ ਆਈ ਕੁੜੀ ਸੁਪ੍ਰੀਯਾ ਚੈਟਰਜੀ ਨਾਲ ਟੈਗੋਰ ਸੰਗੀਤ ਸਾਂਝਾ ਕੀਤਾ— ਜੋ ਉਸ ਵਾਤਵਰਨ ਵਿਚ ਅਲੌਕਿਕ ਅਨੰਦ ਦੇ ਰਿਹਾ ਸੀ। ਰਾਤ ਨੂੰ ਕੈਂਪ ਫਾਇਰ ਵੇਲੇ ਸੁਪ੍ਰੀਯਾ ਨੇ ਟੈਗੋਰ ਸੰਗੀਤ ਦੀਆਂ ਕੁਝ ਸਤਰਾਂ ਮੇਰੇ ਕੋਲੋਂ ਵੀ ਸੁਣਵਾਈਆਂ:

"ਤੋਮਾਰ ਸੁਰੇਰ ਧਾਰਾ ਪੋੜੇ ਜੇਥਾਏ ਤਾਰੀ ਪਾਰੇ।
ਦੇਬੇ ਕੀ ਗੋ ਬਾਸ਼ਾ ਆਮਾਯੇ ਦੇਬੇ ਕੀ-ਏਕਟੀ ਧਾਰੇ—...
ਆਮੀ ਸ਼ੁਣਬੋ ਧ੍ਵਣੀ ਕਾਨੇ ਆਮੀ ਭੋਰਬੋ ਧ੍ਵਣੀ ਪ੍ਰਾਣੇ,
ਸ਼ੇਈ ਧ੍ਵਣੀ ਤੇ ਚਿੱਤ ਬੀਣਾਏ ਤਾਰ ਬਾਂਧੀਬੋ-ਬਾਰੇ ਬਾਰੇ...।"

("ਹੇ ਪ੍ਰਭੂ, ਤੇਰੀ ਸੁਰ ਦੀ ਧਾਰਾ ਜਿੱਥੇ ਤੂੰ ਚਾਹੇਂ ਓਥੇ ਹੀ ਝਰਦੀ ਹੈ; ਕੀ ਤੂੰ ਮੈਨੂੰ ਵੀ ਉਸ ਸੁਰ ਦੇ ਨਾਲ ਥੋੜ੍ਹੀ ਜਿਨੀ ਥਾਂ ਦੇ ਕੇ ਇਕ ਸੁਰ ਕਰ ਲਏਂਗਾ।

ਮੈਂ ਉਹੀ ਧੁਣੀ ਕੰਨਾਂ ਨਾਲ ਸੁਣਾਂਗਾ ਤੇ ਉਸ ਧੁਣੀ ਨੂੰ ਆਪਣੇ ਪ੍ਰਾਣ ਵਿਚ ਭਰ ਲਵਾਂਗਾ। ਮੈਂ ਉਸ ਧੁਣੀ ਨਾਲ ਆਪਣੀ ਮਨ-ਵੀਣਾ ਦੇ ਤਾਰ ਇਕ ਸੁਰ ਕਰ ਲਵਾਂਗਾ।")

ਮੈਂ ਅਜ ਸਵੇਰ ਤੋਂ ਹੀ ਉਹ ਸੁਰ ਨਾਦ ਰੂਪ ਵਿਚ ਸੁਣਦਾ ਤੇ ਪ੍ਰਾਣ ਵਿਚ ਉਸਦੀ ਝੁਣਕਾਰ ਅਨੁਭਵ ਕਰਦਾ ਆ ਰਿਹਾ ਸਾਂ ਤੇ ਲਗਦਾ ਸੀ ਜਿਵੇਂ ਸੁਰੂ ਨਦੀ ਦੀ ਧਾਰਾ ਕਹਿ ਰਹੀ ਹੋਵੇ ਕਿ "ਮੈਂ ਪ੍ਰਭੂ ਦੀ ਉਸੇ ਸੁਰ ਦੀ ਧਾਰਾ ਹੀ ਤਾਂ ਹਾਂ, ਅਤੇ ਤੂੰ ਮੈਥੋਂ ਅਲੱਗ ਕਦੋਂ ਏਂ?"

ਪਾਰਕਾਚਿਕ

30 ਜੁਲਾਈ 1988 ਦਾ ਦਿਨ ਸਾਡਾ ਪੈਦਲ ਯਾਤਾ ਦਾ ਦਿਨ ਸੀ। ਸਵੇਰੇ ਜਲਦੀ ਹੀ ਸ਼ਾਹ ਵੇਲਾ ਕਰਵਾ ਕੇ ਸ਼ਰਮਾ ਜੀ ਨੇ ਦੁਪਹਿਰ ਦਾ ਭੋਜਨ ਸਭ ਦੇ ਡਬਿਆਂ ਵਿਚ ਬੰਦ ਕਰਵਾਇਆ ਤੇ ਅਗਲੇ ਸਫਰ ਬਾਰੇ ਕੁਝ ਹਦਾਇਤਾਂ ਦੇ ਕੇ ਇਕ ਗਾਈਡ ਕੈਂਪ ਲੀਡਰ ਨਾਲ ਸਾਨੂੰ ਸ਼ੁਭ ਯਾਤ੍ਰਾ ਕਹਿ ਕੇ ਰਾਹੇ ਪਾ ਦਿੱਤਾ। ਕੁਝ ਦੂਰ ਤਕ ਨਦੀ ਦੇ ਕੰਢੇ ਕੰਢੇ ਗਏ ਫਿਰ ਪਿੰਡ ਵਿਚੋਂ ਲੰਘਦੇ ਹੋਏ ਇਕ ਛੋਟੇ ਪੁਲ ਰਾਹੀਂ ਨਦੀ ਪਾਰ ਹੋ ਗਏ। ਇਕ ਵਿਸ਼ਾਲ ਮੈਦਾਨ ਵਿਚੋਂ ਲੰਘਦਿਆਂ ਹੀ ਪਹਾੜ ਦੀ ਚੜ੍ਹਾਈ ਸੁਰੂ ਹੋ ਗਈ। ਕੁਝ ਹੋਰ ਉਪਰ ਜਾਣ ਤੇ ਜਦੋਂ ਤਿੱਖੀ ਚੜ੍ਹਾਈ ਆਰੰਭ ਹੋਈ ਤਾਂ ਗਾਈਡ ਨੇ ਇਹ ਕਹਿੰਦਿਆਂ ਹੋਇਆਂ ਵਾਪਸ ਜਾਣ ਦੀ ਆਗਿਆ ਮੰਗੀ ਕਿ "ਹੁਣ ਇਹ ਪਗਡੰਡੀ ਹੀ ਰਾਹ ਵਿਖਾਉਂਦੀ ਤੁਹਾਨੂੰ ਇਸ ਪਹਾੜ ਤੋਂ ਪਾਰ 'ਪਾਰਕਾਚਿਕ' ਤਕ ਲੈ ਜਾਏਗੀ। ਸਾਢੇ ਗਿਆਰਾਂ ਹਜ਼ਾਰ ਫੁਟ ਦੀ ਉਚਾਈ ਵਾਲੇ ਇਸ ਪਹਾੜ ਦੀ ਚੋਟੀ ਵੀ ਇਕ ਦੱਰਰਾ ਹੈ ਜਿਸ ਨੂੰ 'ਲਾਗੂਲਾ ਪਾਸ' ਆਖਦੇ ਨੇ। ਲਗ ਭਗ ਪੰਜ ਘੰਟੇ ਸਿੱਧੀ ਖੜੀ ਚੜ੍ਹਾਈ ਚੜ੍ਹ ਕੇ ਤੁਸੀਂ ਚੋਟੀ ਉਪਰ ਪਹੁੰਚੋਗੇ। ਆਪਣੀਆਂ ਆਪਣੀਆਂ ਬੋਤਲਾਂ ਵਿਚ ਪਾਣੀ ਤਾਂ ਤੁਸਾਂ ਭਰ ਹੀ ਲਿਆ ਹੋਵੇਗਾ, ਜੇ ਨਹੀਂ, ਤਾਂ ਐਸ ਝਰਨੇ ਤੋਂ ਭਰ ਲਓ। ਮੂੰਹ ਸੁਕਣ ਤੇ ਘੁਟ ਘੁਟ ਪਾਣੀ ਪੀਵੀ ਜਾਣਾ, ਇਕੋ ਵਾਰੀ ਰੱਜ ਕੇ ਜਾਂ ਜ਼ਿਆਦਾ ਪਾਣੀ ਨਹੀਂ ਪੀਣਾ। ਜ਼ਿਆਦਾ ਪਾਣੀ ਪੀਤਿਆਂ ਜੀ ਕਚਿਆ ਜਾਏਗਾ ਤੇ ਪਾਣੀ ਵੀ ਛੇਤੀ ਹੀ ਮੁਕ ਜਾਏਗਾ। ਇਸ ਤੋਂ ਉਪਰ ਹੋਰ ਕਿਧਰੇ ਪਾਣੀ ਮਿਲਣਾ ਵੀ ਨਹੀਂ।" "ਅਤੇ ਚਾਚਾ ਜੀ," ਉਸਨੇ ਮੇਰੇ ਵਲ ਮੁਖਾਤਿਬ ਹੁੰਦਿਆਂ ਕਿਹਾ, "ਤੁਹਾਡੇ ਨਾਲ ਇਕ ਫੋਟੋ ਹੋ ਜਾਏ; ਮੈਂ ਰਾਜਿਸਥਾਨ ਦੇ ਇਕ ਰਿਸਾਲੇ... ਵਿਚ ਇਸ ਸਾਲ ਦੀ ਟਰੈਕਿੰਗ ਬਾਰੇ ਲਿਖ ਰਿਹਾ ਹਾਂ ਤੇ ਤੁਹਾਡੀ ਫੋਟੋ ਨਾਲ...। ਇਸ ਵਾਰੀ ਦੇ ਤੀਹ ਗਰੁਪਾਂ ਵਿਚੋਂ ਤੁਹਾਡੇ ਗਰੁਪ ਦਾ ਵਿਸ਼ੇਸ਼ ਰੀਕਾਰਡ ਹੈ ਤੁਹਾਡੇ ਕਾਰਨ।" ਉਸ ਨੇ ਪਨੇਸਰ ਨੂੰ ਆਪਣਾ ਕੈਮਰਾ ਦੇ ਕੇ ਫੋਟੋ ਖਿਚਵਾਈ ਤੇ ਵਾਪਸ ਪਾਨੀਖਰ ਨੂੰ ਉਤਰ ਗਿਆ।

ਚੜ੍ਹਾਈ ਜਿਉਂ ਜਿਉਂ ਤਿੱਖੀ ਹੁੰਦੀ ਗਈ ਤਿਉਂ ਤਿਉਂ ਕਿਰਨਮਕਿਰਨੀ ਸਾਥ ਛੁਟਦੇ ਗਏ। ਕੋਈ ਤੇਜ਼ੀ ਨਾਲ ਅਗਾਂਹ ਨਿਕਲ ਜਾਂਦਾ, ਕੋਈ ਸਾਹੋ ਸਾਹ ਹੋਇਆ ਬਹਿ ਜਾਂਦਾ ਜਾਂ ਲੰਮਾ ਪੈ ਜਾਂਦਾ। ਮੈਂ ਆਪਣੇ ਪੁਰਾਣੇ (ਰੋਹਤਾਂਗ ਪਾਸ ਦੇ) ਅਨੁਭਵ ਕਾਰਨ ਛੋਟੀ ਛੋਟੀ ਲਾਂਘ ਭਰਦਾ ਹੌਲੀ ਹੌਲੀ ਲਗਾਤਾਰ ਟੁਰ ਰਿਹਾ ਸੀ। ਅੱਜ ਸਾਲਾਂ ਦਾ 'ਰੇਚਕ' 'ਪੂਰਕ', 'ਕੁੰਭਕ' ਪ੍ਰਾਣਾਯਾਮ ਤੇ ਆਸਣ ਮੇਰੇ ਕੰਮ ਆ ਰਿਹਾ ਸੀ। ਏਸੇ ਲਈ ਜਵਾਨ ਟਰੈਕਰਾਂ ਨਾਲ ਕਦਮ ਮਿਲਾਈ ਚੜ੍ਹਾਈ ਚੜ੍ਹਦਾ ਜਾ ਰਿਹਾ ਸਾਂ। ਅੰਤ ਨੂੰ ਇਕ ਸਥਿਤੀ ਇਹੋ ਜਿਹੀ ਵੀ ਆ ਗਈ ਜਦੋਂ ਛੱਤੀਆਂ ਵਿਚੋਂ ਇਕ ਦੋ ਜਵਾਨ ਹੀ ਮੈਥੋਂ ਅੱਗੇ ਚਲ ਰਹੇ ਸਨ।

ਗੁਜਰਾਤ ਦੀ ਇਕ ਟਰੈਕਰ ਕੁੜੀ 'ਸੁਰੁਚੀ' ਲਗਾਤਾਰ ਮੇਰੇ ਬਰਾਬਰ ਰਹਿ ਰਹੀ ਸੀ। ਪਗਡੰਡੀ ਨਿਕੇ ਨਿਕੇ ਮੋੜ ਲੈ ਰਹੀ ਸੀ। ਚੜ੍ਹਾਈ ਕਰਦਿਆਂ ਕਰਦਿਆਂ ਜਦੋਂ ਸਰੀਰ ਬੇਬਸ ਜਿਹਾ ਹੋ ਜਾਂਦਾ, ਓਦੋਂ ਕਿਸੇ ਉੱਚੇ ਪੱਥਰ ਨਾਲ ਦੋ ਚਾਰ ਮਿੰਟ ਖੜੇ

ਖੜੋਤਿਆਂ ਢਾਸਣਾ ਲਾ ਕੇ ਸਾਹ ਲੇ ਲੈਂਦੇ ਤੇ ਫਿਰ ਚਲ ਪੈਂਦੇ। ਜਦੋਂ ਪ੍ਰਾਣ-ਸੱਤਾ ਅਤੀ ਛੀਣ ਹੋ ਜਾਂਦੀ ਓਦੋਂ ਮੈਂ ਗੁਲੂਕੋਜ਼ ਦੇ ਦੋ ਚਮਚੇ ਪਾਣੀ ਵਿਚ ਘੋਲ ਕੇ ਪੀ ਲੈਂਦਾ— ਸੁਰੁਚੀ ਨੂੰ ਗੁਲੂਕੋਜ਼ ਦੀ ਲੋੜ ਨਹੀਂ ਸੀ ਪੈਂਦੀ ਪਰ ਪਾਣੀ ਦੀ ਲੋੜ ਉਸ ਨੂੰ ਬਰਾਬਰ ਬਣੀ ਰਹੀ। ਮੇਰੀ ਪਾਣੀ ਵਾਲੀ ਬੋਤਲ ਇਕ ਤੋਂ ਦੂਜੇ ਤੇ ਦੂਜੇ ਤੋਂ ਤੀਜੇ ਹੱਥਾਂ ਵਿਚੋਂ ਹੁੰਦੀ ਹੋਈ ਸੁਰੁਚੀ ਦੇ ਹੱਥਾਂ ਵਿਚ ਪਹੁੰਚ ਚੁਕੀ ਸੀ ਤੇ ਫਿਰ ਉਸਨੇ ਲਗਾਤਾਰ ਤਿੰਨ ਦਿਨ ਉਹ ਬੋਤਲ ਆਪਣੇ ਕਬਜ਼ੇ ਵਿਚ ਹੀ ਰੱਖੀ।

ਸਵੇਰੇ ਸੱਤ ਵਜੇ ਦੇ ਪਾਨੀਖਰ ਤੋਂ ਚੱਲੇ ਹੋਏ ਅਸੀਂ ਦੁਪਹਿਰੇ ਪੌਣੇ ਬਾਰਾਂ ਵਜੇ ਲਾਗੂਲਾ ਪਾਸ ਦੇ ਸਿਖਰਲੇ ਮੈਦਾਨ ਤੇ ਪਹੁੰਚ ਗਏ। ਆਪਣੇ ਰੁਕਸੈਕ ਮੋਢਿਆਂ ਤੋਂ ਲਾਹ ਕੇ ਦਸ ਕੁ ਮਿੰਟ ਆਰਾਮ ਕੀਤਾ। ਏਨੇ ਨੂੰ ਪਨੇਸਰ ਵੀ ਪਿਛੋਂ ਆ ਪਹੁੰਚਾ। ਪਿਆਸ ਨਾਲ ਸਾਡੇ ਸੰਘ ਸੁਕ ਰਹੇ ਤੇ ਜੀਭ ਤਾਲੂ ਨਾਲ ਲਗ ਰਹੀ ਸੀ— ਪਰ ਪਾਣੀ ਕਿਸੇ ਕੋਲ ਵੀ ਨਹੀਂ ਸੀ। ਪੰਜ ਮਿੰਟ ਹੋਰ— ਤੇ ਅਸਾਂ ਚੱਲਣ ਦਾ ਫੈਸਲਾ ਕਰ ਲਿਆ ਤਾਕਿ ਹੇਠਾਂ ਪਾਰਕਾਚਿਕ ਵਾਲੇ ਕੈਂਪ ਵਿਚ ਪਹੁੰਚ ਕੇ ਪਾਣੀ ਪੀ ਸਕੀਏ। ਉਤਰਾਈ ਵਿਚ ਚੜ੍ਹਾਈ ਨਾਲੋਂ ਛੇਤੀ ਪੈਂਡਾ ਮੁਕਦਾ ਹੈ ਪਰ ਉਤਰਾਈ ਚੜ੍ਹਾਈ ਨਾਲੋਂ ਸੌਖੀ ਨਹੀਂ ਹੁੰਦੀ। ਚੜ੍ਹਾਈ ਵਿਚ ਜੇ ਸਾਹ ਫੁਲਦਾ ਤੇ ਗੋਡੇ ਆਕੜਦੇ ਨੇ ਤਾਂ ਉਤਰਾਈ ਵਿਚ ਲੱਤਾਂ ਨੂੰ ਬਰੇਕਾਂ ਲਾ ਲਾ ਕੇ ਰੋਕਦਿਆਂ ਲੱਤਾਂ ਦੇ ਡੰਡੇ ਚਿਲੂੰ ਚਿਲੂੰ ਕਰਨ ਲਗ ਜਾਂਦੇ ਨੇ। ਲਾਗੂਲਾ ਪਾਸ ਤੋਂ ਉਤਰਾਈ ਵੇਲੇ ਪਗਡੰਡੀ ਨੇ ਥੋੜ੍ਹਾ ਚਿਰ ਹੀ ਰਾਹ ਵਿਖਾਇਆ ਤੇ ਫਿਰ ਪਤਾ ਨਹੀਂ ਕਿੱਥੇ ਗਵਾਚ ਗਈ। ਡੇਢ੍ਹ ਘੰਟੇ ਦੀ ਉਤਰਾਈ ਵਿਚ ਦੋ ਵਾਰੀ ਰੁਕ ਕੇ ਸਾਹ ਲੈਣਾ ਪਿਆ। ਇਕ ਥਾਂ ਰੁਕਦਿਆਂ ਹੀ ਸੁਰੁਚੀ ਨੇ ਕਿਹਾ, "ਪਾਪਾ ਜੀ, ਮੈਂ ਤੇ ਤੁਹਾਨੂੰ ਵੇਖ ਵੇਖ ਕੇ ਈ ਇਹ ਚੜ੍ਹਾਈ ਉਤਰਾਈ ਕਰ ਸੱਕੀ ਆਂ, ਨਹੀਂ ਤਾਂ ਮੇਰੇ ਲਈ ਤੇ ਸ਼ਾਇਦ...।" ਮੈਂ ਆਖਿਆ, "ਮੈਂ ਵੀ ਸ਼ਾਇਦ ਇਹ ਵੇਖ ਕੇ ਤੁਰਿਆ ਆ ਸੱਕਿਆ ਹਾਂ ਕਿ ਤੇਰੇ ਵਰਗੀ ਨਾਜ਼ੁਕ ਕੁੜੀ ਜੇ ਇੰਜ ਟੁਰ ਸਕਦੀ ਏ ਤਾਂ ਮੈਂ ਤੇ ਫਿਰ ਵੀ...।" ਸੁਣਕੇ ਸੁਰੁਚੀ ਨੇ ਕਿਹਾ "ਮੈਂ ਨਾਜ਼ੁਕ ਵਾਜ਼ੁਕ ਕੋਈ ਨਹੀਂ, ਗੁਜਰਾਤ ਵਿਚ ਹਾਕੀ ਦੀ ਚੈਂਪੀਅਨ ਆਂ ਤੇ ਪੰਜਾਬ ਸਮੇਤ ਕਈ ਸੂਬਿਆਂ ਵਿਚ ਗੁਜਰਾਤ ਵੱਲੋਂ ਖੇਡ ਚੁਕੀ ਆਂ।" ਉਸ ਦੀ ਇਹ ਗੱਲ ਸੁਣ ਕੇ ਮੈਨੂੰ ਲੱਗਾ ਜਿਵੇਂ ਇਸ ਉਰਧ ਯਾਤ੍ਰਾ ਵਿਚ ਸੁਰੁਚੀ ਭੁਵਨੇਸ਼ਵਰੀ ਸ਼ਕਤੀ ਦੇ ਰੂਪ ਵਿਚ ਮੇਰੇ ਅੰਦਰਲੇ ਉਰਧ ਯਾਤ੍ਰੀ ਦੇ ਨਾਲ ਨਾਲ ਯਾਤ੍ਰਾ ਕਰਦੀ ਲਾਗੂਲਾ ਪਾਸ ਰੂਪੀ ਵਿਸ਼ਨੂ ਗ੍ਰੰਥੀ ਨੂੰ ਖੋਹਲ ਰਹੀ ਹੋਵੇ ਪਰ ਮੇਰੇ ਅੰਦਰਲੇ ਈਸ਼ਵਰ ਬਾਰੇ ਮੇਰੇ ਅਗਿਆਨ ਵਾਂਗ ਵੀ ਇਹ ਵੀ ਆਪਣੀ ਅੰਦਰਲੀ ਈਸ਼ਵਰੀ ਸ਼ਕਤੀ ਬਾਰੇ ਅਣਜਾਨ ਹੈ।

ਪਹਾੜ ਤੋਂ ਹੁਣ ਸਾਨੂੰ ਯੂਥ ਹੋਸਟਲ ਕੈਂਪ ਦੇ ਤੰਬੂ ਦਿੱਸ ਰਹੇ ਸਨ। ਪਰ ਹੇਠਾਂ ਉਤਰਨ ਵਾਲਾ ਰਸਤਾ ਕੋਈ ਨਹੀਂ ਸੀ ਮਿਲ ਰਿਹਾ। ਅਸੀਂ ਜਿੱਥੇ ਕਿੱਥੇ ਪੱਥਰਾਂ ਉਪਰ ਪੈਰ ਧਰਦੇ ਔਝੜ ਪਏ ਲਗਾਤਾਰ ਉਤਰ ਜ਼ਰੂਰ ਰਹੇ ਸਾਂ। ਇਕ ਦੋ ਥਾਈਂ ਘਾਹ ਦੀ ਸਾਫ ਪੱਟੀ ਉਪਰ ਲੱਤਾਂ ਵਿਛਾ ਕੇ ਬੈਠੇ ਤੇ ਫਿਰ ਘਿਸਰ ਕੇ ਹੇਠਾਂ ਨੂੰ ਰਿੜ੍ਹ ਗਏ। ਦੂਰੋਂ ਹੀ ਸਾਨੂੰ ਉਤਰਦਿਆਂ ਨੂੰ ਵੇਖ ਕੇ ਕੈਂਪ ਲੀਡਰ 'ਮੁਨਸ਼ੀ' ਜੀ ਤੇ 'ਅਭਿਜੀਤ' ਅਗੋਂ

ਵਾਲੀ ਹੋ ਕੇ ਪਹਾੜ ਦੇ ਪੈਰਾਂ ਵਿਚ ਵਿਛੀ ਸੜਕ ਤਕ ਆ ਗਏ। ਓਥੇ ਪਹੁੰਚਦਿਆਂ ਹੀ ਦੋਹਾਂ ਨੇ ਸਾਨੂੰ 'ਜੀਉ ਆਇਆਂ' ਕਿਹਾ ਤੇ ਨਰਮ ਗ਼ਲੀਚੇ ਜਿਹੇ ਘਾਹ ਦੇ ਵਿਸ਼ਾਲ ਮੈਦਾਨ ਵਿਚ ਲੱਗੇ ਕੈਂਪ ਵਿਚ ਲੈ ਗਏ। ਤੰਬੂ ਵਿਚ ਜਾਣ ਤੋਂ ਪਹਿਲਾਂ ਅਸਾਂ ਸੰਘ ਗਿੱਲਾ ਕੀਤਾ ਤੇ ਫਿਰ ਪਨੇਸਰ ਦੇ ਰੁਕਸੈਕ ਵਿਚ ਰੱਖੇ ਦੁਪਹਿਰ ਦੇ ਭੋਜਨ ਵੱਲ ਹੋਏ। ਉਸ ਕੋਲ ਦੇ ਤਿੰਨ ਜਣਿਆਂ ਦਾ ਭੋਜਨ ਸੀ, ਪਰ ਉਹ ਦੋਵੇਂ ਪਿੱਛੇ ਰਹਿ ਗਏ ਸਨ-- ਜਦੋਂ ਕਿ ਮੇਰਾ ਭੋਜਨ ਡਾ. ਮਨਜੀਤ ਕੋਲ ਸੀ ਤੇ ਉਹ ਸੱਭ ਤੋਂ ਪਿੱਛੇ ਸਾਰੇ ਗਰੁਪ ਨੂੰ ਸੰਭਾਲ ਕੇ ਲਿਆ ਰਹੇ ਸਨ। ਗਰੁਪ ਦੇ ਬਾਕੀ ਲੋਕ ਸਾਥੋਂ ਅੱਧਾ ਘੰਟਾ ਬਾਅਦ ਆਉਣੇ ਸ਼ੁਰੂ ਹੋ ਕੇ ਸ਼ਾਮ ਦੇ ਚਾਰ ਵਜੇ ਤਕ ਆਉਂਦੇ ਰਹੇ। ਉਨ੍ਹਾਂ ਵਿਚੋਂ ਕੁਝ ਕੁ ਬਾਰੇ ਉਪਰੋਂ ਆਉਣ ਵਾਲਿਆਂ ਰਾਹੀ ਸੁਨੇਹਾਂ ਮਿਲਣ ਤੇ ਅਭਿਜੀਤ ਤੇ ਪਨੇਸਰ ਪਾਣੀ ਦੀਆਂ ਬੋਤਲਾਂ ਲੈ ਕੇ ਪਹਾੜ ਉਪਰ ਗਏ ਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਸਹਾਰਾ ਦੇ ਕੇ ਹੇਠਾਂ ਉਤਾਰ ਲਿਆਏ।

ਪਾਰਕਾਚਿਕ ਦਾ ਕੈਂਪ ਵੀ ਸੁਰੂ ਨਦੀ ਦੇ ਕੰਢੇ ਤੇ ਹੀ ਸੀ। ਸੁਰੂ ਪਾਨੀਖਰ ਤੋਂ ਲਾਗੂਲਾ ਵਾਲੇ ਪਹਾੜ ਦਾ ਬਾਈ ਕਿਲੋਮੀਟਰ ਦਾ ਚੱਕਰ ਲਗਾ ਕੇ ਪਾਰਕਾਚਿਕ ਪਹੁੰਚਦੀ ਹੈ ਜਦੋਂ ਕਿ ਅਸੀਂ ਲਾਗੂਲਾ ਪਾਸ ਰਾਹੀ– ਬਾਰਾਂ ਕਿਲੋਮੀਟਰ ਸਫਰ ਤੈਅ ਕਰਕੇ ਹੀ ਪਾਰਕਾਚਿਕ ਪੁਜ ਗਏ ਸਾਂ। ਹਰੇ ਮੈਦਾਨ ਵਿਚ ਲੱਗਾ ਤੇ ਚੁਫੇਰਿਓਂ ਬਰਫ ਨਾਲ ਚਮਕਦੇ ਪਹਾੜਾਂ ਵਿਚ ਘਿਰਿਆ ਪਾਰਕਾਚਿਕ ਕੈਂਪ ਇਕ ਸੁਪਨ ਸਥਲੀ ਲਗਦਾ ਸੀ। ਕੋਲ ਹੀ ਬਕਰਵਾਨਾ ਦਾ ਡੇਰਾ ਸੀ ਜਿਹੜੇ ਗਰਮੀਆਂ ਵਿਚ ਜੰਮੂ ਦੇ ਅੰਦਰਲੇ ਇਲਾਕਿਆਂ ਵਿਚੋਂ ਏਧਰ ਘਾਹ ਦੇ ਲਾਲਚ ਨੂੰ ਆਪਣੀਆਂ ਬਕਰੀਆਂ-ਭੇਡਾਂ ਲੈ ਕੇ ਆਉਂਦੇ ਤੇ ਸਰਦੀਆਂ ਨੂੰ ਵਾਪਸ ਪਰਤ ਜਾਂਦੇ ਹਨ। ਛੇ ਸਤ ਕਿਲੋਮੀਟਰ ਦੂਰ ਪਿੰਡ ਸੀ। ਏਧਰ ਬਾਰਸ਼ ਘਟ ਹੀ ਹੁੰਦੀ ਹੈ। ਆਮ ਤੌਰ ਤੇ ਬਰਫ਼ ਹੀ ਪੈਂਦੀ ਹੈ। ਪਰ ਅੱਜ ਬੱਦਲ ਆਏ ਤੇ ਬਾਰਿਸ਼ ਵੀ। ਸਾਡੇ ਤੰਬੂ ਉੱਚੀ ਥਾਂ ਤੇ ਨਾ ਹੋ ਕੇ ਢਲਾਣ ਉਪਰ ਲਗੇ ਹੋਏ ਸਨ, ਇਸ ਲਈ ਬਾਰਿਸ਼ ਦਾ ਪਾਣੀ ਸਿੱਧਾ ਤੰਬੂਆਂ ਵਿਚ ਆਣ ਕੇ ਸਭ ਕੁਝ ਭਿਉਣ ਲਗਾ। ਮੁਨਸ਼ੀ ਜੀ ਨੂੰ ਵੀ ਉਸ ਵੇਲੇ ਅਹਿਸਾਸ ਹੋਣ ਲਗਾ ਕਿ ਤੰਬੂ ਠੀਕ ਥਾਂ ਤੇ ਜ਼ਿੰਮੇਵਾਰੀ ਨਾਲ ਨਹੀ ਲਗਾਏ ਗਏ। ਸੋ ਉਹ ਫਿਕਰਮੰਦੀ ਨਾਲ ਭੱਜ ਕੇ ਇਕ ਕਹੀ ਲੈ ਆਏ ਤੇ ਆਪੇ ਹੀ ਤੰਬੂਆਂ ਦਵਾਲੇ ਖਾਲੀ ਪੁਟ ਕੇ ਬੰਨੀ ਬਣਾਉਨ ਲਗੇ। ਉਨ੍ਹਾਂ ਨੂੰ ਵੇਖ ਕੇ ਗਰੁਪ ਦੇ ਤਿੰਨ ਚਾਰ ਜਵਾਨਾਂ ਨੇ ਖੁਦ ਉਹ ਕੰਮ ਸੰਭਾਲ ਲਿਆ ਤੇ ਤੁਰਤ ਫੁਰਤ ਖਾਲੀਆਂ ਪੁਟ ਕੇ ਬੰਨੀਆਂ ਬਣਾ ਦਿੱਤੀਆਂ। ਅਤੀ ਠੰਢ ਵਿਚ ਭਿਜਦਿਆਂ ਹੋਇਆਂ ਹੀ ਰਾਤ ਦਾ ਭੋਜਨ ਵੀ ਉਨ੍ਹਾਂ ਤੰਬੂਆਂ ਵਿਚ ਹੀ ਲਿਆ ਕੇ ਵਰਤਾ ਦਿੱਤਾ ਕਿਉਂਕਿ ਲੰਗਰ ਤਕ ਬਾਰਿਸ਼ ਵਿਚ ਜਾਣਾ ਹਰ ਕਿਸੇ ਲਈ ਸੰਭਵ ਨਹੀ ਸੀ। ਏਥੇ ਅਸੀ ਸਤਹ ਸਮੁੰਦਰ ਤੋਂ 11000 ਫੁਟ ਦੀ ਉਚਾਈ ਤੇ ਸਾਂ।

ਪੁਲੂ

31 ਜੁਲਾਈ ਸਵੇਰੇ ਸਵਾ ਅੱਠ ਵਜੇ ਫਿਰ ਪੈਦਲ ਯਾਤ੍ਰਾ ਸ਼ੁਰੂ ਹੋਈ। ਅੱਜ ਦੀ

ਮੰਜ਼ਿਲ 'ਪੁਲੂ' (ਗੁਲਾਮਾਟੋਂਗ) ਸੀ ਅਤੇ ਸਫਰ 23-24 ਕਿਲੋਮੀਟਰ। ਰਸਤਾ ਸੜਕ ਦਾ ਤੇ ਸਹਿੰਦੀ ਸਹਿੰਦੀ ਚੜ੍ਹਾਈ ਵਾਲਾ। ਅੱਜ ਦੀ ਯਾਤ੍ਰਾ ਬੜੀ ਵਿਲੱਖਣ ਲਗ ਰਹੀ ਸੀ। ਸਾਹ ਤਾਂ ਕਿਸੇ ਕਿਸੇ ਵੇਲੇ ਹੀ ਫੁਲਦਾ ਸੀ— ਜਦੋਂ ਜ਼ਰਾ ਸਖਤ ਚੜ੍ਹਾਈ ਆ ਜਾਂਦੀ ਪਰ ਲਗਾਤਾਰ ਚੜ੍ਹਾਈ ਲਈ ਇਕ ਤਰ੍ਹਾਂ ਦਾ ਜ਼ੋਰ ਵੀ ਲਗਾਤਾਰ ਲੱਗ ਰਿਹਾ ਸੀ। ਇਸ ਕਰਕੇ ਇਹ ਅਹਿਸਾਸ ਵੀ ਓਸੇ ਤਰ੍ਹਾਂ ਬਣਿਆ ਹੋਇਆ ਸੀ ਕਿ ਚੜ੍ਹਾਈ ਚੜ੍ਹ ਰਿਹਾ ਹਾਂ। ਸੜਕ ਦੇ ਇਕ ਪਾਸੇ ਗਗਨ ਚੁੰਬੀ ਪਹਾੜ ਸਨ- ਦੂਜੇ ਬੰਨੇ ਸ਼ਬਦਮਈ ਸੁਰੂ ਨਦੀ ਤੇ ਉਸ ਤੋਂ ਪਾਰ ਫਿਰ ਗਲੇਸ਼ੀਅਰਾਂ ਤੇ ਬਰਫ਼ਾਂ ਲੱਦੀਆਂ ਚੋਟੀਆਂ ਤੋਂ ਉਤਰਦੀਆਂ ਆਬਸ਼ਾਰਾਂ। ਸੁਰੂ ਨਦੀ ਦੇ ਇਕਤਾਰ ਸੰਗੀਤ ਤੇ ਉਸ ਇਕਾਂਤ ਵਾਦੀ ਦੀ ਇਕਾਗਰਤਾ ਵਿਚ ਮੇਰਾ ਮਨ ਜਿਵੇਂ ਇਕ ਵਿਸਮਾਦ ਵਿਚ ਚਲਾ ਗਿਆ। ਜਾਪਿਆ ਕਿ ਘਰ ਵਿਚ ਸਿੱਧ ਆਸਣ ਲਗਾ ਕੇ ਭੂਤ ਸ਼ੁੱਧੀ ਦੀ ਜਿਹੜੀ ਕ੍ਰਿਯਾ ਕਰਦਾ ਸਾਂ ਤੇ ਫਿਰ ਵੀ ਉਹ ਠੀਕ ਤਰ੍ਹਾਂ ਹੁੰਦੀ ਨਹੀ ਸੀ— ਉਹ ਕ੍ਰਿਯਾ ਅਜ ਆਪਣੇ ਆਪ ਹੋਣ ਲਗ ਪਈ ਹੈ। ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਤੇ ਪੰਜਪਰਾਣ ਅਤੇ ਮਨ ਤੇ ਬੁੱਧੀ— ਇਨ੍ਹਾਂ ਸਤਾਰਾਂ ਤੱਤਾਂ ਦੇ ਬਣੇ ਸੂਖਮ ਸ਼ਰੀਰ ਦੀ ਸ਼ੁੱਧੀ— ਭੂਤ ਸ਼ੁੱਧੀ— ਹੋ ਰਹੀ ਹੈ। ਸੁਖਮਨਾ ਵਿਚਲੇ ਚੱਕਰ ਖੁਲ੍ਹਦੇ ਤੇ ਕਮਲ ਉਰਧ ਮੁਖ ਹੋ ਹੋ ਖਿੜਦੇ ਜਾ ਰਹੇ ਨੇ। ਮਹਾਂ ਮਾਤ੍ਰਿਕਾ ਦੇ ਪੰਜਾਹ ਅੱਖਰ ਉਨ੍ਹਾਂ ਰਾਹੀ ਵਿਅਕਤ ਹੋਣ ਵਾਲੀਆਂ ਵ੍ਰਿੱਤੀਆਂ ਨਾਲ ਉਰਧਗਾਮੀ ਮਹਾਂਸ਼ਕਤੀ ਵਿਚ ਲੀਣ ਹੋ ਰਹੇ ਤੇ ਮਨ ਹੌਲਾ ਅਤੇ ਸੂਖਮ ਹੁੰਦਾ ਜਾ ਰਿਹਾ ਹੈ।

ਉਂਜ ਤੇ ਸ਼ਾਇਦ 23-24 ਕਿਲੋਮੀਟਰ ਚੜ੍ਹਾਈ ਵਾਲਾ ਸਫ਼ਰ ਕਾਫੀ ਔਖਾ ਹੁੰਦਾ ਪਰ ਮਨ ਦੀ ਉਪਰੋਕਤ ਅਵਸਥਾ ਸਦਕਾ ਸਫਰ ਸਹਿਜ ਭਾਅ ਨਾਲ ਹੀ ਕਟੀਦਾ ਜਾ ਰਿਹਾ ਸੀ। ਰਸਤੇ ਵਿਚ ਇਕ ਥਾਂ ਇਕ ਯੂਰਪੀ ਜੋੜਾ ਬੈਠਾ ਸੀ। ਪੁਰੁਸ਼ ਬੰਸਰੀ ਵਜਾ ਰਿਹਾ ਸੀ— ਦੇਵੀ ਉਸ ਵੱਲ ਵੇਖ ਰਹੀ ਸੀ— ਜਿਵੇਂ ਸ਼ਿਵ-ਸ਼ਕਤੀ ਅਨੰਦ ਮਗਨ ਹੋਣ। ਕਿਧਰੇ ਕਿਧਰੇ ਬੋਧੀਆਂ ਦੇ ਜਥੇ ਟਰੱਕਾਂ-ਬਸਾਂ ਵਿਚ ਭਰੇ ਆਉਂਦੇ ਦਿਸਦੇ। ਉਨ੍ਹਾਂ ਕੋਲੋਂ ਪਤਾ ਲਗਾ ਕਿ ਦਲਾਈ ਲਾਮਾ 'ਪਦਮ' ਆਏ ਹੋਏ ਸਨ, ਅੱਜ ਹੀ ਉਹ ਹੈਲੀਕਾਪਟਰ ਰਾਹੀ ਲੇਹ ਨੂੰ ਗਏ ਨੇ, ਤੇ ਇਹ ਉਨ੍ਹਾਂ ਦੇ ਪੈਰੋਕਾਰ ਵੀ ਸਭ ਲੇਹ ਨੂੰ ਹੀ ਜਾ ਰਹੇ ਨੇ। ਉਂਜ ਇਸ ਰਸਤੇ ਕਾਰਗਿਲ ਤੋਂ ਪਦਮ ਤਕ ਹਫਤੇ ਵਿਚ ਕੇਵਲ ਇਕ ਵਾਰੀ ਬਸ ਆਉਂਦੀ ਜਾਂਦੀ ਹੈ। ਏਧਰ ਆਬਾਦੀ ਬਹੁਤ ਹੀ ਘੱਟ ਹੋਣ ਕਰਕੇ ਆਵਾਜਾਈ ਆਮ ਨਹੀ। ਜੇ ਕੋਈ ਇਕ ਅੱਧ ਵਿਅਕਤੀ ਕਾਰਗਿਲ ਤੇ ਪਦਮ ਵਿਚਕਾਰ ਸਫਰ ਕਰਨਾ ਚਾਹੇ ਤਾਂ ਫੌਜੀ ਟਰੱਕ ਜਾਂ ਫੌਜ ਦਾ ਸਾਮਾਨ ਢੋਣ ਵਾਲੇ ਪ੍ਰਾਈਵੇਟ ਟਰੱਕ ਇਹੋ ਜਿਹੀਆਂ ਸਵਾਰੀਆਂ ਨੂੰ ਚੜ੍ਹਾ ਕੇ ਮੰਜ਼ਿਲ ਤਕ ਪੁਚਾ ਦੇਂਦੇ ਨੇ। ਦਲਾਈ ਲਾਮਾ ਦੇ ਲੱਦਾਖ ਆਉਣ ਕਰਕੇ ਲੱਦਾਖ ਵਿਚ ਚੱਲਣ ਵਾਲੀਆਂ ਬਹੁਤੀਆਂ ਬੱਸਾਂ ਦਲਾਈਲਾਮਾ ਦੀ ਸੇਵਾ ਹਿਤ ਰਾਖਵੀਆਂ ਹੋ ਗਈਆਂ ਸਨ। ਇਸ ਲਈ ਅੱਜ ਇਸ ਰਸਤੇ ਵਿਚ ਵੀ ਬੱਸਾਂ ਮਿਲ ਰਹੀਆਂ ਸਨ।

ਅੱਜ ਦੀ ਯਾਤ੍ਰਾ ਵਿਚ ਸਾਡਾ ਗਰੁਪ ਲੀਡਰ ਵਿਵੇਕ ਬਾਬੂ ਹੌਲੀ ਹੌਲੀ ਮੈਥੋਂ ਅਗਾਂਹ

ਲੰਘ ਗਿਆ। ਫਿਰ ਥੋੜ੍ਹੀ ਦੇਰ ਬਾਅਦ ਹੀ ਸੁਪ੍ਰੀਯਾ ਚੈਟਰਜੀ ਵੀ ਅੱਗੇ ਲੰਘ ਗਈ। ਉਪਰੋਂ ਆਉਣ ਵਾਲੇ ਪੁਲੂ ਦੀ ਦੂਰੀ ਵੱਖ ਵੱਖ ਦਸਦੇ। ਕੋਈ ਤਿੰਨ ਕਿਲੋਮੀਟਰ, ਕੋਈ ਦਸ ਕਿਲੋਮੀਟਰ ਤੇ ਕੋਈ ਸੱਤ ਕਿਲੋਮੀਟਰ। ਇਕ ਬਕਰਵਾਨ ਬਕਰੀਆਂ ਦੇ ਪਿਛੇ ਲੱਗਾ ਲੱਗਾ ਦੂਰੋਂ ਹੀ ਮੈਨੂੰ ਵੇਖ ਕੇ ਮੇਰੇ ਕੋਲ ਆ ਗਿਆ। ਪੁਛਿਓ ਸੁ, "ਬਾਬਾ, ਤੂੰ ਏਧਰ ਕਿਵੇਂ?" ਮੈਂ ਦੱਸਿਆ ਤਾਂ ਆਖਣ ਲੱਗਾ, "ਤੂੰ ਕਾਹਨੂੰ ਆਉਣਾ ਸੀ,– ਇਹ ਪੈਂਡੇ ਤਾਂ ਡਾਹਡੇ ਔਖੇ ਨੇ। ਤੇਰੇ ਕੋਲੋਂ ਕਿੱਥੇ ਪਹੁੰਚਿਆ ਜਾਣੈ।" ਮੈਂ ਕਿਹਾ, "ਪਹੁੰਚਣਾ ਤੇ ਹੈ ਈ ਏ। ਤੂੰ ਦੱਸ, ਪੈਂਡਾ ਕਿੰਨਾ ਬਾਕੀ ਏ?" "ਸੱਤ ਕਿਲੋਮੀਟਰ ਪੱਕਾ ਏ। ਪਰ ਚੱਲ ਸਾਡੇ ਡੇਰੇ, ਚਾਹ ਪਾਣੀ ਪੀ ਕੇ ਜਾਵੀਂ।" ਮੈਂ ਉਸ ਦਾ ਧੰਨਵਾਦ ਕਰਕੇ ਅਗਾਂਹ ਟੁਰ ਪਿਆ। ਹਿਸਾਬ ਤਾਂ ਠੀਕ ਠੀਕ ਲਗਾਣਾ ਔਖਾ ਸੀ ਪਰ ਦੋ ਕੁ ਘੰਟੇ ਹੋਰ ਤੁਰਨ ਤੇ ਮੈਨੂੰ ਲੱਗਾ ਕਿ ਉਸ ਬਕਰਵਾਨ ਨੇ ਵੀ ਠੀਕ ਨਹੀ ਦੱਸਿਆ। ਸੋ ਇਕ ਝਰਨੇ ਦੇ ਕੰਢੇ ਕੂਲੇ ਕੂਲੇ ਘਾਹ ਉਪਰ ਰੁਕਸੈਕ ਰਖ ਕੇ ਦੁਪਹਿਰ ਦਾ ਭੋਜਨ ਛਕਣ ਬਹਿ ਗਆ। ਫਿਰ ਅੱਧਾ ਘੰਟਾ ਆਰਾਮ ਕੀਤਾ ਤੇ ਮੁੜ ਯਾਤ੍ਰਾ ਸ਼ੁਰੂ ਕਰ ਦਿੱਤੀ। ਅਜੇ ਕੋਈ ਇਕ ਫਰਲਾਂਗ ਹੀ ਗਿਆ ਸਾਂ ਕਿ ਇਕ ਮੋੜ ਮੁੜਦਿਆਂ ਹੀ ਯੂਥ ਹੋਸਟਲ ਦੇ ਤੰਬੂ ਦਿੱਸ ਪਏ। ਵਿਵੇਕ ਬਾਬੂ ਅੱਗੋਂ ਵਾਲੀ ਲੈਣ ਆਇਆ ਤੇ ਮੇਰੇ ਨਾਂਹ ਨਾਂਹ ਕਰਦਿਆਂ ਵੀ ਉਸ ਨੇ ਇਹ ਕਹਿੰਦਿਆਂ ਮੇਰਾ ਰੁਕਸੈਕ ਲੈ ਲਿਆ, ਕਿ "ਸਾਡਾ ਇਹ ਦਸਤੂਰ ਏ ਕਿ ਜਿਹੜਾ ਪਹਿਲਾਂ ਪਹੁੰਚੇ ਉਹ ਪਿਛੋਂ ਆਉਣ ਵਾਲੇ ਨੂੰ ਅੱਗੋਂ ਮਿਲ ਕੇ ਉਸ ਦਾ ਸਾਮਾਨ ਚੁਕ ਕੇ ਲਿਆਵੇ।" ਥੋੜ੍ਹੀ ਵਿਥ ਤੇ ਹੀ ਕੈਂਪ ਲੀਡਰ ਭਟਨਾਗਰ ਸਾਹਿਬ ਸਵਾਗਤ ਲਈ ਖੜ੍ਹੇ ਸਨ ਤੇ ਪੰਦਰਾਂ ਵੀਹ ਕੁੜੀਆਂ ਮੁੰਡੇ ਹਿੱਪ ਹਿੱਪ ਹੁਰੱਰੇ ਤੇ ਚਾਚਾ ਜ਼ਿੰਦਾਬਾਦ ਦੇ ਨਾਅਰੇ ਲਗਾ ਰਹੇ ਸਨ। ਵਿਵੇਕ ਬਾਬੂ ਕੋਲੋਂ ਪੁਛਣ ਤੇ ਕਿ ਇਹ ਕੀ ਮਾਮਲਾ ਹੈ? ਪਤਾ ਲੱਗਾ ਕੇ ਵਿਵੇਕ ਤੇ ਸੁਪ੍ਰੀਯਾ ਨੇ ਉਪਰੋਂ ਰੰਗ ਦੂੰਗ ਤੋਂ ਆਏ ਹੋਏ ਗਰੁੱਪ ਦੇ ਇਨ੍ਹਾਂ ਟਰੈਕਰਾਂ ਨੂੰ ਦੱਸਿਆ ਸੀ ਕਿ "ਸਾਡੇ ਗਰੁਪ ਵਿਚ ਇਕ ਬਿਰਧ ਚਾਚਾ ਜੀ ਵੀ ਹੈ ਨੇ ਤੇ ਉਹ ਪਹੁੰਚਣ ਹੀ ਵਾਲੇ ਨੇ। ਸੁਪ੍ਰੀਯਾ ਨੇ ਤੇ ਕਿਹਾ ਸੀ ਕਿ ਤੁਸੀ ਪੰਦਰਾਂ ਮਿੰਟਾਂ ਤਕ ਹੀ ਪਹੁੰਚ ਜਾਓਗੇ, ਕਿਉਂਕਿ ਉਸ ਨੇ ਥੋਹੜਾ ਕੁ ਪਿੱਛੇ ਹੀ ਤੁਹਾਨੂੰ ਕ੍ਰਾਸ ਕੀਤਾ ਸੀ। ਤੁਸੀ ਤੇ ਕਿਧਰੇ ਰੁਕਦੇ ਵੀ ਨਹੀ, ਫਿਰ ਏਨਾ ਚਿਰ ਕਿਵੇਂ ਲਗ ਗਿਆ? ਏਥੇ ਬੜੀ ਉਤਸੁਕਤਾ ਨਾਲ ਤੁਹਾਡੀ ਇੰਤਜ਼ਾਰ ਹੋ ਰਹੀ ਸੀ।"

"ਮੈਂ ਭੋਜਨ ਕਰਨ ਬਹਿ ਗਿਆ ਸਾਂ, ਉਸ ਝਰਨੇ ਕੋਲ, ਸੋਚਿਆ ਸੀ ਅਜੇ ਸ਼ਾਇਦ ਕਾਫ਼ੀ ਚਲਣਾ ਪਏ, ਇਸ ਲਈ...।"

ਚਾਰ ਕਦਮ ਅਗਾਂਹ ਹੁੰਦਿਆਂ ਹੀ ਮੈਨੂੰ ਉਸ ਸਾਰੇ ਗਰੁਪ ਨੇ ਜਿਵੇਂ ਦਬੋਚ ਹੀ ਲਿਆ। ਅਨੇਕਾਂ ਸਵਾਲ ਸਨ– ਪਹਿਲਾਂ ਪਹਾੜਾਂ ਦੀ ਕੀਤੀ ਯਾਤ੍ਰਾ ਤੇ ਉਸ ਦੇ ਅਨੁਭਵਾਂ ਬਾਰੇ, ਲੱਦਾਖ ਤੇ ਹਿਮਾਚਲ ਦੇ ਪਹਾੜੀ ਵਾਤਾਵਰਨ ਦੇ ਫਰਕ ਬਾਰੇ, ਅੱਜ ਦੇ ਸਫਰ ਦੀ ਥਕਾਵਟ ਤੇ ਮੇਰੇ ਨਿਜੀ ਜੀਵਨ ਬਾਰੇ। ਸਭ ਮਿਲਾ ਕੇ ਉਨ੍ਹਾਂ ਪਿਆਰੇ ਪਿਆਰੇ ਜਿਗਿਆਸੂਆਂ ਦੀ ਉਤਸੁਕਤਾ, ਪ੍ਰੇਮ ਤੇ ਸ਼ਰਧਾ ਭਾਵ ਵੇਖ ਕੇ ਮੈਨੂੰ ਬੜਾ ਚੰਗਾ ਲਗ ਰਿਹਾ ਸੀ। ਕੋਈ ਅੱਧੇ ਘੰਟੇ ਦੀ ਚਰਚਾ ਤੋਂ ਬਾਅਦ ਭਟਨਾਗਰ ਸਾਹਿਬ ਨੇ

ਕਿਹਾ, "ਚਾਚਾ ਜੀ ਨੂੰ ਬਹਿ ਤੇ ਲੈਣ ਦਿਓ ਕਿ ਇੰਜ ਖੜਿਆਂ ਹੀ ਰੱਖੋਗੇ?"

ਸਾਢੇ ਗਿਆਰਾਂ ਹਜ਼ਾਰ ਫੁਟ ਦੀ ਉਚਾਈ ਉਪਰ ਪੁਲੂ ਵਿਚ ਲੱਗੇ ਯੂਥ ਹੋਸਟਲ ਦੇ ਇਸ ਕੈਂਪ ਤਕ ਪਹੁੰਚਣ ਲਈ ਅੱਜ ਪੂਰੇ ਅੱਠ ਘੰਟੇ ਲਗ ਗਏ ਸਨ। ਸੁਰੂ ਨਦੀ ਏਥੇ ਵੀ ਕੈਂਪ ਦੇ ਨਾਲੋਂ ਦੀ ਵਗਦੀ ਲੰਘ ਰਹੀ ਸੀ। ਚੁਫੇਰੇ ਦੇ ਪਹਾੜ ਹੋਰ ਵੀ ਉੱਚੇ ਤੇ ਹੋਰ ਵੀ ਵਡੀਆਂ ਬਰਫ਼ ਦੀਆਂ ਤੈਹਾਂ ਵਾਲੇ ਸਨ। ਥਕਾਵਟ ਜਿਹੜੀ ਰਸਤੇ ਵਿਚ ਮਹਿਸੂਸ ਹੋ ਰਹੀ ਸੀ, ਪੁਲੂ ਪਹੁੰਚਦਿਆਂ ਹੀ ਖਤਮ ਹੋ ਗਈ। ਫਿਰ ਵੀ ਥੋੜ੍ਹੇ ਚਿਰ ਬਾਅਦ ਹੀ ਪਹੁੰਚੇ ਕੇਰਲ ਦੇ, ਸੁਬ੍ਰਾਮਣੀਅਮ ਨੇ ਆਉਂਦਿਆਂ ਹੀ ਮੇਰਾ ਕੁੜਤਾ ਪਜਾਮਾ ਲੁਹਾ ਕੇ ਆਯੋਡੀਨ ਮਿਸ਼ਰਤ ਇਕ ਘੋਲ ਨਾਲ ਮੇਰੇ ਗੋਡਿਆਂ, ਪਿੰਨੀਆਂ ਤੇ ਗਰਦਨ ਅਤੇ ਮੋਢਿਆਂ ਵਿਚਕਾਰ ਮਾਲਿਸ਼ ਕਰ ਦਿੱਤੀ। ਮਾਲਿਸ਼ ਦਾ ਇਹ ਸਿਲਸਿਲਾ ਪਾਰਕਾਚਿਕ ਤੋਂ ਹੀ ਸੁਬ੍ਰਾਮਣੀਅਮ ਨੇ ਪ੍ਰੇਮ ਵੱਸ ਸ਼ੁਰੂ ਕੀਤਾ ਸੀ ਤੇ ਅਗਾਂਹ ਵੀ ਚਲਦਾ ਰਿਹਾ। ਸਾਡੇ ਗਰੁਪ ਦੇ ਟਰੈਕਰ ਥੋੜ੍ਹੀ ਥੋੜ੍ਹੀ ਦੇਰ ਬਾਅਦ ਆਉਂਦੇ ਰਹੇ ਤੇ ਪਿੱਛੇ ਰਹਿ ਗਿਆਂ ਦੀ ਖਬਰ ਦਸਦੇ ਰਹੇ। ਛੇ ਕੁ ਵਜੇ ਪਤਾ ਲਗਾ ਕਿ ਡਾ. ਮਨਜੀਤ ਆਂਧਰਾ ਦੇ ਇਕ ਯੁਵਕ ਰਾਮਕ੍ਰਿਸ਼ਨ ਰਾਓ ਨੂੰ ਸੰਭਾਲ ਕੇ ਲਿਆ ਰਹੇ ਨੇ। ਰਾਮਕ੍ਰਿਸ਼ਨ ਦੀ ਤਬੀਅਤ ਅਚਾਨਕ ਖਰਾਬ ਹੋ ਗਈ ਸੀ। ਉਸਨੂੰ ਸਿਰ ਦਰਦ, ਪੇਟ ਦਰਦ ਤੇ ਉਲਟੀਆਂ ਹੋ ਰਹੀਆਂ ਸਨ। ਇਸ ਇਲਾਕੇ ਵਿਚ ਨੰਗੇ ਪਹਾੜਾਂ ਦੀਆਂ ਸਤਹ ਸੁਮੰਦਰ ਤੋਂ ਏਨੀਆਂ ਉਚਾਈਆਂ ਵਾਲੇ ਵਾਤਾਵਰਨ ਨਾਲ ਮੈਦਾਨੀ ਇਲਾਕਿਆਂ ਤੋਂ ਆਏ ਵਿਅਕਤੀਆਂ ਵਿਚੋਂ ਹਰ ਕਿਸੇ ਲਈ ਇਕ ਸੁਰ ਹੋਣਾ ਏਨਾ ਸੌਖਾ ਨਹੀਂ ਸੀ। ਬਹੁਤਿਆਂ ਨੂੰ ਸਿਰ ਦਰਦ ਹੋ ਰਹੀ ਸੀ, ਕਈਆਂ ਦਾ ਪੇਟ ਖਰਾਬ ਸੀ– ਤੇ ਭੁੱਖ ਤਾਂ ਲਗਭਗ ਹਰ ਕਿਸੇ ਦੀ ਹੀ ਮਰ ਗਈ ਸੀ-ਲੰਮੇ ਸਫਰ ਵਿਚ ਲਗਾਤਾਰ ਚੜ੍ਹਾਈ ਕਰਦਿਆਂ ਅਤੇ ਉਹ ਵੀ ਬਹੁਤ ਘਟ ਔਕਸੀਜਨ ਵਿਚ। ਭੁੱਖ ਮਰ ਜਾਣ ਤੇ ਲੋੜੀਦੀ ਖੁਰਾਕ ਨਾ ਖਾ ਸਕਣ ਕਰ ਕੇ ਕਮਜ਼ੋਰੀ, ਉਪਰੋਂ ਉਲਟੀਆਂ, ਰਾਮਕ੍ਰਿਸ਼ਨ ਕਾਫ਼ੀ ਮੁਸਕਿਲ ਵਿਚ ਸੀ। ਖੈਰ, ਕਿਸੇ ਤਰ੍ਹਾਂ ਉਹ ਡਾ. ਮਨਜੀਤ ਤੇ ਹੋਰ ਇਕ ਦੋ ਸਾਥੀਆਂ ਦੀ ਮਦਦ ਨਾਲ ਪੁਲੂ ਪੁਜ ਗਿਆ। ਰਾਤ ਨੂੰ ਉਸਦੀ ਤਬੀਅਤ ਹੋਰ ਵੀ ਵਿਗੜ ਗਈ। ਉਸ ਦੇ ਅੰਦਰ ਕੁਝ ਵੀ ਟਿਕਦਾ ਨਹੀ ਸੀ, ਪਾਣੀ ਨਾ ਦੁੱਧ। ਦਸ ਕੁ ਵਜੇ ਉਸਦਾ ਸਾਥੀ ਸ੍ਰੀ ਨਿਵਾਸ ਸਾਡੇ ਤੰਬੂ ਵਿਚ ਆਇਆ ਤੇ ਉਸਦੀ ਪਰੇਸ਼ਾਨੀ ਦੀ ਹਾਲਤ ਦੱਸੀ। ਮੇਰੇ ਕੋਲ ਹਮਿਓਪੈਥਿਕ ਦਵਾਈਆਂ ਦੀ ਕਿਟ ਹੈ ਸੀ, ਸੋ ਮਨਜੀਤ ਦੇ ਕਹਿਣ ਤੇ ਮੈਂ ਉਸ ਲਈ ਦਵਾਈ ਭੇਜੀ। ਉਲਟੀਆਂ ਰੁਕ ਗਈਆਂ ਤੇ ਦੋ ਘੁਟ ਦੁੱਧ ਵੀ ਹਜ਼ਮ ਹੋ ਗਿਆ।

ਰੰਗਦੁੰਗ

ਦੂਸਰੇ ਦਿਨ ਪਹਿਲੀ ਅਗਸਤ ਸੀ ਤੇ ਸਾਡੀ ਪੈਦਲ ਯਾਤ੍ਰਾ ਦੀ ਮੰਜ਼ਿਲ ਵੀਹ ਕਿਲੋਮੀਟਰ ਦੂਰ 'ਰੰਗ ਦੁੰਗ'। ਯਾਤ੍ਰਾ ਸ਼ੁਰੂ ਕਰਨ ਤੋਂ ਪਹਿਲਾਂ ਗਰੁਪ ਲੀਡਰ ਵਿਵੇਕ ਬਾਬੂ ਨੇ ਪੁਛਿਆ ਕਿ "ਰਾਮਕ੍ਰਿਸ਼ਨ ਦਾ ਕੀ ਕੀਤਾ ਜਾਏ? ਉਹ ਬਹੁਤ ਕਮਜ਼ੋਰ ਏ।

ਖਾਂਦਾ ਪੀਦਾ ਕੁਛ ਨਹੀ. ਉਹਨੂੰ ਜੇ ਏਥੇ ਹੀ ਛੱਡ ਜਾਈਏ ਤਾਂ ਠੀਕ ਨਾ ਰਹੇਗਾ? ਵਾਪਸੀ ਤੇ ਨਾਲ ਲੈ ਚੱਲਾਂਗੇ। ਭਟਨਾਗਰ ਸਾਹਿਬ ਵੀ ਇਸ ਗੱਲ ਨਾਲ ਸਹਿਮਤ ਨੇ।" ਮੈਂ. ਕਿਹਾ, "ਇਕ ਵਾਰੀ ਉਸਨੂੰ ਵੇਖ ਤਾਂ ਲਈਏ, ਫਿਰ ਫੈਸਲਾ ਕਰਾਂਗੇ।" ਰਾਮਕ੍ਰਿਸ਼ਨ ਨੂੰ ਵੇਖਣ ਤੇ ਲੱਗਾ ਕਿ ਉਹ ਏਨਾ ਕਮਜ਼ੋਰ ਨਹੀਂ, ਥੋੜ੍ਹੇ ਜਿੰਨੇ ਵਿਸ਼ਵਾਸ ਦੀ ਲੋੜ ਹੈ। ਮੈਂ ਪੁਛਿਆ, "ਤੂੰ ਹੌਲੀ ਹੌਲੀ ਥੋੜ੍ਹਾ ਥੋੜ੍ਹਾ ਕਰਕੇ ਤੁਰ ਸਕਦੈਂ?" ਉਸ ਨੇ ਕਿਹਾ "ਹਾਂ"।

ਮੈਂ ਵਿਵੇਕ ਬਾਬੂ ਨੂੰ ਕਿਹਾ, "ਇਸਦੇ ਰੁਕਸੈਕ ਦਾ ਸਾਮਾਨ ਦੂਜੇ ਟਰੈਕਰਾਂ ਨੂੰ ਥੋੜ੍ਹਾ ਥੋੜ੍ਹਾ ਚੁਕਾ ਦਿਓ ਤੇ ਇਹਨੂੰ ਮੇਰੇ ਨਾਲ-ਤੋਰ ਦਿਓ, ਮੈਂ ਦਵਾਈਆਂ ਤੇ ਸਹਾਰਾ ਦੇਂਦਿਆਂ ਇਸ ਨੂੰ ਲੈ ਜਾਵਾਂਗਾ।"

ਸੋ ਉਹ ਮੇਰੇ ਨਾਲ ਤੁਰ ਪਿਆ। ਮੈਂ ਪਹਿਲਾਂ ਉਸਨੂੰ ਘੰਟੇ ਘੰਟੇ ਬਾਅਦ ਦਵਾਈ, ਕਿਤੇ ਬਿਸਕੁਟ, ਕਿਤੇ ਗੁਲੂਕੋਜ਼ ਤੇ ਕਿਧਰੇ ਇਕ ਅੱਧ ਫੁਲਕਾ ਖਵਾਉਂਦਿਆਂ, ਥੋੜ੍ਹੀ ਥੋੜ੍ਹੀ ਦੂਰੀ ਤੇ ਦੋ ਚਾਰ ਮਿੰਟ ਬਿਠਾਉਂਦਿਆਂ ਨਿਰਵਿਘਨ ਰੰਗ ਦੁੰਗ ਤਕ ਲੈ ਗਿਆ।

ਅੱਜ ਦਾ ਸਫਰ ਕਲ੍ਹ ਨਾਲੋਂ ਕੁਝ ਔਖਾ ਸੀ। ਚੜ੍ਹਾਈ ਕੁਝ ਵਧੇਰੇ ਤਿੱਖੀ ਸੀ ਫਿਰ ਵੀ ਹੈ ਸੀ ਸਾਫ ਸੁਥਰੀ ਸੜਕ ਵਾਲੀ। ਅੱਜ ਰਸਤੇ ਵਿਚ ਗਲੇਸ਼ੀਅਰ ਕੋਈ ਨਹੀਂ ਸੀ ਆਇਆ ਜਦੋਂ ਕਿ ਕਲ੍ਹ ਦੋ ਗਲੇਸ਼ੀਅਰ ਪਏ ਸਨ ਜਿਨ੍ਹਾਂ ਨੂੰ ਵਿਚੋਂ ਦੀ ਪਾਰ ਕਰਨਾ ਪਿਆ ਸੀ। ਇਸ ਤੋਂ ਪਹਿਲਾਂ ਦੇ ਪਹਾੜੀ ਸਫ਼ਰਾਂ ਵਿਚ ਆਮ ਤੌਰ ਤੇ ਗਲੇਸ਼ੀਅਰ ਦੇ ਉਪਰੋਂ ਟੁਰ ਕੇ ਲੰਘਣ ਦੇ ਮੌਕੇ ਹੀ ਆਉਂਦੇ ਰਹੇ ਸਨ, ਪਰ ਕਲ੍ਹ ਜਿਹੜੇ ਗਲੇਸ਼ੀਅਰ ਵੇਖੇ ਉਨ੍ਹਾਂ ਦੇ ਵਿਚੋਂ ਦੀ ਲੰਘਣਾ ਪਿਆ ਸੀ। ਇਕ ਤਾਂ ਛੋਟਾ ਹੀ ਸੀ... ਸੌ ਕੁ ਮੀਟਰ ਲੰਮਾ ਤੇ ਬਹੁਤ ਉੱਚਾ ਵੀ ਨਹੀਂ ਸੀ, ਪਰ ਦੂਜਾ ਉਸ ਤੋਂ ਦੁਗਣਾ ਲੰਮਾ ਤੇ ਸੱਠ ਫੁਟ ਉੱਚਾ ਸੀ। ਬੁਲਡੋਜ਼ਰ ਨੇ ਉਸਨੂੰ ਉਪਰ ਤੋਂ ਲੈ ਕੇ ਸੜਕ ਦੀ ਸਤਹ ਦੇ ਬਰਾਬਰ ਤਕ ਵਿਚੋਂ ਕਟ ਕੇ ਰਸਤਾ ਬਣਾਇਆ ਹੋਇਆ ਸੀ। ਇਕਦਮ ਸੱਠ ਫੁਟ ਉੱਚੀਆਂ ਬਰਫ ਦੀਆਂ ਦੀਵਾਰਾ ਦੇ ਵਿਚੋਂ ਦੀ ਲੰਘਦਿਆ ਇਕ ਅਜਬ ਜਿਹਾ ਅਨੁਭਵ ਹੋਇਆ ਸੀ। ਅੱਜ ਕੋਈ ਗਲੇਸ਼ੀਅਰ ਰਸਤੇ ਵਿਚ ਨਹੀਂ ਸੀ ਮਿਲਿਆ ਪਰ ਬਰਾਬਰ ਖੜੇ ਪਹਾੜ ਤਾਂ ਲਗਦੇ ਹੀ ਬਰਫ ਦੇ ਪਹਾੜ ਸਨ। ਸੁਰੂ ਨਦੀ ਅੱਜ ਵੀ ਸਾਡੇ ਨਾਲ ਸੀ। ਸਭ ਵੇ ਖ ਕੇ ਲਗਦਾ ਸੀ ਮੇਰਾ ਲੱਦਾਖ ਦਾ ਇਹ ਫੇਰਾ ਜੋਗੀ ਵਾਲਾ ਫੇਰਾ ਹੀ ਹੈ। ਜਿਉਂ ਜਿਉਂ ਉਪਰ ਚੜ੍ਹ ਰਿਹਾ ਹਾਂ, ਤਿਉਂ ਤਿਉਂ ਪ੍ਰਾਣ ਵੀ ਉਪਰ ਨੂੰ ਚੜ੍ਹਦਾ ਜਾ ਰਿਹਾ ਹੈ। ਇਕ ਤੋਂ ਬਾਅਦ ਇਕ ਕਮਲ ਉਰਧ ਮੁਖ ਹੋ ਹੋ ਖਿੜ ਰਿਹਾ ਹੈ। ਜੀ ਵਿਚ ਆਇਆ ਕਿ 'ਪ੍ਰਾਣ ਉਪਰ ਨੂੰ ਜਾਂਦਾ ਜਾਂਦਾ ਜੇ ਕਿਤੇ ਹੋਰ ਉਪਰ—ਦਸਮ ਦੁਆਰ ਤੋਂ ਵੀ ਉਪਰ-ਸਹਸ੍ਰਾਰ ਤੱਕ ਪੁਜ ਜਾਏ ਤੇ ਫਿਰ ਕਦੇ ਹੇਠਾਂ ਨਾ ਪਰਤੇ ਤਾਂ ਕੈਸਾ ਅਨੰਦ ਰਹੇ ! ਇਕ ਸਮਾਧੀ ਮਿਲ ਜਾਏ-ਜੋ ਸਦੀਵੀ ਹੋ ਜਾਏ। ਉਸੇ ਸਮਾਧੀ ਵਿਚੋਂ ਹੀ ਪਰਮ ਪੁਰਖ ਦੀ ਜੋਤ ਵਿਚ ਰਲ ਜਾਵਾਂ। ਸ਼ਾਇਦ ਉਸੇ ਲਈ ਮੈਨੂੰ ਲਗਾਤਾਰ ਬੁਲਾਵਾ ਆਉਂਦਾ ਰਿਹਾ ਹੈ ਇਨ੍ਹਾਂ ਪਹਾੜਾਂ ਦਾ। ਏਧਰ ਹੀ ਕਿਧਰੇ, ਤਿੱਬਤ ਵਿਚ ਹੀ— 'ਗਿਆਨ ਗੰਜ' ਵੀ ਹੈ, ਜਿਸ ਦੀ ਯਾਤ੍ਰਾ ਪਰਮ ਹੰਸ ਸਵਾਮੀ ਵਿਸ਼ੁੱਧਾ ਨੰਦ ਨੇ ਕੀਤੀ ਸੀ— ਗੁਪਤ ਗਿਆਨ

ਗੰਜ। ਜਿੱਥੋਂ ਸਿੱਧ ਯੋਗੀ ਸੰਸਾਰ ਦੀਆਂ ਕਲਿਆਨ-ਯੋਜਨਾਵਾਂ ਦਾ ਸੰਚਾਲਨ ਕਰਦੇ ਨੇ । ਗਿਆਨ ਗੰਜ ਤਕ ਕੋਈ ਨਹੀ ਪੁਜ ਸਕਦਾ ਜਿੰਨਾ ਚਿਰ ਓਥੋਂ ਹੀ ਕੋਈ ਯੋਗੀ ਆਣ ਕੇ ਕਿਸੇ ਨੂੰ ਗੁਪਤ ਰੂਪ ਵਿਚ ਓਥੇ ਨਾ ਲੈ ਜਾਵੇ। ਕਵੀ ਰਾਜ ਗੋਪੀ ਨਾਥ ਮਹਾਂਮਹੋਪਾਧਿਆਏ ਨੇ ਲਿਖਿਆ ਹੈ-- ਗਿਆਨ ਗੰਜ ਸਾਡੀ ਦੇਹ ਦੇ ਅੰਦਰ ਵੀ ਹੈ-- ਜਿਵੇਂ ਕੈਲਾਸ ਸਾਡੇ ਅੰਦਰ ਹੈ,-- ਕਿਧਰੇ ਮੇਰੀ ਯਾਤ੍ਰਾ ਉਸੇ ਵੱਲ ਹੀ ਤਾਂ ਨਹੀ !'

ਪਰ ਅਜੇ ਸ਼ਾਇਦ ਉਹ ਸਮਾਂ ਨਹੀਂ ਆਇਆ ਸੀ। ਯਾਤ੍ਰਾ ਚੱਲ ਜ਼ਰੂਰ ਰਹੀ ਹੈ-- ਪਰ ਅਸਲ ਮੰਜ਼ਿਲ ਅਜੇ ਦੂਰ ਹੈ-ਪਤਾ ਨਹੀਂ ਕਿੰਨੀ ਦੂਰ।

ਰੰਗ ਦੁੰਗ ਪਹੁੰਚਣ ਲਈ ਇਕ ਥਾਂ ਤੋਂ ਪੁਲ ਰਾਹੀਂ ਸੁਰੂ ਨੂੰ ਪਾਰ ਕਰਦਿਆਂ ਹੀ ਕੈਂਪ ਸਾਹਮਣੇ ਨਜ਼ਰ ਆ ਗਿਆ। ਰੰਗ ਦੁੰਗ ਸੁਰੂ ਨਦੀ ਦੇ ਕਿਨਾਰੇ ਇਕ ਛੋਟਾ ਜਿਹਾ ਪਿੰਡ ਹੈ ਤੇ ਪਿੰਡ ਦੇ ਸਾਹਮਣੇ ਖੁਲ੍ਹਾ ਲੰਮਾ ਚੋੜਾ ਮੈਦਾਨ। ਏਥੇ ਫੌਜੀ ਚੌਕੀ ਵੀ ਹੈ ਤੇ ਇਕ ਪੱਕਾ ਰੈਸਟ ਹਾਊਸ ਵੀ। ਚੁਫੇਰੇ ਅਸਮਾਨ ਛੂੰਹਦੇ ਬਰਫ਼ਾਂ ਲੱਦੇ ਪਹਾੜਾਂ ਦੇ ਵਿਚਕਾਰ ਰੰਗ ਦੁੰਗ ਇਕ ਵਡੇ ਕਟੋਰੇ ਵਾਂਗ ਲਗ ਰਿਹਾ ਸੀ। ਠੰਢ ਬਹੁਤ ਸੀ। ਭਟਨਾਗਾਰ ਸਾਹਿਬ ਨੇ ਪੁਲ੍ਹ ਤੋਂ ਚੱਲਣ ਲੱਗਿਆਂ ਕਿਹਾ ਸੀ-- "ਜ਼ੀਰੋ ਤੋਂ ਪੰਜ ਡਿਗਰੀ ਹੇਠਾਂ ਤਕ ਟੈਂਪਰੇਚਰ ਪਹੁੰਚ ਜਾਂਦਾ ਏ ਰੰਗ ਦੁੰਗ ਦਾ। ਤੁਹਾਨੂੰ ਬੇਸ਼ਕ ਤੁਰੇ ਜਾਣ ਕਰ ਕੇ ਇਕਦਮ ਵਾਤਾਵਰਨ ਠੰਢਾ ਨਾ ਲੱਗੇ- ਪਰ ਕਪੜੇ ਪੂਰੇ ਗਰਮ ਪਹਿਣ ਕੇ ਹੀ ਜਾਣਾ, ਨਹੀਂ ਤਾਂ ਠੰਢ ਕਿਸੇ ਵੇਲੇ ਵੀ ਦਬੋਚ ਲਏਗੀ। ਐਨਕ ਕਾਲੀ ਹੋਵੇ ਤਾਂ ਵਧੀਆ ਗੱਲ ਏ, ਜੇ ਕਾਲੀ ਨਹੀਂ ਤਾਂ ਕੋਈ ਵੀ-- ਲਗਾਉਣੀ ਜ਼ਰੂਰ। ਏਧਰ ਜਿਹੜੀਆਂ ਹਵਾਵਾਂ ਚਲਦੀਆਂ ਨੇ ਇਨ੍ਹਾਂ ਵਿਚ ਬਰਫ਼ ਦੇ ਕਣ ਰਹਿੰਦੇ ਨੇ ਜਿਹੜੇ ਨੰਗੀਆਂ ਅੱਖਾਂ ਨੂੰ ਜ਼ਖ਼ਮੀ ਕਰ ਸਕਦੇ ਨੇ। ਦਰਖ਼ਤਾਂ ਦੀ ਅਣਹੋਂਦ ਕਰਕੇ ਔਕਸੀਜਨ ਦੀ ਏਧਰ ਭਾਰੀ ਕਮੀ ਰਹਿੰਦੀ ਏ। ਟੁਰਦਿਆਂ ਫਿਰਦਿਆਂ, ਆਪਸ ਵਿਚ ਗੱਲ-ਬਾਤ ਕਰਦਿਆਂ ਵੀ ਸਾਹ ਫੁਲ ਸਕਦਾ ਹੈ। ਉਸ ਮਾਹੌਲ ਨਾਲ ਰਚਦਿਆਂ ਥੋਹੜਾ ਸਮਾਂ ਲਗੇਗਾ। ਘਬਰਾਣਾ ਨਹੀ, ਸਹਿਜ ਭਾ ਨਾਲ ਰਹਿਣਾ ਏ, ਜ਼ੋਰ ਜ਼ਬਰਦਸਤੀ ਨਹੀਂ ਕਰਨੀ ਸਰੀਰ ਨਾਲ। ਤੁਸਾਂ ਤੇ ਟੁਰ ਕੇ ਜਾਣਾ ਏ, ਹੌਲੀ ਹੌਲੀ ਮਾਹੌਲ ਨਾਲ ਰਚਦੇ ਜਾਓਗੇ-- ਉਂਜ ਲੱਦਾਖ ਦੇ ਉਪਰਲੇ ਇਲਾਕਿਆਂ ਵਿਚ ਜਿਹੜੇ ਲੋਕ ਹਵਾਈ ਜਹਾਜ਼ ਰਾਹੀਂ ਆਉਂਦੇ ਨੇ ਉਨ੍ਹਾਂ ਲਈ ਬੜਾ ਖ਼ਤਰਾ ਹੁੰਦਾ ਏ। ਹਵਾਈ ਜਹਾਜ਼ ਵਿਚੋਂ ਨਿਕਲਦਿਆਂ ਹੀ ਵਧੇਰੇ ਖੇਚਲ ਕਰਨ ਨਾਲ ਉਨ੍ਹਾਂ ਦੇ ਫੇਫੜਿਆਂ ਵਿਚ ਪਾਣੀ ਭਰ ਸਕਦਾ ਹੈ ਤੇ ਤੁਰੰਤ ਮੌਤ ਵੀ ਹੋ ਸਕਦੀ ਹੈ। ਬਸ ਤਰੀਕਾ ਇਹੋ ਹੀ ਏ ਕਿ ਹੌਲੀ ਹੌਲੀ ਪਹਿਲਾਂ ਮਾਹੌਲ ਨਾਲ ਰਚਿਆ ਜਾਏ।"

ਭਟਨਾਗਰ ਸਾਹਿਬ ਦੀਆਂ ਗੱਲਾਂ ਕਾਫ਼ੀ ਹੱਦ ਤਕ ਠੀਕ ਸਨ। ਠੰਢ ਏਨੀ ਸੀ ਕਿ ਤੰਬੂ ਵਿਚ ਜਾਂਦਿਆਂ ਹੀ ਕੰਬਲ ਦੀ ਬੁਕਲ ਮਾਰ ਕੇ ਬਹਿਣਾ ਪਿਆ। ਪਰ ਥੋੜ੍ਹੇ ਚਿਰ ਪਿਛੋਂ ਹੀ ਧੁੱਪ ਨਿਕਲ ਆਈ। ਵਾਤਾਵਰਨ ਵਿਚ ਕੁਝ ਗਰਮੀ ਆਈ ਤੇ ਬਾਹਰ ਨਿਕਲ ਕੇ ਘੁੰਮਣਾ ਫਿਰਨਾ ਵੀ ਸ਼ੁਰੂ ਹੋ ਗਿਆ। ਸ਼ਾਮੀ ਨਦੀ ਕਿਨਾਰੇ ਗਏ--ਨਦੀ ਏਥੇ ਕਾਫੀ ਚੌੜੀ ਹੈ-- ਪਰ ਅਸਚਰਜ ! ਏਥੇ ਨਦੀ ਦਾ ਜਲ ਨੀਲਾ ਸੀ, ਆਕਾਸ਼ ਵੱਲ

ਤੱਕਿਆ, ਗੂਹੜੀ ਨੀਲੱਤਣ। ਏਨਾ ਗੂਹੜਾ ਨੀਲਾ ਆਕਾਸ਼ ਤਾਂ ਕਦੇ ਵੇਖਿਆ ਹੀ ਨਹੀ ਸੀ ! ਤੇ ਨਾ ਹੀ ਰਾਤ ਨੂੰ ਕਦੇ ਏਨਾ ਨਿਰਮਲ ਤਾਰਿਆਂ ਨਾਲ ਝਿਲਮਿਲਾਉਂਦਾ ਆਕਾਸ਼। ਏਥੇ ਹੀ ਸੁਰੂ ਦੇ ਇਕ ਤਾਣ ਸ਼ਬਦ ਨਾਲ ਜੁੜੇ ਅਨੰਦ ਮਗਨ ਡਾ. ਮਨਜੀਤ ਨੂੰ ਮੈਂ ਆਖਿਆ, "ਇਹ ਉਨ੍ਹਾਂ ਥਾਵਾਂ ਵਿਚੋਂ ਹੀ ਇਕ ਥਾਂ ਏ– ਜਿੱਥੇ ਸਾਧਕਾਂ ਦੇ ਅੰਦਰਲਾ ਅਨਾਹਤ ਨਾਦ ਜਾਗ ਉਠਦਾ ਏ ਤੇ ਉਹ ਸਮਾਧੀ ਵਿਚ ਚਲੇ ਜਾਂਦੇ ਨੇ।"

ਦੂਸਰੇ ਦਿਨ ਯਾਤ੍ਰਾ ਦਾ ਕੋਈ ਕਾਰਜਕ੍ਰਮ ਨਹੀਂ ਸੀ। ਜਿੱਥੇ ਸਾਡਾ ਕੈਂਪ ਸੀ ਓਥੋਂ ਸੱਤ ਕਿਲੋਮੀਟਰ ਦੂਰ ਰੰਗ ਦੂੰਗ ਗੁੰਫਾ (ਬੋਧ ਮਠ) ਸੀ। ਕਈ ਜਣੇ ਉਸ ਗੁੰਫਾ ਨੂੰ ਵੇਖਣ ਚਲੇ ਗਏ ਤੇ ਬਾਕੀ ਏਥੇ ਹੀ ਰਹੇ। ਧੁੱਪ ਬਹੁਤ ਵਧੀਆ ਖਿੜੀ ਹੋਈ ਸੀ– ਬੱਦਲਾਂ ਦਾ ਕਿਤੇ ਨਾਮ ਨਿਸ਼ਾਨ ਨਹੀਂ ਸੀ। ਇਸ ਲਈ ਮਾਹੌਲ ਵਿਚ ਸਹਿੰਦਾ ਸਹਿੰਦਾ ਨਿੱਘ ਸੀ। ਹਵਾ ਵੀ ਨਹੀਂ ਸੀ ਚੱਲ ਰਹੀ। ਮੈਂ ਮਾਲਿਸ਼ ਕੀਤੀ ਤੇ ਇਕ ਮੁਕਾਮੀ ਵਿਅਕਤੀ ਦੇ ਕਹਿਣ ਤੇ ਦੂਰੋਂ ਆਉਂਦੀ ਇਕ ਕੂਹਲ ਦੇ ਸੂਰਜ ਤੇ ਧੁੱਪ ਕਾਰਨ ਠਾਰ ਭੱਜੇ ਜਲ ਨਾਲ ਇਸ਼ਨਾਨ ਵੀ ਕਰ ਲਿਆ। ਫਿਰ ਸਾਰਾ ਦਿਨ ਘਾਹ ਦੇ ਮੈਦਾਨ ਵਿਚ ਧੁੱਪ ਸੇਕੀ।

ਲੱਦਾਖ ਸਾਰਾ ਹੀ ਆਮ ਤੌਰ ਤੇ ਬੁੱਧ ਮਤ ਦੇ ਮੰਨਣ ਵਾਲਾ ਇਲਾਕਾ ਸਮਝਿਆ ਜਾਂਦਾ ਹੈ। ਪਰ ਸਾਡੀ ਇਸ ਯਾਤ੍ਰਾ ਵਿਚ ਰੰਗ ਦੂੰਗ ਪਹੁੰਚਣ ਤੇ ਹੀ ਮਹਿਸੂਸ ਹੋਇਆ ਕਿ ਅਸੀ ਬੋਧ ਖੇਤਰ ਵਿਚ ਹਾਂ। ਇਸ ਤੋਂ ਪਿੱਛੇ ਮੁਸਲਿਮ ਪ੍ਰਭਾਵ ਹੀ ਪ੍ਰਭਾਵੀ ਰਿਹਾ ਸੀ। ਰੰਗ ਦੂੰਗ ਵਿਚ ਜਿਹੜੇ ਪੰਦਰਾਂ ਵੀਹ ਘਰ ਸਨ ਉਹ ਪਹਿਰਾਵੇ, ਬੋਲੀ ਤੇ ਨੈਣ-ਨਕਸ਼ ਵੱਲੋਂ ਠੇਠ ਤਿੱਬਤੀ ਬੋਧ ਲਗੇ। ਓਥੋਂ ਦੇ ਜਵਾਨ ਮਰਦ ਤਾਂ ਸਾਡੇ ਨਾਲ ਹਿੰਦੁਸਤਾਨੀ ਵਿਚ ਗੱਲਬਾਤ ਕਰ ਲੈਂਦੇ ਸਨ ਪਰ ਔਰਤਾਂ ਨਾ ਸਾਡੀ ਗੱਲ ਸਮਝਦੀਆਂ ਨਾ ਅਸੀ ਉਨ੍ਹਾਂ ਦੀ ਗੱਲ ਸਮਝ ਸਕਦੇ।

ਪਰਾਚੀਨ ਭਾਰਤ ਦੇ ਬੁੱਧ ਮਤ ਦਾ ਜੇ ਕੋਈ ਕਿਸੇ ਤਰ੍ਹਾਂ ਦਾ ਰੂਪ ਅੱਜਕਲ੍ਹ ਭਾਰਤ ਵਿਚ ਕਿਧਰੇ ਦਿਸਦਾ ਹੈ ਤਾਂ ਕੇਵਲ ਲੱਦਾਖੀਆਂ ਵਿਚ, ਅਤੇ ਜਾਂ ਫਿਰ ਤਿੱਬਤ ਨਾਲ ਲਗਦੇ ਦੂਸਰੇ ਪਹਾੜੀ ਇਲਾਕਿਆਂ ਵਿਚ। ਇਹ ਬੁੱਧ ਮੱਤ ਸਾਰੇ ਦਾ ਸਾਰਾ ਤਿੱਬਤੀ ਪ੍ਰਭਾਵ ਵਾਲਾ ਹੈ ਤੇ ਦਲਾਈ ਲਾਮਾ ਇਸ ਮੱਤ ਦਾ ਅਧਿਆਤਮਕ ਰਾਹਬਰ ਹੈ।

ਲੱਦਾਖ ਨੂੰ ਪਿਛਲੇ ਹਜ਼ਾਰਾਂ ਸਾਲਾਂ ਤੋਂ ਪੱਛਮੀ ਤਿੱਬਤ ਕਿਹਾ ਜਾਂਦਾ ਰਿਹਾ ਹੈ। ਭੂਗੋਲਕ ਤੇ ਰਾਜਨੀਤਕ ਹੱਦ-ਬੰਦੀਆਂ ਦਾ ਆਧਾਰ ਵੀ ਪਿਛਲੇ ਸਮਿਆਂ ਵਿਚ ਆਮ ਤੌਰ ਤੇ ਨਸਲ, ਬੋਲੀ, ਤੇ ਸੰਸਕ੍ਰਿਤੀ ਹੀ ਹੁੰਦੀ ਸੀ। ਇਸ ਪੱਖ ਤੋਂ ਲੱਦਾਖ ਪੱਛਮੀ ਤਿੱਬਤ ਹੀ ਸੀ ਤੇ ਇਸ ਦੇ ਧਰਮ ਦਾ ਸੰਚਾਲਨ ਤਿੱਬਤ ਦੇ 'ਪੋਤ-ਲਾ' ਮਹਿਲ ਤੋਂ ਦਲਾਈ ਲਾਮਾ ਰਾਹੀਂ ਹੀ ਹੁੰਦਾ ਸੀ। ਦਲਾਈ ਲਾਮਾ ਦੇ 1959 ਵਿਚ ਭਾਰਤ ਆ ਜਾਣ ਕਰਕੇ ਉਸ ਦਾ ਰਾਜਨੀਤਕ ਤੇ ਨਹੀਂ ਪਰ ਧਾਰਮਕ ਪ੍ਰਭਾਵ ਅੱਜ ਵੀ ਕਾਇਮ ਹੈ। ਤਿੱਬਤ ਬੋਧ ਮੱਤ ਦਾ ਇਕ ਪ੍ਰਮੁਖ ਕੇਂਦਰ ਹੈ ਤੇ ਬੁਧ ਮੱਤ ਤਿੱਬਤ ਵਿਚ ਭਾਰਤ ਤੋਂ ਜਾ ਕੇ ਪਰਵਾਨ ਚੜ੍ਹਿਆ ਹੈ। ਇਸ ਲਈ ਹਜ਼ਾਰਾਂ ਸਾਲਾਂ ਤੋਂ ਇਹ ਭਾਰਤ ਦਾ ਹੀ ਇਕ ਰੂਪ ਮੰਨਿਆਂ ਜਾਂਦਾ ਰਿਹਾ ਹੈ। ਦੂਜੇ ਬੰਨੇ ਕੈਲਾਸ਼-ਕੈਲਾਸ਼ਪਤੀ 'ਸ਼ਿਵ' ਦਾ ਸਥਾਨ ਹੈ

ਤੇ ਕੈਲਾਸ਼-ਮਾਨਸਰੋਵਰ ਭਾਰਤ ਦੇ ਹਿੰਦੂ ਲਈ ਪਰਮ ਪਾਵਨ ਤੀਰਥ ਹੈ। ਇਸ ਲਈ ਅੱਜ ਵੀ ਬਹੁਤੇ ਹਿੰਦੂ ਇਹ ਨਹੀ ਜਾਣਦੇ ਕਿ ਕੈਲਾਸ਼-ਮਾਨਸਰੋਵਰ ਭਾਰਤ ਤੋਂ ਬਾਹਰ ਕਿਸੇ ਹੋਰ ਦੇਸ਼,-ਤਿੱਬਤ ਵਿਚ ਹੈ।

ਦੱਸਿਆਂ ਜਾਂਦਾ ਹੈ ਕਿ 617 ਈਸਵੀ ਵਿਚ ਜਨਮਿਆਂ ਤਿੱਬਤ ਦਾ ਅਤੀ ਗੁਣਵਾਨ ਰਾਜਾ 'ਸ੍ਰੋਂਗ ਵਤਸਨ ਸਗਮਪੋ' ਜਦੋਂ ਅਜੇ ਛੋਟਾ ਹੀ ਸੀ— ਕੁਝ ਭਾਰਤੀ ਬੋਧ ਵਿਦਵਾਨਾਂ ਨੇ ਤਿੱਬਤ ਦੇ ਰਾਜੇ 'ਥੋ ਥੋ-ਰੀਂ' ਨੂੰ ਕੁਝ ਬੋਧ ਗ੍ਰੰਥ ਭੇਟ ਕੀਤੇ। ਪਰ ਇਹ ਵੇਖ ਕੇ ਉਨ੍ਹਾਂ ਨੂੰ ਨਿਰਾਸ਼ਾ ਹੋਈ ਕਿ ਤਿੱਬਤ ਵਿਚ ਤਾਂ ਕੋਈ ਲਿਪੀ ਹੀ ਨਹੀ ਹੈ, ਫਿਰ ਇਨ੍ਹਾਂ ਗ੍ਰੰਥਾਂ ਨੂੰ ਸੰਸਕ੍ਰਿਤ ਜਾਂ ਉਸ ਤੋਂ ਅਨੁਵਾਦ ਕਰਕੇ ਤਿੱਬਤੀ ਵਿਚ ਵੀ ਪੜ੍ਹੇ ਜਾਣ ਦਾ ਕੋਈ ਸਾਧਨ ਨਹੀਂ ਸੀ। ਬਾਲਕ ਸ੍ਰੋਂਗ ਵਤਸਨ ਨੂੰ ਵੀ ਇਸ ਸਥਿਤੀ ਬਾਰੇ ਬੜੀ ਸ਼ਰਮ ਮਹਿਸੂਸ ਹੋਈ ਤੇ ਉਸ ਨੇ ਓਦੋਂ ਹੀ ਕੁਝ ਸੰਕਲਪ ਮਨ ਵਿਚ ਧਾਰ ਲਏ। ਵਡੇ ਹੋਣ ਤੇ ਜਦੋਂ ਰਾਜ ਪਾਟ ਉਸ ਦੇ ਹੱਥ ਆਇਆ ਤਾਂ ਉਸ ਨੇ ਆਪਣੇ ਇਕ ਹੁਸਿਆਰ ਦਰਬਾਰੀ 'ਥੋਨ ਮੀ ਸਮ-ਭੋਟ' ਅਤੇ ਸੌਲਾਂ ਹੋਰ ਸਿਆਣਿਆਂ ਨੂੰ ਦੱਖਣੀ ਭਾਰਤ ਦੇ ਪ੍ਰਮੁਖ ਵਿਦਿਆਪੀਠਾਂ ਵਿਚ ਪੜ੍ਹਨ ਲਈ ਭੇਜਿਆ। ਇਨ੍ਹਾਂ ਸ਼ਾਸਤਰਾਂ ਦਾ ਪੂਰਾ ਗਿਆਨ ਹਾਸਿਲ ਕਰਕੇ ਉਨ੍ਹਾਂ ਨੇ ਤਿੱਬਤੀ ਬੋਲੀ ਲਈ ਇਕ ਲਿਪੀ ਵੀ ਲੱਭ ਲਈ ਤੇ ਉਸਦਾ ਵਿਆਕਰਨ ਵੀ ਤਿਆਰ ਕਰ ਲਿਆ। 'ਥੋਨ ਮੀਂ' ਨੇ ਤਿੱਬਤੀ ਵਿਆਕਰਨ ਤੇ ਲਿਪੀ ਬਾਰੇ ਅੱਠ ਗ੍ਰੰਥ ਲਿਖੇ ਅਤੇ ਕਈ ਬੋਧ ਗ੍ਰੰਥਾਂ ਦਾ ਸੰਸਕ੍ਰਿਤ ਤੋਂ ਤਿੱਬਤੀ ਵਿਚ ਅਨੁਵਾਦ ਵੀ ਕੀਤਾ। ਇਸੇ ਅਸਰ ਹੇਠ ਹੀ ਸ੍ਰੋਂਗ ਵਤਸਨ ਨੇ ਬੁਧ ਧਰਮ ਦੇ ਦਸ ਨਿਯਮਾ ਦੇ ਅਧਾਰ ਤੇ ਤਿੱਬਤੀ ਨਿਯਮ ਪਰਚਲੱਤ ਕੀਤੇ। ਰਮੋਚੇ ਮੰਦਿਰ ਅਤੇ ਗਿਆਰਾਂ-ਮੰਜ਼ਲਾ ਪੋਤ-ਲਾ ਮਹਿਲ ਬਣਵਾਇਆ। ਇੰਜ ਸ੍ਰੋਂਗ ਵਤਸਨ ਨੇ ਤਿੱਬਤ ਵਿਚ ਬੋਧ ਧਰਮ ਦੀ ਬੁਨਿਆਦ ਰੱਖੀ। ਸ੍ਰੋਂਗ ਵਤਸਨ ਨੂੰ ਇਸ ਧਰਮ ਦੀ ਸਥਾਪਨਾ ਵਿਚ ਉਸ ਦੀਆਂ ਪਤਨੀਆਂ 'ਭੁਰੁਕੁਟੀ' ਅਤੇ 'ਵੇਨ ਚੇਂਗ' ਨੇ ਬੜੀ ਸਹਾਇਤਾ ਦਿੱਤੀ। ਸ੍ਰੋਂਗ ਵਤਸਨ ਨੇ ਰਾਜ ਪਾਟ ਸੰਭਾਲਿਦਆਂ ਹੀ ਆਪਣੀ ਤਾਕਤ ਏਨੀ ਜ਼ਬਰਦਸਤ ਵਧਾ ਲਈ ਸੀ ਕਿ ਨੇਪਾਲ ਦੇ ਰਾਜਾ ਅੰਸ਼ੁਵਰਧਨ ਅਤੇ ਚੀਨ ਦੇ ਰਾਜਾ ਤਾਈਸੁੰਗ ਨੇ ਉਸ ਨਾਲ ਦੋਸਤਾਨਾ ਸੰਬੰਧ ਬਣਾਉਣੇ ਜ਼ਰੂਰੀ ਸਮਝੇ। ਇਨ੍ਹਾਂ ਸੰਬੰਧਾਂ ਨੂੰ ਬਣਾਉਣ ਲਈ ਹੀ ਰਾਜਾ ਅੰਸ਼ੁਵਰਧਨ ਨੇ ਆਪਣੀ ਲੜਕੀ ਭਰੁਕੁਟੀ ਅਤੇ ਰਾਜਾ ਤਾਈਤ ਸੁੰਗ ਨੇ ਆਪਣੀ ਬੇਟੀ 'ਵੇਨ ਚਿੰਗ' ਦਾ ਵਿਆਹ ਸ੍ਰੋਨ ਵਤਸਨ ਨਾਲ ਕਰ ਦਿੱਤਾ। ਇਹ ਦੋਵੇਂ ਲੜਕੀਆਂ ਦਾਜ ਵਿਚ 'ਅਖ਼ਸ਼ੋਭਯ' 'ਮੈਤ੍ਰੇਯੇਂ' ਅਤੇ ਸ਼ਾਕਯਮੁਨੀ ਦੀਆਂ ਮੂਰਤੀਆਂ ਲੈ ਕੇ ਆਈਆਂ— ਜਿਸ ਕਾਰਨ ਤਿੱਬਤ ਵਿਚ ਬੁੱਧ ਮਤ ਦੇ ਪਰਚਾਰ ਨੂੰ ਬੜੀ ਤਾਕਤ ਮਿਲੀ।

ਤਿੱਬਤ ਪਛੜਿਆ ਹੋਇਆ ਪਹਾੜੀ ਪ੍ਰਦੇਸ਼ ਹੋਣ ਕਰਕੇ ਜਾਦੂ ਟੂਣਿਆਂ ਦਾ ਘਰ ਸੀ। ਸ੍ਰੋਂਗ ਵਤਸਨ ਨੇ ਜਾਦੂ ਟੂਣਿਆਂ ਦੀ ਥਾਂ ਸਿੱਧੇ ਸਾਦੇ ਬੋਧ ਮਤ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਿਸ ਕਰਕੇ ਪੁਰਾਣੇ ਅੰਧ-ਵਿਸ਼ਵਾਸਾਂ ਨਾਲ ਨਵੇਂ ਬੋਧ ਮੱਤ ਨੂੰ ਕਠਿਨ ਸੰਘਰਸ਼ ਕਰਨਾ ਪਿਆ।

ਸ੍ਰੋਂਗ ਵਤਸਨ ਦੇ ਪੰਜਵੇਂ ਵਾਰਸ 'ਸ੍ਰੀ ਸ੍ਰੋਂਗ ਲਦੇ ਵਤਸਨ' ਨੇ ਆਪਣੇ ਸ਼ਕਤੀਸ਼ਾਲੀ

ਫ਼ਾਉਣ ਅਫ਼ਸਰਾਂ ਦੀ ਮੁਖਾਲਫ਼ਤ ਦੇ ਬਾਵਜੂਦ ਨਾਲੰਦਾ ਵਿਸ਼ਵਵਿਦਿਆਲਯ ਤੋਂ ਸ਼ਾਂਤ ਰਖ਼ਸ਼ਿਤ ਨੂੰ ਤਿੱਬਤ ਬੁਲਵਾਇਆ ਜੋ ਕਿ ਬੋਧ ਧਰਮ ਦੇ ਪ੍ਰਕਾਂਡ ਵਿਦਵਾਨ ਸਨ। ਉਨ੍ਹਾ ਨੇ ਭਾਰਤੀ ਬੋਧ-ਧਰਮ ਦੇ ਸੱਚੇ ਸਿੱਧਾਂਤਾਂ ਦਾ ਪਰਚਾਰ ਕਰਦਿਆਂ ਧਰਮ ਪਰੀਵਰਤਨ ਦੀ ਲਹਿਰ ਚਲਾਈ। ਪਰ ਅੰਧਵਿਸ਼ਵਾਸ ਨੇ ਤਿੱਬਤ ਦਾ ਖਹਿੜਾ ਫਿਰ ਵੀ ਨਾ ਛੱਡਿਆ। ਕੁਝ ਕੁਦਰਤੀ ਆਫਤਾਂ ਤੇ ਬੀਮਾਰੀਆਂ ਦਾ ਜ਼ੋਰ ਪੈ ਜਾਣ ਕਰਕੇ ਤਿੱਬਤ ਵਿਚ ਜਾਦੂ-ਟੂਣੇ ਦਾ ਜ਼ੋਰ ਹੋਰ ਵਧ ਗਿਆ। ਇਸ ਹਾਲਤ ਵਿਚ ਭਾਰਤੀ ਬੋਧ ਪਰਚਾਰਕਾਂ ਨੇ ਤਿੱਬਤੀ ਕੱਟੜ ਪੰਥੀਆਂ ਦਾ ਸਿੱਧਾ ਮੁਕਾਬਲਾ ਕਰਨ ਦੀ ਥਾਂ ਦੂਜਾ ਢੰਗ ਵਰਤਿਆ। ਉਨ੍ਹਾਂ ਨੇ ਤੰਤਰਾਂ ਦੇ ਜਾਣਕਾਰ ਤੇ ਸਾਧਕ ਵਜ੍ਰਯਾਨ ਤੇ ਮਹਾਯਾਨ ਦੇ ਮਹਾਨ ਵਿਦਵਾਨ 'ਇੰਦ੍ਰਭੂਤੀ' ਦੇ ਪੁੱਤਰ 'ਪਦਮ ਸੰਭਵ' ਨੂੰ ਸਵਾਤ ਘਾਟੀ ਦੇ ਉਰਗਯਾਨ ਤੋਂ ਤਿੱਬਤ ਬੁਲਾ ਲਿਆ। 'ਪਦਮ ਸੰਭਵ' ਵੀ ਤੰਤਰਾਂ ਦਾ ਰਚਨਾਕਾਰ ਤੇ ਤੰਤਰ ਸਾਧਨਾ ਦਾ ਮਹਾਨ ਸਾਧਕ ਸੀ। ਉਸਨੇ ਤਿੱਬਤੀ ਜਾਦੂ ਟੂਣੇ ਦੇ ਮੁਕਾਬਲੇ ਵਧੇਰੇ ਵਿਕਸਿਤ ਤੰਤਰਾਂ ਦੇ ਆਸਰੇ ਬੋਧ ਧਰਮ ਦਾ ਪਰਚਾਰ ਸ਼ੁਰੂ ਕਰ ਦਿੱਤਾ। ਉਸ ਨੇ ਤਿੱਬਤ ਵਿਚ 'ਲਾਮਾ' ਸੰਸਥਾ ਨੂੰ ਵੀ ਜਨਮ ਦਿੱਤਾ। ਇੰਜ ਤਿੱਬਤ ਵਿਚ 'ਪਦਮ ਸੰਭਵ' ਮਹਾਨ ਗੁਰੂ ਦੇ ਰੂਪ ਵਿਚ ਤਾਂ ਪੂਜਿਆ ਲਾਣ ਲੱਗਾ ਪਰ ਬੋਧ ਧਰਮ ਸ਼ੁਭ ਕਰਮਾਂ, ਕਰੁਣਾ, ਸੇਵਾ, ਆਤਮ ਗਿਆਨ ਤੇ ਸਦਾਚਾਰ ਵਾਲਾ ਆਪਣਾ ਮੂਲ ਰੂਪ ਗਵਾ ਕੇ ਜਾਦੂ ਟੂਣਿਆਂ ਤੇ ਅੰਧ ਵਿਸ਼ਵਾਸੀ ਕਟੜ ਪੰਥ ਨਾਲ ਸਮਝੌਤਾ ਕਰ ਕੇ ਹੋਰ ਹੀ ਕੁਝ ਬਣ ਗਿਆ। ਭਗਵਾਨ ਬੁੱਧ ਦਾ ਇਹ ਉਪਦੇਸ਼ ਕਿ 'ਆਪਣਾ ਦੀਪਕ ਆਪ ਬਣੋਂ' ਤਿੱਬਤ ਜਾ ਕੇ ਲਾਮਿਆਂ ਦੇ ਉਪਦੇਸ਼ਾਂ ਹੇਠ ਦਬ ਗਿਆ।

ਲਾਮੇ ਪਹਿਲਾਂ ਭਾਰਤ ਦੇ ਬੋਧ ਭਿਖ਼ਸ਼ੂਆਂ ਨਾਲ ਮਿਲਦੇ ਜੁਲਦੇ ਧਾਰਮਕ ਆਚਾਰ ਵਿਹਾਰ ਨਾਲ ਜੁੜੇ ਸਾਧੂ ਹੀ ਸਨ। ਪਰ ਸੋਲ੍ਹਵੀਂ ਸਦੀ ਤਕ ਪਹੁੰਚਦਿਆਂ ਉਨ੍ਹਾਂ ਕੋਲ ਰਾਜ ਪਾਟ ਦੇ ਅਧਿਕਾਰ ਵੀ ਆਉਣੇ ਸ਼ੁਰੂ ਹੋ ਗਏ ਤੇ ਇਹ ਛੋਟੇ ਛੋਟੇ ਇਲਾਕਿਆਂ ਦੇ ਰਾਜ-ਅਧਿਕਾਰੀ ਬਣਨੇ ਸ਼ੁਰੂ ਹੋ ਗਏ। ਉਸ ਤੋਂ ਬਾਅਦ ਇਕ ਲਾਮਾ ਪਰਮ-ਸਰੇਸ਼ਠ (ਦਲਾਈ ਲਾਮਾ—ਅਰਥਾਤ ਸਮੁੰਦਰ) ਬਣ ਗਿਆ। ਅਠਾਰਵੀ ਸਦੀ ਵਿਚ ਪੰਜਵਾਂ ਦਲਾਈ ਲਾਮਾ ਸਾਰੇ ਤਿੱਬਤ ਦਾ ਪਰਮਸਰੇਸ਼ਟ ਧਰਮ ਅਵਤਾਰ ਅਤੇ ਰਾਜ ਪਰਮੁਖ ਵੀ ਹੋ ਗਿਆ। ਅੱਜ ਕਲ੍ਹ ਦਾ ਦਲਾਈ ਲਾਮਾ ਚੌਧਵਾਂ ਦਲਾਈ ਲਾਮਾ ਹੈ।

ਧਾਰਮਕ ਗੁਰੂ ਜਾਂ ਅਵਤਾਰ ਅਤੇ ਰਾਜ ਪ੍ਰਮੁਖਤਾ ਦੀ ਸੱਤਾ ਜਦੋਂ ਇਕੋ ਵਿਅਕਤੀ ਵਿਚ ਕੇਂਦਰਿਤ ਹੋ ਜਾਵੇ ਓਦੋਂ ਉਸ ਦੇ ਪੈਰੋਕਾਰਾਂ ਦੀ ਦੂਹਰੀ ਗ਼ੁਲਾਮੀ ਦਾ ਦੌਰ ਸ਼ੁਰੂ ਹੋ ਜਾਂਦਾ ਹੈ— ਖ਼ਾਸ ਕਰਕੇ ਤਿੱਬਤ ਜਿਹੇ ਪਛੜੇ ਅੰਧ-ਵਿਸ਼ਵਾਸੀ ਪਹਾੜੀ ਪ੍ਰਦੇਸ਼ਾਂ ਵਿਚ। ਤਿੱਬਤ ਦੇ ਲੋਕ ਅਤੇ ਤਿੱਬਤੀ ਬੋਧ ਮਤ ਤੋਂ ਪ੍ਰਭਾਵਤ ਹਿੰਦੁਸਤਾਨੀ ਲੋਕ ਅਜ ਵੀ ਉਸ ਦੂਹਰੀ ਗ਼ੁਲਾਮੀ ਦਾ ਸ਼ਿਕਾਰ ਹਨ। ਦਲਾਈ ਲਾਮਾ ਦੇ ਭੱਜ ਕੇ ਭਾਰਤ ਆ ਜਾਣ ਤੋਂ ਬਾਅਦ ਉਸ ਦੀ ਸਿੱਧੀ ਰਾਜਸੀ ਪਾਤਸ਼ਾਹੀ ਤਾਂ ਕੁਝ ਘਟੀ ਹੈ- ਪਰ ਜ਼ਿਹਨੀ ਜਾਂ ਮਾਨਸਿਕ ਗ਼ੁਲਾਮੀ ਅਜੇ ਵੀ ਜਿਉਂ ਦੀ ਤਿਉਂ ਕਾਇਮ ਹੈ। ਲੱਦਾਖ ਵਿਚਲੇ ਬੋਧ ਮੱਠ ਆਪਣੇ ਸੁਨਹਿਰੇ ਯੁਗ ਵਿਚ ਇਕ ਤਰ੍ਹਾਂ ਨਾਲ ਜਾਗੀਰਦਾਰੀਆਂ ਹੀ ਸਨ ਤੇ ਇਨ੍ਹਾਂ ਮਠਾਂ

(ਤਿੱਬਤੀ ਬੋਲੀ ਵਿਚ 'ਗੁੰਫਾ') ਨਾਲ ਜੁੜੇ ਆਸ ਪਾਸ ਦੇ ਇਲਾਕੇ ਤੇ ਲੋਕ ਇਨ੍ਹਾਂ ਦੀਆਂ ਜਾਗੀਰਾਂ। ਅੱਜ ਗੁੰਫਾ ਜਾਂ ਮਠਾਂ ਦੀ ਉਹ ਮਹਿਮਾਂ ਤਾਂ ਨਹੀਂ, ਨਾ ਓਹ ਐਸ਼ਵਰਜ ਹੀ ਹੈ- ਫਿਰ ਵੀ ਇਨ੍ਹਾਂ ਗੁੰਫਾਵਾਂ ਦੇ ਸੰਚਾਲਕ ਲਾਮੇ ਅਜੇ ਵੀ ਆਪਣੇ ਆਸ ਪਾਸ ਦੇ ਬੋਧੀ ਲੋਕਾਂ ਨੂੰ ਆਪਣੀ ਜਾਗੀਰ ਦੇ ਰੂਪ ਵਿਚ ਹੀ ਮੰਨ ਕੇ ਦਿਨ ਕੱਟੀ ਕਰ ਰਹੇ ਹਨ। ਗੁੰਫਾਵਾਂ ਆਪਣਾ ਪੁਰਾਣਾ ਵੈਭਵ ਗਵਾ ਚੁਕੀਆਂ ਹਨ, ਇਨ੍ਹਾਂ ਦੀ ਸਾਂਭ ਸੰਭਾਲ ਘਟ ਰਹੀ ਹੈ— ਪਰ ਆਪਣੇ ਅੰਦਰ ਦੇ ਭਿੱਤੀ-ਚਿਤਰਾਂ ਕਾਰਨ,— ਜਿਨ੍ਹਾਂ ਵਿਚ ਬੁੱਧ ਦੇ ਅਵਤਾਰਾਂ ਦੇ ਤੇ ਦੈਵੀ-ਦਾਨਵੀ ਸ਼ਕਤੀਆਂ ਦੇ ਚਿੱਤਰ ਅੰਕਿਤ ਹਨ— ਸੈਲਾਨੀ ਦਰਸ਼ਕਾਂ ਦੀ ਦਿਲਚਸਪੀ ਦਾ ਇਕ ਸਾਧਨ ਜ਼ਰੂਰ ਹਨ। ਬਦੇਸ਼ੀ ਸੈਲਾਨੀਆਂ ਕੋਲੋਂ ਇਨ੍ਹਾਂ ਗੁੰਫਾਵਾਂ ਦੇ ਲਾਮਿਆਂ ਨੂੰ ਆਮਦਨ ਵੀ ਹੁੰਦੀ ਹੈ। ਦੇਸੀ ਦਰਸ਼ਕਾਂ ਲਈ ਇਨ੍ਹਾਂ ਮੱਠਾਂ ਵਿਚ ਜਾਣਕਾਰ ਗਾਈਡਾਂ ਦੀ ਅਣਹੋਂਦ ਹੈ ਕਿਉਂਕ ਇਨ੍ਹਾਂ ਕੋਲੋਂ ਪੈਸਾ ਮਿਲਣ ਦੀ ਕੋਈ ਆਸ ਲਾਮਾ ਲੋਗ ਕਰਦੇ ਹੀ ਨਹੀਂ।

ਰੰਗ ਦੂੰਗ ਤੋਂ ਸੌ ਕੁ ਕਿਲੋਮੀਟਰ ਦੂਰ 'ਪਦਮ' ਨਾਮ ਦਾ ਇਕ ਨਗਰ ਹੈ— ਜੋ ਸ਼ਾਇਦ 'ਪਦਮ ਸੰਭਵ' ਦੇ ਨਾਮ ਨਾਲ ਹੀ ਜੁੜਿਆ ਹੋਇਆ ਹੈ। ਉਸ ਦੇ ਨੇੜੇ ਹੀ ਜ਼ੰਸਕਾਰ ਗੁੰਫਾ ਹੈ,— ਜਿਸ ਬਾਰੇ ਦੱਸਿਆ ਜਾਂਦਾ ਹੈ ਕਿ ਇਸਨੂੰ ਕੁਸ਼ਾਨ ਕਾਲ ਦੇ ਸਮਰਾਟ ਕਨਿਸ਼ਕ ਨੇ ਈਸਾ ਦੀ ਦੂਸਰੀ ਸਦੀ ਵਿਚ ਬਣਵਾਇਆ ਸੀ। 'ਪਦਮ'-ਜ਼ੰਸਕਾਰ ਦੇ ਇਲਾਕੇ ਵਿਚ ਬੋਧ ਆਬਾਦੀ ਵੀ ਹੈ ਤੇ ਪਦਮ ਉਸਦੀ ਰਾਜਧਾਨੀ। ਪਦਮ ਤੋਂ ਅੱਗੇ ਹੋਰ ਕੋਈ ਗੁੰਫਾ ਨਹੀਂ ਹੈ। 'ਪਦਮ' ਅਰਥਾਤ 'ਕਮਲ'-ਇਸ ਪਾਸੇ ਆਖ਼ਰੀ ਹੋਣ ਕਰਕੇ— ਸ਼ਾਇਦ ਇਹ ਛੇਵੇਂ ਕਮਲ— ਜਾਂ ਆਗਿਆ ਚੱਕਰ ਦਾ ਪ੍ਰਤੀਕ ਹੈ।

ਪਰ ਅਸੀ 'ਪਦਮ' ਨਹੀਂ ਸਾਂ ਜਾ ਰਹੇ। ਸਾਡੀ ਯਾਤ੍ਰਾ ਰੰਗ ਦੂੰਗ ਤਕ ਹੀ ਸੀ। ਤਿੰਨ ਅਗਸਤ ਨੂੰ ਅਸੀ ਰੰਗ ਦੂੰਗ ਤੋਂ ਪੁਲ੍ਹ ਲਈ ਚਲ ਪਏ। ਇਕ ਮਿਲਟਰੀ ਟਰੱਕ ਦੇ ਮਿਲ ਜਾਣ ਤੇ ਸਾਡੇ ਗਰੁਪ ਲੀਡਰ ਨੇ ਸਾਰੇ ਗਰੁਪ ਦੇ ਰੁੱਕਸੈਕਾਂ ਸਮੇਤ ਮੈਨੂੰ ਤੇ ਤਿੰਨਾਂ ਹੋਰਨਾਂ ਨੂੰ— ਟਰੱਕ ਵਿਚ ਬਿਠਾ ਦਿੱਤਾ। ਬਾਕੀ ਸਾਰੇ ਟੁਰ ਕੇ ਆਏ, ਚਾਰ ਅਗਸਤ ਨੂੰ ਪੁਲ੍ਹ ਤੋਂ ਪਾਰਕਾਚਿਕ ਆ ਗਏ ਤੇ ਉਸੇ ਦਿਨ ਹੀ ਦੁਪਹਿਰੇ ਦੋ ਕੁ ਵਜੇ ਯੂਥ ਹੋਸਟਲ ਵੱਲੋਂ ਪੁਹੰਚੀ ਬਸ ਵਿਚ ਬੈਠ ਕੇ ਰਾਤ ਨੂੰ ਕਾਰਗਿਲ ਪਹੁੰਚ ਗਏ।

ਲੇਹ ਨੂੰ

ਪੰਜ ਅਗਸਤ ਨੂੰ ਸਾਨੂੰ ਬਸ ਰਾਹੀ 'ਲੇਹ' ਭੇਜਿਆ ਜਾਣਾ ਸੀ— ਪਰ ਦਲਾਈ ਲਾਮਾ ਦੇ ਲੇਹ ਵਿਚ ਆਏ ਹੋਣ ਕਰਕੇ ਸਭ ਬੱਸਾਂ ਉਸੇ ਦੀ ਸੇਵਾ ਵਿਚ ਲਗੀਆਂ ਸਨ। ਸੋ ਸਾਡੇ ਲਈ ਬੜੀ ਮੁਸ਼ਕਲ ਨਾਲ ਇਕ ਟਰੱਕ ਦਾ ਬੰਦੋਬਸਤ ਹੋ ਸਕਿਆ। ਗਰੁਪ ਲੀਡਰ ਨੇ ਮੈਨੂੰ ਅਤੇ ਜਿਨੀਆਂ ਕੁ ਬੈਠ ਸਕਣ— ਕੁੜੀਆਂ ਨੂੰ ਨਾਰੀ ਸਨਮਾਨ ਵਜੋਂ ਟਰੱਕ ਦੀ ਕੈਬਿਨ ਵਿਚ ਡਰਾਈਵਰ ਦੇ ਪਿਛੇ ਬਣੀਆਂ ਸੀਟਾਂ ਉਪਰ ਬੈਠਣ ਲਈ ਕਹਿ ਦਿੱਤਾ। ਸੋ ਮੇਰੇ ਨਾਲ ਤਿੰਨ ਟਰੈਕਰ ਕੁੜੀਆਂ— ਸੁਰੁਚੀ ਤੇ ਦੋ ਹੋਰ ਉਸੇ ਦੀਆਂ ਸਹੇਲੀਆਂ ਬਹਿ ਗਈਆਂ। ਇਹ ਦੋਵੇਂ ਟੈਨਿਸ ਦੀਆਂ ਖਿਡਾਰਨਾ ਸਨ। ਤਿੰਨਾਂ ਕੁੜੀਆਂ

ਦੇ ਮਨ ਵਿਚ ਹੀ ਪਹਾੜਾਂ ਦੇ ਕੁਦਰਤੀ ਸੌਂਦਰਯ ਦੇ ਪ੍ਰਤੀ ਇਕ ਉਮਾਹ ਸੀ। ਸ਼ਾਇਦ ਇਸੇ ਕਰਕੇ ਮੇਰਾ ਸਾਥ ਉਨ੍ਹਾ ਲਈ ਤੇ ਉਨ੍ਹਾਂ ਦਾ ਮੇਰੇ ਲਈ ਸੁਖਾਵਾਂ ਸੁਖਾਵਾਂ ਰਿਹਾ। ਸਾਰਾ ਰਸਤਾ— ਉਸ ਇਲਾਕੇ ਦੀ ਕੁਦਰਤ ਨੇ ਆਪਣੇ ਹਰ ਪਲ ਬਦਲਦੇ ਰੰਗਾਂ, ਸੁਰਾਂ ਤੇ ਉਚਾਣਾ-ਨੀਵਾਣਾ ਨਾਲ ਸਾਡੇ ਮਨ ਪ੍ਰਾਣ ਮੱਲੀ ਰੱਖੇ। ਸੁਰੂ ਵੈਲੀ ਦੇ ਪਹਾੜ ਘਾਹ ਦੇ ਮੈਦਾਨਾਂ ਤੇ ਨਦੀ ਤੋਂ ਪਾਰ ਕੁਝ ਦੂਰੀ ਤੇ ਹੋਣ ਕਰਕੇ ਸੂਰਜ ਦੇ ਪ੍ਰਕਾਸ਼ ਨਾਲ ਇੰਜ ਰੰਗ ਨਹੀ ਸਨ ਬਦਲਦੇ ਲਗਦੇ ਜਿਵੇਂ 'ਲੇਹ' ਨੂੰ ਜਾਂਦਿਆ ਏਧਰ ਦੇ ਪਹਾੜ ਬਦਲਦੇ ਦਿੱਸ ਰਹੇ ਸਨ। ਏਧਰ ਸੜਕ ਬਹੁਤ ਉਚਾਈ ਉਪਰ ਅਤੇ ਬਰਾਬਰ ਦੀਆਂ ਖਾਈਆਂ ਮੀਲਾਂ ਦੇ ਹਿਸਾਬ ਡੂੰਘੀਆਂ ਸਨ। ਫਿਰ ਖਾਈਆਂ ਵਿਚੋਂ ਉਗਦੇ ਅਸਮਾਨ ਨੂੰ ਵਿੰਨ੍ਹਦੇ ਨੰਗੇ ਪਹਾੜ ਇੰਜ ਲਗਦੇ ਜਿਵੇਂ ਜੁਗਾਂ ਜੁਗਾਂਤਰਾਂ ਤੋਂ ਰਿਸ਼ੀ ਸਮਾਧੀ ਵਿਚ ਬੈਠੇ ਹੋਣ। ਫਿਰ ਥੋੜ੍ਹਾ ਅਗਾਂਹ, ਬਦੱਲਾਂ ਤੇ ਨਿਤ ਬਦਲਦੀ ਸੂਰਜ ਦੀ ਰੋਸ਼ਨੀ ਨਾਲ ਇਕ ਦੂਜੇ ਨੂੰ ਪ੍ਰਤੀਬਿੰਬਿਤ ਕਰਦੇ ਪਰਬਤ— ਵਿਚ ਵਿਚ ਸਮਾਧੀ-ਭੰਗ ਵੀ ਅਵਸਥਾ ਵਿਚ ਆ ਜਾਂਦੇ ਪ੍ਰਤੀਤ ਹੁੰਦੇ। ਕਿਧਰੇ ਪਹਾੜਾਂ ਦੀਆਂ ਖਾਈਆਂ ਵਿਚੋਂ ਉਠਦੇ ਨੀਲੇ ਭੂਰੇ ਚਿੱਟੇ ਤੇ ਸੁਰਮਈ ਬੱਦਲਾਂ ਵਿਚੋਂ ਦੀ ਝਾਕਦਾ ਗਿਰੀ ਪਰਬਤ ਇੰਜ ਲਗਦਾ ਜਿਵੇਂ ਅਰਬਦ ਨਰਬਦ ਧੁੰਧੂਕਾਰੇ ਵਿਚ ਆਪ ਪਰਮ ਬ੍ਰਹਮ ਸੁੰਨ ਸਮਾਧ ਵਿਚ ਲੀਣ ਹੋਵੇ, ਵਿਚ ਵਿਚ ਲੱਗਾ ਜਿਵੇਂ ਕੁਦਰਤ ਦੇ ਤਿੰਨੇ ਗੁਣ ਤੇ ਪੰਜੇ ਤੱਤ ਪਰਤੱਖ ਰੂਪ ਵਿਚ ਕ੍ਰਿਯਾਸ਼ਿਲ ਹੋ ਗਏ ਨੇ ਤੇ ਉਨ੍ਹਾਂ ਨੇ ਭਾਂਤ ਭਾਂਤ ਦੇ ਆਕਾਰਾਂ ਦੀ ਸਿਰਜਨਾ ਸ਼ੁਰੂ ਕਰ ਦਿੱਤੀ ਹੈ— ਅਤੇ ਮੈਂ, ਉਹ ਆਦਿ ਦਰਸ਼ਟਾ ਪੁਰੁਸ਼ ਹਾਂ ਜੋ ਨਿਰਾਲਮ ਰਹਿ ਕੇ ਅਨੰਦ ਨਾਲ ਸ੍ਰਿਸ਼ਟੀ ਸਥਿਤੀ ਤੇ ਪਰਲੋ ਦੇ ਚੱਕਰ ਨੂੰ ਵੇਖ ਰਿਹਾ ਹੈ। ਅਨੰਤ ਪ੍ਰਕਾਰ ਦੀਆਂ ਸ੍ਰਿਸ਼ਟੀਆਂ, ਅਨੰਤ ਪ੍ਰਕਾਰ ਦੀਆਂ ਸਥਿਤੀਆਂ ਅਤੇ ਅਨੰਤ ਪ੍ਰਕਾਰ ਦੀ ਹੀ ਪਰਲੋ ਦਾ ਚੱਕਰ— ਛਿਣ ਛਿਣ ਪਲ ਪਲ ਚਲਦਾ ਦਿੱਸਦਾ। ਫਿਰ ਕਿਸੇ ਵੇਲੇ ਇੰਜ ਲਗਦਾ ਕਿ ਮੇਰੇ ਸਾਹਮਣੇ ਵਿਰਾਟ ਬ੍ਰਹਮ ਆਪਣੇ ਅਨੰਤ ਰੂਪਾਂ ਤੇ ਅਨੰਤ ਅਸੀਮਤਾ ਨਾਲ ਵਿਦੱਮਾਨ ਹੈ ਤੇ ਮੈਂ- - ਉਸਦਾ ਅੰਗ— ਉਸਦੀ ਅਨੰਤ ਸਥਿਤੀ ਵਿਚ ਆਪਣੀ ਸਥਿਤੀ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹ ਹਾਂ, ਪਰ ਉਹ ਏਨੀ ਨਿਗੂਣੀ ਹੈ ਕਿ ਲੱਭ ਨਹੀ ਰਹੀ। ਸ਼ਹਿਰੀ ਦੁਨੀਆਂ ਵਿਚ "ਮੈਂ" ਦੇ ਅਹੰਕਾਰ ਨਾਲ ਪਰਬਤਾਂ ਜੇਡਾ ਹੋਇਆ ਮਨ ਇਨ੍ਹਾਂ ਪਰਬਤਾਂ ਵਿਚ ਆਣ ਕੇ ਕੀੜੀ ਤੁਲ ਹੋ ਗਿਆ ਲਗਦਾ। ਮੇਰੀਆਂ ਸਾਥੀ ਕੁੜੀਆਂ ਵਿਚ ਵਿਚ ਅਚਾਨਕ ਹੀ ਕਹਿ ਉਠਦੀਆਂ "ਵਾਹ, ਕਿਵੇਂ ਪਰਤ ਦਰ ਪਰਤ ਖੁਲ੍ਹ ਰਹੀ ਏ ਰੱਬ ਦੇ ਰੂਪਾਂ ਦੀ।" ਬਰਫ ਦੇ ਮੁਕਟ ਪਹਿਨੀ ਪਰਬਤ ਚੋਟੀਆਂ ਦੇ ਗਲਾਂ ਵਿਚ ਅਚਾਨਕ ਚਾਂਦੀ ਵੰਨੀਆਂ ਆਬਸ਼ਾਰਾਂ ਦੇ ਹਾਰ ਚਮਕ ਉਠਦੇ ਤੇ ਫਿਰ ਬੱਦਲਾਂ ਦਾ ਕੋਈ ਟੁਕੜਾ ਮਲਕੜੇ ਜਿਹੇ ਘੁੰਡ ਵਾਂਗ ਉਨ੍ਹਾਂ ਨੂੰ ਢੱਕ ਲੈਂਦਾ। ਬਿਨਾ ਰੁੱਖ-ਬੂਟਿਆਂ ਦੇ ਸੈਂਕੜੇ ਮੀਲਾਂ ਵਿਚ ਪੱਸਰੇ ਇਹ ਪਹਾੜ ਕਿਧਰੇ ਕਿਧਰੇ ਰੇਤਲੇ ਮਾਰੂ ਥਲ ਦੇ ਥੇਹਾਂ ਵਰਗੇ ਲਗਦੇ, ਉਨ੍ਹਾਂ ਵਿਚੋਂ ਚਮਕ ਜਾਗਦੀ ਤੇ ਇਕ ਮ੍ਰਿਗ ਮਰੀਚਿਕਾ ਵਾਂਗ ਸਾਡੀ ਦ੍ਰਿਸ਼ਟੀ-ਚੇਤਨਾ ਨੂੰ ਆਪਣੇ ਨਾਲ ਕੀਲ ਕੇ ਆਪਣੀ ਅਨੰਤਤਾ ਵੱਲ ਖਿੱਚੀ ਲਈ ਜਾਂਦੀ।

ਉਂਜ ਤੇ ਸਾਰੇ ਲੱਦਾਖ ਨੂੰ ਹੀ 'ਮੂਨ ਲੈਂਡ' (ਚੰਦ੍ਰ ਸਥਲੀ) ਮੰਨਿਆ ਜਾਂਦਾ ਹੈ ਪਰ

ਰਸਤੇ ਵਿਚ ਇਕ ਥਾਂ ਇਹੋ ਜਿਹੀ ਵੀ ਆਉਂਦੀ ਹੈ ਜਿਸ ਨੂੰ ਵਿਸ਼ੇਸ਼ ਰੂਪ ਵਿਚ ਮੂਨ ਲੈਂਡ ਹੀ ਕਿਹਾ ਗਿਆ ਹੈ। ਓਥੇ ਮੂਨ ਲੈਂਡ ਦਾ ਫੱਟਾ ਵੀ ਲਿਖਿਆ ਮਿਲਦਾ ਹੈ। ਓਥੋਂ ਦੇ ਪੱਥਰਾਂ ਦਾ ਰੰਗ ਸਾਰੇ ਪਹਾੜ ਨਾਲੋਂ ਵਖਰਾ ਤੇ ਸੂਰਜ-ਚੰਦ੍ ਦੀ ਰੋਸ਼ਨੀ ਨਾਲ ਨਿਰਾਲੇ ਪ੍ਰਤੀਬਿੰਬ ਪੈਦਾ ਕਰਨ ਵਾਲਾ ਹੈ। ਉਂਜ ਲੱਦਾਖ ਦੇ ਇਸ ਹਿੱਸੇ ਦੇ ਹਰ ਪਹਾੜ ਦੀ ਆਪਣੇ ਆਪ ਵਿਚ ਇਕ ਵਖਰੀ ਸ਼ਖ਼ਸੀਅਤ ਹੈ। ਇਨ੍ਹਾਂ ਸਭਨਾਂ ਦੇ ਆਪਣੇ-ਆਪਣੇ ਰੰਗ ਤੇ ਆਕਾਰ ਹਨ। ਕੋਈ ਪੀਲ਼ੇ ਪਥਰਾਂ ਦਾ ਹੈ, ਕੋਈ ਕਾਲੇ, ਸਲੇਟੀ ਨੀਲੇ ਜਾਂ ਸੁਰਮਈ। ਮੂਨ-ਲੈਂਡ ਫਿੱਕੇ ਜੋਗੀਆ ਰੰਗ ਦਾ ਹੈ। ਕੋਈ ਪਹਾੜ ਕੱਚੀ ਮਿੱਟੀ ਦਾ ਹੈ ਤੇ ਕੋਈ ਸੁਧੀ ਰੇਤ ਦਾ। ਇਸ ਰਸਤੇ ਵਿਚ ਇਹੋ ਜਿਹੇ ਇਲਾਕੇ ਵੀ ਆਏ ਜਿੱਥੇ ਇਕ ਤੋਂ ਦੂਜੇ ਪਹਾੜ ਉਪਰ ਜਾਣ ਲਈ ਸੜਕ ਕਈ ਕਈ ਮੀਲ ਹੇਠਾਂ ਪਾਤਾਲ ਵਿਚ ਉਤਰਦੀ ਇਕੋ ਧੁਰੀ ਉਪਰ ਨਿਕੇ ਨਿਕੇ ਮੋੜਾਂ ਰਾਹੀ ਘੁੰਮਦੀ ਹੇਠਾਂ ਪਹੁੰਚਦੀ ਹੈ। ਇਸ ਪਾਤਾਲ ਪੁਰੀ ਦੇ ਦੋਹੀਂ ਪਾਸੀ ਮੀਲਾਂ ਦੇ ਹਿਸਾਬ ਹੀ ਉਚੀਆਂ ਪਰਬਤ-ਦੀਵਾਰਾਂ ਹਨ ਜੋ ਰਸਤੇ ਨੂੰ ਇਕ ਲੰਮੀ ਸੁਰੰਗ ਦਾ ਰੂਪ ਦੇ ਰਹੀਆਂ ਹਨ। ਫਿਰ ਓਸੇ ਤਰ੍ਹਾਂ ਰਸਤਾ ਦੂਸਰੇ ਪਹਾੜ ਦੇ ਉਪਰ ਨੂੰ ਜਾਂਦਾ ਹੈ ਤੇ ਲਗਦਾ ਹੈ ਜਿਵੇਂ ਅਸੀ ਆਕਾਸ਼ ਵਿਚ ਚਲ ਰਹੇ ਹਾਂ ਤੇ ਹੇਠਾਂ ਸਾਡੀ ਨਜ਼ਰ ਦੀ ਆਪਣੀ ਆਪਣੀ ਪਹੁੰਚ ਤਕ ਪਾਤਾਲ ਪੁਰੀ ਦੀ ਡੂੰਘਾਈ ਹੈ।

ਉਂਜ ਤੇ ਸਾਰੀ ਪਰਬਤ ਮਾਲਾ ਹੀ ਇਹੋ ਜਿਹੀ ਹੈ ਕਿ ਉਸ ਵੱਲੋਂ ਨਜ਼ਰ ਹਟਾਉਣਾ ਔਖਾ ਲਗਦਾ ਸੀ, ਪਰ ਕਈ ਦ੍ਰਿਸ਼ ਇਹੋ ਜਿਹੇ ਵੀ ਆ ਜਾਂਦੇ ਜਿਨ੍ਹਾਂ ਦੇ ਸਾਹਮਣੇ ਕੋਈ ਕੁੜੀ ਜਾਂ ਮੈਂ ਡਰਾਈਵਰ ਨੂੰ ਆਖ ਕੇ ਇਕ ਮਿੰਟ ਲਈ ਟਰੱਕ ਰੁਕਵਾ ਲੈਂਦੇ ਤੇ ਖਿੜਕੀ ਵਿਚੋਂ ਹੀ ਸਾਡੇ ਕੈਮਰੇ ਕਲਿਕ ਕਰ ਉਠਦੇ। ਲੱਦਾਖ ਦੀ ਸਾਰੀ– ਬਸ ਜਾਂ ਟਰੱਕ-ਯਾਤ੍ਰਾ ਵਿਚ ਡਰਾਈਵਰ ਸਾਨੂੰ ਅੱਖੜ ਹੀ ਮਿਲਦੇ ਰਹੇ ਸਨ, ਪਰ ਇਹ ਟਰੱਕ ਡਰਾਈਵਰ ਇਕ ਖਾਸ ਰਿਆਇਤ ਮਿਲ ਜਾਣ ਕਰਕੇ ਸਾਡੇ ਨਾਲ ਖੁਸ਼ ਵੀ ਸੀ ਤੇ ਉਦਾਰ ਵੀ। ਉਸਨੂੰ ਸਰਦੀ ਖਾਂਸੀ ਨੇ ਏਨੀ ਬੁਰੀ ਤਰ੍ਹਾਂ ਘੇਰਿਆ ਹੋਇਆ ਸੀ ਕਿ ਇਕ ਮਿੰਟ ਵੀ ਚੈਨ ਨਹੀਂ ਸੀ ਲੈਣ ਦੇ ਰਹੀ। ਇਸੇ ਕਰਕੇ ਉਸ ਦਾ ਸਾਹ ਵੀ ਫੂਲ ਰਿਹਾ ਸੀ। ਸਾਨੂੰ ਡਰ ਸੀ ਕਿ ਇਹ ਕਿਧਰੇ ਵੀ ਕਮਜ਼ੋਰ ਪੈ ਕੇ ਜ਼ਰੂਰ ਕੋਈ ਹਾਦਸਾ ਕਰ ਬੈਠੇਗਾ। ਮੈਂ ਉਸਨੂੰ ਇਕ ਦਵਾਈ ਦਿੱਤੀ। ਕੁਝ ਫਰਕ ਪਿਆ। ਫਿਰ ਇਕ ਥਾਂ ਟਰੱਕ ਰੁਕਵਾ ਕੇ ਡਾ. ਮਨਜੀਤ ਕੋਲੋਂ ਇਕ ਦਵਾਈ ਲੈ ਦਿੱਤੀ। ਉਸ ਨਾਲ ਉਸਨੂੰ ਚੰਗਾ ਫਰਕ ਪੈ ਗਿਆ। ਸੋ ਹੁਣ ਉਹ ਬੜੀ ਫਰਾਖ-ਦਿਲੀ ਨਾਲ ਸਾਡੀ ਹਰ ਫਰਮਾਇਸ਼ ਮੰਨ ਰਿਹਾ ਸੀ।

ਸਵੇਰੇ ਗਿਆਰਾਂ ਵਜੇ ਦੇ ਕਾਰਗਿਲ ਤੋਂ ਚੱਲੇ ਹੋਏ ਅਸੀ ਰਾਤ ਦੇ ਬਾਰ੍ਹਾ ਵਜੇ 'ਲੇਹ' ਦੇ ਆਪਣੇ ਕੈਂਪ ਵਿਚ ਪਹੁੰਚੇ। ਰਸਤੇ ਵਿਚ ਇਕ ਥਾਂ 'ਮੂਲ ਬੈਕ' ਨਾਮ ਦਾ ਇਕ ਬੋਧ ਮੰਦਿਰ ਸੀ– ਜਿਸ ਦੇ ਅੰਦਰੋਂ-ਉਪਰ ਨੂੰ ਉਗੇ ਹੋਏ ਲਗਦੇ ਉੱਚੇ ਪਰਬਤ ਦੀ ਦੀਵਾਰ ਉਪਰ ਬੁੱਧ ਦੇ ਭਵਿਖਤ ਅਵਤਾਰ 'ਮੈਤਰੇਯ' ਦੀ ਤੀਹ ਫੁਟ ਉੱਚੀ ਮੂਰਤੀ ਉਕੱਰੀ ਹੋਈ ਹੈ। 'ਲਾਮਾ ਯੁਰੂ' ਨਾਮ ਦੀ ਗੁਫਾ ਵੀ ਰਸਤੇ ਵਿਚ ਹੀ ਪੈਂਦੀ ਹੈ ਜੋ ਕਿ ਸੜਕ ਤੋਂ ਦੋ ਕੁ ਕਿਲੋਮੀਟਰ ਹੇਠਾਂ ਪਿੰਡ ਦੇ ਨਾਲ ਹੀ ਬਣੀ ਹੋਈ ਹੈ। ਇਸੇ ਰਸਤੇ

ਵਿਚ ਇਕ ਛੋਟਾ ਜਿਹਾ ਨਗਰ 'ਖਲਾਸੀ' ਆਇਆ ਜਿੱਥੇ ਖੁਰਮਾਨੀਆਂ ਦੇ ਬਗੀਚੇ ਹਨ। ਆਲੇ ਦੁਆਲੇ ਘਰ ਤੇ ਸੜਕ ਦੇ ਕੰਢੇ ਬਜ਼ਾਰ। ਬਜ਼ਾਰ ਦੇ ਪਿਛਲੇ ਪਾਸੇ ਤੇ ਸੜਕ ਦੇ ਕਿਨਾਰੇ ਪਾਣੀ ਦੀਆਂ ਕੂਹਲਾਂ। ਬਜ਼ਾਰ ਵਿਚ ਬਹੁਤੀਆਂ ਦੁਕਾਨਾਂ ਵਿਚ ਹੋਟਲ ਹਨ। ਓਥੇ ਹੀ ਅਸਾਂ ਸ਼ਾਮ ਦੀ ਚਾਹ ਤੇ ਰਾਤ ਦਾ ਭੋਜਨ ਇਕੋ ਵਾਰੀ ਲੈ ਲਏ। ਕਿਉਂਕਿ ਉਸਤੋਂ ਅਗਾਂਹ ਕਿਧਰੇ ਕੁਝ ਮਿਲਣ ਦੀ ਗੁੰਜਾਇਸ਼ ਨਹੀਂ ਸੀ।

'ਲੇਹ' ਸ਼ਹਿਰ ਤੋਂ ਸੱਤ ਕਿਲੋਮੀਟਰ ਬਾਹਰ ਜਿੱਥੇ ਦਲਾਈ ਲਾਮਾ ਦਾ ਨਿਵਾਸ ਸੀ— ਉਸੇ 'ਚੋਗਲਮਸਰ' ਨਾਮੀ ਮੈਦਾਨ ਦੇ ਨਾਲ ਹੀ ਇਕ ਟਾਪੂ ਜਿਹੇ ਵਿਚ ਸਾਡਾ ਕੈਂਪ ਸੀ। ਉਸ ਟਾਪੂ ਨੂੰ ਤਿੰਨਾਂ ਪਾਸਿਆਂ ਤੋਂ ਇੰਡਸ ਨਦੀ ਘੇਰ ਕੇ ਲੰਘ ਰਹੀ ਹੈ ਤੇ ਚੌਥੇ ਪਾਸੇ ਇੰਡਸ ਵਿਚੋਂ ਨੇੜਿਓਂ ਹੀ ਅਲਗ ਹੋਇਆ ਇਕ ਨਾਲਾ ਟਾਪੂ ਨੂੰ ਵਲੇਵੇਂ ਵਿਚ ਲਈ ਵਗਦਾ ਹੈ। ਟਾਪੂ ਵਿਚ ਸੰਘਣੇ ਛੋਟੇ ਦਰਖਤ ਹਨ ਤੇ ਉਨ੍ਹਾਂ ਦਰਖਤਾਂ ਦੇ ਵਿਚ ਵਿਚਾਲੇ ਤੰਬੂਆਂ ਦਾ ਡੇਰਾ। ਟਾਪੂ ਦੇ ਵਿਚ ਵੀ ਥਾਂ ਥਾਂ ਕੂਹਲਾਂ ਤੇ ਖਾਲ ਹਨ। ਟਾਪੂ ਵਿਚ ਜਾਣ ਲਈ ਤੀਹ ਕੁ ਫੁਟ ਚੌੜੇ ਉਸ ਨਾਲੇ ਨੂੰ ਪਾਰ ਕਰਨਾ ਪੈਂਦਾ ਹੈ। ਨਾਲੇ ਦੀ ਅੱਧੀ ਚੌੜਾਈ ਤੱਕ ਤਾਂ ਲੱਕੜ ਦਾ ਪੁਲ ਹੈ ਤੇ ਬਾਕੀ ਦੇ ਅੱਧੇ ਹਿੱਸੇ ਉਪਰ ਲਕੜੀ ਦੀ ਅੱਠ ਕੁ ਇੰਚ ਮੋਟੀ ਗੋਲ ਗੇਲੀ ਰੱਖੀ ਹੋਈ ਹੈ। ਪਾਣੀ ਓਥੇ ਕਿਧਰੇ ਗੋਡੇ ਗੋਡੇ ਤੇ ਕਿਧਰੇ ਪੱਟ ਪੱਟ ਹੈ। ਰਾਤ ਨੂੰ ਜਦੋਂ ਅਸੀਂ ਓਥੇ ਪਹੁੰਚੇ ਤਾਂ ਹਾਰਨ ਦੀ ਆਵਾਜ਼ ਸੁਣ ਕੇ ਕੈਂਪ ਵਿਚੋਂ ਦੋ ਤਿੰਨ ਜਣੇ ਦੋ ਰੱਸੀਆਂ ਤੇ ਟਾਰਚਾਂ ਲੈ ਕੇ ਆਏ। ਉਨ੍ਹਾ ਨੇ ਰੱਸੀਆਂ ਨੂੰ ਪੁਲ ਨਾਲ ਬੰਨ੍ਹ ਦਿੱਤਾ ਤੇ ਦੂਜੇ ਬੰਨ੍ਹੇ ਲੱਕ ਨਾਲ ਬਨ੍ਹ ਕੇ ਤਣ ਕੇ ਖਲੋ ਗਏ। ਉਨ੍ਹਾਂ ਦੋਹਾਂ ਰੱਸੀਆਂ ਨੂੰ ਦੋਹਾਂ ਹੱਥਾਂ ਨਾਲ ਫੜਦਿਆਂ ਉਸ ਗੇਲੀ ਦੇ ਉਤੇ ਪੈਰ ਧਰਦਿਆਂ ਪਾਰ ਜਾਣਾਂ— ਇਕ ਇਮਤਿਹਾਨ ਵਿਚ ਪੈਣ ਵਾਲੀ ਗੱਲ ਹੀ ਸੀ। ਮੈਂ ਤੇ ਉਸ ਠੰਢੀ ਰਾਤ ਇਹੋ ਜਿਹੇ ਇਮਤਿਹਾਨ ਵਿਚ ਪੈਣੋ ਸੰਕੋਚ ਹੀ ਕੀਤਾ ਅਤੇ ਪਜਾਮਾ-ਬੂਟ ਲਾਹ ਕੇ ਨਾਲੇ ਦੇ ਵਿਚੋਂ ਦੀ ਉਸ ਗੇਲੀ ਦਾ ਸਹਾਰਾ ਲੈ ਕੇ ਪਾਰ ਚਲਾ ਗਿਆ। ਇਕ ਹੋਰ ਨੂੰ ਛੱਡ ਕੇ ਬਾਕੀ ਦੇ ਸਾਰੇ ਟਰੈਕਰ ਉਸੇ ਗੇਲੀ ਉਪਰੋਂ ਦੀ ਲੰਘ ਕੇ ਪਾਰ ਹੋਏ— ਪਰ ਇਕ ਮਹਿਤਾ ਜੀ ਤਵਾਜ਼ਨ ਕਇਮ ਨਾ ਰੱਖਣ ਕਰਕੇ ਆਪਣੇ ਸਾਮਾਨ ਸਮੇ ਤ ਨਾਲੇ ਵਿਚ ਡਿਗ ਪਏ। ਦੂਸਰੇ ਦਿਨ ਮੈਂ ਵੀ ਉਨ੍ਹਾ ਰੱਸੀਆਂ ਦੇ ਸਹਾਰੇ ਗੇਲੀ ਉਤੋਂ ਦੀ ਹੀ ਲੰਘਣ ਵਿਚ ਸਫਲ ਹੋ ਗਿਆ ਸਾਂ ਪਰ ਸਾਡਾ ਇਕ ਜਵਾਨ 'ਪਨੇਸਰ' ਆਪਣੇ ਕੈਮਰਿਆਂ ਸਮੇਤ ਪਾਰ ਹੁੰਦਾ ਡਿਗ ਕੇ ਗੋਤੇ ਖਾ ਗਿਆ। ਦੱਸਿਆ ਗਿਆ— ਕੁਝ ਦਿਨ ਪਹਿਲਾਂ ਤੱਕ ਏਥੇ ਤਿੰਨ ਗੇਲੀਆਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਤੋਂ ਆਸਾਨੀ ਨਾਲ ਪਾਰ ਜਾਇਆ ਜਾ ਸਕਦਾ ਸੀ— ਪਰ ਦੋ ਗੇਲੀਆਂ ਚੋਰੀ ਹੋ ਗਈਆਂ ਨੇ।

ਦੂਸਰੇ ਦਿਨ ਸਵੇਰੇ ਹੀ ਡਾ. ਮਨਜੀਤ ਤਾਂ ਦਲਾਈ ਲਾਮਾ ਦਾ ਭਾਸ਼ਣ ਸੁਣਨ ਚਲੇ ਗਏ ਅਤੇ ਬਾਕੀ ਅਸੀ ਸਾਰੇ ਸ਼ਾਹ ਵੇਲਾ ਕਰਕੇ 'ਲੇਹ' ਸ਼ਹਿਰ ਵਿਚ ਘੁੰਮਣ ਲਈ ਨਿਕਲ ਤੁਰੇ। ਪਹਿਲਾਂ ਅਸੀ 'ਚੋਗਲਮਸਰ' ਮੈਦਾਨ ਵਿਚ ਹੀ ਗਏ। ਹਜ਼ਾਰਾਂ ਹੀ ਬੋਧ ਭਗਤ ਦਲਾਈ ਲਾਮਾ ਦੇ ਦਰਸ਼ਨ ਤੇ ਭਾਸ਼ਣ ਸੁਣਨ ਲਈ ਆਏ ਸਨ ਤੇ ਸਭ ਸੜਕਾਂ ਮੈਦਾਨ ਇਨ੍ਹਾਂ ਨਾਲ ਹੀ ਭਰਪੂਰ ਸਨ। ਅਗਲੇ ਦਿਨ ਦਲਾਈ ਲਾਮਾ ਨੇ ਸਭ ਨੂੰ

ਸਮੂਹਕ ਦੀਖਿਆ ਦੇਣੀ ਸੀ।

ਸ਼ਹਿਰ ਨੂੰ ਜਾਂਦੀਆਂ ਲੋਕਲ ਬੱਸਾਂ ਤੇ ਟਰੱਕਾਂ ਵਿਚ ਜਿਸ ਦਾ ਜਿੱਥੇ ਹੱਥ-ਪੈਰ ਅੜਿਆ, ਉਹ ਉਸੇ ਵਿਚ ਹੀ ਚੜ੍ਹ ਕੇ ਸ਼ਹਿਰ ਪੁਜ ਗਿਆ। ਸ਼ਹਿਰ ਦੇ ਅਖ਼ੀਰ ਵਿਚ ਇਕ ਬਹੁਤ ਹੀ ਉੱਚੀ ਪਹਾੜੀ ਉਪਰ 'ਲੇਹ ਖਾਰ ਮਹਿਲ' ਹੈ ਜੋ ਕਿ ਸੋਵੰਗ ਨਾਮਗਿਆਲ ਰਾਜੇ ਨੇ ਸੋਲ੍ਹਵੀਂ ਸਦੀ ਵਿਚ ਬਣਵਾਇਆ ਸੀ। ਅੱਜ ਕਲ੍ਹ ਖਸਤਾ ਹਾਲਤ ਵਿਚ ਹੈ। ਮਹਿਲ ਦੇ ਅੰਦਰ ਬੋਧ ਗੁੰਫਾ ਵੀ ਹੈ ਤੇ ਗੁੰਫਾ ਦੇ ਹਨੇਰੇ ਕਮਰਿਆਂ ਵਿਚ ਦੀਵਾਰਾਂ ਉਪਰ ਵਾਹੇ ਚਿਤਰ ਵੀ। ਮਹਿਲ ਨੂੰ ਜਾਣ ਲਈ ਰਸਤਾ ਬਜ਼ਾਰ ਵਿਚੋਂ ਦੀ ਹੈ। ਇਕ ਬਜ਼ਾਰ ਕਾਫੀ ਚੌੜਾ ਤੇ ਆਧੁਨਿਕ ਢੰਗ ਦਾ ਹੈ। ਵਡੀਆਂ ਵਡੀਆਂ ਸ਼ਾਨਦਾਰ ਦੁਕਾਨਾ ਹਨ। ਦੋ ਤਿੰਨ ਬਜ਼ਾਰ ਖੋਖਿਆਂ ਵਿਚ ਹਨ ਤੇ ਇਕ ਭੀੜੀ ਜਿਹੀ ਗਲੀ ਵਿਚ। ਗਾਹਕ ਇਨ੍ਹਾਂ ਬਾਜ਼ਾਰਾਂ ਵਿਚ ਆਮ ਤੌਰ ਤੇ ਬਦੇਸ਼ੀ ਸੈਲਾਨੀ ਹੀ ਹੁੰਦੇ ਨੇ ਤੇ ਦੁਕਾਨਾਂ ਵਾਲੇ ਪਸੰਦ ਵੀ ਇਨ੍ਹਾਂ ਨੂੰ ਹੀ ਕਰਦੇ ਨੇ ਕਿਉਂਕਿ ਇਹ ਮੂੰਹ ਮੰਗੇ ਦਾਮ ਦੇ ਜਾਂਦੇ ਨੇ। ਲੱਦਾਖ ਅਸਲ ਵਿਚ ਹੈ ਈ ਬਦੇਸ਼ੀ-ਖਾਸ ਕਰ ਕੇ ਯੂਰਪੀ ਸੈਲਾਨੀਆਂ ਦੀ ਸੈਰ ਗਾਹ। ਦੁਨੀਆਂ ਦਾ ਸਭ ਤੋਂ ਉਚਾ ਪ੍ਰਦੇਸ਼ ਲੱਦਾਖ— (ਲਾ-ਦ ਵਾਕ) ਦਾ ਅਰਥ ਹੈ ਦੱਰਿਆਂ ਦੀ ਧਰਤੀ। ਸੰਸਾਰ ਦੇ ਸਭ ਤੋਂ ਮੱਹਤਵਪੂਰਨ ਦੱਰਰੇ ਲੱਦਾਖ ਦੇ ਨੇੜੇ ਤੇੜੇ ਹਨ। ਜਿਨ੍ਹਾਂ ਨਾਲ ਜੁੜੇ ਹੋਏ ਤੁਰਕਾਂ, ਤਾਤਾਰਾਂ ਦੇ ਇਤਿਹਾਸਕ ਕਾਰਵਾਂ-ਮਾਰਗ, ਜੋ ਕਦੇ ਪੱਛਮੀ ਦੁਨੀਆਂ ਨੂੰ ਪੂਰਬੀ ਦੁਨੀਆਂ ਨਾਲ ਜੋੜਦੇ ਸਨ। ਦੁਨੀਆਂ ਦਾ ਮਸ਼ਹੂਰ ਰੇਸ਼ਮ ਮਾਰਗ ਲੇਹ ਦੇ ਉੱਤਰ ਤੋਂ ਹੋ ਕੇ ਜਾਂਦਾ ਸੀ। 'ਲੇਹ' ਦਾ ਅਰਥ ਹੈ ਨਖ਼ਲਿਸਤਾਨ ਅਰਥਾਤ ਰੇਗਿਸਤਾਨ ਵਿਚ ਝੀਲ। ਦੁਨੀਆਂ ਦੀ ਸਭ ਤੋਂ ਉਚੀ ਛੱਤ ਲੱਦਾਖ ਨੂੰ ਵੇ ਖਣ ਲਈ ਯੂਰਪੀ ਸੈਲਾਨੀ ਵੱਧ ਤੋਂ ਵੱਧ ਗਿਣਤੀ ਵਿਚ ਆਉਂਦੇ ਤੇ ਏਥੋਂ ਦੇ ਪਹਾੜਾਂ ਦੀ ਟਰੈਕਿੰਗ ਕਰਦੇ ਹੋਏ ਤਿੱਬਤ ਦੀ ਸਭਿਅਤਾ-ਸੰਸਕ੍ਰਿਤੀ ਦਾ ਪੂਰਾ ਰਸ ਮਾਣ ਲੈਂਦੇ ਹਨ। ਦੇਸੀ ਸੈਲਾਨੀਆਂ ਦੀ ਆਵਾਜਾਈ ਅਜੇ ਲੱਦਾਖ ਵਿਚ ਬਹੁਤ ਹੀ ਘੱਟ ਹੈ। 'ਲੇ ਹ' ਸ਼ਹਿਰ ਛੋਟਾ ਹੈ ਪਰ ਹਰ ਚੀਜ਼ ਉਪਲਬਧ ਹੈ— ਦੇਸੀ ਵੀ ਤੇ ਬਦੇਸ਼ੀ ਵੀ। ਮਹਿਲ ਵੇਖਣ ਤੋਂ ਬਾਅਦ ਸ਼ਹਿਰ ਵਿਚ ਘੁੰਮਦਿਆਂ ਤੇ ਖਾਂਦਿਆਂ-ਪੀਂਦਿਆਂ ਸ਼ਾਮਾਂ ਹੋ ਗਈਆਂ। ਉਂਜ ਸ਼ਹਿਰ ਵਿਚ ਅੱਜ ਕਲ੍ਹ ਕੁਝ ਜ਼ਿਆਦਾ ਹੀ ਰੌਣਕ ਸੀ। ਸਾਲਾਨਾ ਬੋਧ ਉਤਸਵ ਚੱਲ ਰਿਹਾ ਸੀ। ਤੇ ਉਤਸਵ ਵਿਚ ਸ਼ਾਮਲ ਹੋਣ ਲਈ ਬੋਧੀ ਜਨਤਾ ਦੇ ਧਾਰਮਕ ਰਹਿਬਰ ਦਲਾਈ ਲਾਮਾ ਉਨ੍ਹਾਂ ਦੇ ਵਿਚਕਾਰ ਸਨ। ਲੱਦਾਖੀ ਮਰਦ-ਤੀਵੀਆਂ ਤੇ ਬੱਚੇ ਖਾਸ ਤੌਰ ਤੇ ਸਜ-ਧਜ ਕੇ ਸ਼ਹਿਰ ਵਿਚ ਘੁੰਮਦੇ ਤੇ ਭਰਪੂਰ ਖਰੀਦਾਰੀ ਕਰਦੇ ਦਿੱਸੇ। ਰੂਪ ਰੰਗ ਵੱਲੋਂ ਇਨ੍ਹਾਂ ਦੇ ਚੇਹਰੇ ਗੋਰੇ ਲਾਲ ਗੋਲ ਮਟੋਲ ਤੇ ਭੋਲੇ ਭਾਲੇ ਹੋਣ ਕਰਕੇ ਬੜੇ ਹੀ ਮਨਮੋਹਕ ਲਗਦੇ। ਖਾਸ ਕਰਕੇ ਔਰਤਾਂ ਤੇ ਬੱਚੇ ਤਾਂ ਏਨੇ ਸੁਨੱਖੇ ਸਨ ਕਿ ਉਨ੍ਹਾਂ ਵੱਲ ਵੇਖਦੇ ਹੀ ਰਹਿ ਜਾਣਾ— ਤੇ ਰੱਬ ਨੂੰ ਕਹਿਣਾ ਪੈਂਦਾ— ਕਿ "ਵਾਹ ਰੱਬਾ, ਤੂੰ ਏਨਾ ਖੂਬਸੂਰਤ ਵੀ ਏਂ?"

ਦੂਸਰਾ ਦਿਨ ਫਿਰ ਸਾਡਾ ਲੇਹ ਦੇ ਲੇਖੇ ਹੀ ਸੀ। ਇਸ ਦਿਨ ਲਈ ਸਾਡੇ ਗਰੁਪ ਨੇ ਸੋਲਾਂ ਸੌ ਰੁਪਏ ਭਾੜੇ ਤੇ ਇਕ ਟਰੱਕ ਕਰ ਲਿਆ ਸੀ— ਜੋ ਸਾਨੂੰ ਲੇਹ ਦੇ ਆਸ

ਪਾਸ ਪੰਜਾਹ ਸੱਠ ਮੀਲ ਦੀ ਸੈਰ ਕਰਵਾ ਦੇਵੇ। ਸਵੇਰੇ ਛੇ ਵਜੇ ਹੀ ਟਰੱਕ ਆ ਗਿਆ ਤੇ ਸ਼ਹਿਰ ਵਿਚ ਲਿਜਾ ਕੇ ਸ਼ਾਹ ਵੇਲਾ ਕਰਵਾ ਕੇ ਦੁਨੀਆਂ ਦੀ ਸੱਭ ਤੋਂ ਉੱਚੀ ਸੜਕ ਵੱਲ ਲੈ ਟੁਰਿਆ। 'ਖਰ ਦੁੰਗਲਾਂ' ਸਾਢੇ ਅਠਾਰਾਂ ਹਜ਼ਾਰ ਫੁਟ ਦੀ ਉਚਾਈ ਉਪਰ ਇਕ ਦਰੱਰਾ ਹੈ ਤੇ ਉਸੇ ਦੱਰਰੇ ਤੋਂ ਦੀ ਸੜਕ ਲੰਘਦੀ ਹੈ। ਪਰ ਅਸੀ ਓਥੇ ਤਕ ਪਹੁੰਚ ਨਾ ਸਕੇ। ਕਿਉਂਕਿ ਸ਼ਹਿਰ ਵਿਚੋਂ ਡਿਪਟੀ ਕਮਿਸ਼ਨਰ ਕੋਲੋਂ ਅਸੀ ਓਥੇ ਤਕ ਜਾਣ ਦਾ ਇਜਾਜ਼ਤਨਾਮਾ ਨਹੀ ਸੀ ਲੈ ਗਏ। ਸੋ ਸਾਢੇ ਪੰਦਰਾਂ ਹਜ਼ਾਰ ਦੀ ਉਚਾਈ ਉਪਰ ਸਥਿਤ ਇਕ ਫੌਜੀ ਚੌਕੀ ਤੇ ਸਾਨੂੰ ਰੋਕ ਲਿਆ ਗਿਆ। ਟਰੱਕ ਚੋਂ ਉਤਰਦਿਆਂ ਨੂੰ ਸਾਨੂੰ ਵੇ ਖਦਿਆਂ ਹੀ ਸੂਬੇਦਾਰ ਮੇਜਰ ਸੁੱਚਾ ਸਿੰਘ ਨੇ ਸਤਿ ਸ੍ਰੀ ਅਕਾਲ ਬੁਲਾਈ ਤੇ ਆਪਣੇ ਕੋਲ ਖਲੋਤੇ ਦੋ ਤਿੰਨ ਜਵਾਨਾਂ ਨੂੰ ਕਿਹਾ— "ਚਾਹ ਤਿਆਰ ਕਰਕੇ ਸਭਨਾ ਨੂੰ ਪਿਆਓ।" ਓਥੇ ਕਾਫ਼ੀ ਸਾਰੇ ਫੌਜੀ ਜਵਾਨ ਸਨ ਤੇ ਹੇਠੋਂ ਹਿੰਦੁਸਤਾਨ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਸਾਡੇ ਗਰੁਪ ਦੇ ਵਿਅਕਤੀਆਂ ਨੂੰ ਵੇਖ ਕੇ ਪਰਸੰਨ ਹੋ ਰਹੇ ਸਨ। ਕਈ ਟਰੈਕਰਾਂ ਨੇ ਆਪਣੀ ਆਪਣੀ ਭਾਸ਼ਾ ਦੇ ਫੌਜੀ ਜਵਾਨਾਂ ਨੂੰ ਝਟ ਪਛਾਣ ਲਿਆ ਤੇ ਗੱਲੀਂ ਜੁਟ ਗਏ । ਇਨ੍ਹਾਂ ਜਵਾਨਾਂ ਦਾ ਕਹਿਣਾ ਸੀ ਕਿ ਏਥੇ ਕਦੇ ਕਦਾਈਂ ਆਪਣੇ ਪ੍ਰਦੇਸ਼ ਦੇ ਕਿਸੇ ਵਿਅਕਤੀ ਦੇ ਦਰਸ਼ਨ ਹੁੰਦੇ ਨੇ— ਨਹੀ ਤਾ ਇਨ੍ਹਾਂ ਖ਼ੁਸ਼ਕ ਪਹਾੜਾਂ ਨਾਲ ਹੀ ਜੂਝਦਿਆਂ ਸਮਾਂ ਲੰਘ ਜਾਂਦਾ ਹੈ। ਥੋੜ੍ਹੇ ਚਿਰ ਪਿਛੋਂ ਹੀ ਉਸ ਚੌਕੀ ਦਾ ਇੰਚਾਰਜ ਫੌਜੀ ਅਫਸਰ ਵੀ ਆ ਗਿਆ। ਉਸਨੇ ਕੋਸ਼ਿਸ਼ ਕੀਤੀ ਕਿ ਟੈਲੀਫੋਨ ਰਾਹੀ ਇਜਾਜ਼ਤ ਮਿਲ ਜਾਏ ਤੇ ਅਸੀਂ 'ਖਰ ਦੁੰਗਲਾਂ' ਤਕ ਜਾ ਸਕੀਏ- ਪਰ ਇਜਾਜ਼ਤ ਮਿਲੀ ਨਾ। ਉਹ ਚਾਹੁੰਦੇ ਸਨ ਕਿ ਦੁਪਹਿਰ ਦਾ ਭੋਜਨ ਅਸੀ ਉਨ੍ਹਾਂ ਦੇ ਨਾਲ ਹੀ ਕਰੀਏ ਤੇ ਫਿਰ ਵਾਪਸ ਜਾਈਏ — ਪਰ ਅਸਾਂ ਘੰਟੇ ਕੁ ਬਾਅਦ ਹੀ ਮੁੜਨ ਦੀ ਆਗਿਆ ਲੈ ਲਈ— ਕਿਉਂਕਿ ਬੋਧ ਮਠਾਂ ਨੂੰ ਵੇਖਣ ਜਾਣ ਦਾ ਪ੍ਰੋਗਰਾਮ ਸਿਰ ਤੇ ਸੀ। ਵਾਪਸ ਲੇਹ ਜਾਣ ਤੇ ਦੁਪਹਿਰ ਦਾ ਭੋਜਨ ਲਿਆ ਤੇ ਫਿਰ ਸ਼ਹਿਰੋਂ ਪੰਜਾਹ ਸਠ ਮੀਲ ਦੂਰ ਦੀਆਂ ਗੁਫਾਵਾਂ ਨੂੰ ਵੇਖਣ ਚੱਲ ਪਏ।

ਲਗਭਗ ਸਾਰੇ ਮਠ ਹੀ ਬਹੁਤ ਉਚੀਆਂ ਪਹਾੜੀਆਂ ਉਪਰ ਬਣੇ ਹੋਏ ਨੇ। ਸਭਨਾ ਵਿਚ ਹੀ ਬੋਧ ਵਿਸ਼ਵਾਸ਼ ਨਾਲ ਜੁੜੇ ਦੇਵੀ-ਦੇਵਤਿਆਂ, ਅਵਤਾਰਾਂ ਤੇ ਤਾਂਤਰਿਕ ਸ਼ਕਤੀਆਂ ਦੀਆਂ ਮੂਰਤੀਆਂ ਅਤੇ ਚਿਤਰ ਹਨ। ਪਰ ਇਹ ਕਲਾ-ਕਿਰਤਾਂ ਆਮ ਤੌਰ ਤੇ ਹਨੇਰੇ ਕਮਰਿਆ ਵਿਚ ਹਨ ਜਿਨ੍ਹਾਂ ਨੂੰ ਹਰ ਕਿਸੇ ਲਈ ਵੇਖ ਸਕਣ ਦਾ ਸਾਧਨ ਹਰ ਕਿਸੇ ਕੋਲ ਨਹੀ ਰਹਿੰਦਾ। ਬਦੇਸ਼ੀ ਸੈਲਾਨੀ ਟਿਕਟ ਵੀ ਲੈਂਦੇ ਨੇ ਤੇ ਉਂਜ ਵੀ ਚੋਖਾ ਪੈਸਾ ਦੇਂਦੇ ਨੇ ਇਸ ਲਈ ਉਨ੍ਹਾਂ ਲਈ ਚਾਨਣ ਦਾ ਬੰਦੋਬਸਤ ਲਾਮਿਆਂ ਵੱਲੋਂ ਵੀ ਹੋ ਜਾਂਦਾ ਏ ਤੇ ਉਨ੍ਹਾਂ ਕੋਲ ਆਪਣਾ ਬੰਦੋਬਸਤ ਵੀ ਰਹਿੰਦਾ ਹੈ। ਇਸੇ ਤਰ੍ਹਾਂ ਦੇ ਇਕ ਯੂਰਪੀ ਸੈਲਾਨੀ ਨੇ ਇਕ ਹਨੇਰੇ ਕਮਰੇ ਵਿਚ ਆਪਣੇ ਕੈਮਰੇ ਉਪਰ ਪ੍ਰਕਾਸ਼ ਕਰਨ ਵਾਲੀ ਗਨ ਫਿਟ ਕੀਤੀ ਤੇ ਸਾਰੇ ਪ੍ਰਕਾਸ਼ ਫੈਲ ਗਿਆ। ਉਸੇ ਪ੍ਰਕਾਸ਼ ਵਿਚ ਵੇਖ ਕੇ ਮੈਂ ਵੀ ਕੁਝ ਫੋਟੋ ਲੈ ਸਕਿਆ। ਲੱਦਾਖ ਦੇ ਖ਼ਾਸ ਖ਼ਾਸ ਮਠਾਂ ਦਾ ਆਪਣਾ ਆਪਣਾ ਮਹਤੱਵ ਹੈ।

'ਲਿਕਿਰ ਮਠ' ਲਾਮਾ ਵਿਦਿਆਰਥੀਆਂ ਦੀ ਧਾਰਮਕ ਸ਼ਿਖਸ਼ਾ ਲਈ ਪ੍ਰਸਿੱਧ ਹੈ ਤਾਂ ਪਰੰਪਰਾ, ਪ੍ਰਾਚੀਨਤਾ ਅਤੇ ਕਲਾਤਮਕ ਵਿਰਸੇ ਲਈ 'ਅਲਚੀ ਮਠ'। ਪੁਰਾਤਨ ਕਹਾਣੀ ਦੇ ਨਾਇਕਾਂ ਲਈ 'ਲਾਮਾ ਯੁਰੂ' ਮਠ ਮਸ਼ਹੂਰ ਹੈ ਤਾਂ ਸਾਲਾਨਾ ਸਮਾਗਮਾਂ ਲਈ 'ਹੇਮਿਸ ਮਠ'।

'ਹੇਮਿਸ ਮਠ' ਵਿਚੋਂ ਬਾਹਰ ਨਿਕਲਦਿਆਂ ਹੀ ਇਕ ਬਜ਼ੁਰਗ ਲਾਮਾ ਨੇ ਮੈਨੂੰ ਫੜ ਲਿਆ। ਬੋਲੀ ਤਾਂ ਅਸੀ ਇਕ ਦੂਜੇ ਦੀ ਸਮਝਦੇ ਨਹੀ ਸਾਂ ਪਰ ਉਹ ਮੈਨੂੰ ਵੇਖ ਕੇ ਖ਼ੁਸ਼ ਬਹੁਤ ਹੋ ਰਿਹਾ ਸੀ। ਦੋ ਸ਼ਬਦ ਉਸਨੂੰ ਮੇਰੀ ਸਮਝ ਵਾਲੇ ਆਉਂਦੇ ਸਨ, ਸੋ ਉਸਨੇ ਮੇਰੇ ਵੱਲ ਉਂਗਲ ਕਰ ਕੇ ਕਿਹਾ, "ਸਿਖ?" ਮੈਂ ਹਾਂ ਵਿਚ ਉੱਤਰ ਦਿੱਤਾ ਤਾਂ ਉਹ ਬੋਲਿਆ, "ਨਾਨਕ"? ਹਾਂ ਵਿਚ ਸਿਰ ਹਿਲਾਉਣ ਤੇ ਉਹ ਬੜਾ ਪਰਸੰਨ ਹੋਇਆ ਤੇ ਮੇ ਰੀ ਦਾੜ੍ਹੀ ਨੂੰ ਫੜ ਕੇ ਪੋਲਿਆਂ ਪੋਲਿਆਂ ਪਲੋਸਣ ਲੱਗਾ। ਫਿਰ ਹੱਥ ਦੀ ਗਿੱਠ-ਤੇ-ਉਂਗਲਾਂ ਦੇ ਨਾਲ ਮੇਰੀ ਦਾੜ੍ਹੀ ਦੀ ਲੰਬਾਈ ਮਿਣੀ। ਉਸ ਤੋਂ ਬਾਅਦ ਹੱਥਾਂ ਨਾਲ ਸਰੀਰ ਦੇ ਛੋਟੇ ਆਕਾਰ ਤੋਂ ਵਡੇ ਆਕਾਰ ਦਾ ਡੌਲ ਬਣਾ ਕੇ ਇਸ਼ਾਰੇ ਨਾਲ ਉਂਗਲਾਂ ਤੇ ਪੋਟਿਆਂ ਨੂੰ ਵਿਖਾ ਕੇ ਉਸਨੇ ਮੇਰੀ ਉਮਰ ਪੁੱਛੀ। ਮੈਂ ਇਕ ਹੱਥ ਦੀਆਂ ਉਂਗਲਾ ਛੁਹਾ ਕੇ ਫਿਰ ਦੋ ਪੋਟਿਆਂ ਨੂੰ ਛੁਹਾਇਆ ਜਿਸ ਤੋਂ ਉਹ ਸਮਝ ਗਿਆ ਕਿ ਮੇਰੀ ਉਮਰ ਸੱਠ ਤੇ ਦੋ ਬਾਹਠ ਸਾਲ ਹੈ। ਫਿਰ ਉਸਨੇ ਆਪਣੇ ਬੁੱਟ— ਜੋ ਦੰਦਾਂ ਤੋਂ ਬਗੈਰ ਸਨ— ਵਿਖਾਕੇ ਮੇਰੇ ਦੰਦਾਂ ਵੱਲ ਇਸ਼ਾਰਾ ਕੀਤਾ। ਮੈਂ ਆਪਣੇ ਦੰਦ ਵਿਖਾ ਕੇ ਦੱਸ ਦਿੱਤਾ ਕਿ ਅਜੇ ਕਾਫੀ ਸਾਰੇ ਹੈ ਨੇ ਤੇ ਠੀਕ ਨੇ। ਫਿਰ ਕੰਨਾਂ ਦੀ ਵਾਰੀ ਆਈ। ਮੈਂ ਕੰਨਾਂ ਤੇ ਅੱਖਾਂ ਨੂੰ ਹੱਥ ਲਗਾ ਕੇ ਇਹ ਵੀ ਜਣਾ ਦਿੱਤਾ ਕਿ ਗੁਜ਼ਾਰਾ ਵਧੀਆ ਕਰ ਰਹੇ ਨੇ। ਉਹ ਬੜਾ ਪਰਸੰਨ ਸੀ ਤੇ ਕਈ ਤਰ੍ਹਾਂ ਨਾਲ ਆਪਣਾ ਉਮਾਹ ਜਤਾ ਰਿਹਾ ਸੀ। ਡਾ. ਮਨਜੀਤ ਨੇ ਕੈਮਰਾ ਵਿਖਾ ਕੇ ਮੇਰੀ ਤੇ ਉਸਦੀ ਇਕੱਠਿਆਂ ਦੀ ਫੋਟੋ ਖਿੱਚਣ ਲਈ. ਕਿਹਾ ਤਾਂ ਉਹ ਖਿੜ ਗਿਆ ਤੇ ਝੱਟ ਮੇਰੇ ਨਾਲ ਆਣ ਖਲੋਤਾ। ਤੁਰਨ ਲੱਗਿਆ ਉਸਨੇ ਆਪਣਾ ਪਤਾ ਲਿਖਣ ਤੇ ਫੋਟੋ ਭੇਜਣ ਲਈ ਕਿਹਾ। ਦੂਸਰੇ ਦਿਨ ਸਾਡੀ ਯਾਤ੍ਰਾ ਵਾਪਸ ਸ੍ਰੀਨਗਰ ਨੂੰ ਸ਼ੁਰੂ ਹੋ ਗਈ। ਪਰ ਇਹ ਯਾਤ੍ਰਾ ਮੇਰੇ ਸ਼ਰੀਰ ਦੀ ਸੀ— ਮੇਰਾ "ਮੈਂ" ਵਾਪਸ ਨਹੀ ਆਇਆ।

❁ ❁ ❁

2
ਅਮਰਨਾਥ ਨੂੰ

ਅਮਰਨਾਥ ਨੂੰ

ਸਾਵਨ ਮਹੀਨੇ ਦੀ ਰੱਖੜ ਪੁੰਨਿਆਂ ਵਾਲੇ ਦਿਨ ਛੜੀ (ਤ੍ਰਿਸ਼ੂਲ ਤੇ ਝੰਡਾ) ਸ੍ਰੀ ਅਮਰਨਾਥ ਪਹੁੰਚਦੀ ਹੈ। ਇਸ ਤੋਂ ਪਹਿਲਾਂ ਇਹ ਚਾਨਣੇ ਪੱਖ ਦੀ ਚਤੁਰਥੀ ਵਾਲੇ ਦਿਨ ਸ੍ਰੀਨਗਰ ਤੋਂ ਦਸ਼ਨਾਮੀ ਅਖਾੜੇ ਵਿਚੋਂ ਨਾਗਾ ਸਾਧੂਆਂ ਦੇ ਹੱਥੀ ਚੱਲਕੇ ਪੜਾ ਦਰ ਪੜਾ ਪਹਿਲਗਾਮ ਜਾਂਦੀ ਤੇ ਫਿਰ ਓਥੇ ਦੋ ਤਿੰਨ ਦਿਨ ਰੁਕ ਕੇ ਲੰਮੇ ਔਖੇ ਬਰਫਾਨੀ ਪਹਾੜੀ ਸਫਰ ਦੀ ਤਿਆਰੀ ਕਰਕੇ ਦਵਾਦਸ਼ੀ ਨੂੰ ਪਹਿਲਗਾਮ ਤੋਂ ਰਵਾਨਾ ਹੁੰਦੀ ਹੈ। ਨਾਗਾ ਸਾਧੂਆਂ ਨਾਲ ਦੇਸ ਦੇਸ ਦੇ ਤੇ ਕੁਝ ਪਰਦੇਸਾਂ ਦੇ ਵੀ – ਸ਼ਰਧਾਲੂ ਇਸ ਯਾਤਰਾ ਨਾਲ ਜਾਂਦੇ ਨੇ।

ਵੀਹ-ਪੰਝੀ ਸਾਲ ਪਹਿਲਾਂ ਦੇ ਮੁਕਾਬਲੇ ਹੁਣ-ਇਹ ਯਾਤਰਾ ਸੌਖੀ ਹੋ ਗਈ ਹੈ। ਓਦੋਂ ਤਕ ਸਭ ਸਰਕਾਰੀ ਅਮਲੇ ਫੈਲੇ, ਪੁਲਿਸ, ਫੌਜ ਤੇ ਸਾਧੂਆਂ ਸਮੇਤ ਬੜੀ ਮੁਸ਼ਕਿਲ ਨਾਲ ਹਜ਼ਾਰ ਕੁ ਦੀ ਗਿਣਤੀ ਵਿਚ ਹੀ ਲੋਕ ਅਮਰ ਨਾਥ ਪਹੁੰਚਦੇ ਸਨ। ਰਸਤੇ ਵਿਚ ਠੰਢ ਨਾਲ ਜਾਂ ਅਸਮਾਨ ਛੂਹੰਦੇ ਰਸਤਿਆਂ ਤੋਂ ਲੰਘਦਿਆਂ ਹੇਠਾਂ ਡੂੰਘੀਆਂ-ਖੱਡਾਂ ਖਾਈਆਂ ਵੱਲ ਝਾਕਣ ਤੇ ਡਰ ਨਾਲ ਹਾਰਟ ਫੇਲ੍ਹ ਹੋ ਜਾਣ ਕਰਕੇ ਅਥਵਾ ਘੋੜੇ ਤੋਂ ਡਿਗ ਕੇ ਦੋ-ਇਕ ਵਿਅਕਤੀ ਮਰ ਜਾਂਦੇ। ਦਸ-ਵੀਹ ਜਾਂ ਪੰਜਾਹ ਤਕ ਲੋਕ ਅਤੀ ਔਖੀਆਂ ਚੜ੍ਹਾਈਆਂ, ਬਰਫੀਲੇ ਤੂਫਾਨਾਂ, ਬਾਰਿਸ਼ ਤੇ ਠੰਢ ਦੀ ਮਾਰ ਨਾ ਸਹਿ ਸੱਕਣ ਕਰਕੇ ਵਾਪਸ ਭੱਜ ਜਾਂਦੇ ਸਨ। ਕੁਝ ਲੋਕ ਪਿੱਸੂ ਟਾਪ ਦੀ ਤਿੰਨ ਮੀਲ ਦੀ ਖੜੀ ਚੜ੍ਹਾਈ-- ਜੋ ਕਿ ਇਕੋ ਹੀ ਧੁਰੀ ਤੇ ਘੁੰਮੀ ਜਾਂਦੀ ਹੈ– ਨੂੰ ਵੇਖ ਕੇ ਹੇਠੋਂ ਚੰਦਨਵਾੜੀ ਤੋਂ ਹੀ ਕੰਨ ਵਲ੍ਹੇਟ ਕੇ ਪਰਤ ਜਾਂਦੇ ਸਨ। ਓਦੋਂ ਇਹਨਾਂ ਰਾਹਾਂ ਨੂੰ ਸਾਲ ਵਿਚ ਸਿਰਫ ਦੋ ਵਾਰੀ ਇਨਸਾਨੀ ਕਦਮਾ ਦੀ ਛੋਹ ਮਿਲਦੀ ਸੀ। ਇਕ ਦਿਨ ਯਾਤਰੂਆਂ ਦੇ ਜਾਣ ਵੇਲੇ ਤੇ ਇਕ ਦਿਨ ਉਨ੍ਹਾਂ ਦੇ ਅਮਰਨਾਥ ਤੋਂ ਪਰਤਣ ਵੇਲੇ। ਰੱਖੜ ਪੁੰਨਿਆਂ ਸਮੇਂ ਇਸ ਯਾਤਰਾ ਦਾ ਬੰਦੋਬਸਤ ਕਸ਼ਮੀਰ ਸਰਕਾਰ ਦੀ ਦੇਖ ਰੇਖ ਵਿਚ ਹੁੰਦਾ ਸੀ। ਪੁਲਿਸ ਫੌਜ ਦੇ ਜਵਾਨ ਤੇ ਡਾਕਟਰ ਨਾਲ ਹੁੰਦੇ ਸਨ। (ਏਨਾਂ ਕੁ ਬੰਦੋਬਸਤ ਹੁਣ ਵੀ ਸਰਕਾਰ ਹੀ ਕਰਦੀ ਹੈ) ਸ਼ਰਧਾਲੂ ਲੋਕ ਆਪਣੀ ਲੋੜ ਦੇ ਪਹਿਨਣ ਵਾਲੇ ਗਰਮ ਕਪੜੇ, ਬਿਸਤਰੇ , ਤੰਬੂ ਬਾਲਣ ਲਈ ਲਕੜਾਂ ਤੇ ਪਕਾਣ-ਖਾਣ ਲਈ ਐਨ-ਦਾਲ ਅਤੇ ਭਾਂਡੇ, ਭਾੜੇ ਦੇ ਟੱਟੂਆਂ ਉਪਰ ਲੱਦ ਕੇ ਲਿਜਾਂਦੇ ਤੇ ਆਪ ਕੋਈ ਤੁਰ ਕੇ ਅਤੇ ਕੋਈ ਘੋੜੇ ਉਪਰ ਜਾਂ ਡਾਂਡੀ ਵਿਚ ਬਹਿਕੇ ਅਮਰਨਾਥ ਜਾਂਦੇ-ਆਉਂਦੇ ਸਨ। ਇਸ ਰਸਤੇ ਜਾਣ ਆਉਣ ਵਿਚ ਪਹਿਲਗਾਮ ਤਕ ਪੰਜ ਛੇ ਦਿਨ ਲਗ ਜਾਂਦੇ।

ਪਰ ਹੁਣ ਕੁਝ ਸਾਲਾਂ ਤੋਂ ਇਕ ਹੋਰ 'ਬਾਲਤਾਲ' ਵਾਲਾ ਰਸਤਾ ਖੁਲ੍ਹ ਜਾਣ ਕਰਕੇ ਪਹਿਲਗਾਮ ਵਾਲੇ ਇਸ ਪਰੰਪਰਾਗਤ ਰਾਹ ਦੀ ਯਾਤਰਾ ਵੀ ਸੌਖੀ ਹੋ ਗਈ ਹੈ। ਹੁਣ ਸ੍ਰੀਨਗਰ ਤੋਂ ਆਮ ਯਾਤਰੂ ਬਸ ਰਾਹੀ ਪਹਿਲਗਾਮ ਪਹੁੰਚ ਜਾਂਦਾ ਹੈ ਤੇ ਪਹਿਲਗਾਮ ਤੋਂ ਪੰਜਾਹ ਰੁਪਏ ਭਾੜਾ ਦੇ ਕੇ ਚੰਦਨਵਾੜੀ ਤਕ ਟੈਕਸੀ ਉਪਰ ਅਤੇ ਚੰਦਨਵਾੜੀ ਤੋਂ

ਉਹ ਯਾਤਰਾ ਦਲ ਨਾਲ ਰਲ ਪੈਂਦਾ ਹੈ। ਅਜ ਕਲ੍ਹ ਤੰਬੂ ਤੇ ਬਿਸਤਰੇ ਚੁਕਣ ਦੀ ਲੋੜ ਨਹੀ ਪੈਂਦੀ। ਮਹੀਨਾ ਡੇਢ ਮਹੀਨਾ ਪਹਿਲਾਂ ਹੀ ਕਸ਼ਮੀਰੀ ਵਪਾਰੀ ਰਸਤੇ ਦੇ ਪੜਾਵਾਂ ਉਪਰ ਤੰਬੂ ਗੱਡ ਦੇਂਦੇ, ਤੰਬੂਆਂ ਵਿਚ ਹੋਟਲ ਖੋਹਲ ਦੇਂਦੇ ਤੇ ਕਿਰਾਏ ਉਪਰ ਦੇਣ ਲਈ ਬਿਸਤਰਿਆਂ ਦਾ ਬੰਦੋਬਸਤ ਕਰ ਰਖਦੇ ਨੇ। ਹੁਣ ਸਿਰਫ ਗਲ ਪਾਉਣ ਵਾਲੇ ਗਰਮ ਕਪੜੇ ਹੀ ਚੁਕਣੇ ਪੈਂਦੇ ਨੇ।

ਬਾਲਤਾਲ ਵਾਲਾ ਰਸਤਾ ਖੁਲ੍ਹਣ ਨਾਲ ਹੁਣ ਬਹੁਤੇ ਲੋਕ ਅਮਰਨਾਥ ਤੋਂ ਇਕੋ ਦਿਨ ਵਿਚ ਹੀ ਦਰਸ਼ਨ ਕਰਕੇ ਵਾਪਸ ਸ੍ਰੀਨਗਰ ਪਹੁੰਚ ਜਾਂਦੇ ਨੇ। ਲੋਕ ਰੱਖੜ ਪੁੰਨਿਆ ਤੋਂ ਮਹੀਨਾ ਡੇਢ ਮਹੀਨਾਂ ਪਹਿਲਾਂ ਹੀ ਅਮਰਨਾਥ ਜਾਣਾ ਆਉਣਾ ਸ਼ੁਰੂ ਕਰ ਦੇਂਦੇ ਨੇ। ਪਰ ਬਾਲਤਾਲ ਵਾਲੇ ਰਸਤੇ ਛੜੀ ਨਹੀ ਜਾਂਦੀ। ਉਹ ਤੇ ਆਪਣੇ ਪਰੰਪਰਾਗਤ ਰਸਤੇ ਅਤੇ ਨਿਸਚਿਤ ਦਿਨਾਂ ਵਿਚ ਹੀ ਜਾਂਦੀ ਹੈ। ਪਰ ਜਿਹੜੇ ਲੋਕ ਹਰ ਗੱਲ ਲਈ ਪਰੰਪਰਾ ਨਾਲ ਬੱਝੇ ਨਹੀ ਰਹਿੰਦੇ, ਜਾਂ ਜਿਨ੍ਹਾਂ ਨੂੰ ਆਪਣੇ ਕਾਰੋਬਾਰਾਂ ਤੋਂ ਘਟ ਤੋਂ ਘਟ ਵਿਹਲ ਮਿਲਦੀ ਹੈ ਤੇ ਜਿਨ੍ਹਾਂ ਦਾ ਅਮਰ ਨਾਥ ਨਾਲ ਕੇਵਲ ਦਾਨ ਦਖ਼ਸ਼ਣਾਂ ਤੇ ਪੂਜਾ ਦਾ ਹੀ ਵਾਸਤਾ ਹੁੰਦਾ ਹੈ ਉਹ ਰੱਖੜ ਪੁੰਨਿਆਂ ਤੋਂ ਪਹਿਲਾਂ ਹੀ ਅਮਰਨਾਥ ਮੱਥਾ ਟੇਕ ਆਉਂਦੇ ਨੇ।

ਕੁਝ ਲੋਕ ਇਹੋ ਜਿਹੇ ਵੀ ਨੇ, ਜਿਹੜੇ ਰੱਖੜ ਪੁੰਨਿਆਂ ਦੇ ਪੁੰਨ ਦਾ ਲੋਭ ਤਾਂ ਛੱਡ ਦੇਂਦੇ ਨੇ ਪਰ ਉਸ ਰਸਤੇ ਜਾਣ ਦਾ ਪੁੰਨ ਨਹੀ ਗਵਾਉਣਾ ਚਾਹੁੰਦੇ ਜਿਸ ਰਸਤੇ ਸ਼ਿਵਜੀ ਮਹਾਰਾਜ ਅਮਰਨਾਥ ਦੀ ਗੁਫਾ ਵੱਲ ਜਾਂਦੇ ਹੋਏ ਆਪਣਾ ਭਾਰ ਹੌਲਾ ਕਰਦੇ ਗਏ ਸਨ। ਚੰਦਨਵਾੜੀ ਵਿਚ ਸ਼ਿਵਜੀ ਨੇ ਆਪਣੇ ਮੱਥੇ ਉਪਰ ਚਮਕਦੇ ਅਰਧ ਚੰਦਰ ਨੂੰ ਤਿਆਗ ਦਿਤਾ ਸੀ। ਆਪਣੇ ਗਲ ਵਿਚ ਪਲਮਦੇ ਸੱਤ ਸਿਰਾਂ ਵਾਲੇ ਨਾਗ ਨੂੰ 'ਸ਼ੇਸ਼ਨਾਗ' ਦੀ ਝੀਲ ਵਿਚ ਛਡ ਦਿੱਤਾ ਸੀ ਅਤੇ ਪੰਚ ਤਰਨੀ ਵਿਚ— ਜਿਥੇ ਆਣਕੇ ਅਮਰਾਵਤੀ ਅਥਵਾ ਅਮਰਗੰਗਾ ਵਿਚ ਪੰਜ ਜਲ-ਧਾਰਾ ਮਿਲਦੀਆਂ ਨੇ—ਸ਼ਿਵਜੀ ਨੇ ਪੰਜ ਸਥੂਲ ਭੂਤਾਂ ਅਥਵਾ ਪੰਜ ਤੱਤਾਂ ਦਾ ਵਿਸਰਜਨ ਕਰ ਦਿੱਤਾ ਸੀ।

ਇਨ੍ਹਾਂ ਤੋਂ ਅਲਾਵਾ ਕੁਝ ਇਹੋ ਜਿਹੇ ਲੋਕ ਵੀ ਅਮਰਨਾਥ ਜਾਂਦੇ ਨੇ ਜਿਹੜੇ ਕੁਦਰਤ ਦੇ ਉਨ੍ਹਾਂ ਰੂਪਾਂ ਨੂੰ ਜੀਵਨ ਵਿਚ ਘਟੋ ਘਟ ਇਕ ਵਾਰੀ ਤਾਂ ਜ਼ਰੂਰ ਹੀ ਵੇਖਣਾ ਚਾਹੁੰਦੇ ਨੇ, ਜਿਸ ਦੇ ਸੰਪੂਰਨ ਰੂਪਾਂ ਨੂੰ ਕੇਵਲ ਸ਼ਿਵਜੀ ਮਹਾਰਾਜ ਵਾਲੇ ਰਸਤੇ ਜਾਕੇ ਹੀ ਵੇਖਿਆ ਜਾ ਸਕਦਾ ਹੈ। ਸੋ ਵੀਹ ਪੰਝੀ ਸਾਲ ਪਹਿਲਾਂ ਜਿੰਨੇ ਲੋਕ ਸਾਲ ਵਿਚ ਸਿਰਫ ਇਕ ਵਾਰੀ ਅਮਰਨਾਥ ਜਾਂਦੇ ਆਉਂਦੇ ਸਨ, ਓਨੇ ਕੁ ਹੁਣ ਮਹੀਨੇ ਡੇਢ ਮਹੀਨੇ ਤਕ ਰੋਜ਼ ਹੋ ਆਉਂਦੇ ਨੇ।

ਪਰ ਅਸੀ, ਮੈਂ ਤੇ ਡਾ. ਮਨਜੀਤ, ਯਾਤਰੂਆਂ ਦੀ ਉਸ ਜਮਾਤ ਵਿਚੋਂ ਹੋਣ ਕਰਕੇ ਜਿਹੜੇ ਕੁਦਰਤੀ ਵਾਤਾਵਰਨ ਵਿਚ ਕੁਝ ਵਧੇਰੇ ਦਿਨ ਰਹਿ ਕੇ ਉਸ ਦਾ ਆਨੰਦ ਮਾਨਣਾ ਚਾਹੁੰਦੇ ਨੇ— ਪੰਰਪਰਾਗਤ ਰਸਤੇ ਚੋਂ ਹੀ ਲੰਘਣ ਦਾ ਪ੍ਰੋਗਰਾਮ ਬਣਾ ਲਿਆ— ਪਰ ਕੁਝ ਫਰਕ ਨਾਲ।

ਸਾਡਾ ਪਹਿਲਾ ਪ੍ਰੋਗਰਾਮ ਲੱਦਾਖ ਜਾਣ ਦਾ ਸੀ। 'ਯੂਥ ਹੋਸਟਲ ਐਸੋਸੀਏਸ਼ਨ ਔਫ

ਇੰਡੀਆਂ, ਨਾਮ ਦੀ ਸੰਸਥਾ ਵੱਲੋਂ ਹਿੰਦੁਸਤਾਨ ਦੇ ਵੱਖ ਵੱਖ ਸੂਬਿਆਂ ਦੇ ਪਹਾੜਾਂ ਉਪਰ ਚੜ੍ਹਨ (ਟਰੈਕਿੰਗ) ਦਾ ਕਾਰਜ ਕ੍ਰਮ ਹਰ ਸਾਲ ਚਲਦਾ ਰਹਿੰਦਾ ਹੈ। ਇਸ ਸਾਲ-1988 ਵਿਚ ਇਹ ਕਾਰਜ ਕ੍ਰਮ ਦੁਨੀਆਂ ਦੀ ਸਭ ਤੋਂ ਉਤਲੀ ਛੱਤ ਲੱਦਾਖ (ਲੱਦਾਖ ਰੂਫ ਟੌਪ ਆਫ ਦਾ ਵਰਲਡ) ਵਿਚਲੇ ਪਹਾੜਾਂ ਦੀ ਚੜ੍ਹਾਈ ਦਾ ਸੀ। ਸ੍ਰੀਨਗਰ ਕਸ਼ਮੀਰ ਤੋਂ ਲੱਦਾਖ ਤੇ ਫਿਰ ਲੱਦਾਖ ਤੋਂ ਵਾਪਸ ਸ੍ਰੀਨਗਰ ਤਕ ਦੀ ਪੰਦਰਾਂ ਦਿਨਾਂ ਦੀ ਯਾਤਰਾ, ਖਾਣ ਪੀਣ ਤੇ ਸੌਣ ਦਾ ਸਾਰਾ ਬੰਦੋਬਸਤ ਯੂਥ ਹੋਸਟਲ ਦੇ ਜ਼ਿੰਮੇ, ਖਰਚਾ ਪੌਣੇ ਸੱਤ ਸੌ ਰੁਪਏ। ਇਨ੍ਹਾਂ ਪੰਦਰਾਂ ਦਿਨਾਂ ਵਿਚ ਪੰਜ ਦਿਨਾਂ ਦੀ ਟਰੈਕਿੰਗ (ਪੈਦਲ ਚੜ੍ਹਾਈ-ਉਤਰਾਈ) ਤੇ ਬਾਕੀ ਦੇ ਦਿਨਾਂ ਵਿਚ ਲੇਹ ਲੱਦਾਖ ਦੇ ਸੈਰ ਸਪਾਟੇ ।

ਡਾ: ਮਨਜੀਤ ਨੇ ਮੈਨੂੰ ਵੀ ਟਰੈਕਿੰਗ ਵਾਸਤੇ ਚਲਣ ਲਈ ਆਖਿਆ ਤੇ ਨਾਲ ਹੀ ਅਮਰ ਨਾਥ ਦੀ ਯਾਤਰਾ ਦਾ ਪ੍ਰੋਗਰਾਮ ਬਣਾਨ ਲਈ। ਮੇਰੇ ਮਨ ਵਿਚ ਕਸ਼ਮੀਰ ਜਾਣ ਦੀ ਗੱਲ ਪਿਛਲੇ ਤੀਹ ਸਾਲਾਂ ਤੋਂ ਅਟਕੀ ਹੋਈ ਸੀ। ਡਾ: ਮਨਜੀਤ ਦੇ ਪ੍ਰਸਤਾਵ ਵਿਚ ਲੇਹ-ਲੱਦਾਖ ਤੇ ਅਮਰ ਨਾਥ ਤਕ ਦਾ ਵਿਸਥਾਰ ਸੁਣ ਕੇ ਇਰਾਦਾ ਬਣਨਾ ਸ਼ੁਰੂ ਹੋ ਗਿਆ। ਇਸ ਸਾਰੀ ਯਾਤਰਾ ਵਿਚ ਢਾਈ ਤਿੰਨ ਹਜ਼ਾਰ ਰੁਪਏ ਖਰਚ ਆਉਣ ਦਾ ਅਨੁਮਾਨ ਸੀ। ਮੇਰੇ ਮਿਤਰ ਪਿਆਰਾ ਸਿੰਘ ਜੀ ਦਾਤਾ ਨੇ ਇਸ ਵਿਚ ਮੇਰੀ ਕੁਝ ਮਦਦ ਕਰਨ ਦੀ ਪੇਸ਼ਕਸ਼ ਕੀਤ ਤੇ ਕੁਝ ਡਾ: ਮਨਜੀਤ ਨੇ। ਪਰ ਦਾਤਾ ਜੀ ਕੋਲੋਂ ਮੇਰੇ ਲੱਦਾਖ ਤੇ ਅਮਰ ਨਾਥ ਜਾਣ ਦੀ ਗੱਲ ਸੁਣ ਕੇ ਭਾਪਾ ਪ੍ਰੀਤਮ ਸਿੰਘ ਜੀ (ਆਰਸੀ) ਨੇ ਦਾਤਾ ਜੀ ਦੇ ਹੱਥ ਹੀ ਦੋ ਹਜ਼ਾਰ ਰੁਪਇਆ ਭਿਜਵਾ ਕੇ ਮੈਨੂੰ ਅਖਵਾ ਘਲਿਆ, ਕਿ "ਤਸੱਲੀ ਨਾਲ ਘੁੰਮ ਫਿਰ ਕੇ ਆਉਣਾ— ਇਹ ਰੁਪਇਆ ਮੋੜਨਾ ਨਹੀ ਪਏਗਾ।"

ਭਾਪਾ ਜੀ ਦੇ ਇਨ੍ਹਾਂ ਗੁਣਾਂ ਕਰਕੇ ਹੀ ਸ਼ਾਇਦ ਉਨ੍ਹਾਂ ਨੂੰ 'ਤਕੀਏ ਦਾ ਪੀਰ' ਕਿਹਾ ਗਿਆ ਹੈ।

ਸੋ ਅਸੀ 25 ਜੁਲਾਈ 1988 ਨੂੰ ਸ੍ਰੀਨਗਰ ਪਹੁੰਚ ਗਏ। ਦੋ ਦਿਨ ਸ੍ਰੀ ਨਗਰ ਦੇ ਬੇਸ ਕੈਂਪ ਵਿਚ ਰਹਿਣ ਤੋਂ ਬਾਅਦ ਯੂਥ ਹੋਸਟਲ ਵੱਲੋਂ ਕੀਤੀ ਬਸ ਰਾਹੀਂ ਲੱਦਾਖ ਨੂੰ ਚਲੇ ਗਏ ਤੇ ਪੰਦਰਾਂ ਦਿਨਾਂ ਦੀ ਸਾਰੀ ਯਾਤਰਾ ਕਰਕੇ 9 ਅਗਸਤ ਵਾਲੇ ਦਿਨ ਵਾਪਸ ਸ੍ਰੀਨਗਰ ਨੂੰ ਪਰਤਦਿਆਂ ਰਸਤੇ ਵਿਚ ਹੀ ਪੈਂਦੇ 'ਬਾਲਤਾਲ' ਉਤਰ ਗਏ।

ਬਾਲਤਾਲ

'ਬਾਲਤਾਲ' ਕਸ਼ਮੀਰ ਘਾਟੀ ਤੇ ਲੱਦਾਖ ਨੂੰ ਵੱਖ ਕਰਨ ਵਾਲੇ 11614 ਫੁਟ (ਸਤਹ ਸਮੁੰਦਰ ਤੋਂ) ਉਚੇ ਜ਼ੋਜੀਲਾ ਦੱਰਰੇ ਦੇ ਪੈਰਾਂ ਵਿਚ ਇਕ ਰਮਣੀਕ ਸਥਾਨ ਹੈ ਤੇ ਸੋਨ ਮਰਗ ਦੇ ਇਲਾਕੇ ਵਿਚ ਪੈਂਦਾ ਹੈ। ਬਸ ਤੋਂ ਉਤਰ ਕੇ ਸੜਕ ਤੋਂ ਹੇਠਾਂ ਬਾਲ ਤਾਲ ਦੇ ਮੈਦਾਨ ਤਕ ਪਹੁੰਚਣ ਲਈ ਕੋਈ ਇਕ ਕਿਲੋਮੀਟਰ ਦੀ ਤਿੱਖੀ ਉਤਰਾਈ ਹੈ ਤੇ ਫਿਰ ਤਿੰਨ ਕਿਲੋਮੀਟਰ ਅੰਦਰ ਨੂੰ ਜਾ ਕੇ ਉਹ ਕੈਂਪ ਹੈ ਜਿਥੇ ਰਾਤ ਰਹਿਕੇ ਅਗਲੇ

ਦਿਨ ਅਸਾਂ ਅਮਰ ਨਾਥ ਨੂੰ ਜਾਣਾ ਸੀ, ਪਰ ਉਸੇ ਦਿਨ ਬਾਲ ਤਾਲ ਨੂੰ ਮੁੜਨਾ ਨਹੀ ਸੀ। ਅਸੀ ਵਾਹੋਦਾਹੀ ਵਿਚ ਅਮਰਨਾਥ ਗੁਫਾ ਨੂੰ ਹੱਥ ਲਗਾਉਣ ਜਾਂ ਦੱਖਸ਼ਣਾ ਦੇ ਕੇ ਮੱਥਾ ਘਸਾ ਕੇ ਵਾਪਸ ਆ ਜਾਣ ਵਾਲੇ ਨਹੀ ਸਾਂ– ਸਗੋਂ ਸਾਡਾ ਪ੍ਰੋਗਰਾਮ ਇਹ ਸੀ ਕਿ ਅਮਰਨਾਥ ਦੀ ਗੁਫਾ ਦੇ ਦਰਸ਼ਨ ਕਰਕੇ ਵਾਪਸ ਸ੍ਰੀਨਗਰ ਨੂੰ ਉਸ ਰਸਤੇ ਜਾਇਆ ਜਾਵੇ ਜਿਸ ਰਸਤੇ ਸ਼ਿਵਜੀ ਮਹਾਰਾਜ ਆਪਣਾ ਭਾਰ ਹੌਲਾ ਕਰਦੇ ਹੋਏ ਗੁਫਾ ਵਿਚ ਪਹੁੰਚੇ ਸਨ ਤੇ ਜਿਸ ਰਸਤੇ ਛੜੀ ਆਉਂਦੀ ਹੈ। ਅਸੀ ਦੋ ਚਾਰ ਦਿਨ ਰਸਤੇ ਵਿਚ ਰਹਿ ਕੇ ਪ੍ਰਕ੍ਰਿਤੀ ਦਾ ਉਹ ਅਨੰਦ ਮਾਣਨਾ ਤੇ ਉਹ ਰੂਪ ਵੇਖਣਾ ਚਾਹੁੰਦੇ ਸਾਂ ਜਿਸ ਬਾਰੇ ਬਾਣੀਕਾਰ ਨੇ ਵਜਦ ਵਿਚ ਆਣਕੇ ਆਖਿਆ ਸੀ–

"ਬਲਿਹਾਰੀ ਕੁਦਰਤਿ ਵਸਿਆ,
ਤੇਰਾ ਅੰਤੁ ਨਾ ਜਾਈ ਲਖਿਆ।"

ਸਾਡੇ ਨਾਲ ਲੱਦਾਖ ਦੇ ਟਰੈਕਿੰਗ ਗਰੁਪ ਦਾ ਆਂਧਰਾ ਨਿਵਾਸੀ ਇਕ ਲੜਕਾ 'ਰਾਮ ਕ੍ਰਿਸ਼ਨ' ਤੇ ਪੰਦਰਾਂ ਕੁ ਹੋਰ ਟਰੈਕਰ ਵੀ ਅਮਰਨਾਥ ਜਾਣ ਲਈ ਬਸ ਤੋਂ ਉਤਰੇ ਸਨ। ਪਰ ਰਾਮਕ੍ਰਿਸ਼ਣ ਨੂੰ ਛਡ ਕੇ ਬਾਕੀ ਸਾਰੇ ਉਸੇ ਸ਼ਾਮ ਹੀ ਅਮਰਨਾਥ ਨੂੰ ਚਲੇ ਗਏ ਸਨ। ਰਾਤ ਦੇ ਬਾਰਾਂ ਕੁ ਵਜੇ ਅਮਰਨਾਥ ਪਹੁੰਚ ਕੇ ਅਗਲੇ ਦਿਨ ਸਵੇਰੇ ਪੰਜ ਛੇ ਵਜੇ ਹੀ ਗੁਫਾ ਦੇ ਦਰਸ਼ਨ ਕਰਕੇ ਵਾਪਸ ਆਉਂਦੇ ਸਾਨੂੰ ਰਸਤੇ ਵਿਚ ਮਿਲੇ ਸਨ।

ਸੋ ਅਸੀ ਬਾਲਤਾਲ ਦੇ ਸ਼ੁਰੂ ਵਿਚ ਹੀ ਫੌਜੀ ਤੰਬੂਆਂ ਅਤੇ ਫਿਰ ਤੰਬੂ-ਹੋਟਲਾਂ ਦੇ ਕੋਲੋਂ ਦੀ ਲੰਘਦੇ ਹੋਏ– ਤਿੰਨ ਕਿਲੋਮੀਟਰ ਦੂਰ ਉਸ ਕੈਂਪ ਵਿਚ ਪੁਜ ਗਏ ਜਿਥੇ ਜਾ ਕੇ ਰੁਕਣ ਲਈ ਸਾਡੇ ਟਰੈਕਿੰਗ ਗਰੁਪ ਦੇ ਲੀਡਰ ਵਿਵੇਕ ਬਾਬੂ ਨੇ ਬਸ ਤੋਂ ਉਤਰਨ ਵੇਲੇ ਆਖਿਆ ਸੀ। ਓਥੇ ਤੰਬੂਆਂ ਦੀਆਂ ਕਈ ਲਾਈਨਾ ਸਨ। ਤੰਬੂਆਂ ਦੇ ਅਖੀਰਲੇ ਸਿਰੇ ਤੇ ਟੀਨ ਦੀਆਂ ਚਾਦਰਾਂ ਦਾ ਇਕ ਲੰਮਾ ਚੌੜਾ ਸ਼ੈਡ ਸੀ ਜਿਸ ਹੇਠ ਥੜੇ ਉਪਰ ਆਹਮਣੇ ਸਾਹਮਣੇ ਬਹੁਤ ਸਾਰੀਆਂ ਕੁਰਸੀਆਂ ਲਗੀਆਂ ਹੋਈਆਂ ਸਨ। ਮੀਹ ਪੈ ਰਿਹਾ ਸੀ ਤੇ ਅਸੀ ਭਿੱਜਦੇ ਭਿਜਾਂਦੇ ਬਿਨਾ ਏਧਰ ਓਧਰ ਵੇਖਿਆਂ ਤੁਰੰਤ ਸ਼ੈਡ ਹੇਠ ਜਾ ਖਲੋਤੇ । ਕੁਰਸੀਆਂ ਉਪਰ ਬੈਠੇ ਲੋਕ ਭੋਜਨ ਕਰ ਰਹੇ ਸਨ। ਭੁੱਖ ਸਾਨੂੰ ਵੀ ਜ਼ੋਰ ਦੀ ਲੱਗੀ ਹੋਈ ਸੀ, ਕਿਉਂਕਿ ਸਵੇਰੇ ਛੇ ਵਜੇ ਨਾਸ਼ਤਾ ਕਰਕੇ ਕਾਰਗਿਲ ਤੋਂ ਚੱਲਿਆਂ ਨੂੰ ਸਾਨੂੰ ਨੌ ਘੰਟੇ ਹੋ ਗਏ ਸਨ। ਕੰਡ ਤੋਂ ਆਪਣਾ ਰੁਕਸੈਕ (ਪਿਠੂ) ਲਾਹ ਕੇ ਰਖਦਿਆਂ ਹੀ ਸਾਨੂੰ ਕੁਰਸੀਆਂ ਉਪਰ ਬਹਿਣ ਲਈ ਬੇਨਤੀ ਕੀਤੀ ਗਈ। ਨਾਲ ਹੀ ਪੁਛਿਆ ਗਿਆ ਕਿ "ਕੀ ਖਾਓਗੇ",– ਚੌਲ, ਰੋਟੀ ਜਾਂ ਪੂਰੀ ਛੋਲੇ?" ਰਾਜ ਮਾਹ ਤੇ ਇਕ ਹੋਰ ਸਬਜ਼ੀ ਨਾਲ ਚੌਲ ਤੇ ਰੋਟੀ ਖਾ ਕੇ ਜਦੋਂ ਸ਼ੈਡ ਤੋਂ ਬਾਹਰ ਨਿਕਲੇ ਓਦੋਂ ਤਕ ਮੀਂਹ ਰੁਕ ਚੁਕਾ ਸੀ। ਰਾਤ ਰਹਿਣ ਲਈ ਤੰਬੂ ਅਲਾਟ ਕਰਵਾਇਆ ਤੇ ਸਮਾਨ ਉਸ ਵਿਚ ਟਿਕਾ ਕੇ ਕਿਸੇ ਕੋਲੋਂ ਪੁਛਿਆ– "ਏਥੇ ਖਾਣ ਪਾਣ ਤੇ ਰਾਤ ਰਹਿਣ ਦੀ ਦਖਸ਼ਣਾ ਕੀ ਦੇਣੀ ਪੈਂਦੀ ਏ?"

"ਕੁਝ ਵੀ ਨਹੀ।"

"ਕੁਝ ਵੀ ਨਹੀਂ? ਤੇ ਐਹ ਸੈਂਕੜੇ-ਹਜ਼ਾਰਾਂ ਲੋਕਾਂ ਦੇ ਲੰਗਰ ਦਾ ਖਰਚਾ ਕੌਣ ਦੇਂਦਾ ਏ?"

"ਬਾਬਾ ਭੋਲੇ ਨਾਥ।"

"ਉਹ ਕੋਣ ਨੇ?"

"ਜਿਨ੍ਹਾਂ ਦੇ ਦਰਸ਼ਨ ਲਈ ਤੁਸੀਂ ਅਮਰਨਾਥ ਜਾ ਰਹੇ ਓ !"

"ਤਾਂ ਵੀ— ਬਾਬਾ ਭੋਲੇ ਨਾਥ ਵੀ ਤਾਂ ਕਿਸੇ ਦੇ ਅੰਦਰ ਵੱਸ ਕੇ ਹੀ ਇਹ ਸਭ ਕਰਵਾ ਰਹੇ ਹੋਣਗੇ !"

"ਬਸ ਇੰਜ ਸਮਝੋ ਕਿ ਉਹ ਆਪ ਹੀ ਕਰ ਰਹੇ ਨੇ ਤੇ ਆਪ ਹੀ ਕਰਵਾ ਰਹੇ ਨੇ।"

"ਜੇ ਕੋਈ ਇਸ ਲੰਗਰ ਲਈ ਦਾਨ ਦੇਣਾ ਚਾਹੇ ਤਾਂ..."

"ਨਹੀ ਲਿਆ ਜਾਂਦਾ। ਏਥੇ ਲੈਣ ਵਾਲਾ ਕੋਈ ਹੈ ਈ ਨਹੀਂ, ਸਭ ਸੇਵਕ— ਸੇਵਾਦਾਰ ਹੀ ਨੇ।"

ਫਿਰ ਕਿਸੇ ਨੇ ਪੁਛਿਆ, "ਤੁਸੀਂ ਚਾਹ ਜਾਂ ਕੌਫੀ ਲਓਗੇ !"

"ਹਾਂ" ਕਰਨ ਤੇ ਕੌਫੀ ਆ ਗਈ। ਓਥੋਂ ਜਦੋਂ ਅਸੀ ਥੋੜ੍ਹਾ ਬਾਹਰਲੇ ਪਾਸੇ ਨੂੰ ਹੋਏ ਤਾਂ ਸਾਹਮਣੇ ਕੜਾਹ ਤੇ ਖੀਰ ਦਾ ਸਟਾਲ ਦਿੱਸਿਆ। ਉਸ ਤੋਂ ਅਗੇ ਗਰਮ ਗਰਮ ਜਲੇਬੀਆਂ ਦਾ ਸਟਾਲ ਸੀ ਤੇ ਉਸ ਦੇ ਸਾਹਮਣੇ ਪਾਸੇ ਮਦਰਾਸੀ ਦੋਸੇ, ਆਲੂ ਦੀਆਂ ਟਿੱਕੀਆਂ ਤੇ ਗੋਲ ਗੱਪੇ ਹਾਜ਼ਰ ਸਨ। ਅਸੀਂ ਜਿਸ ਪਾਸੇ ਜਾਂਦੇ— ਸਟਾਲਾਂ ਵਾਲੇ ਆਵਾਜ਼ ਦੇ ਕੇ ਆਪਣੀ ਆਪਣੀ ਚੀਜ਼ ਖਾਣ ਲਈ ਆਖਦੇ ਤੇ ਆਗ੍ਰਹਿ ਕਰਕੇ ਬਦੋਬਦੀ ਵੀ ਖਵਾ ਕੇ ਹੀ ਹਿੱਲਣ ਦੇਂਦੇ। ਇਹ ਸਭ ਕੁਝ ਵੀ ਉਸੇ ਭੋਲੇ ਨਾਥ ਦੇ ਨਾਮ ਉਪਰ ਹੀ ਚੱਲ ਰਿਹਾ ਸੀ।

ਰਾਤ ਸੌਣ ਵੇਲੇ ਹਰ ਕਿਸੇ ਨੂੰ ਇਕ ਕੰਬਲ ਤੇ ਇਕ ਦਰੀ ਦਿੱਤੀ ਜਾਂਦੀ ਸੀ ਪਰ ਮੈਂ ਆਪਣੇ ਲਈ ਇਕ ਦਰੀ, ਇਕ ਕੰਬਲ ਹੇਠ ਲਈ ਤੇ ਦੋ ਕੰਬਲ ਉਪਰ ਲਈ ਮੰਗੇ। ਉਨ੍ਹਾਂ ਨੇ ਚਾਰੇ ਦੇ ਕੇ ਕਿਹਾ, "ਹੋਰ ਵੀ?"

ਸਵੇਰੇ ਜਾਣ ਲਈ ਤਿਆਰ ਹੋ ਕੇ ਬਾਹਰ ਨਿਕਲੇ ਤਾਂ ਪੂੜੀ ਕੜਾਹ, ਛੋਲੇ ਅਤੇ ਚਾਹ-ਕੌਫੀ ਦਾ ਸ਼ਾਹਵੇਲਾ ਹਾਜ਼ਰ ਸੀ।

ਰਹਿਮਤ ਅਲੀ

ਪਿਛੇ ਪੰਦਰਾਂ ਦਿਨ ਲੰਮੇ ਪੈਂਡੇ ਮਾਰ ਕੇ ਆਇਆ ਸਾਂ, ਸੋ ਕੁਝ ਥਕੇਵਾਂ ਮਹਿਸੂਸ ਹੋ ਰਿਹਾ ਸੀ। ਇਸ ਲਈ ਚਾਹੁੰਦਾ ਸਾਂ ਕਿ ਏਥੋਂ ਕੋਈ ਟੱਟੂ-ਘੋੜਾ ਮਿਲ ਜਾਏ ਤਾਂ ਉਸੇ ਉਪਰ ਹੀ ਅਮਰ ਨਾਥ ਜਾਵਾਂ। ਪਹਿਲੇ ਦਿਨ ਸ਼ਾਮੀ ਬਾਲਤਾਲ ਵਿਚ ਘੁਮਦਿਆਂ

ਫਿਰਦਿਆਂ ਕਈ ਘੋੜਿਆਂ ਵਾਲਿਆਂ ਨਾਲ ਗੱਲ ਕੀਤੀ ਸੀ ਪਰ ਕੋਈ ਵੀ ਇਕ ਘੋੜੇ ਉਪਰ ਮੈਨੂੰ ਲਿਜਾਣ ਲਈ ਤਿਆਰ ਨਹੀਂ ਸੀ। ਹਰ ਕੋਈ ਕਹਿੰਦਾ, "ਤੁਹਾਨੂੰ ਦੋ ਘੋੜੇ ਕਰਨੇ ਪੈਣਗੇ।"

ਮੈਂ ਹੱਸਕੇ ਪੁੱਛਦਾ, "ਇਕ ਇਕ ਲੱਤ ਦੋਹਾਂ ਘੋੜਿਆਂ ਤੇ ਰੱਖਾਂਗਾ?"

ਸੁਣ ਕੇ ਉਹ ਵੀ ਹੱਸ ਪੈਂਦੇ ਤੇ ਕਹਿੰਦੇ, "ਇਕ ਇਕ ਘੰਟੇ ਬਾਅਦ ਘੋੜਾ ਬਦਲਣਾ ਪਏਗਾ– ਵਾਰੀ ਵਾਰੀ। ਇਕੱਲਾ ਘੋੜਾ ਤੁਹਾਨੂੰ ਚੁਕ ਕੇ ਅਮਰ ਨਾਥ ਨਹੀ ਪਹੁੰਚ ਸਕਦਾ।"

ਸਵੇਰੇ ਤੁਰਨ ਵੇਲੇ ਫਿਰ ਏਹੋ ਰੇੜਕਾ ਸੀ। ਮੈਂ ਦੋ ਘੋੜਿਆਂ ਦਾ ਢਾਈ ਸੌ ਰੁਪਇਆ ਦੇਣ ਲਈ ਤਿਆਰ ਨਹੀ ਸਾਂ। ਚਾਹੁੰਦਾ ਸਾਂ ਕਿ ਇਕੋ ਘੋੜਾ ਹੋਵੇ ਤੇ ਉਹ ਵੀ ਸਿਰਫ ਜਾਣ ਜਾਣ ਲਈ– ਸੱਠ ਬਾਹਠ ਰੁਪਏ ਭਾੜੇ ਤੇ। ਅਖੀਰ ਇਹੋ ਫੈਸਲਾ ਹੋਇਆ ਕਿ ਪੈਦਲ ਹੀ ਚੱਲਿਆ ਜਾਵੇ। ਸੋ ਪਿਠੂ ਪਿਠ ਤੇ ਲੱਦੇ ਤੇ ਚਲ ਪਏ। ਥੋੜ੍ਹੀ ਕੁ ਦੂਰ ਹੀ ਇਕ ਤੰਬੂ ਵਿਚ ਪੁਲਿਸ ਚੌਕੀ ਮਿਲੀ। ਉਸ ਦੇ ਕੋਲ ਹੀ ਕਈ ਸਾਰੇ ਘੋੜੇ ਖੜੇ ਸਨ। ਪੁਲਿਸ ਵਾਲੇ ਮੁਸਾਫਿਰਾਂ ਨੂੰ ਘੋੜੇ ਕਰਕੇ ਦੇ ਰਹੇ ਸਨ। ਇਕ ਘੋੜੇ ਵਾਲੇ ਨੇ ਮੈਨੂੰ ਉਰਿਓਂ ਹੀ ਘੇਰ ਕੇ ਪੁਛਿਆ, "ਦੱਸੋ ਕੀ ਦਿਓਗੇ ਇਕ ਘੋੜੇ ਦਾ?"

"ਸੱਠ ਨਹੀ, ਸੱਤਰ ਰੁਪਏ ਦਿਆਂਗਾ ਸਿਰਫ ਜਾਣ ਜਾਣ ਦੇ– ਬੱਸ ਇਕੋ ਗੱਲ।"

"ਇਕ ਹੈਲਪਰ ਵੀ ਕਰਨਾ ਪਏਗਾ, ਜਿਹੜਾ ਤੁਹਾਨੂੰ ਫੜ ਕੇ ਵੀ ਰੱਖੇ ਤੇ ਤੁਹਾਡਾ ਸਮਾਨ ਵੀ ਚੁੱਕੇ।"

"ਨਾ, ਹੈਲਪ ਮੈਂ ਆਪਣੀ ਆਪੇ ਕਰ ਲਾਂਗਾ ਤੇ ਸਾਮਾਨ ਮੇਰੀ ਪਿਠ ਤੇ ਹੀ ਟਿਕਿਆ ਰਵ੍ਹੇਗਾ।"

"ਪਰ ਮੈਂ ਸਾਮਾਨ ਦਾ ਭਾਰ ਘੋੜੇ ਉਤੇ ਨਹੀ ਲੱਦਣਾ, ਪਹਿਲਾਂ ਹੀ ਤੁਹਾਡਾ ਬਹੁਤ ਭਾਰ ਏ।"

"ਤਾਂ ਫਿਰ ਸਾਮਾਨ ਤੂੰ ਚੁਕ ਲੈ। ਰੁਪਏ ਮੈਂ ਸੱਤਰ ਹੀ ਦਿਆਂਗਾ।"

ਅੰਤ ਨੂੰ ਉਹ ਮੰਨ ਗਿਆ। ਸਾਮਾਨ ਉਸ ਨੇ ਆਪ ਚੁਕ ਲਿਆ ਤੇ ਮੈਨੂੰ ਘੋੜੇ ਉਪਰ ਬਿਠਾ ਦਿੱਤਾ। ਮੇਰੇ ਸਾਥੀ ਡਾ: ਮਨਜੀਤ ਤੇ ਰਾਮਕ੍ਰਿਸ਼ਣ ਪੈਦਲ ਚੱਲ ਪਏ।

ਅਜੇ ਥੋੜ੍ਹੀ ਕੁ ਦੂਰ ਹੀ ਗਏ ਸਾਂ ਕਿ ਅੱਗੇ ਦੋ ਘੋੜਿਆਂ ਵਾਲੇ ਖੜੇ ਮਿਲੇ। ਉਹਨਾਂ ਨੇ ਕਿਹਾ, "ਆਪਣੇ ਸਾਥੀ ਡਾਕਟਰਾਂ ਨੂੰ ਵੀ ਘੋੜੇ ਕਰਵਾ ਦਿਓ ਨਾ।"

"ਨਹੀ, ਇਹ ਜਵਾਨ ਜਹਾਨ ਨੇ– ਪੈਦਲ ਹੀ ਜਾਣਗੇ।" ਕਹਿ ਕੇ ਮੈਂ ਅਗਾਂਹ ਹੋ ਗਿਆ।

ਕਲ੍ਹ ਸ਼ਾਮੀ ਜਦੋਂ ਅਸੀ ਘੁੰਮਦੇ ਘੁਮਾਂਦੇ ਘੋੜਾ ਭਾੜੇ ਤੇ ਕਰਨ ਲਈ ਬਕਰਵਾਨਾਂ ਦੇ ਇਕ ਡੇਰੇ ਵਿਚ ਜਾ ਪਹੁੰਚੇ ਸਾਂ ਓਦੋਂ ਇਹਨਾਂ ਵਿਚੋਂ ਇਕ ਨੇ ਮੈਨੂੰ ਇਕੱਲੇ ਨੂੰ ਦੋ ਘੋੜੇ ਕਰਨ ਲਈ ਆਖਿਆ ਸੀ। ਚਾਹ ਪਿਆਣ ਲਈ ਵੀ ਜ਼ੋਰ ਲਗਾਇਆ ਸੀ। ਫਿਰ ਜਦੋਂ ਉਸ ਨੂੰ ਗੱਲਾਂ ਬਾਤਾਂ ਵਿਚ ਪਤਾ ਲਗਾ ਕਿ ਅਸੀ ਦਿੱਲੀ ਵਿਚ ਡਾਕਟਰੀ ਕਰਦੇ

ਹਾਂ ਤਾਂ ਉਹਨੇ ਦਵਾਈ ਲੈਣ ਲਈ ਸਾਰਾ ਟੱਬਰ ਲਾਈਨ ਵਿਚ ਖਲਿਆਰ ਦਿੱਤਾ ਸੀ। ਕਿਸੇ ਨੂੰ ਤੇਜ਼ ਬੁਖਾਰ ਸੀ, ਕਿਸੇ ਦਾ ਸਾਹ ਫੁਲਦਾ ਸੀ ਤੇ ਕਿਸੇ ਦਾ ਪੇਟ ਖਰਾਬ। ਅਸਾਂ ਦਵਾਈ ਦੀਆਂ ਕੁਝ ਗੋਲੀਆਂ, ਜੇਬ ਵਿਚੋਂ ਕੱਢ ਕੇ ਉਹਨਾਂ ਨੂੰ ਦਿੱਤੀਆਂ ਤੇ ਡੇਰੇ ਦੇ ਪਿੱਛੇ ਵਗਦੀ ਅਮਰਨਾਥ ਵੱਲੋਂ ਆਉਂਦੀ ਨਦੀ ਦੇ ਕੰਢੇ ਜਾ ਬੈਠੇ। ਅੱਧੇ ਕੁ ਘੰਟੇ ਬਾਅਦ ਉਠ ਕੇ ਜਦੋਂ ਤੰਬੂਆਂ ਵੱਲ ਜਾ ਰਹੇ ਸਾਂ ਤਾਂ ਦੂਰੋਂ ਹੀ ਇਕ ਘੋੜੇ ਵਾਲੇ ਨੂੰ ਰਸਤੇ ਵਿਚ ਇਕ ਪੱਥਰ ਤੇ ਬੈਠਿਆਂ ਵੇਖਿਆ। ਉਸ ਦੇ ਹੱਥ ਵਿਚ ਘਾਹ ਚਰਦੇ ਘੋੜੇ ਦੀ ਲਗਾਮ ਸੀ ਤੇ ਉਹ ਆਪ ਇਕ ਟਕ ਸਾਡੇ ਵੱਲ ਵੇਖ ਰਿਹਾ ਸੀ। ਘਾਹ ਦਾ ਮੈਦਾਨ, ਨਦੀ ਦਾ ਗਵਾਂਢ ਤੇ ਝੂਮ ਝੂਮ ਗਾਉਂਦੇ ਬਿਰਛਾਂ ਦੇ ਉਸ ਚੌਗਿਰਦੇ ਵਿਚ ਮੈਨੂੰ ਉਹ ਇਕ ਖੂਬਸੂਰਤ ਬੁੱਤ ਵਾਂਗ ਲੱਗਾ। ਮੈਂ ਉਸਦੀ ਫੋਟੋ ਲੈਣ ਲਈ ਜਿਉਂ ਹੀ ਕੈਮਰਾ ਉਪਰ ਕੀਤਾ— ਉਹ ਉਠ ਖਲੋਣ ਲਗਾ। ਮੈਂ ਛੇਤੀ ਨਾਲ ਕਿਹਾ— "ਉਠੀਂ ਨਾ, ਉਠੀਂ ਨਾ, ਇੰਜ ਈ ਬੈਠਾ ਰਹੁ।" ਉਹ ਜਿਉਂ ਦਾ ਤਿਉਂ ਬਹਿ ਗਿਆ। ਫੋਟੋ ਲੈ ਕੇ ਅਸੀਂ ਉਹਦੇ ਕੋਲ ਗਏ ਤਾਂ ਉਹ ਤਰਲੇ ਜਿਹੇ ਨਾਲ ਬੋਲਿਆ, "ਮੈਂ ਬੜੇ ਚਿਰ ਦਾ ਤੁਹਾਨੂੰ ਉਡੀਕ ਰਿਹਾ ਵਾਂ। ਮੇਰਾ ਸਾਰਾ ਬਦਨ ਦੁਖ ਰਿਹਾ ਏ, ਖਾਂਸੀ ਤੇ ਬੁਖਾਰ ਏ— ਮੈਨੂੰ ਦਵਾਈ ਦਿਓ।"

ਵੇਖਿਆ, ਉਸ ਦਾ ਪਿੰਡਾ ਭੱਠ ਵਾਂਗ ਤਪ ਰਿਹਾ ਸੀ ਤੇ ਅੱਖਾਂ ਇਕਦਮ ਪੀਲੀਆਂ। ਮੈਂ ਕਿਹਾ— "ਤੂੰ ਤੇ ਬਹੁਤ ਬੀਮਾਰ ਏਂ, ਤੇਰਾ ਜਿਗਰ... ਤੈਨੂੰ ਤੇ ਪੀਲੀਆ ਹੋ ਰਿਹਾ ਏ, ਤੂੰ ਆਪਣਾ ਇਲਾਜ ਕਰਵਾ ਕਿਸੇ ਡਾਕਟਰ ਕੋਲੋਂ।"

"ਮੈਨੂੰ ਤੁਸੀ ਦਵਾਈ ਦਿਓ ਡਾਕਟਰ ਸਾਹਿਬ। ਮੈਨੂੰ ਪਤਾ ਲਗਾ ਏ ਤੁਸੀਂ ਵਡੇ ਡਾਕਟਰ ਓ ਦਿੱਲੀ ਵਿਚ।"

ਮੈਂ ਡਾ: ਮਨਜੀਤ ਵੱਲ ਵੇਖ ਕੇ ਕਿਹਾ, "ਸੰਭਾਲੋ ਹੁਣ ਇਹਨੂੰ ! ਪਰ ਏਥੇ ਇਹਦਾ ਕੀ ਹੋ ਸਕਦਾ ਏ ?"

"ਸਾਡੇ ਕੋਲ ਤੇ ਦਵਾਈਆਂ ਈ ਦੋ ਚਾਰ ਕਿਸਮ ਦੀਆਂ ਨੇ ਆਪਣੇ ਸਫਰ ਵਾਲੀਆਂ। ਐਸ ਵੇਲੇ ਇਸ ਹਾਲਤ ਵਿਚ ਅਸੀਂ ਕੀ ਕਰ ਸਕਦੇ ਆਂ। ਬੁਖਾਰ ਵਾਸਤੇ ਗੋਲੀਆਂ ਦੇ ਦੇਨੇ ਆਂ।" ਕਹਿ ਕੇ ਡਾ: ਮਨਜੀਤ ਅਜੇ ਗੋਲੀਆਂ ਕੱਢ ਹੀ ਰਹੇ ਸਨ ਜੇਬ ਵਿਚੋਂ ਕਿ ਦੌੜਦੇ ਦੌੜਦੇ ਹੋਰ ਕਈ ਤੀਵੀਆਂ-ਮਰਦ ਓਥੇ ਆਣ ਪਹੁੰਚੇ। ਇਹ ਸਾਰੇ ਘੋੜਿਆਂ ਵਾਲੇ ਬਕਰਵਾਨ ਤੇ ਉਹਨਾਂ ਦੀਆਂ ਤ੍ਰੀਮਤਾਂ ਸਨ। ਹਰ ਕੋਈ ਬੀਮਾਰ ਸੀ— ਸਚਮੁਚ ਬੀਮਾਰ। ਹਰ ਕਿਸੇ ਦੀ ਮੰਗ ਸੀ, "ਮੈਨੂੰ ਦਵਾਈ ਦਿਓ।"

ਰਾਮ ਕ੍ਰਿਸ਼ਣ ਕਹਿਣ ਲੱਗਾ, "ਮੇਰੇ ਥੈਲੇ ਵਿਚ ਦਵਾਈਆਂ ਦੀ ਕਿਟ ਹੈ ਵੇ, ਓਥੇ ਚੱਲ ਕੇ ਉਹਦੇ ਵਿਚੋਂ ਵੇਖ ਕੇ ਇਹਨਾਂ ਨੂੰ ਦਵਾਈ ਦੇ ਦਿਓ।" ਪਰ ਉਹ ਕਹਿੰਦੇ, ਤੰਬੂਆਂ ਨੇੜੇ ਸਾਨੂੰ ਨਹੀ ਜਾਣ ਦੇਂਦੇ। ਮਾਰ ਮਾਰ ਕੇ ਭਜਾ ਦੇਂਦੇ ਨੇ। ਤੁਸੀ ਸਾਨੂੰ ਐਥੇ ਈ ਦਵਾਈ ਲਿਆ ਦਿਓ।"

"ਕਿਉਂ, ਮਾਰਦੇ ਕਿਉਂ ਨੇ?"

ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ, ਬਸ ਚੁਪ ਨਜ਼ਰਾਂ ਨਾਲ ਸਾਡੇ ਵੱਲ ਵੇਖਦੇ ਰਹੇ। ਰਾਮ ਕ੍ਰਿਸ਼ਣ ਦਵਾਈਆਂ ਲੈ ਆਇਆ ਤੇ ਡਾ: ਮਨਜੀਤ ਨੇ ਉਹਨਾਂ ਨੂੰ ਦੋ ਦੋ ਚਾਰ ਚਾਰ ਗੋਲੀਆਂ ਦੇ ਕੇ ਵਰਚਾਇਆ ਅਤੇ ਮੈਨੂੰ ਕਿਹਾ, "ਏਥੋਂ ਨਿਕਲ ਚੱਲੋ। ਇਹ ਸਾਰੇ ਡੇਰੇ ਹੀ ਬੀਮਾਰ ਨੇ, ਇਹਨਾਂ ਨੇ ਤੁਰੇ ਹੀ ਆਉਣਾ ਏ ਤੇ ਸਾਡੇ ਕੋਲ ਏਨੀਆਂ ਦਵਾਈਆਂ ਹੈ ਨਹੀਂ।"

ਸੋਨ ਮਰਗ ਲੰਘ ਕੇ ਅਮਰਨਾਥ ਨਾਲ ਲਗਦੇ ਸਾਰੇ ਇਲਾਕੇ ਵਿਚ ਜੇ ਕੋਈ ਵੱਸੋਂ ਹੈ ਤਾਂ ਘੋੜਿਆ ਵਾਲੇ ਇਹਨਾਂ ਬਕਰਵਾਨਾ ਦੀ ਹੀ ਜਿਹੜੇ ਗਰਮੀਆਂ ਵਿਚ ਜੰਮੂ ਦੇ ਇਲਾਕੇ ਵਿਚੋਂ ਆਪਣੀਆਂ ਭੇਡਾ-ਬਕਰੀਆਂ ਨੂੰ ਚਾਰਨ ਲਈ ਏਧਰ ਘਾਹ ਦੇ ਮੈਦਾਨਾਂ ਤੇ ਪਹਾੜ ਦੀਆਂ ਢਲਾਣਾ ਉਪਰ ਲੈ ਆਉਂਦੇ ਨੇ। ਬਰਫਾਂ ਪੰਘਰਨ ਅਤੇ ਰਸਤੇ ਕੁਝ ਖੁਲ੍ਹਣ ਤੇ ਉਨ੍ਹਾਂ ਰਾਹਾਂ ਨੂੰ ਇਹੋ 'ਅਸ਼ਰਫੁਲ ਮਖ਼ਲੂਕਾਤ' 'ਇਸ ਜਗ ਦੇ ਸਿਕਦਾਰ'— ਬਕਰਵਾਨਾਂ ਦੇ ਰੂਪ ਵਿਚ ਇਨਸਾਨੀ ਕਦਮਾਂ ਦੀ ਪਹਿਲੀ ਛੋਹ ਦੇਂਦੇ ਨੇ— ਜਿਨ੍ਹਾਂ ਰਾਹਾਂ ਤੇ ਸਾਰਾ ਸਾਲ ਇਨਸਾਨੀ ਪਰਛਾਵਾਂ ਤਕ ਨਹੀ ਪਿਆ ਹੁੰਦਾ। ਇਹ ਕਦਮ ਇਨ੍ਹਾਂ ਬਕਰਵਾਨਾ ਦੀ ਹੀ ਜਾਤ ਦੇ, ਇਨ੍ਹਾਂ ਦੇ ਹੀ ਕਿਸੇ ਵਡ ਵਡੇਰੇ ਪੁਰਖੇ ਦੇ ਵੀ ਸਨ- - ਜਿਸ ਨੇ ਕੋਈ ਦੋ ਸੌ ਸਾਲ ਪਹਿਲਾਂ ਅਮਰ ਨਾਥ ਦੀ ਗੁਫਾ ਲੱਭ ਕੇ ਆਧੁਨਿਕ ਸੰਸਾਰ ਦੇ ਸਾਮਹਣੇ ਉਸ ਨੂੰ ਉਜਾਗਰ ਕੀਤਾ ਸੀ। ਉਹ ਚਰਵਾਹਾ ਅਮਰ ਨਾਥ ਦੀ ਗੁਫਾ ਦੇ ਨਾਲ ਦੇ ਪਹਾੜ ਤੋਂ ਪਾਰ ਭੇਡਾਂ ਚਾਰਦਾ ਹੁੰਦਾ ਸੀ। ਇਕ ਦਿਨ ਉਸ ਦੀਆਂ ਕੁਝ ਭੇਡਾਂ ਵਾਪਸ ਨਹੀਂ ਸਨ ਆਈਆਂ ਤੇ ਉਹ ਅਗਲੇ ਦਿਨ ਉਹਨਾਂ ਨੂੰ ਲਭਦਾ ਲਭਦਾ ਪਹਾੜੋਂ ਪਾਰ ਉਸ ਗੁਫਾ ਕੋਲ ਜਾ ਨਿਕਲਿਆ ਜਿਸ ਨੂੰ ਅਮਰਨਾਥ ਗੁਫਾ ਦਾ ਨਾਮ ਦਿਤਾ ਗਿਆ ਹੈ। ਉਸ ਚਰਵਾਹੇ ਨੇ ਉਹ ਗੁਫਾ, ਉਸ ਵਿਚ ਬਰਫ ਦਾ ਸ਼ਿਵਲਿੰਗ ਤੇ ਕਬੂਤਰ ਕਬੂਤਰੀ ਦੀ ਇਕ ਜੋੜੀ ਵੇਖੀ ਤੇ ਅਸਚਰਜ ਨਾਲ ਮਟਨ ਦੇ ਪੰਡਿਤਾਂ ਨੂੰ ਓਹਨਾ ਬਾਰੇ ਜਾ ਕੇ ਦੱਸਿਆ। ਓਦੋਂ ਤਕ ਉਹ ਪੰਡਿਤ ਲੋਗ ਇਸ ਗੁਫਾ ਬਾਰੇ ਕੁਝ ਨਹੀ ਸਨ ਜਾਣਦੇ। ਉਹ ਉਸੇ ਚਰਵਾਹੇ ਨੂੰ ਨਾਲ ਲੈ ਕੇ ਗੁਫਾ ਤਕ ਗਏ ਤੇ ਉਸ ਤੋਂ ਬਾਅਦ ਉਹਨਾਂ ਨੇ ਓਥੇ ਸ਼ਿਵਲਿੰਗ ਦੀ ਪੂਜਾ ਆਰੰਭ ਕੀਤੀ। ਸ਼ਰਧਾਲੂ ਲੋਕਾਂ ਨੇ ਗੁਫਾ ਦੀ ਯਾਤਰਾ ਸ਼ੁਰੂ ਕਰ ਦਿੱਤੀ ਤੇ ਇਹਨਾਂ ਬਕਰਵਾਨਾਂ ਦੇ ਉਸੇ ਪੁਰਖੇ ਦੇ ਵਾਰਸ ਸ਼ਰਧਾਲੂ ਤੀਰਥ ਯਾਤਰੀਆਂ ਦੇ ਰਾਹਬਰ ਬਣਕੇ ਉਹਨਾਂ ਨੂੰ ਅੱਜ ਵੀ ਘੋੜਿਆਂ ਤੇ ਡਾਂਡੀਆਂ ਤੇ ਬਿਠਾ ਕੇ ਅਮਰ ਨਾਥ ਦੀ ਉਸ ਗੁਫਾ ਤਕ ਲੈ ਜਾਂਦੇ ਤੇ ਦਰਸ਼ਨ ਕਰਵਾ ਲਿਆਉਂਦੇ ਨੇ।

'ਜੰਨਤੇ ਕਾਸ਼ਮੀਰ ਬੇਨਜ਼ੀਰ' ਮੈਦਾਨੀ ਦੁਨੀਆਂ ਵਿਚੋਂ ਆਉਂਦੇ ਸਾਡੇ ਵਰਗੇ ਸੈਲਾਨੀਆਂ ਲਈ ਬੇਸ਼ਕ ਭੂ-ਸਵਰਗ ਹੈ ਪਰ ਇਹਨਾਂ ਕਸ਼ਮੀਰ ਦੇ ਜਾਇਆਂ ਲਈ— ਜਿਹਨਾਂ ਦੇ ਮਨਮੋਹਕ ਨੈਣ-ਨਕਸ਼ਾਂ, ਦਰਦਮੰਦ ਦਿਲਾਂ ਤੇ ਪਹਾੜੀ ਚੱਟਾਨਾਂ ਵਰਗੇ ਸਖਤ ਜਿਸਮਾਂ ਨੂੰ ਰੱਬ ਨੇ ਆਪ ਵੇਹਲਿਆਂ ਬਹਿ ਕੇ ਘੜਿਆ ਲਗਦਾ ਏ—ਬੀਮਾਰੀ ਵੇਲੇ

ਦਵਾਈ, ਭੁੱਖ ਵੇਲੇ ਚੱਜ ਦੀ ਰੋਟੀ, ਪਹਿਨਣ ਵੇਲੇ ਸਾਬਤ-ਸਬੂਤ ਪਹਿਰਨ ਵੀ ਸੁਪਨੇ ਵਰਗੀ ਗੱਲ ਹੀ ਏ।

ਇਹਨਾਂ ਘੋੜਿਆਂ ਵਾਲਿਆਂ ਦਾ ਅੱਜ ਸਵੇਰੇ ਕਿਸੇ ਸਵਾਰੀ ਨਾਲ ਸੌਦਾ ਨਹੀਂ ਸੀ ਤੈਅ ਹੋ ਸਕਿਆ ਤੇ ਹੁਣ ਇਹ ਰਾਹ ਵਿਚ ਜਾ ਕੇ ਖਲੋ ਰਹੇ ਸਨ। ਬਾਲਤਾਲ ਤੋਂ ਇਕਦਮ ਖੜੀ ਤਿੱਖੀ ਚੜ੍ਹਾਈ ਸ਼ੁਰੂ ਹੋ ਜਾਂਦੀ ਏ ਪਹਾੜ ਦੀ। ਕੁਝ ਲੋਕ ਇਕ ਅੱਧ ਕਿਲੋਮੀਟਰ ਤਕ ਚੜ੍ਹਾਈ ਚੜ੍ਹ ਕੇ ਸਮਝ ਜਾਂਦੇ ਨੇ ਕਿ ਇਹ ਸਫਰ ਪੈਦਲ ਉਹਨਾਂ ਦੇ ਵੱਸ ਦਾ ਨਹੀ। ਘੋੜਿਆਂ ਵਾਲੇ ਇਹ ਗੱਲ ਜਾਣਦੇ ਨੇ, ਇਸ ਲਈ ਇਹ ਇਹੋ ਜਿਹੀਆਂ ਥਾਵਾਂ ਤੇ ਪਹਿਲਾਂ ਹੀ ਜਾ ਕੇ ਖਲੋ ਰਹਿੰਦੇ ਨੇ ਜਿਥੋਂ ਦਮ ਛੱਡੇ ਮੁਸਾਫ਼ਿਰ ਕਿਸੇ ਵੀ ਕੀਮਤ ਉਤੇ ਘੋੜਾ ਕਰ ਲੈਂਦੇ ਨੇ।

ਏਥੇ ਪ੍ਰਕ੍ਰਿਤੀ ਆਪਣੇ ਅਨੋਖੇ ਰੰਗ ਵਿਚ ਸੀ। ਸੌੜੀ ਤੇ ਕਿਤੇ ਅਤਿ ਸੌੜੀ ਪਗਡੰਡੀ ਉਪਰ ਘੋੜੇ ਦੀ ਲਗਾਮ ਫੜੀ ਰਹਿਮਤ ਅਲੀ ਚੜ੍ਹਾਈ ਚੜ੍ਹ ਰਿਹਾ ਸੀ ਤੇ ਪਿੱਛੇ ਪਿੱਛੇ —ਉਸਦੇ ਪੈਰ ਚਿੰਨ੍ਹਾਂ ਉਪਰ ਪੈਰ ਧਰਦਾ ਘੋੜਾ। ਦੋਵੇਂ ਹੀ ਹਫ ਰਹੇ ਸਨ। ਮੈਂ ਸੱਜੇ ਪਾਸੇ ਦੀਆਂ ਨਜ਼ਰਾਂ ਦੀ ਹੱਦ ਤੋਂ ਵੀ ਡੂੰਘੀਆਂ ਖੱਡਾਂ-ਖਾਈਆਂ ਵੱਲੋਂ ਬੇਪਰਵਾਹ ਖਾਈਓਂ ਪਾਰ ਦੇ ਪਹਾੜਾਂ ਦੀਆਂ ਚੋਟੀਆਂ ਵੱਲ ਲਲਚਾਈਆਂ ਨਜ਼ਰਾਂ ਨਾਲ ਤਕਦਾ ਘੋੜੇ ਉਪਰ ਬੈਠਾ ਉੱਚੇ ਤੋਂ ਉੱਚਾ ਚੜ੍ਹਦਾ ਜਾ ਰਿਹਾ ਸਾਂ। ਪਹਿਲਾਂ ਲੰਮੇ ਸੰਘਣੇ ਚੀਲ ਤੇ ਦੇਵਦਾਰ ਦੇ ਬਿਰਛ ਦਿੱਸਦੇ ਸਨ, ਫਿਰ ਉਹ ਹੌਲੀ ਹੌਲੀ ਛੋਟੇ ਬਿਰਛਾਂ ਦਾ ਆਕਾਰ ਧਾਰਦੇ ਹੋਏ ਅਲੋਪ ਹੋ ਗਏ ਤੇ ਉਨ੍ਹਾਂ ਦੀ ਥਾਂ ਪਰਬਤ ਦੀਆਂ ਢਲਾਣਾਂ ਉਪਰ ਵਿਛੀ ਹੋਈ ਹਰਿਆਲੀ ਨੇ ਲੈ ਲਈ। ਫਿਰ ਉਹ ਹਰਿਆਵਲ ਵੀ ਨਾ ਰਹੀ— ਉਸ ਦੀ ਥਾਂ ਬਰਫ ਨੇ ਲੈ ਲਈ। ਪਰਬਤ ਚੋਟੀਆਂ ਉਪਰ ਬਰਫ ਸੀ। ਦੋ ਪਹਾੜੀ ਚੋਟੀਆਂ ਦੇ ਵਿਚਕਾਰ ਖਾਲੀ ਥਾਵਾਂ ਤੇ ਬਰਫ਼ ਦੀ ਚਾਦਰ ਵਾਂਗ ਵਿਛੇ ਗਲੇਸ਼ੀਅਰ ਸਨ। ਪਰਬਤਾਂ ਦੇ ਸੀਨੇ ਵਿਚੋਂ ਨਿਕਲਦੇ ਝਰਨਿਆਂ ਦਾ ਸੰਗੀਤ ਸੀ ਤੇ ਹੇਠਾਂ ਅਥਾਹ ਡੂੰਘਾਈਆਂ ਵਾਲੀਆਂ ਖੱਡਾਂ-ਖਾਈਆਂ ਵਿਚੋਂ ਦੀ ਲੰਘਦੀ ਨਦੀ ਦੀ ਧਾਰਾ। ਕਲ੍ਹ ਜਿਸ ਵੇਲੇ ਮੈਂ ਘੋੜੇ ਬਾਰੇ ਪੁੱਛ ਗਿਛ ਕਰ ਰਿਹਾ ਸਾਂ, ਓਦੋਂ ਇਕ ਅਨੁਭਵੀ ਯਾਤ੍ਰੀ ਨੇ ਮੈਨੂੰ ਪੁਛਿਆ ਸੀ— "ਤੁਹਾਨੂੰ ਕਦੇ ਬਲੱਡ ਪ੍ਰੈਸ਼ਰ ਤਾਂ ਨਹੀ ਹੋਇਆ?"

"ਨਹੀ।"

"ਦਿਲ ਦਾ ਦੌਰਾ ਕਦੀ ਪਿਆ ਏ?"

"ਨਹੀ।"

"ਤਾਂ ਫਿਰ ਤੁਸੀ ਘੋੜਾ ਬੇਸ਼ਕ ਕਰ ਲਓ। ਇਸ ਪਾਸੇ ਰਸਤਾ ਏਨਾ ਤੰਗ, ਖਤਰਨਾਕ ਤੇ ਤਿਲਕਣਾ ਏ ਕਿ ਘੋੜੇ ਦੇ ਪੈਰ ਵੀ ਕਈ ਥਾਈ ਰੱਖਣ ਜੋਗੀ ਥਾਂ ਨਹੀ ਹੁੰਦੀ ਤੇ ਖਾਈਆਂ ਏਨੀਆਂ ਡੂੰਘੀਆਂ ਨੇ ਕਿ ਹੇਠਾਂ ਨਜ਼ਰ ਜਾਂਦਿਆਂ ਈ ਸਿਰ ਨੂੰ ਚੱਕਰ ਆ ਜਾਂਦਾ ਏ। ਅਜੇ ਹੁਣੇ ਹੁਣੇ ਈ ਇਕ ਆਦਮੀ ਨੂੰ ਬੇਹੋਸ਼ੀ ਦੀ ਹਾਲਤ ਵਿਚ ਉਸਦੇ ਸਾਥੀ ਚੁਕ ਕੇ ਲਿਆਏ ਨੇ— ਬਸ, ਚੱਕਰ ਖਾ ਗਿਆ ਸੀ। ਕਈਆਂ ਦਾ ਦਿਲ ਬਸ

ਪੈਰ ਤਰਕੇ ਖਲੋ ਜਾਂਦਾ ਏ ਤੇ ਉਹ ਘੋੜੇ ਤੇ ਬੈਠੇ ਬਿਠਾਏ ਡਿਗ ਪੈਂਦੇ ਨੇ। ਉਂਜ ਘੋੜਾ ਕਦੇ ਕਿਸੇ ਨੂੰ ਆਪ ਨਹੀਂ ਡੇਗਦਾ, ਖੁਦ ਬਚਦਾ ਏ ਤੇ ਸਵਾਰ ਨੂੰ ਬਚਾ ਕੇ ਲਈ ਜਾਂਦਾ ਏ। ਬੜੇ ਸਿਧਾਏ ਹੋਏ ਹੁੰਦੇ ਨੇ ਇਹ ਘੋੜੇ।"

ਮੈ ਵਿਚ ਵਿਚ ਰਹਿਮਤ ਅਲੀ ਨੂੰ ਇਕ ਦੋ ਮਿੰਟ ਲਈ ਘੋੜਾ ਖਲਿਆਰਨ ਲਈ ਆਖਦਾ ਤੇ ਚੜ੍ਹੇ ਚੜ੍ਹਾਏ ਹੀ ਕਿਸੇ ਦ੍ਰਿਸ਼ ਨੂੰ ਕੈਮਰੇ ਵਿਚ ਬੰਦ ਕਰ ਲੈਂਦਾ। ਇਸ ਤੇ ਰਹਿਮਤ ਅਲੀ ਨੇ ਸੋਚਦਿਆਂ ਸੋਚਦਿਆਂ ਮੈਨੂੰ ਪੁੱਛ ਹੀ, ਲਿਆ, "ਤੁਸੀ ਪਹਿਲਾਂ ਘੋੜੇ ਉੱਤੇ ਬੈਠਦੇ ਰਹੇ ਓ?"

"ਤੈਨੂੰ ਕੀ ਜਾਪਦੇ?"

"ਤੁਹਾਨੂੰ ਘੋੜੇ ਉਪਰ ਚੜ੍ਹਣ ਲਗਿਆਂ ਰਕਾਬ ਵਿਚ ਪੈਰ ਧਰਕੇ ਪਲਾਕੀ ਜਿਹੀ ਮਾਰ ਕੇ ਘੋੜੇ ਦੀ ਪਿੱਠ ਤੇ ਬਹਿੰਦਿਆਂ ਵੇਖ ਕੇ ਲਗਾ ਸੀ ਕਿ ਤੁਸੀ ਪਹਿਲਾਂ ਵੀ ਘੋੜੇ ਦੀ ਸਵਾਰੀ ਕਰਦੇ ਰਹੇ ਓ। ਨਹੀਂ ਤਾਂ ਏਥੇ ਤੇ ਤੁਹਾਡੇ ਵਰਗੇ ਆਦਮੀ ਨੂੰ ਚਾਰ ਚਾਰ ਹੈਲਪਰ ਰਲਕੇ ਚੁੱਕ ਚੁੱਕ ਕੇ ਘੋੜੇ ਤੇ ਬਿਠਾਉਂਦੇ ਨੇ। ਫਿਰ ਇਕ-ਦੋ ਹੈਲਪਰ ਖਾਈ-ਖੱਡ ਵਾਲੇ ਪਾਸੇ ਨਾਲ ਨਾਲ ਤੁਰਦੇ ਉਸਨੂੰ ਫੜਕੇ ਵੀ ਰੱਖਦੇ ਨੇ। ਪਰ ਤੁਸੀ ਤੇ ਉਪਰ ਬੈਠੇ ਬੈਠੇ ਫੋਟੋਆਂ ਵੀ ਖਿੱਚੀ ਜਾਂਦੇ ਓ !"

"ਤੇਰਾਂ ਚੌਦਾਂ ਸਾਲਾਂ ਦਾ ਸਾਂ ਜਦੋਂ ਮੇਰੇ ਕੋਲ ਵੀ ਇਕ ਘੋੜਾ ਹੁੰਦਾ ਸੀ। ਅਛਾ ਤੇਰਾ ਘਰ ਕਿੱਥੇ ਐ?"

"ਅਸੀ ਸਾਰੇ ਘੋੜਿਆਂ ਵਾਲੇ ਜੰਮੂ ਦੇ ਹੀ ਆਂ। ਭੇਡਾਂ ਬਕਰੀਆਂ ਚਾਰਕੇ ਗੁਜ਼ਾਰਾ ਕਰਦੇ ਆਂ। ਗਰਮੀਆਂ ਵਿਚ ਅਸੀ ਏਧਰ ਉਪਰਲੇ ਘਾਹ ਦੇ ਮੈਦਾਨਾਂ ਵਿਚ ਭੇਡਾਂ ਬਕਰੀਆਂ ਲੈ ਆਉਣੇ ਆਂ ਤੇ ਸਰਦੀਆਂ ਵਿਚ ਘਰੀਂ ਮੁੜ ਜਾਨੇ ਆਂ। ਘੋੜਿਆਂ ਉਤੇ ਆਪਣਾ ਘਰ ਦਾ ਸਾਮਾਨ ਲੱਦ ਲਿਆਉਣੇ ਆਂ ਤੇ ਐਹ ਇਕ ਮਹੀਨਾ ਅਸੀ ਇਨ੍ਹਾਂ ਘੋੜਿਆਂ ਉਪਰ ਮੁਸਾਫਰ ਢੋਨੇ ਆਂ।"

"ਇਹ ਮੁਸਾਫਿਰ ਅਮਰਨਾਥ ਕਿਉਂ ਜਾਂਦੇ ਨੇ?"

"ਮੈਨੂੰ ਠੀਕ ਤੇ ਪਤਾ ਨਹੀਂ। ਏਨਾ ਸੁਣਿਆਂ ਏ ਕਿ ਸ਼ਿਵਜੀ ਨੇ ਅਮਰਨਾਥ ਵਾਲੀ ਗੁਫਾ ਵਿਚ ਪਾਰਬਤੀ ਨੂੰ 'ਅਮਰ' ਰਹਿਣ ਦਾ ਭੇਤ ਦੱਸਦਿਆਂ ਕੋਈ ਅਮਰ ਕਥਾ ਸੁਣਾਈ ਸੀ। ਪਰ ਪਾਰਬਤੀ ਕਥਾ ਸੁਣਦੀ ਸੁਣਦੀ ਸੌਂ ਗਈ ਸੀ। ਓਥੇ ਹੀ ਇਕ ਘੁਰਣੇ ਵਿਚ ਕਬੂਤਰ ਕਬੂਤਰੀ ਦਾ ਇਕ ਜੋੜਾ ਆਪਸ ਵਿਚ ਪਿਆਰ ਦੀ ਮੌਜ ਮਾਣ ਰਿਹਾ ਸੀ ਕਿ ਉਹ ਕਥਾ ਉਸਨੇ ਸੁਣ ਲਈ। ਜਦੋਂ ਪਾਰਬਤੀ ਜਾਗੀ ਤਾਂ ਉਸਨੇ ਸ਼ਿਵਜੀ ਨੂੰ ਅੱਗੋਂ ਕਥਾ ਸੁਣਾਨ ਲਈ ਆਖਿਆ। ਸ਼ਿਵਜੀ ਨੇ ਕਿਹਾ, "ਮੈਂ ਤੇ ਸਾਰੀ ਕਥਾ ਸੁਣਾ ਚੁੱਕਾਂ ਹਾਂ।"

"ਪਰ ਮੈਨੂੰ ਤੇ ਸ਼ੁਰੂ ਵਿਚ ਈ ਨੀਂਦ ਆ ਗਈ ਸੀ।"

"ਫਿਰ ਹੁੰਗਾਰਾ ਕੌਣ ਦੇਂਦਾ ਰਿਹਾ ਸੀ?" ਆਖ ਕੇ ਸ਼ਿਵਜੀ ਨੇ ਸ਼ੱਕ ਨਾਲ ਚਾਰ ਚੁਫੇਰੇ ਵੇਖਿਆ ਤਾਂ ਕਬੂਤਰ ਕਬੂਤਰੀ ਦਾ ਜੋੜਾ ਦਿੱਸਿਆ। ਸ਼ਿਵਜੀ ਨੇ ਕਿਹਾ, "ਉਹ

ਅਮਰ ਕਥਾ ਤਾਂ ਇਨ੍ਹਾਂ ਨੇ ਸੁਣ ਲਈ ਏ ਤੇ ਇਹ ਅਮਰ ਵੀ ਹੋ ਗਏ ਨੇ। ਹੁਣ ਹਮੇਸ਼ਾ ਇਹ ਏਥੇ ਹੀ ਰਹਿਣਗੇ। ਜਿਨ੍ਹਾਂ ਨੂੰ ਇਸ ਜੋੜੇ ਦੇ ਦਰਸ਼ਨ ਹੋਣਗੇ ਉਹ ਵੀ ਅਮਰ ਹੋ ਜਾਣਗੇ।"

"ਤੈਨੂੰ ਕਦੇ ਉਹ ਕਬੂਤਰ ਕਬੂਤਰੀ ਦਿੱਸੇ ਨੇ?" ਮੈਂ ਰਹਿਮਤ ਅਲੀ ਨੂੰ ਪੁਛਿਆ।

"ਮੈਂ ਤੇ ਕਦੇ ਗੁਫਾ ਦੇ ਅੰਦਰ ਗਿਆ ਈ ਨਹੀਂ।"

"ਕਿਉਂ, ਤੇਰਾ ਅਮਰ ਹੋਣ ਨੂੰ ਜੀ ਨਹੀਂ ਕਰਦਾ।"

"ਸਾਡੀ ਜ਼ਿੰਦਗੀ ਤੇ ਤੁਸੀਂ ਵੇਖ ਈ ਰਹੇ ਓ,– ਪਹਾੜ ਜੇਡੀ ਸਖ਼ਤ ਤੇ ਇਹਦੀਆਂ ਚੜ੍ਹਾਈਆਂ ਉਤਰਾਈਆਂ ਵਾਂਗ ਔਖੀ। ਇਸ ਜ਼ਿੰਦਗੀ ਨੂੰ ਲੰਮੀ ਕਰਨਾ ਜਾਂ ਦਾਇਮੀ ਬਣਾਉਣਾ!– ਕੀ ਸੁਖ ਏ ਇਸ ਜ਼ਿੰਦਗੀ ਵਿਚ।"

ਏਨੇ ਨੂੰ ਪਿਛੋਂ ਡਾਂਡੀਆਂ ਆ ਗਈਆਂ। ਦੋ ਮੋਟੇ ਵਾਂਸਾਂ ਦੇ ਵਿਚਕਾਰ ਬੱਧੀ ਹੋਈ ਇਕ ਕੁਰਸੀ ਉਪਰ ਕੋਈ ਬਿਰਧ ਔਰਤ ਜਾਂ ਕੋਈ ਮੋਟਾ ਤਗੜਾ ਸੇਠ ਬੈਠਦਾ ਹੈ। ਚਾਰ ਆਦਮੀ ਉਸ ਡਾਂਡੀ ਨੂੰ ਮੋਢਿਆਂ ਤੇ ਚੁਕ ਕੇ ਦੌੜਦੇ ਨੇ, ਦੋ ਜਾਂ ਚਾਰ ਆਦਮੀ ਹੋਰ ਨਾਲ ਰਹਿੰਦੇ ਨੇ ਜਿਹੜੇ ਡਾਂਡੀ ਚੁਕਣ ਦੀ ਵਾਰੀ ਦੇਂਦੇ ਨੇ। ਡੇਢ੍ਹ ਦੋ ਹਜ਼ਾਰ ਰੁਪਏ ਭਾੜਾ ਹੈ ਬਾਲਤਾਲ ਤੋਂ ਅਰਮਨਾਥ ਜਾਣ ਆਉਣ ਦਾ। ਮੈਂ ਹੁਣ ਤਕ ਘੋੜੇ ਤੇ ਉਸਦੇ ਮਾਲਿਕ ਰਹਿਮਤ ਅਲੀ ਨੂੰ ਪਹਾੜੀ ਰਾਹਾਂ ਨਾਲ ਜੂਝਦਿਆਂ ਵੇਖ ਵੇਖ ਹੀ ਸੋਚੀਂ ਪਿਆ ਹੋਇਆ ਸਾਂ ਕਿ ਉਪਰੋਂ ਐਹ ਡਾਂਡੀਆਂ ! ਬੜੀ ਮੁਸ਼ਕਿਲ ਨਾਲ ਕਿਤੇ ਇਕ ਪੈਰ ਤੇ ਕਿਤੇ ਦੋ ਪੈਰ ਧਰਨ ਦੀ ਸਿੱਧ ਪੱਧਰੀ ਥਾਂ ਵੀ ਨਾ ਦੇਣ ਵਾਲੀ ਪਗਡੰਡੀ ਉਪਰ ਚਾਰ ਚਾਰ ਆਦਮੀਆਂ ਦਾ ਇਕ ਵਿਅਕਤੀ ਨੂੰ ਮੋਢਿਆਂ ਤੇ ਚੁਕ ਕੇ ਢੋਂਦਿਆਂ ਹੋਇਆਂ ਪਹਾੜ ਦੀ ਚੋਟੀ ਉਪਰ ਚੜ੍ਹਨਾ ਤੇ ਫਿਰ ਖਾਈਆਂ ਵਿਚ ਉਤਰਨਾ !– ਇਨ੍ਹਾਂ ਮਨੁੱਖਾਂ ਤੇ ਇਨ੍ਹਾਂ ਘੋੜਿਆਂ ਦੀ ਜੂਨ ਵਿਚ ਫਰਕ ਹੀ ਕੀ ਏ? ਸ਼ਾਇਦ ਪਿਛਲੇ ਜਨਮਾਂ ਦੇ ਕਰਮਾ ਦਾ ਹੀ ਕੋਈ ਹਿਸਾਬ ਚੁਕਾ ਰਹੇ ਨੇ ਇਹ ਲੋਕ ! ਅਤੇ ਜਿਨ੍ਹਾਂ ਨੂੰ ਆਪਣੇ ਮੋਢਿਆਂ ਉਪਰ ਢੋ ਕੇ ਇਹ ਅਮਰ ਨਾਥ ਲੈ ਜਾਂਦੇ ਨੇ ! ਉਹ ਕਿਉਂ ਅਮਰ ਹੋਣਾ ਚਾਹੁੰਦੇ ਨੇ ! ਪੁੱਛਣ ਤੇ ਸ਼ਾਇਦ ਓਹਨਾਂ ਵਿਚੋਂ ਵੀ ਇਸ ਗੱਲ ਦਾ ਕੋਈ ਜਵਾਬ ਨਾ ਦੇ ਸਕੇ। ਕਈਆਂ ਨੂੰ ਅਗਲੇ ਸਫਰ ਵਿਚ ਮੈਂ ਇਹ ਗੱਲ ਪੁੱਛੀ ਵੀ ਸੀ। ਉਨ੍ਹਾਂ ਦੇ ਜਵਾਬ ਅਕਸਰ ਇਹ ਮਿਲਦੇ–

"ਮੈਂ ਯਾਤ੍ਰਾ ਸੁੱਖੀ ਹੋਈ ਸੀ।"

"ਕਿਸ ਗੱਲੋਂ?"

"ਪੁੱਤਰ ਪ੍ਰਾਪਤੀ ਲਈ।"

ਕਿਸੇ ਨੇ ਕਿਹਾ, "ਕਾਰੋਬਾਰ ਵਧਾਣ ਲਈ।" ਕਿਸੇ ਨੇ ਦੱਸਿਆ, "ਬੀਮਾਰੀ ਤੋਂ ਛੁਟਕਾਰੇ ਲਈ।" ਸਭ ਦਾ ਜਵਾਬ ਕਿਸੇ ਨਾ ਕਿਸੇ ਤਰ੍ਹਾਂ ਦੇ 'ਅਭਾਵ' ਜਾਂ 'ਦੁਖ' ਤੋਂ ਛੁਟਕਾਰਾ ਸੀ। 'ਮੁਕਤੀ' ਤਾਂ ਬਿਲਕੁਲ ਹੀ ਕਿਸੇ ਦੀ ਲੋੜ ਨਹੀਂ ਸੀ– ਕਿਉਂਕਿ ਏਥੋਂ ਮੁਕਤੀ ਨਹੀਂ, 'ਅਮਰਤਾ' ਦਾ ਵਾਅਦਾ ਮਿਲਦਾ ਹੈ। ਅਮਰਨਾਥ ਤੋਂ ਮੁੜਦਿਆਂ ਹੋਇਆ

'ਸ਼ੇਸ਼ਨਾਗ' ਵਿਚ ਦੋ ਸੱਜਣ ਤਾਂ ਇਹੋ ਜਿਹੇ ਮਿਲੇ ਸਨ— ਜਿਹੜੇ ਦਸਵੀ ਵਾਰੀ ਅਮਰਨਾਥ ਦੀ ਯਾਤਰਾ ਕਰਕੇ ਮੁੜ ਰਹੇ ਸਨ ਤੇ ਦੋ ਵਾਰੀ ਹੋਰ ਏਥੇ ਆਉਣ ਤੋਂ ਬਾਅਦ ਬਾਰਾਂ ਵਾਰੀ ਬਦਰੀ-ਕੇਦਾਰ ਦੀ ਯਾਤ੍ਰਾ ਦਾ ਕਾਰਜਕ੍ਰਮ ਬਣਾਈ ਬੈਠੇ ਸਨ। "ਕਿਸ ਲਈ ਇਹ ਯਾਤ੍ਰਾ" ਦਾ ਜਵਾਬ ਉਨ੍ਹਾਂ ਕੋਲ ਵੀ ਕੋਈ ਨਹੀ ਸੀ। "ਬੱਸ, ਇੰਜ ਸਮਝੋ ਕਿ ਜੀਵਨ ਵਿਚ ਸੁਖ ਰਹਿੰਦਾ ਏ।"

ਇਕ ਥਾਂ ਪਹੁੰਚ ਕੇ ਰਹਿਮਤ ਅਲੀ ਨੇ ਕਿਹਾ, "ਉੱਤਰੋ। ਏਥੋਂ ਚੜ੍ਹਾਈ ਬਹੁਤ ਤਿੱਖੀ ਏ ਤੇ ਰਸਤਾ ਬਹੁਤ ਤੰਗ। ਘੋੜਾ ਭਾਰ ਲੈ ਕੇ ਨਹੀ ਚੜ੍ਹ ਸਕਦਾ— ਖੱਡ ਵਿਚ ਡਿਗ ਪੈਣ ਦਾ ਖਤਰਾ ਰਹਿੰਦਾ ਏ।"

ਚੜ੍ਹਾਈ ਸਚਮੁਚ ਹੀ ਏਨੀ ਔਖੀ ਸੀ ਤੇ ਰਸਤਾ ਏਨੇ ਨਿਕੇ ਨਿਕੇ ਮੋੜਾਂ ਵਾਲਾ ਕਿ ਤੁਰ ਕੇ ਉਪਰ ਚੜ੍ਹਨਾ ਵੀ ਕਦਮ ਕਦਮ ਤੇ ਮੌਤ ਨਾਲ ਜੱਫਾ ਪੈਣ ਵਾਲੀ ਗੱਲ ਜਾਪਦੀ ਸੀ। ਮੈਨੂੰ ਬਹੁਤ ਹੀ ਔਖਿਆਂ ਚੜ੍ਹਦਿਆਂ ਵੇਖ ਕੇ ਰਹਿਮਤ ਅਲੀ ਨੇ ਇਕ ਹੱਥ ਨਾਲ ਮੈਨੂੰ ਸਹਾਰਾ ਦੇ ਕੇ ਚੜ੍ਹਾਈ ਕਰਵਾਣੀ ਸ਼ੁਰੂ ਕੀਤੀ ਤੇ ਦੂਜੇ ਨਾਲ ਘੋੜੇ ਦੀ ਲਗਾਮ ਫੜਕੇ ਉਸਨੂੰ ਆਪਣੇ ਪਿੱਛੇ ਪਿੱਛੇ ਤੋਰਨਾ। ਅੱਧਾ ਕੁ ਘੰਟਾ ਚਲਣ ਤੋਂ ਬਾਅਦ ਚੜ੍ਹਾਈ ਘਟ ਜਾਣ ਤੇ ਮੈਨੂੰ ਫਿਰ ਘੋੜੇ ਤੇ ਬਿਠਾ ਦਿੱਤਾ। ਇਕ ਥਾਂ ਫਿਰ ਰਹਿਮਤ ਅਲੀ ਨੇ ਘੋੜੇ ਤੋਂ ਉਤਰਨ ਦਾ ਹੁਕਮ ਦਿੱਤਾ—"ਉੱਤਰੋ। ਹੁਣ ਉਤਰਾਈ ਡਾਹਡੀ ਔਖੀ ਏ।" ਇਕ ਦਮ ਪਾਤਾਲ ਵਿਚ ਉਤਰਨ ਵਾਲੀ ਗੱਲ ਹੀ ਸੀ। ਉਂਜ ਅੱਜ ਬਾਰਿਸ਼ ਨਹੀਂ ਸੀ ਹੋਈ, ਜੇ ਹੋਈ ਹੁੰਦੀ ਜਾਂ ਹੋ ਰਹੀ ਹੁੰਦੀ ਤਾਂ ਇਸ ਮਿੱਟੀ ਦੇ ਤਿਲਕਣੇ ਪਹਾੜੀ ਪੈਂਡੇ ਵਿਚ ਉਤਰਾਈ ਬੜਾ ਜ਼ੁਲਮ ਢਾਉਂਦੀ। ਰਹਿਮਤ ਅਲੀ ਨੇ ਫਿਰ ਇਕ ਹੱਥ ਨਾਲ ਮੈਨੂੰ ਸਹਾਰਾ ਦਿੱਤਾ ਤੇ ਇਕ ਨਾਲ ਘੋੜੇ ਨੂੰ ਸੰਭਾਲਿਆ। ਇਹ ਸਾਡਾ ਇਕ ਤੋਂ ਦੂਜੀ ਪਹਾੜੀ ਉਪਰ ਜਾਣ ਦਾ ਇਕ ਪੜਾਵ ਸੀ। ਪੂਰੀ ਉਤਰਾਈ ਉਤਰਨ ਤੋਂ ਬਾਅਦ ਮੈਨੂੰ ਫਿਰ ਘੋੜੇ ਤੇ ਬਿਠਾ ਲਿਆ ਗਿਆ। ਅਗਲੇ ਪਹਾੜ ਦੀ ਚੜ੍ਹਾਈ ਸਾਧਾਰਨ ਸੀ। ਅੱਗੇ ਚਲ ਕੇ ਕੁਝ ਖੁਲ੍ਹੇ ਮੈਦਾਨ ਜਿਹੇ ਵਿਚ ਇਕ ਵਾਰੀ ਫਿਰ ਘੋੜੇ ਤੋਂ ਉਤਰਨਾ ਪਿਆ। ਏਥੇ ਤੰਬੂਆਂ ਵਿਚ ਲੱਗੀਆਂ ਚਾਹ ਤੇ ਖਾਣੇ ਦੀਆਂ ਦੁਕਾਨਾਂ ਸਨ। ਦੁਕਾਨ ਦੇ ਬਰਾਬਰ ਪੱਥਰਾਂ ਉਪਰ ਵਿਛੇ ਇਕ ਨਰਮ ਗੱਦੇ ਉਪਰ ਬਿਠਾ ਕੇ ਰਹਿਮਤ ਅਲੀ ਨੇ ਮੈਨੂੰ ਪੁੱਛਿਆ, "ਚਾਹ ਪੀਓਗੇ ਤੁਸੀ?"

ਮੈਂ ਦੁਕਾਨਦਾਰ ਨੂੰ ਕਿਹਾ— "ਰਹਿਮਤ ਅਲੀ ਨੂੰ ਵਧੀਆ ਜਿਹੀ ਚਾਹ ਤੇ ਬਿਸਕੁਟ ਦਿਓ, ਮੈਨੂੰ ਸਿਰਫ਼ ਚਾਹ।"

ਥੋੜ੍ਹਾ ਅਰਾਮ ਕਰਨ ਤੋਂ ਬਾਅਦ ਫਿਰ ਯਾਤ੍ਰਾ ਸ਼ੁਰੂ ਹੋ ਗਈ। ਹੁਣ ਅਸੀ ਬਰਫਾਂ ਲੱਦੀਆਂ ਪਹਾੜੀਆਂ ਤੇ ਵਿਸ਼ਾਲ ਗਲੇਸ਼ੀਅਰਾਂ ਦੇ ਵਿਚਕਾਰੋਂ ਲੰਘ ਰਹੇ ਸਾਂ। ਇਹ ਦੋ ਰਸਤਿਆਂ ਦਾ ਸੰਗਮ ਸਥਾਨ ਹੈ। ਏਥੋਂ ਇਕ ਰਸਤਾ ਅਮਰਨਾਥ ਨੂੰ ਜਾ ਰਿਹਾ ਹੈ ਤੇ ਦੂਜਾ 'ਪੰਚਤਰਨੀ' ਨੂੰ। ਥੋਹੜਾ ਹੋਰ ਅਗਾਂਹ ਜਾਣ ਤੇ ਅਮਰਗੰਗਾ ਦਾ ਪੁਲ ਆਇਆ ਤੇ ਪੁਲ ਤੋਂ ਪਾਰ ਹੁੰਦਿਆਂ ਹੀ ਇਕ ਹੋਰ ਚੜ੍ਹਾਈ। ਉਸ ਚੜ੍ਹਾਈ ਤੇ ਪਹੁੰਚਦਿਆਂ ਹੀ

ਸਾਹਮਣੇ ਅਮਰ ਨਾਥ ਦੀ ਗੁਫਾ ਦਿੱਸੀ। ਗੁਫਾ ਤੋਂ ਪਹਿਲਾਂ ਹੇਠਾਂ ਲੰਮਾ ਚੌੜਾ ਗਲੇਸ਼ੀਅਰ ਅਮਰਗੰਗਾ ਤੇ ਖੁਲ੍ਹਾ ਮੈਦਾਨ ਹੈ ਜਿਸ ਵਿਚ ਤੰਬੂਆਂ ਦਾ ਇਕ ਵਿਸ਼ਾਲ ਨਗਰ ਵੱਸਿਆ ਹੋਇਆ ਹੈ। ਗੁਫਾ ਦੇ ਉਪਰ ਫਿਰ ਤਿੰਨ ਹਜ਼ਾਰ ਫੁਟ ਉੱਚਾ ਪਰਬਤ ਸ਼ਿਖਰ ਹੈ। ਸੂਰਜ ਦੇ ਪ੍ਰਕਾਸ਼ ਵਿਚ; ਗੁਫਾ, ਉਸ ਦੇ ਹੇਠਾਂ ਤੰਬੂਆਂ ਦਾ ਨਗਰ— ਸਭ ਮਿਲ ਕੇ ਇਕ ਅਜਬ ਜਗਤ ਪਰਤੀਤ ਹੋ ਰਿਹਾ ਸੀ। ਮੇਰੇ ਤਨ ਮਨ ਵਿਚ ਇਕ ਰੋਮਾਂਚ, ਇਕ ਤ੍ਰਿਪਤੀ ਦਾ ਆਨੰਦ ਜਾਗ ਉਠਿਆ। ਮੇਰੇ ਇਸ ਸਫਰ ਦੀ ਮੰਜ਼ਿਲ ਸਾਹਮਣੇ ਸੀ। ਕੋਈ ਤੀਹ ਸਾਲ ਤੋਂ ਮੈਂ ਕਾਸ਼ਮੀਰ ਤੇ ਕਾਸ਼ਮੀਰ ਅੰਦਰ ਅਮਰ ਨਾਥ ਪਹੁੰਚਣ ਦੀ ਚਾਹ ਸੰਜੋ ਸੰਜੋ ਕੇ ਰੱਖੀ ਹੋਈ ਸੀ। ਅੱਜ ਉਹ ਚਾਹ ਵਿਲੱਖਣ ਰੂਪ ਵਿਚ ਪੂਰੀ ਹੋ ਰਹੀ ਸੀ। ਲੱਗਾ, ਜਿਵੇਂ ਇਸ ਚੌਗਿਰਦੇ ਦਾ, ਇਸ ਅਲੌਕਿਕ ਜਗਤ ਦਾ ਰਚਨ ਹਾਰ ਸਾਹਮਣੇ ਖੜਾ ਮੁਸਕਰਾ ਕੇ ਜਿਉ ਆਇਆਂ ਆਖ ਕੇ ਆਪਣੇ ਆਲਿੰਗਨ ਵਿਚ ਲੈਣ ਲਈ ਅੱਗੋਂ ਵਾਲੀ ਆ ਰਿਹਾ ਹੈ।

ਹੁਣ ਫਿਰ ਉਤਰਾਈ ਸੀ ਤੇ ਹੇਠਾਂ ਪਹਾੜ ਦੇ ਪੈਰਾਂ ਵਿਚ ਗਲੇਸ਼ੀਅਰ। ਘੋੜਾ ਉਸ ਦੇ ਉਪਰੋਂ ਦੀ ਲੰਘ ਕੇ— ਤੰਬੂਆਂ ਦੇ ਨਗਰ ਦੇ ਵਿਚੋਂ ਦੀ ਫਿਰ ਉਪਰ ਗੁਫਾ ਵੱਲ ਨੂੰ ਚੜ੍ਹ ਰਿਹਾ ਸੀ। ਹਾਲਾਂ ਕਿ ਰਸਤਾ ਇਹੋ ਜਿਹੇ ਪੱਥਰਾਂ ਨਾਲ ਅੱਟਿਆ ਪਿਆ ਸੀ ਜਿਨ੍ਹਾਂ ਦੇ ਉਪਰੋਂ ਦੀ ਲੰਘਣਾ ਮੁਹਾਲ ਲਗਦਾ— ਪਰ ਰਹਿਮਤ ਅਲੀ ਦੀ ਕੋਸ਼ਿਸ਼ ਸੀ ਕਿ ਮੈਨੂੰ ਗੁਫਾ ਤਕ ਸਿੱਧੀ ਚੜ੍ਹਾਈ ਚੜ੍ਹਨ ਤੋਂ ਜਿਥੋਂ ਤਕ ਹੋ ਸਕੇ ਬਚਾ ਲਵੇ। ਰਹਿਮਤ ਅਲੀ ਤੀਹਾਂ ਪੈਤੀਆਂ ਦਾ ਸੀ ਤੇ ਮੈਂ ਉਸ ਤੋਂ ਦੁਗਣਾ। ਪਰ ਉਸਦਾ ਸਾਰੇ ਰਸਤੇ ਦਾ ਮੇਰੇ ਪ੍ਰਤੀ ਰਵੱਈਆ ਉਸ ਦੇ ਆਪਣੇ ਅੰਞਾਣੇ ਬਾਲ ਵਰਗਾ ਰਿਹਾ ਸੀ। ਹਰ ਮੁਸ਼ਕਿਲ ਤੋਂ, ਹਰ ਔਖੀ ਘਾਟੀ ਤੋਂ ਬਚਾਉਂਦਿਆਂ, ਸਹਾਰਾ ਦੇਂਦਿਆਂ ਉਹ ਮੈਨੂੰ ਗੁਫਾ ਦੇ ਬਿਲਕੁਲ ਨੇੜੇ ਤਕ ਲੈ ਗਿਆ।" ਬਸ, ਇਸ ਤੋਂ ਅਗਾਂਹ ਘੋੜਾ ਨਹੀਂ ਜਾ ਸਕਦਾ," ਕਹਿਕੇ ਮੈਨੂੰ ਉਤਰਨ ਲਈ ਕਿਹਾ। ਫਿਰ ਦੱਸਿਆ ਕਿ "ਇਹਨਾਂ ਤੰਬੂਆਂ ਵਾਲੀਆਂ ਦੁਕਾਨਾਂ ਵਿਚ ਖਾਣ-ਪਾਣ ਦੇ ਨਾਲ ਨਾਲ ਰਾਤ ਰਹਿਣ ਦਾ ਬੰਦੋਬਸਤ ਵੀ ਹੈ ਵੇ। ਸਭਨਾ ਤੰਬੂਆਂ ਉੱਤੇ ਨੰਬਰ ਲੱਗੇ ਹੋਏ ਨੇ। ਕਿਸੇ ਵਿਚ ਵੀ ਸਾਮਾਨ ਰਖਕੇ ਉਪਰ ਗੁਫਾ ਦੇ ਦਰਸ਼ਨ ਕਰ ਆਓ। ਤੰਬੂ ਦਾ ਨੰਬਰ ਜ਼ਰੂਰ ਯਾਦ ਰਖਣਾ।"

ਅਮਰਨਾਥ ਦੀ ਗੁਫਾ

ਸਾਹਮਣੇ ਹੀ ਇਕ ਤੰਬੂ ਵਿਚ ਰਹਿਮਤ ਅਲੀ ਨੇ ਮੇਰਾ ਸਾਮਾਨ ਰੱਖ ਦਿੱਤਾ ਤੇ ਦੁਕਾਨਦਾਰ ਨੇ ਬਹਿਣ ਲਈ ਕਪੜਾ ਵਿਛਾ ਦਿੱਤਾ। ਸਫਰ ਦਾ ਭਾੜਾ ਚੁਕਾਉਣ ਤੋਂ ਪਹਿਲਾਂ ਮੈਂ ਰਹਿਮਤ ਅਲੀ ਨੂੰ ਪੁਛਿਆ, "ਚਾਹ ਪੀਏਂਗਾ?"

"ਜੇ ਤੁਸੀ ਪੀਓਗੇ ਤਾਂ ਮੈਂ ਵੀ ਪੀ ਲਾਂਗਾ। ਪਰ ਤੁਸਾਂ ਪਹਿਲਾਂ ਭੋਲੇ ਨਾਥ ਦੇ ਦਰਸ਼ਨ ਨਹੀਂ ਕਰਨੇ?"

"ਮੇਰਾ ਭੋਲਾ ਨਾਥ ਤੇ ਤੂੰ ਈ ਏਂ ਰਹਿਮਤ ਅਲੀ। ਪਹਿਲਾਂ ਤੇਰੀ ਸੇਵਾ, ਫਿਰ ਉਸ ਭੋਲੇ ਨਾਥ ਨੂੰ ਮਿਲਾਂਗਾ।"

ਚਾਹ ਤੇ ਬਿਸਕੁਟ ਛੱਕ ਕੇ ਰਹਿਮਤ ਅਲੀ ਪਰਸੰਨ ਸੀ। ਮੈਂ ਵੀ ਪਰਸੰਨ ਸਾਂ ਕਿ ਮੇਰੇ ਰਾਹਬਰ ਨੇ ਮੈਨੂੰ ਠੀਕ ਮੰਜ਼ਿਲ ਉਪਰ ਪੁਚਾ ਦਿੱਤਾ ਏ। ਚਾਹ ਤੋਂ ਬਾਅਦ ਭਾੜੇ ਦੇ ਪੈਸੇ ਦੇਣ ਲਗਿਆਂ ਸਾਰੇ ਰਸਤੇ ਵਿਚ ਉਸਦਾ ਤੇ ਉਹਦੇ ਘੋੜੇ ਦਾ ਪੱਥਰਾਂ ਨਾਲ ਘੋਲ ਮੇਰੀਆਂ, ਅੱਖਾਂ ਅਗੇ ਫਿਰ ਸਾਕਾਰ ਹੋ ਉਠਿਆ। ਕੁਝ ਨੋਟ ਹੀ ਵੱਧ ਦੇ ਸਕਦਾ ਸਾਂ ਉਸ ਹਾਲਤ ਵਿਚ, ਰਹਿਮਤ ਅਲੀ ਨੂੰ ਉਨ੍ਹਾਂ ਪੈਂਡਿਆਂ ਤੋਂ ਛੁਟਕਾਰਾ ਨਹੀ ਸਾਂ ਦਿਵਾ ਸਕਦਾ। ਜਿਹੜੇ ਉਹਦੇ ਲਈ ਨਿਤ ਦੀ ਜਾਨ ਤੋੜਵੀ ਹੋਣੀ ਸਨ ਤੇ ਜਿਨ੍ਹਾਂ ਕਰਕੇ ਉਹ ਜਵਾਨੀ ਵਿਚ ਹੀ ਪੰਜਾਹਾਂ ਦਾ ਲਗ ਰਿਹਾ ਸੀ।

16 ਕੁ ਹਜ਼ਾਰ ਫੁਟ ਦੀ ਉਚਾਈ ਤੇ ਅਤਿ-ਉੱਚੇ ਪਹਾੜਾਂ ਵਿਚ ਘਿਰੀ ਗੁਫਾ ਤਕ ਜਾਣ ਲਈ ਕੁਝ ਪੱਥਰਾਂ ਤੇ ਕੁਝ ਪੌੜੀਆਂ ਵਾਲਾ ਰਸਤਾ ਹੈ। ਏਨੀ ਉਚਾਈ ਉਤੇ ਰੁੱਖਾਂ ਦੀ ਅਨਹੋਂਦ ਕਰਕੇ ਔਕਸੀਜਨ ਦੀ ਕੁਝ ਘਾਟ ਰਹਿੰਦੀ ਹੀ ਹੈ। ਇਸ ਕਰਕੇ ਦਮ ਵੀ ਫੁਲਦਾ ਹੈ। ਸੋ ਹੌਲੀ ਹੌਲੀ ਕਦਮ ਰੱਖਦਾ ਮੈਂ ਗੁਫਾ ਤਕ ਪੁੱਜਾ। ਪਹਿਲਾਂ ਗੁਫਾ ਦਾ ਬਰਾਂਡਾ ਹੈ। ਬਰਾਂਡੇ ਵਿਚ ਲੋਹੇ ਦਾ ਇਕ ਜੰਗਲਾ ਹੈ ਤੇ ਜੰਗਲੇ ਤੋਂ ਪਾਰ ਅਸਲ ਗੁਫਾ। ਗੁਫਾ ਦਾ ਮੂੰਹ ਉੱਤਰ-ਪੱਛਮ ਵੱਲ ਹੈ। ਉਸ ਦਾ ਘੇਰਾ ਕੋਈ ਡੇਢ੍ਹ ਕੁ ਸੌ ਫੁਟ ਤੇ ਡੂੰਘਾਈ ਚਾਲੀ ਕੁ ਫੁਟ। ਗੁਫਾ ਦੀ ਉਚਾਈ ਪੰਜਾਹ ਕੁ ਫੁਟ ਹੈ। ਬਰਾਂਡੇ ਵਿਚ ਸੱਜੇ ਪਾਸੇ ਫਿਰ ਇਕ ਉੱਚੇ ਮੰਚ ਉਪਰ ਇਕ ਹੋਰ ਜੰਗਲੇ ਅੰਦਰ ਪੁਜਾਰੀ-ਪੰਡਿਤ ਬੈਠੇ , ਜੰਗਲੇ ਦੇ ਛੋਟੇ ਮੂੰਹ ਵਿਚੋਂ ਦੀ ਦੋਹੀ ਦੋਹੀ ਹੱਥੀ ਸ਼ਰਧਾਲੂਆਂ ਦੇ ਹੱਥਾਂ ਵਿਚੋਂ ਪਰਸਾਦ ਦੀਆਂ ਥੈਲੀਆਂ ਤੇ ਨੋਟ ਫੜ ਫੜ ਕੇ ਅਗਲੇ ਹੱਥਾਂ ਵਿਚ ਦੇਈ ਜਾ ਰਹੇ ਸਨ। ਉਹ ਅਗਲੇ ਹੱਥ ਨੋਟ ਇਕ ਬੰਨੇ ਰੱਖਕੇ ਸ਼ਰਧਾਲੂਆਂ ਨੂੰ ਪੁੱਛ ਕੇ ਪਰਸਾਦ ਵਿਚੋਂ ਕੁਝ ਹਿੱਸਾ ਮੋੜ ਦੇਂਦੇ ਜਾਂ ਆਖਣ ਤੇ ਪੂਰਾ ਪਰਸਾਦ ਹੀ ਪਰਸਾਦ ਦੀ ਵੱਡੀ ਢੇਰੀ ਉਪਰ ਵਗਾਹ ਮਾਰਦੇ। ਸ਼ਰਧਾਲੂ ਓਥੋਂ ਹੀ ਮੱਥਾ ਟੇਕ ਕੇ ਸ਼ਿਵਲਿੰਗ ਦੇ ਦਰਸ਼ਨ ਲਈ ਉਸ ਦੂਜੇ ਜੰਗਲੇ ਤੋਂ ਪਾਰ ਗੁਫਾ ਦੇ ਹਨੇਰੇ ਵੱਲ ਝਾਕਦੇ। ਮੈਂ ਵੀ ਝਾਕਿਆ, ਨੀਝ ਲਗਾ ਕੇ ਵੇਖਣ ਦੀ ਕੋਸ਼ਿਸ਼ ਵੀ ਕੀਤੀ– ਫਿਰ ਕਿਸੇ ਦੂਜੇ ਕੋਲੋਂ ਪੁੱਛਿਆ, "ਸ਼ਿਵਲਿੰਗ ਕਿੱਥੇ ਐ?"

"ਇਹ ਤੇ ਮੱਸਿਆ ਦੇ ਦਿਨ ਨੇ। ਪੁੰਨਿਆਂ ਵਾਲੇ ਦਿਨ ਲਿੰਗ ਸੰਪੂਰਨ ਆਕਾਰ ਵਿਚ ਤਿੰਨ-ਚਾਰ ਫੁਟ ਦਾ ਹੁੰਦਾ ਏ। ਫਿਰ ਹੌਲੀ ਹੌਲੀ ਬਰਫ਼ ਖੁਰਦਿਆਂ ਖੁਰਦਿਆਂ ਮੱਸਿਆ ਤੇ ਆਣ ਕੇ ਪੂਰੀ ਤਰ੍ਹਾਂ ਖ਼ਤਮ ਹੋ ਜਾਂਦਾ ਏ। ਚਾਨਣੇ ਪੱਖ ਵਿਚ ਬਣਨਾ ਸ਼ੁਰੂ ਹੁੰਦਾ ਏ– ਨ੍ਹੇਰੇ ਪੱਖ ਵਿਚ ਖੁਰਨਾ।" ਓਸੇ ਸੱਜਣ ਨੇ ਹੀ ਫਿਰ ਮੈਨੂੰ ਗੁਫਾ ਦੀ ਦੀਵਾਰ ਵਿਚ ਇਕ ਘੁਰਨਾ ਵਿਖਾਉਂਦਿਆਂ ਦੱਸਿਆ, "ਐਸ ਘੁਰਨੇ ਵਿਚ ਕਬੂਤਰ ਕਬੂਤਰੀ ਦਾ ਉਹ ਜੋੜਾ ਰਹਿੰਦਾ ਏ, ਜਿਹੜਾ ਸ਼ਿਵਜੀ ਕੋਲੋਂ ਅਮਰ ਕਥਾ ਸੁਣ ਕੇ ਅਮਰ ਹੋ ਗਿਆ ਏ। ਕਦੇ ਕਦੇ ਪੁੰਨਿਆਂ ਵਾਲੇ ਦਿਨ ਕਿਸੇ ਕਿਸੇ ਨੂੰ ਦਰਸ਼ਨ ਹੁੰਦੇ ਨੇ ਉਸਦੇ।"

ਮੈਂ ਪਰਸਾਦ ਦਾ ਮੋੜਵਾਂ ਅੰਸ਼ ਲਿਆ ਨਹੀ ਸੀ। ਪੁਛਣ ਤੇ ਆਖਿਆ ਸੀ– "ਏ

ਥੇ ਹੀ ਚੜ੍ਹਾ ਦਿਓ ਸਾਰਾ।" ਵਾਪਸ ਲਿਜਾਣਾ ਵੀ ਕੀਹਦੇ ਲਈ ਸੀ? ਕੋਈ ਸੁੱਖਣਾ ਮੈਂ ਸੁੱਖੀ ਹੋਈ ਨਹੀਂ ਸੀ। ਲਟਾਕਾ ਪਿੱਛੇ ਕੋਈ ਹੈ ਨਹੀਂ। ਮੰਗ ਵੀ ਮੇਰੀ ਕੋਈ ਨਹੀਂ ਸੀ--ਨਾ ਧਨ ਦੀ, ਨਾ ਸਵਰਗ ਦੀ ਤੇ ਨਾ ਹੀ ਅਮਰਤਾ ਦੀ। ਇਸ ਵੇਲੇ ਸਿਰਫ ਦੋ ਗੱਲਾਂ ਮਨ ਵਿਚ ਸਨ— ਸ਼ਿਵਲਿੰਗ ਦੇ ਦਰਸ਼ਨ ਅਤੇ ਅਮਰ ਕਥਾ ਬਾਰੇ ਜਿਗਿਆਸਾ। ਸ਼ਿਵਲਿੰਗ ਮੱਸਿਆ ਦਾ ਨੇੜ ਹੋਣ ਕਰਕੇ ਹੈ ਨਹੀਂ ਸੀ। (ਉਂਜ ਪਤਾ ਲਗਾ ਸੀ ਹੋਰਨਾਂ ਕਈਆਂ ਕੋਲੋਂ—ਕਿ ਜ਼ਰੂਰੀ ਨਹੀਂ ਪੁੰਨਿਆਂ ਨੂੰ ਵੀ ਹੁੰਦਾ ਹੀ ਹੋਵੇ, ਨਹੀਂ ਵੀ ਹੁੰਦਾ ਕਈ ਵਾਰੀ।) ਦੱਸਿਆ ਗਿਆ ਕਿ ਉਪਰੋਂ ਗੁਫਾ ਦੀ ਛੱਤ ਵਿਚੋਂ ਪਾਣੀ ਦੀਆਂ ਬੂੰਦਾਂ ਇਸ ਹਿਸਾਬ ਨਾਲ ਹੀ ਹੇਠਾਂ ਡਿਗਦੀਆਂ ਨੇ ਕਿ ਬਰਫ ਦਾ ਲਿੰਗ ਬਣ ਜਾਂਦਾ ਹੈ।

ਕਬੂਤਰ ਕਬੂਤਰੀ ਵੀ ਮੈਨੂੰ ਓਥੇ ਫਿਰਦਿਆਂ ਟੁਰਦਿਆਂ ਦਿੱਸੇ ਕੋਈ ਨਾ। ਫਿਰ ਵੀ ਅਮਰ ਕਥਾ ਬਾਰੇ ਮੇਰੀ ਜਿਗਿਆਸਾ ਪਰਬਲ ਸੀ। 'ਕੀ ਹੈ ਉਹ ਅਮਰ ਕਥਾ ਜਿਸਨੂੰ ਸੁਣ ਕੇ ਕਬੂਤਰ ਕਬੂਤਰੀ ਅਮਰ ਹੋ ਗਏ ਤੇ ਏਥੇ ਆਉਣ ਵਾਲਿਆਂ ਲਈ ਅਮਰ ਹੋ ਜਾਣ ਦਾ ਵਰ ਵੀ ਹੈ।

ਕਾਸ਼ਮੀਰ ਸ਼ੈਵ ਸਾਧਕਾਂ ਦੀ ਤਪੋ ਭੂਮੀ ਰਹੀ ਹੈ। ਇਸ ਦੇ ਇਨ੍ਹਾਂ ਪਹਾੜਾਂ ਤੇ ਕੰਦਰਾਵਾਂ ਵਿਚ ਸਾਧਕਾਂ ਨੇ ਸਾਧਨਾ ਕਰਦਿਆਂ ਤੇ ਜੋਗੀਆਂ ਨੇ ਜੋਗ ਕਮਾਉਂਦਿਆਂ ਪ੍ਰਕ੍ਰਿਤੀ ਦੇ ਰਹੱਸ ਜਾਣੇ ਤੇ ਤੰਤਰਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਸਾਧਕਾਂ ਦੇ ਵੇਖਦਿਆਂ ਵੇਖਦਿਆਂ ਹੀ ਬੜੇ ਭਿਆਨਕ ਕਾਂਡ ਹੋਏ। ਇਨ੍ਹਾਂ ਰਾਹਾਂ ਥਾਣੀ ਹਿਮਾਲੈ ਪਾਰੋਂ ਸ਼ਕ, ਹੂਣ, ਤੁਰਕ ਤੇ ਤਾਤਾਰ ਆਏ। ਮਿਹਰ ਗੁਲ ਚੰਗੇਜ਼ ਖਾਂ ਤੇ ਹੋਰ ਅਨੇਕਾਂ ਜਾਬਰ ਲੁਟੇਰੇ ਮੱਧ ਏਸ਼ੀਆਂ ਵਿਚੋਂ ਆਉਂਦੇ ਤੇ ਮਾਰ ਧਾੜ ਕਰਦੇ ਰਹੇ। ਅਫਗਾਨਾਂ ਤੁਰਕਾਂ ਨੇ ਕਸ਼ਮੀਰ ਦੇ ਲੋਕਾਂ ਦਾ ਜਬਰੀ ਧਰਮ ਬਦਲਿਆ, ਇਸ਼ਟ ਬਦਲ ਦਿੱਤਾ। ਇਹ ਸਭ ਇਸ ਲਈ ਹੋ ਸੱਕਿਆ ਕਿ ਲੋਕ ਸਾਹਵੇਂ ਖਲੋ ਕੇ ਮਰਨ ਤੋਂ ਡਰਦੇ ਰਹੇ। ਲੋਕਾਂ ਦੀ ਇਸ ਕਾਇਰ ਬਿਰਤੀ ਨੂੰ ਬਦਲਕੇ ਤਣਕੇ ਖਲੋਣ ਦੀ ਸਮਰੱਥਾ ਪੈਦਾ ਕਰਨ ਲਈ ਹੀ ਉਨ੍ਹਾਂ ਸਾਧਕਾਂ ਜੋਗੀਆਂ ਨੇ ਸ਼ਿਵ-ਪਾਰਬਤੀ ਦੀ ਕਥਾ ਪਰੰਪਰਾ ਵਿਚ ਸ੍ਰਿਸ਼ਟੀ ਸਥਿਤੀ ਤੇ ਪਰਲੋ ਦੇ ਸਦੀਵੀ ਚੱਕਰ ਦੀ ਕਥਾ ਦੱਸਦਿਆਂ ਮੌਤ ਦੇ ਡਰ ਨੂੰ ਤਿਆਗ ਕੇ ਅਮਰ ਪਦਵੀ ਪਾਉਣ ਦਾ ਰਹੱਸ ਹੀ ਸ਼ਾਇਦ ਇਸ ਗੁਫਾ ਨਾਲ ਜੋੜ ਕੇ ਦੱਸਿਆ ਸੀ। ਇਸ ਗੁਫਾ ਬਾਰੇ ਜਾਣਕਾਰੀ ਜ਼ਰੂਰ ਪਹਿਲਾਂ ਵੀ ਰਹੀ ਹੋਵੇਗੀ— ਪਰ ਦੂਰ ਉਜਾੜ ਵਿਚ ਬਰਫੀਲੇ ਮਾਰੂ ਕੁਦਰਤੀ ਹਮਲਿਆਂ ਕਾਰਨ-ਇਹ ਜਾਣਕਾਰੀ ਵਿੱਸਰ ਗਈ ਹੋਵੇਗੀ। ਦੋ ਕੁ ਸੌ ਸਾਲ ਤੋਂ ਹੁਣ ਇਹ ਬਾਕਾਇਦਾ ਧਿਆਨ ਵਿਚ ਹੈ ਤੇ ਕਈ ਪ੍ਰਕਾਰ ਦੀਆਂ ਅਮਰ ਕਥਾਵਾਂ ਇਸ ਨਾਲ ਜੁੜ ਗਈਆਂ ਨੇ।

ਗੁਫਾ ਦੇ ਬਰਾਂਡੇ ਵਿਚ ਖਲੋ ਕੇ ਕੁਝ ਚਿਰ ਸਾਹਮਣੇ ਤੇ ਸੱਜੇ-ਖੱਬੇ ਦੇ ਪਹਾੜਾਂ ਨੂੰ ਅਚੰਭੇ ਨਾਲ ਵੇਖਦਾ ਰਿਹਾ ਸਾਂ। ਏਥੋਂ ਦੇ ਪਹਾੜਾਂ ਦੇ ਰੰਗ ਤੇ ਆਕਾਰ ਇਹੋ ਜਿਹੇ ਨੇ— ਜਿਹੋ ਜਿਹੇ ਪਿਛਲੇ ਲੱਦਾਖ ਦੇ ਪੰਦਰਾਂ ਦਿਨਾਂ ਦੇ ਸਫਰ ਵਿਚ ਇਕ ਵਾਰੀ ਵੀ ਵੇਖਣ ਵਿਚ ਨਹੀਂ ਸਨ ਆਏ। ਹਾਲਾਂ ਕਿ ਉਨ੍ਹਾਂ ਪਹਾੜਾਂ ਦੇ ਰੰਗਾਂ ਤੇ ਆਕਾਰਾਂ ਦੀ

ਵਿਵਿਧਤਾ ਬੇਮਿਸਾਲ ਹੈ। ਏਥੇ ਅਮਰ ਨਾਥ ਵਿਚ ਦੋਹਾਂ ਪਾਸਿਆਂ ਦੇ ਪਾਹੜਾਂ ਵਿਚਕਾਰ ਇਕ ਲੰਮਾ ਚੌੜਾ ਗਲਿਆਰਾ ਜਿਹਾ ਕੁਦਰਤ ਨੇ ਬਣਾਇਆ ਹੋਇਆ ਹੈ। ਉੱਚੇ ਸਿੱਧੇ ਖੜੇ ਚੱਟਾਨੀ ਪਹਾੜਾਂ ਉਪਰ ਮੂਰਤੀਆਂ ਉੱਕਰੀਆਂ ਲਗਦੀਆਂ ਨੇ। ਸਾਹਮਣੇ ਖੜੇ ਪਹਾੜਾਂ ਦੇ ਇਕ ਪਾਸੇ ਏਨੀ ਗੂਹੜੀ ਕਲਿੱਤਣ ਹੈ ਜਿਵੇਂ ਇਨ੍ਹਾਂ ਉਪਰ ਕਾਲੀ ਸਿਆਹੀ ਡੋਹਲ ਦਿੱਤੀ ਗਈ ਹੋਵੇ। ਨਾਲ ਹੀ ਦੂਜੇ ਪਾਸੇ ਦੇ ਪਹਾੜ ਹਰੀ, ਜੋਗੀਆ ਤੇ ਨੀਲੀ ਭਾਹ ਮਾਰਦੇ ਆਪਣੀ ਵਖਰੀ ਹੋਂਦ ਜਤਾਉਂਦੇ ਲਗਦੇ। ਦੋਹਾਂ ਪਾਸਿਆ ਦੇ ਪਹਾੜਾਂ ਨੂੰ ਮਿਲਾਣ ਵਾਲੀਆਂ ਨਿਵਾਣਾਂ ਦੇ ਵਿਚੋਂ ਦੀ ਫਿਰ ਉਨ੍ਹਾਂ ਦੇ ਪਿਛਲੇ ਪਹਾੜ ਸਿਰ ਉੱਚਾ ਕਰੀ ਦਿੱਸਦੇ। ਰੰਗ ਸੁਰੰਗੇ ਪਹਾੜਾਂ ਦੇ ਉਪਰ ਕਿਧਰੇ ਚਿੱਟੇ ਤੇ ਕਿਧਰੇ ਸੁਰਮਈ ਬੱਦਲ ਆਕਾਸ਼ ਦੀ ਗੂਹੜੀ ਨੀਲੱਤਣ ਨੂੰ ਕਦੇ ਕੱਜ ਕੇ ਕਦੇ ਉਘਾੜ ਕੇ ਇਹੋ ਜਿਹਾ ਮਾਹੌਲ ਸਿਰਜ ਰਹੇ ਸਨ ਜਿਸ ਵਿਚ ਸਾਰਾ ਆਲਾ ਦੁਆਲਾ ਜਿਊਂਦਾ ਜਿਊਂਦਾ ਤੇ ਗੱਲਾਂ ਕਰਦਾ ਲੱਗ ਰਿਹਾ ਸੀ। ਏਥੇ ਇਹ ਨਹੀ ਸੀ ਜਾਪਦਾ ਕਿ ਮੈਂ ਜੜ ਪ੍ਰਕ੍ਰਿਤੀ ਦਾ ਸਥਾਵਰ ਰੂਪ ਵੇਖ ਰਿਹਾ ਹਾਂ— ਸਗੋਂ ਏਥੇ ਪ੍ਰਕਿਤੀ ਆਪਣੇ ਪੂਰੇ ਰੌਂ ਵਿਚ ਇਹ ਸਮਝਾਣ ਦਾ ਜਤਨ ਕਰ ਰਹੀ ਲਗਦੀ ਸੀ ਕਿ ਜੜ ਕੁਝ ਵੀ ਨਹੀਂ, ਸਭ ਚੇਤਨ ਹੀ ਚੇਤਨ ਹੈ। ਮਨ ਵਿਚ ਆਈ, ਜਿਹੜੇ ਰਾਤ ਦੇ ਹਨੇਰੇ ਵਿਚ ਆਏ ਤੇ ਸਵੇਰੇ ਸੂਰਜ ਉਗਣ ਤੋਂ ਪਹਿਲਾਂ ਹੀ ਪਰਤ ਗਏ ਨੇ— ਉਹ ਕਿਉਂ ਆਏ? ਉਨ੍ਹਾਂ ਨੇ ਕੀ ਪਾਇਆ?

ਕੁਝ ਸਮਾਂ ਉਸ ਸਾਰੀ ਦਰਿਸ਼ਾਵਲੀ ਨੂੰ ਨਿਹਾਰ ਕੇ ਹੌਲੀ ਹੌਲੀ ਹੇਠਾਂ ਉਤਰਨਾ ਸ਼ੁਰੂ ਕੀਤਾ।

ਨੇੜੇ ਹੀ ਪੌੜੀਆਂ ਦੇ ਇਕ ਪਾਸੇ ਇਕ ਤੰਬੂ ਵਿਚ ਲੰਗਰ ਸੀ। ਪੂੜੀਆਂ ਕੜਾਹ, ਛੋਲਿਆਂ ਤੇ ਚਾਹ ਦਾ। ਇਹ ਲੰਗਰ ਕਿਸੇ ਪੰਜਾਬੀ ਵੱਲੋਂ ਚਲ ਰਿਹਾ ਸੀ। ਸੇਵਾਦਾਰ ਆਉਂਦੇ ਜਾਂਦੇ ਯਾਤ੍ਰੀਆਂ ਨੂੰ ਲੰਗਰ ਛਕਣ ਲਈ ਆਖਦੇ ਤੇ ਫਿਰ ਥਾਲੀਆਂ ਵਿਚ ਪਰੋਸ ਕੇ ਹੱਥ ਫੜਾ ਦੇਂਦੇ। ਕੋਈ ਪੌੜੀਆਂ ਦੇ ਇਕ ਪਾਸੇ ਬਹਿ ਕੇ ਛਕਣ ਲਗ ਜਾਂਦਾ ਤੇ ਕੋਈ ਖੜਾ ਖੜੋਤਾ ਹੀ। ਮੈਂ ਵੀ ਦੁਪਹਿਰ ਦਾ ਭੋਜਨ ਓਥੇ ਹੀ ਕੀਤਾ ਤੇ ਫਿਰ ਆਪਣੇ ਵਿਸਰਾਮ-ਤੰਬੂ ਵਿਚ ਆਣ ਕੇ ਬਹਿ ਗਿਆ। ਮੇਰੇ ਸਾਥੀ ਡਾ: ਮਨਜੀਤ ਤੇ ਰਾਮ ਕ੍ਰਿਸ਼ਨ ਅਜੇ ਤਕ ਪਹੁੰਚੇ ਨਹੀਂ ਸਨ। ਸੋ ਓਥੇ ਬਹਿ ਕੇ ਉਨ੍ਹਾਂ ਨੂੰ ਉਡੀਕਣ ਲਗਾ। ਅੱਧੇ ਕੁ ਘੰਟੇ ਬਾਅਦ ਉਹ ਆ ਗਏ। ਅਮਰ ਗੰਗਾ ਵਿਚ ਇਸ਼ਨਾਨ ਕਰਕੇ ਲੰਗਰ ਛਕਣ ਦਾ ਕੰਮ ਉਹ ਪਿਛੇ ਹੀ ਮੁਕਾ ਆਏ ਸਨ, ਹੁਣ ਉਪਰ ਗੁਫਾ ਦੇ ਦਰਸ਼ਨ ਲਈ ਜਾ ਰਹੇ ਸਨ। ਮੈਂ ਓਥੇ ਹੀ ਬੈਠਾ ਬੈਠਾ ਦਰਸ਼ਨਾਰਥੀਆਂ ਨੂੰ ਵੇਖਦਾ ਰਿਹਾ। ਸ਼ਰਧਾ ਭਾਵਨਾ ਓਥੇ ਆਪਣੇ ਵਿਲੱਖਣ ਰੂਪ ਵਿਚ ਦਿੱਸ ਰਹੀ ਸੀ।

ਭਾਰਤ ਵਿਚ ਜਾਂ ਸ਼ਾਇਦ ਸਾਰੀ ਦੁਨੀਆਂ ਵਿਚ ਹੀ ਇਹ ਗੱਲ ਵੇਖਣ ਵਿਚ ਆਉਂਦੀ ਹੈ ਕਿ ਤੀਰਥ ਸਥਾਨ ਜਿੰਨਾ ਜ਼ਿਆਦਾ ਦੂਰ, ਜਿੰਨੀ ਜ਼ਿਆਦਾ ਉਚਾਈ ਉਪਰ ਅਤੇ ਨਦੀ-ਸਰੋਵਰ ਦੇ ਕੰਢੇ ਉਤੇ ਹੋਵੇ, ਜਿੰਨਾ ਜ਼ਿਆਦਾ ਸਰੀਰਕ ਤੇ ਮਾਇਕ ਕਸ਼ਟ ਓਥੇ ਪੁਹੰਚਣ ਲਈ ਸਹਿਣਾ ਪਵੇ— ਪੁੰਨ ਤੇ ਫਲ ਵੀ ਉਸਦਾ ਓਨਾ ਹੀ ਜ਼ਿਆਦਾ ਸਨ

ਮਿਲਦਾ ਹੈ। ਭਾਰਤ ਦੇ ਬਹੁਤੇ ਤੇ ਖ਼ਾਸ ਮਹਾਨਤਾ ਵਾਲੇ ਤੀਰਥ ਦੁਰਗਮ ਪਹਾੜਾਂ ਦੀਆਂ ਚੋਟੀਆਂ ਉਪਰ ਹੀ ਨੇ ਤੇ ਇਨ੍ਹਾਂ ਤੀਰਥਾਂ ਦਾ ਦਰਸ਼ਨ ਇਸ਼ਨਾਨ ਕਰਨ ਵਾਲਿਆਂ ਦੀ ਗਿਣਤੀ ਦਾ ਵੀ ਕੋਈ ਹਿਸਾਬ ਨਹੀ। ਇਨ੍ਹਾਂ ਤੀਰਥਾਂ ਤੇ ਪਹੁੰਚਣ ਵਾਲਿਆਂ ਦੀ ਉਮਰ ਦੀ ਕੋਈ ਸੀਮਾ ਨਹੀਂ। ਵੇਖ ਰਿਹਾ ਸਾਂ– ਬਹੁਤੇ ਯਾਤ੍ਰੀ ਦਰਮਿਆਨੀ ਤੋਂ ਵਡੇਰੀ ਉਮਰ ਤਕ ਦੇ ਹੀ ਆ ਰਹੇ ਸਨ। ਉਨ੍ਹਾਂ ਵਿਚ ਵੀ ਸੱਤਰ ਅੱਸੀ ਸਾਲ ਤਕ ਦੀਆਂ ਮਾਈਆਂ ਨੂੰ ਵੇਖ ਕੇ ਅਸਚਰਜ ਹੁੰਦਾ ਸੀ। ਜਿੰਨ੍ਹਾਂ ਮੁਸ਼ਕਿਲਾਂ ਨਾਲ ਇਨ੍ਹਾਂ ਬਿਖੜੇ ਪੈਂਡਿਆਂ ਨੂੰ ਝਾਕ ਕੇ ਉਹ ਪਹੁੰਚ ਰਹੀਆਂ ਸਨ– ਉਸ ਬਾਰੇ ਸੋਚ ਕੇ ਇਨ੍ਹਾਂ ਦੀ ਸ਼ਰਧਾ ਭਾਵਨਾ ਦੇ ਪ੍ਰਤੀ ਸ਼ਰਧਾ ਉਮਡ ਆਉਂਦੀ ਹੈ। ਪਰਿਵਾਰ ਦੇ ਕਲਿਆਣ ਤੇ ਆਪਣੀ ਮੁਕਤੀ ਦੀ ਮੰਗ ਲੈ ਕੇ ਇਹ ਲੋਕ ਏਥੇ ਆ ਰਹੇ ਤੇ ਆਗਾਧ ਵਿਸ਼ਵਾਸ ਨਾਲ ਭਰਕੇ ਸੰਤੁਸ਼ਟ ਮਨ ਨਾਲ ਵਾਪਸ ਜਾ ਰਹੇ ਹਨ। ਇਨ੍ਹਾਂ ਨੂੰ ਪੂਰਨ ਯਕੀਨ ਹੈ ਕਿ ਉਨ੍ਹਾਂ ਦਾ ਏਥੇ ਆਉਣਾ ਸਕਾਰਥ ਹੋਵੇਗਾ। ਇਨ੍ਹਾਂ ਵਿਚ ਕਿਸੇ ਬਜ਼ੁਰਗ ਨੂੰ ਉਸ ਦੇ ਪੁੱਤ ਪੋਤਰੇ ਆਸਰਾ ਦੇ ਕੇ ਲਿਆ ਰਹੇ ਸਨ ਤੇ ਕਿਸੇ ਕਿਸੇ ਨੂੰ ਘੋੜਿਆਂ ਜਾਂ ਡਾਂਡੀਆਂ ਵਾਲੇ ਬਕਰਵਾਨ। ਕੋਈ ਕੋਈ ਮੰਤਰਾਂ ਦਾ ਜਪ-ਪਾਠ ਕਰਦਾ ਜਾ ਰਿਹਾ ਸੀ– ਤੇ ਕੋਈ ਸਵਾਸ ਸਵਾਸ "ਜੈ ਭੋਲੇ ਨਾਥ" ਦਾ ਉਚਾਰਨ ਕਰਦਾ। ਏਥੇ ਹਰ ਕੋਈ ਛੋਟਾ ਸੀ– ਖਾਲੀ ਫੁੱਲਾਂ ਪੱਤਿਆਂ ਦਾ ਪ੍ਰਸਾਦ ਲਿਜਾਣ ਵਾਲਾ ਵੀ ਅਤੇ ਨੋਟਾਂ ਦੀਆਂ ਦੱਥੀਆਂ ਭੇਟਾ ਚੜ੍ਹਾਉਣ ਵਾਲਾ ਵੀ। ਭਾਵੇਂ ਨੋਟਾਂ ਵਾਲੇ ਦਾ ਅਹੰਕਾਰ ਨੋਟ ਚੜ੍ਹਾਨ ਵੇਲੇ ਕੁਝ ਵਧੇਰੇ ਹੀ ਸਿਰ ਉੱਚਾ ਕਰ ਲੈਂਦਾ– ਪਰ ਅੰਦਰਲੀ ਦੀਨਤਾ ਉਸਦੀ ਵੀ ਸਗੋਂ ਵਧੇਰੀ ਹੋ ਜਾਂਦੀ। ਉਹ ਨੋਟ ਚੜ੍ਹਾਕੇ ਹੋਰ ਵੀ ਛੋਟਾ ਹੋ ਕੇ, ਹੋਰ ਵੀ ਦੀਨ ਹੋ ਕੇ ਭੋਲੇ ਨਾਥ ਅੱਗੇ ਝੋਲੀ ਫੈਲਾਉਂਦਾ।

ਥੋੜ੍ਹੀ ਦੇਰ ਬਾਅਦ ਮੇਰੇ ਸਾਥੀ ਵੀ ਦਰਸ਼ਨ ਕਰਕੇ ਆ ਗਏ। ਬੈਠ ਕੇ ਥੋੜ੍ਹਾ ਆਰਾਮ ਕੀਤਾ ਤੇ ਫਿਰ ਤੈ ਹੋਇਆ ਕਿ ਰਾਤ ਪੰਚ ਤਰਨੀ ਜਾ ਕੇ ਰਿਹਾ ਜਾਵੇ। ਸੋ ਆਪਣਾ ਸਾਮਾਨ ਚੁਕਿਆ ਤੇ ਟੁਰ ਪਏ। ਪੰਚ ਤਰਨੀ ਏਥੋਂ ਛੇ ਸੱਤ ਕਿਲੋਮੀਟਰ ਸੀ। ਥੋੜ੍ਹਾ ਹੇਠਾਂ ਜਾਂਦਿਆਂ ਹੀ ਘੋੜਿਆਂ ਵਾਲਿਆਂ ਨੇ ਘੇਰ ਲਿਆ। ਮੇਰਾ ਸ਼ਰੀਰ ਕੁਝ ਢਿੱਲਾ ਹੋਣ ਕਰਕੇ ਚੱਲਣਾ ਮੁਸ਼ਕਲ ਲਗ ਰਿਹਾ ਸੀ। ਸੋ ਪੈਂਤੀ ਰੁਪਏ ਵਿਚ ਘੋੜਾ ਕਰ ਲਿਆ। ਸਾਥੀ ਪੈਦਲ ਹੀ ਰਹੇ।

ਪੰਚ ਤਰਨੀ

ਵਾਪਸ ਸੰਗਮ ਤੇ ਪਹੁੰਚ ਕੇ ਅਸਾਂ ਪੰਚਤਰਨੀ ਵਾਲਾ ਰਸਤਾ ਲੈ ਲਿਆ। ਦੋ ਕੁ ਕਿਲੋਮੀਟਰ ਦਾ ਰਸਤਾ ਬਹੁਤ ਸੌੜਾ ਤੇ ਖਤਰਨਾਕ ਸੀ– ਪਰ ਉਸ ਤੋਂ ਅਗੇ ਰਾਹ ਖੁਲ੍ਹਾ ਖੁਲ੍ਹਾ ਸੀ। ਸਾਹਮਣੇ ਪਲ ਪਲ ਖੁਲ੍ਹਦੀ ਜਾ ਰਹੀ ਵਾਦੀ ਸੀ। ਮਹਿਸੂਸ ਹੋਣ ਲੱਗਾ ਜਿਵੇਂ ਪਰਬਤਾਂ ਦਾ ਤੰਗ ਤੇ ਕੱਸਵਾਂ ਕਲਾਵਾ ਹੌਲੀ ਹੌਲੀ ਢਿੱਲਾ ਹੁੰਦਾ ਜਾਂਦਾ ਤੇ ਖੁਲ੍ਹੀ ਨਦੀ-ਘਾਟੀ ਨਜ਼ਰ ਦੀਆਂ ਹੱਦਾਂ ਨੂੰ ਚੌੜੇਰਾ ਕਰੀ ਜਾ ਰਹੀ ਹੈ। ਹੇਠਾਂ ਖਾਈਆਂ ਚੌੜੀਆਂ

ਤੇ ਪਾਰਲੇ ਪਹਾੜ ਹੇਗ ਕੁਝ ਦੂਰੀ ਉਪਰ। ਇਨ੍ਹਾਂ ਖਾਈਆਂ ਵਿਚ ਦੀ ਹੀ ਨਦੀ ਵੀ ਵਹਿ ਰਹੀ ਸੀ ਤੇ ਉਸ ਵਿਚ ਆਣ ਆਣ ਕੇ ਮਿਲਦੀਆਂ ਤੇ ਮਿਲ ਮਿਲ ਕੇ ਵਿਛੜਦੀਆਂ ਜਲਧਾਰਾਵਾਂ ਆਪਣਾ ਹੀ ਰੰਗ ਵਿਖਾ ਰਹੀਆਂ ਸਨ। ਫਿਰ ਕੁਝ ਹੋਰ ਅਗੇ ਜਾ ਕੇ ਵੇਖਿਆ, ਖੁਲ੍ਹੇ ਚੌੜੇ ਨਦੀ ਦੇ ਪਾੜ ਦੇ ਵਿਚਕਾਰ ਦੋ ਤਿੰਨਾ ਚੋਟੀਆਂ ਵਾਲੇ ਪਹਾੜ ਖੜੇ ਨੇ। ਚੋਟੀਆਂ ਉਪਰ ਬਰਫ ਚਮਕ ਰਹੀ ਹੈ। ਰਸਤੇ ਵਿਚ ਕੋਈ ਆ ਜਾ ਨਹੀ ਸੀ ਰਿਹਾ— ਕੇਵਲ ਇਕ ਸਾਧੂ ਤੋਂ ਬਿਨਾ— ਜੋ ਅਮਰ ਨਾਥ ਨੂੰ ਜਾ ਰਿਹਾ ਸੀ। ਉਸ ਸਾਰੇ ਇਲਾਕੇ ਵਿਚ ਏਨੀ ਚੁਪ, ਏਨੀ ਇਕਾਂਤ ਤੇ ਏਨੀ ਇਕਾਗਰਤਾ ਸੀ ਕਿ ਉਸ ਨੂੰ ਜੇ 'ਨੀਰਵ ਜਗਤ' ਕਹਿ ਲਈਏ ਤਾਂ ਅਤਿ ਕਥਨੀ ਨਹੀ ਹੋਵੇਗੀ। ਉਸ ਨੀਰਵ ਜਗਤ ਵਿਚ ਮੈਂ ਘੋੜੇ ਤੇ ਘੋੜੇ ਵਾਲੇ ਮੁੰਡੇ ਨੂੰ ਭੁਲ ਗਿਆ ਤੇ ਇਕ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਗਿਆ ਅਨੁਭਵ ਕਰ ਰਿਹਾ ਸਾਂ। ਉਸ ਵਿਸਮਾਦ ਵਿਚ ਇਕ ਵਿਸ਼ੇਸ਼ ਪਰਕਾਰ ਦੇ ਆਨੰਦ ਦੀ ਅਨੁਭੂਤੀ ਹੋ ਰਹੀ ਸੀ। ਇਹੋ ਜਿਹਾ ਅਨੰਦ ਜੀਵਨ ਵਿਚ ਸ਼ਾਇਦ ਹੀ ਕਦੇ ਮਹਿਸੂਸ ਹੋਇਆ ਹੋਵੇ। ਇਹ ਸਾਰਾ ਵਾਤਾਵਰਣ ਇਕ ਐਸੀ ਸੱਤਾ ਦੀ ਹੋਂਦ ਜਤਾ ਰਿਹਾ ਸੀ ਜਿਹੜੀ ਸਦ ਚਿਤ ਅਨੰਦ ਸੱਚਿਦਾਨੰਦ— ਸਰੂਪ ਹੈ।

ਮੇਰੇ ਜੀਵਨ ਦਾ ਇਕ ਬੀਤਿਆ ਹੋਇਆ ਪੱਖ ਉਸ ਨਦੀ ਵਿਚ ਵਿਸਰਜਿਤ ਹੁੰਦਾ ਲਗ ਰਿਹਾ ਸੀ ਤੇ ਇਕ ਹੋਰ ਪੱਖ— ਪਰਮ ਆਨੰਦ ਦਾ ਪੱਖ ਉਭਰਦਾ ਵੇਖ ਰਿਹਾ ਸਾਂ। ਠੀਕ ਉਸੇ ਵੇਲੇ ਇਹ ਸੋਚ ਵੀ ਆਈ— ਕਿ 'ਜਗਤ ਤਾਂ ਤੇਰਾ ਇਹੋ ਈ ਏ— ਬੀਤਿਆ ਸਾਰਾ ਤੇਰਾ ਕਰਮ-ਭੋਗ' ਫਿਰ ਮਨ ਵਿਚੋਂ ਪ੍ਰਸ਼ਨ ਜਾਗਿਆ, 'ਤਾਂ ਕੀ ਉਹ ਕਰਮ ਭੋਗ ਪੂਰਾ ਹੋ ਗਿਆ ਏ? ਹੁਣ ਉਸ ਜਗਤ ਵਿਚ ਮੁੜਕੇ ਨਹੀ ਜਾਣਾ ਪਏਗਾ?'

ਸਾਹਮਣੇ ਤੰਬੂਆਂ ਦੀ ਇਕ ਹੋਰ ਨਗਰੀ ਨੇ ਜਵਾਬ ਦਿੱਤਾ ਸੀ— 'ਅਜੇ ਨਹੀਂ। ਅਜੇ ਕਰਮ ਭੋਗ ਮੁੱਕਾ ਨਹੀਂ', ਇਹ ਤਾਂ ਇਕ ਝਲਕਾਰਾ ਸੀ ਤੇਰੀ ਇੱਛਾ ਨੂੰ ਬਣਾਈ ਰੱਖਣ ਲਈ।'

ਇਕ ਗਲੇਸ਼ੀਅਰ ਉਪਰੋਂ ਦੀ ਲੰਘ ਕੇ ਪੰਚਤਰਨੀ ਪੁਜ ਗਏ। ਸਿਰੇ ਤੋਂ ਦੂਜੇ ਤੰਬੂ-ਹੋਟਲ ਅਗੇ ਘੋੜਾ ਜਾ ਰੁਕਿਆ ਤੇ ਤੰਬੂ ਅਗੇ ਖੜੇ ਇਕ ਸਰਦਾਰ ਜੀ ਨੇ ਜਿਉ ਆਇਆਂ ਆਖਿਆ। ਤੰਬੂ ਵਿਚ ਵਿਛੇ ਕਪੜੇ ਉਪਰ ਬਿਠਾ ਕੇ ਤੇ ਨਿਘਿਆਂ ਹੋਣ ਲਈ ਕੰਬਲ ਦੇ ਕੇ ਉਨ੍ਹਾਂ ਨੇ ਮੈਨੂੰ ਗਰਮ ਗਰਮ ਚਾਹ ਪਿਆਈ। ਹੋਟਲ ਵਾਲਾ ਸਿੰਘ ਤੀਹਾਂ ਕੁ ਸਾਲਾਂ ਦਾ ਸੀ ਤੇ ਨਾਲ ਉਸਦਾ ਪੰਝੀਆਂ ਕੁ ਸਾਲਾਂ ਦਾ ਭਰਾ ਵੀ ਸੀ, ਬੜੇ ਮਿਠੇ, ਗੋਰੇ ਤਿੱਖੇ ਨੈਣ ਨਕਸ਼ਾਂ ਵਾਲੇ ਉਨ੍ਹਾਂ ਕਸ਼ਮੀਰੀ ਭਰਾਵਾਂ ਨੇ ਮੈਨੂੰ ਇਕ ਵਿਸ਼ੇਸ਼ ਅਧਿਕਾਰ ਜਿਹੇ ਨਾਲ ਹੀ ਓਨਾ ਚਿਰ ਹਿੱਲਣ ਨਾ ਦਿਤਾ ਜਿੰਨਾ ਚਿਰ ਮੇਰੇ ਸਾਥੀ ਨਹੀ ਪਹੁੰਚੇ। ਇਨ੍ਹਾਂ ਨੇ ਉਹਨਾਂ ਦੋਹਾਂ ਦਾ ਵੀ ਬੜੀ ਗਰਮਜੋਸ਼ੀ ਨਾਲ ਸਵਾਗਤ ਕੀਤਾ, ਚਾਹ ਪਿਆਈ ਤੇ ਕੁਝ ਪੰਜਾਬ ਦੀ ਅਤੇ ਕੁਝ ਧਾਰਮਕ ਚਰਚਾ ਵੀ ਕੀਤੀ। ਡਾ: ਮਨਜੀਤ ਨੇ ਹੌਲੀ ਜਿਹੀ ਮੈਨੂੰ ਪੁਛਿਆ, ਕਿ "ਰਹਿਣ ਖਾਣ ਦੇ ਕਿੰਨੇ ਰੁਪਏ ਤੈ ਹੋਏ ਨੇ?" ਮੈਂ ਕਿਹਾ, "ਕੋਈ ਗੱਲ ਹੀ ਨਹੀ ਹੋਈ ਅਜੇ ਤਕ ਉਸ ਬਾਰੇ। ਠੀਕ ਹੀ ਲੈਣਗੇ, ਗੁਰਮੁਖ ਸਿੱਖ ਨੇ।"

. ਸੂਰਜ ਕਦੇ ਬੱਦਲਾਂ ਵਿਚੋਂ ਝਾਕਦਾ ਤੇ ਕਦੇ ਲੁਕ ਰਿਹਾ ਵੇਖ ਕੇ ਅੰਦਾਜ਼ਾ ਹੋਇਆ ਕਿ ਦਿਨ ਅਜੇ ਬਾਕੀ ਹੈ। ਸੋ ਅਸੀਂ ਸਮਾਨ ਓਥੇ ਹੀ ਟਿਕਾ ਕੇ ਫਿਰਨ ਤੁਰਨ ਲਈ ਅਗਾਂਹ ਨੂੰ ਤੁਰ ਗਏ।

ਅਲੱਗ ਅਲੱਗ ਦਿਸ਼ਾਵਾਂ ਤੋਂ ਪੰਜ ਜਲ ਧਾਰਾਵਾਂ ਏਥੇ ਆਣ ਕੇ ਅਮਰਾਵਤੀ ਵਿਚ ਮਿਲਣ ਕਰਕੇ ਇਸ ਸਥਾਨ ਨੂੰ 'ਪੰਚਤਰਨੀ' ਕਿਹਾ ਜਾਂਦਾ ਹੈ। ਸ਼ਰਧਾਲੂ ਯਾਤਰੀ ਲਈ ਇਹ ਤੀਰਥ ਸਥਾਨ ਵੀ ਹੈ ਤੇ ਅਮਰਨਾਥ ਨੂੰ ਜਾਂਦਿਆਂ ਹੋਇਆਂ ਇਕ ਰਾਤ ਦਾ ਪੜਾਅ ਵੀ। ਪਰਚੱਲਤ ਕਥਾ ਅਨੁਸਾਰ ਅਮਰਨਾਥ ਨੂੰ ਜਾਂਦਿਆਂ ਸ਼ਿਵਾਂ ਨੇ ਏਥੇ ਅਮਰਾਵਤੀ ਵਿਚ ਪੰਜ ਸਥੂਲ ਭੂਤਾਂ (ਪੰਜ ਤੱਤਾਂ) ਦਾ ਵਿਸਰਜਨ ਕਰਕੇ ਆਪਣਾ ਆਖਰੀ ਭਾਰ ਵੀ ਲਾਹ ਸੁਟਿਆ ਸੀ। ਕਈ ਸ਼ਰਧਾਲੂ ਇਸਤਰੀ ਪੁਰਸ਼ ਵੀ ਏਥੇ ਪੰਚ ਤਰਨੀ ਵਿਚ ਇਸ਼ਨਾਨ ਕਰਕੇ ਹੌਲੇ ਭਾਰ ਹੋ ਕੇ ਹੀ ਨਿਰਾਹਾਰ ਅਮਰਨਾਥ ਜਾਂਦੇ ਨੇ ਤੇ ਓਥੇ ਪਹੁੰਚ ਕੇ ਫਿਰ ਪੂਰਨ ਨਗਨ ਹੋ ਕੇ ਅਮਰਨਾਥ ਵਿਚ ਇਸ਼ਨਾਨ ਕਰਕੇ ਸ਼ਿਵਲਿੰਗ ਦੇ ਦਰਸ਼ਨ ਕਰਨ ਗੁਫਾ ਵਿਚ ਪਹੁੰਚਦੇ ਨੇ। ਤਨ ਦੇ ਕਪੜਿਆਂ ਦਾ ਭਾਰ ਅੰਤਿਮ ਸਮਝ ਕੇ ਹੀ ਇਹ ਸ਼ਰਧਾਲੂ ਇਸਤਰੀ ਪੁਰਸ਼ ਪ੍ਰਤੀਕ ਰੂਪ ਵਿਚ ਇਨ੍ਹਾਂ ਨੂੰ ਉਤਾਰ ਕੇ ਅਮਰ ਪਦਵੀ ਦੀ ਕਾਮਨਾ ਕਰਦੇ ਨੇ।

ਪੰਚ ਤਰਨੀ ਦਾ ਬਹੁਤ ਵਡਾ ਇਲਾਕਾ ਇਕ ਸਮਤਲ ਘਾਟੀ ਹੈ ਤੇ ਪਹਾੜ ਅਮਰ ਨਾਥ ਵਾਂਗ ਇਕ ਦੂਜੇ ਨੂੰ ਬਾਹਵਾਂ ਵਿਚ ਲੈਂਦੇ ਪਰਤੀਤ ਨਾ ਹੋ ਕੇ ਕਾਫੀ ਵਿਥ ਉਪਰ ਨੇ। ਕੁਝ ਸਾਲ ਹੀ ਹੋਏ ਨੇ ਰੱਖੜ ਪੁੰਨਿਆਂ ਤੋਂ ਮਹੀਨਾ ਡੇਢ ਮਹੀਨਾ ਪਹਿਲਾਂ ਹੀ ਕਸ਼ਮੀਰੀ ਸਿੱਖ ਤੇ ਮੁਸਲਮਾਨ ਦੁਕਾਨਦਾਰ ਏਥੇ ਤੰਬੂਆਂ ਦਾ ਬਾਜ਼ਾਰ ਲਗਾ ਦੇਂਦੇ ਨੇ ਜਿਸ ਵਿਚ ਰਹਿਣ ਤੇ ਖਾਣ ਪਾਣ ਦਾ ਬੰਦੋਬਸਤ ਰਹਿੰਦਾ ਹੈ। ਅਮਰਨਾਥ ਦੇ ਬਹੁਤੇ ਯਾਤਰੀ ਗੁਫਾ ਦੇ ਦਰਸ਼ਨ ਕਰਕੇ ਮੁੜਦਿਆਂ ਪੰਚਤਰਨੀ ਨਾ ਰੁਕ ਕੇ ਸ਼ੇਸਨਾਗ ਵਿਚ ਪੜਾਅ ਕਰਦੇ ਨੇ।

ਪਰ ਅਸਾਂ ਏਥੇ ਹੀ ਰਾਤ ਰਹਿਣ ਦਾ ਮਨ ਬਣਾਇਆ ਸੀ। ਕਿਉਂਕਿ ਅਸੀ ਅਮਰਨਾਥ ਨੂੰ ਜਾਂਦਿਆਂ ਹੋਇਆਂ ਇਸ ਰਸਤੇ ਨਾ ਜਾ ਕੇ ਬਾਲਤਾਲ ਵੱਲੋਂ ਦੀ ਗਏ ਸਾਂ ਤੇ ਅਮਰਨਾਥ ਤੋਂ ਮੁੜਦਿਆਂ ਪੰਚ ਤਰਨੀ ਪਹੁੰਚਦਿਆਂ ਨੂੰ ਦਿਨ ਢਲਨ ਵਾਲਾ ਹੋ ਗਿਆ ਸੀ। ਬਾਜ਼ਾਰ ਵਿਚੋਂ ਲੰਘ ਕੇ ਅਸਾਂ ਪੰਚਤਰਨੀ ਦੀਆਂ ਪੰਜ ਧਾਰਾਵਾਂ ਦੇ ਦਰਸਨ ਕੀਤੇ . ਫਿਰ ਕੋਈ ਕਿਲੋ ਡੇਢ ਕਿਲੋਮੀਟਰ ਦੂਰ ਜਾ ਕੇ ਸਾਹਮਣੇ ਸਿਰ ਚੁਕੀ ਖਲੋਤੇ ਪਹਾੜ ਦੀ ਢਲਾਨ ਉਪਰ ਵਿਛੇ ਗਲੇਸ਼ੀਅਰ ਨੂੰ ਸਾਹਮਣਿਓਂ ਦੀ ਵੇਖ ਕੇ ਇਸ ਇਲਾਕੇ ਦੇ ਸੰਪੂਰਨ ਸੌਂਦਰਯ ਨੂੰ ਅੱਖਾਂ ਵਿਚ ਭਰ ਕੇ ਉਤਰਦੇ ਹਨੇਰੇ ਤਕ ਤੰਬੂ ਵਿਚ ਪਹੁੰਚ ਗਏ । ਰਾਤ ਦਾ ਭੋਜਨ ਛਕਿਆ ਤੇ ਸੌਣ ਦੀ ਤਿਆਰੀ ਕੀਤੀ। ਉਨ੍ਹਾਂ ਸਿੰਘਾਂ ਨੇ ਦੋ ਰਜ਼ਾਈਆਂ ਸਾਨੂੰ ਤਿੰਨਾਂ ਨੂੰ ਦਿੱਤੀਆਂ ਤੇ ਇਕ ਵਿਚ ਆਪ ਦੋਵੇਂ ਭਰਾ ਸੁਤੇ। ਠੰਢ ਸਿਰੇ ਦੀ ਹੋਣ ਕਰਕੇ ਮੇਰੀ ਰਾਤ ਤਾਂ ਪਾਲੇ ਨਾਲ ਠਰਦਿਆਂ ਜਾਗਦਿਆਂ ਹੀ ਲੰਘੀ। ਸਵੇਰੇ ਉਠ ਕੇ ਤਿਆਰ ਹੁੰਦਿਆਂ ਨੂੰ ਉਨ੍ਹਾਂ ਨੇ ਸਾਡੇ ਸ਼ਾਹ ਵੇਲੇ ਲਈ ਆਲੂਆਂ ਦੇ ਪਰਾਉਠੇ

ਪਕਾ ਕੇ ਅਗੇ ਧਰ ਦਿੱਤੇ। ਤਿੰਨ ਤਿੰਨ ਪਰਾਉਂਠੇ ਤੇ ਉਪਰੋਂ ਗਰਮ ਚਾਹ ਛੱਕ ਕੇ ਤੁਰਨ ਲਗਿਆਂ ਪੁਛਿਆ:-

"ਸਾਡੇ ਜ਼ਿੰਮੇ ਕੀ ਸੇਵਾ ਏ?"

ਉਨ੍ਹਾਂ ਨੇ ਮੂੰਹ ਵਿਚ ਕੁਝ ਹਿਸਾਬ ਲਗਾ ਕੇ ਬੜੇ ਸਹਿਜ ਭਾਅ ਨਾਲ ਹੀ ਆਖਿਆ, "ਤੁਸੀ ਢਾਈ ਸੌ ਰੁਪਏ ਦੇ ਦਿਓ।"

ਸੁਣ ਕੇ ਸਾਡਾ ਤੇ ਤ੍ਰੌਹ ਹੀ ਨਿਕਲ ਗਿਆ। ਕੁਝ ਸੰਭਲ ਕੇ ਪੁਛਿਆ, "ਕਿਸ ਹਿਸਾਬ?"

"ਬਸ ਤਿੰਨਾਂ ਜਣਿਆਂ ਦੇ ਏਨੇ ਈ ਬਣਦੇ ਨੇ। ਸੱਤਰ ਸੱਤਰ ਰੁਪਏ ਰਾਤ ਰਹਿਣ ਤੇ ਬਿਸਤਰੇ ਦੇ—ਬਾਕੀ ਖਾਣ-ਪਾਣ ਦੇ। ਅਸਾਂ ਤੇ ਤੁਹਾਨੂੰ ਗੁਰਮੁਖ ਜਾਣ ਕੇ ਘਟ ਈ ਲਗਾਏ ਨੇ।"

"ਪਰ ਸਾਨੂੰ ਤੇ ਏਥੇ ਰਹਿ ਕੇ ਗਏ ਕਈ ਲੋਕਾਂ ਨੇ ਦੱਸਿਆ ਸੀ ਕਿ ਰਾਤ ਰਹਿਣ ਦੇ ਦਸ ਕੁ ਰੁਪਏ ਲਗਦੇ ਨੇ। ਕਲ ਸ਼ਾਮੀ ਬਜ਼ਾਰ ਵਿਚ ਵੀ ਕਈ ਹੋਟਲ ਵਾਲਿਆਂ ਨੇ ਸਾਨੂੰ ਆਪਣੇ ਹੋਟਲ ਵਿਚ ਰਹਿਣ ਲਈ ਆਖਦਿਆਂ ਦਸ ਦਸ ਰੁਪਏ ਹੀ ਦੱਸੇ ਸਨ।"

"ਤੁਸੀ ਉਸ ਹੋਟਲ ਵਾਲੇ ਦਾ ਨਾਮ ਦੱਸੋ। ਸਾਡੀ ਯੂਨੀਅਨ ਏ ਏਥੇ। ਹੁਣੇ ਉਸ ਦਾ ਤੰਬੂ ਚੁਕਾਉਂਦੇ ਆਂ।"

ਇਹ ਸਿੰਘ— ਜਿਹੜੇ ਕਲ੍ਹ ਸ਼ਾਮੀ ਬੜੇ ਮਿਠੇ ਤੇ ਨਿਘੇ ਨਿਘੇ ਲਗਦੇ ਰਹੇ ਸਨ-- ਹੁਣ ਇਕ ਦਮ ਤਿੱਖੇ ਤੇ ਗਰਮ ਸਨ। ਖੈਰ, ਅਸਾਂ ਜੋੜ ਤੋੜ ਕਰਕੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਇਕ ਸੌ ਤੀਹ ਰੁਪਏ ਲੈਣ ਲਈ ਮਣਾਇਆ ਤੇ ਖਿਮਾ ਮੰਗਦੇ ਸਤਿਸ੍ਰੀ ਅਕਾਲ ਬੁਲਾਉਂਦੇ ਹੋਏ ਸ਼ੇਸ਼ਨਾਗ ਨੂੰ ਚੱਲ ਪਏ।

ਸ਼ੇਸ਼ ਨਾਗ ਨੂੰ

ਪਤਾ ਲਗਾ ਕਿ ਏਥੋਂ ਸ਼ੇਸਨਾਗ ਜਾਣ ਲਈ ਸੱਜੇ ਪਾਸੇ ਵਾਲੇ ਪਹਾੜ ਨੂੰ ਪਾਰ ਕਰਨਾ ਪਏਗਾ— ਜਿਸ ਦੀ ਚੜ੍ਹਾਈ ਬਹੁਤ ਹੀ ਜ਼ਬਰਦਸਤ ਏ। ਡਾ: ਮਨਜੀਤ ਨੇ ਮੈਨੂੰ ਅੱਜ ਵੀ ਘੋੜਾ ਕਰ ਲੈਣ ਲਈ ਕਿਹਾ। ਘੋੜਿਆਂ ਵਾਲਿਆਂ ਨੇ ਕਲ੍ਹ ਸਾਮ ਤੋਂ ਹੀ ਸਾਨੂੰ ਨਜ਼ਰ ਵਿਚ ਰਖਿਆ ਹੋਇਆ ਸੀ, ਸੋ ਉਨ੍ਹਾਂ ਨੇ ਆਣ ਘੇਰਿਆ। ਪੈਂਹਠ ਰੁਪਇਆਂ ਵਿਚ ਮੈਨੂੰ ਸ਼ੇਸ਼ਨਾਗ ਤਕ ਪੁਚਾਣ ਦਾ ਸੌਦਾ ਹੋਇਆ। ਸਾਥੀ ਮੇਰੇ ਫਿਰ ਪੈਦਲ ਸਨ।

ਥੋੜ੍ਹੀ ਦੂਰ ਜਾ ਕੇ ਅਮਰਾਵਤੀ ਨੂੰ ਇਕ ਛੋਟੇ ਪੁਲ ਰਾਹੀ ਪਾਰ ਕੀਤਾ ਤੇ ਚੜ੍ਹਾਈ ਸ਼ੁਰੂ ਹੋ ਗਈ। ਇਸ ਚੜ੍ਹਾਈ ਤੋਂ ਬਾਅਦ ਕੁਝ ਸਫਰ ਸਮਤਲ ਸੀ ਤੇ ਫਿਰ ਉਤਰਾਈ। ਉਸ ਉਤਰਾਈ ਤੋਂ ਬਾਅਦ ਫਿਰ ਜਿਹੜੀ ਚੜ੍ਹਾਈ ਆਈ ਉਹ ਏਨੀ ਔਖੀ ਸੀ ਕਿ ਘੋੜੇ ਦਾ ਵੀ ਸਾਹ ਨਾਲ ਸਾਹ ਨਹੀ ਸੀ ਰਲਦਾ। ਅਸੀ ਇਸ ਇਲਾਕੇ ਦੇ ਸਭ ਤੋਂ ਉੱਚੇ ਸਿਖਰ 'ਮਹਾਂਗੁੱਨਸ' ਦੱਰਰੇ ਨੂੰ ਚੜ੍ਹ ਰਹੇ ਸਾਂ। ਇਹ ਚੜ੍ਹਾਈ ਪਹਿਲਾਂ

ਸਤਾਰਾਂ ਅਠਾਰਾਂ ਹਜ਼ਾਰ ਫੁਟ ਦੀ ਉਚਾਈ ਤੇ ਲੈ ਜਾਂਦੀ ਹੈ, ਫਿਰ ਥੋੜ੍ਹੇ ਸਮਤਲ ਤੋਂ ਬਾਅਦ ਪੰਦਰਾਂ ਸੋਲਾਂ ਹਜ਼ਾਰ ਫੁਟ ਦੀ ਉਚਾਈ ਤਕ। ਰਾਹ ਬਿਖੜਾ ਤੇ ਤੰਗ। ਇਕ ਪਾਸੇ ਪਹਾੜ ਤੇ ਦੂਜੇ ਪਾਸੇ ਪਾਤਾਲ। ਅੱਜ ਘੋੜੇ ਵਾਲਾ ਤੇਰਾਂ ਕੁ ਸਾਲਾਂ ਦਾ ਬਾਲਕ ਸੀ। ਪਿਓ ਨੇ ਉਸ ਨੂੰ ਘੋੜੇ ਨਾਲ ਤੋਰਦਿਆਂ ਕਿਹਾ ਸੀ– "ਇਹਨੂੰ ਆਪਣਾ ਬੱਚਾ ਹੀ ਜਾਣਨਾ, ਇਹਦਾ ਧਿਆਨ ਰਖਣਾ।" ਮੇਰਾ ਪਿਠੂ ਮੇਰੀ ਪਿਠ ਤੇ ਹੀ ਸੀ। ਪਰ ਧਿਆਨ ਉਹਦਾ ਮੈਂ ਕੀ ਰੱਖ ਸਕਦਾ ਸਾਂ ਉਸ ਅਣਜਾਨੇ ਰਸਤੇ ਵਿਚ ! ਓਹੋ ਹੀ ਥੋੜ੍ਹੇ ਥੋੜ੍ਹੇ ਚਿਰ ਪਿਛੋਂ ਮੈਨੂੰ ਪੁਛ ਲੈਂਦਾ ਸੀ– "ਠੀਕ?" ਮੈਂ ਆਖਦਾ "ਠੀਕ" ਤੇ ਫਿਰ ਚੱਲ ਪੈਂਦਾ। ਹਰ ਚੜ੍ਹਾਈ ਤੇ ਉਹ ਆਖਦਾ– "ਅਗਾਂਹ ਝੁਕ ਜਾਓ।" ਤੇ ਹਰ ਉਤਰਾਈ ਤੇ ਕਹਿੰਦਾ "ਪਿਛਾਂਹ ਨੂੰ ਝੁਕ ਜਾਓ।" ਵਿਚ ਵਿਚ ਕਿਸੇ ਸਾਫ ਰਸਤੇ ਤੇ ਉਹ ਘੋੜੇ ਦੀ ਲਗਾਮ ਮੇਰੇ ਹੱਥ ਫੜਾ ਦੇਂਦਾ– ਪਰ ਘੋੜਾ ਅੜ ਖਲੋਂਦਾ। ਘੋੜਾ ਤੇ ਉਹ ਇਕ ਜਾਨ ਜਾਪਦੇ ਸਨ। ਉਹ ਲਗਾਮ ਫੜ ਕੇ ਆਖਦਾ "ਇਹਦੀ ਮੇਰੇ ਨਾਲ ਈ ਮੁਹੱਬਤ ਏ। ਹੋਰ ਕਿਸੇ ਨਾਲ ਵੀ ਨਹੀਂ ਤੁਰਦਾ।"

ਮਹਾਂਗੁੱਨਸ

'ਮਹਾਂਗੁੱਨਸ' ਦੱਰਰੇ ਦੀ ਚੋਟੀ ਉਪਰ ਪਹੁੰਚਦਿਆਂ ਹੀ ਦੁਨੀਆਂ ਬਦਲ ਗਈ। ਚਾਰ ਚੁਫੇਰੇ ਦੀ ਪ੍ਰਕ੍ਰਿਤੀ ਦਾ ਸੌਂਦਰਯ ਕਹਿਣੀ ਕਥਨੀ ਤੋਂ ਬਾਹਰ ਸੀ। ਸਭ ਪਾਸੀਂ ਚਿੱਟੀ ਬਰਫ– ਪ੍ਰਕਾਸ਼ ਹੀ ਪ੍ਰਕਾਸ਼ ਸੀ। ਓਥੇ ਮਨ-ਬੁੱਧੀ ਵਿਚੋਂ ਸਭ ਪੁਰਾਣੇ ਚਿਤਰ ਮਿਟ ਗਏ ਲੱਗੇ। ਸਾਰਾ ਮਨ ਪ੍ਰਾਣ ਉਸੇ ਅਲੌਕਿਕ ਦਰਿਸ਼ ਨਾਲ ਏਕਾਕਾਰ ਹੋ ਗਿਆ। ਫਿਰ ਝਟ ਕੁ ਪਿਛੋਂ ਹੀ ਸਭ ਕੁਝ ਬਦਲ ਗਿਆ। ਉਸ ਮਹਾਂ ਪ੍ਰਕਾਸ਼ ਦੀ ਥਾਂ ਗਹਿਰੀ ਧੁੰਧ ਨੇ ਲੈ ਲਈ। ਫਿਰ ਉਸ ਧੁੰਧ ਦੇ ਵਿਚੋਂ ਦੀ ਇਕ ਧੁੰਧਲਾ ਜਿਹਾ ਪਹਾੜ ਦਿਸਿਆ। ਉਸ ਦਿੱਸਣ ਦੇ ਛਿਣ ਵਿਚ ਹੀ ਚੇਤਨਾ ਅਨੰਤ ਕਾਲ ਪਿਛਾਂਹ ਨੂੰ ਉਸ ਅਵਸਥਾ ਵਿਚ ਪਹੁੰਚ ਗਈ ਜਾਪੀ ਜਿਹੜੀ ਅਵਸਥਾ ਕਾਲ ਅਤੀਤ ਪਰਤੀਤ ਹੁੰਦੀ ਤੇ ਜਿਸ ਨੂੰ ਗੁਰੂ ਨਾਨਕ ਨੇ 'ਅਰਬਦ ਨਰਬਦ ਧੁੰਧੂਕਾਰੇ' ਵਿਚ 'ਸੁੰਨ ਸਮਾਧ' ਆਖਿਆ ਹੈ। ਉਸ ਧੁੰਧੂਕਾਰ ਵਿਚ ਸਭ ਸੁੰਨ ਸਮਾਧ ਲਗ ਰਿਹਾ ਸੀ।

'ਮਹਾਂਗੁੱਨਸ' ਗਿਰੀ ਸੰਕਟ ਵਿਚੋਂ ਲੰਘਣ ਦੇ ਇਹੋਂ ਜਿਹੇ ਕੁਝ ਛਿਣਾਂ ਨੂੰ ਪਰਸਿਧ ਬੰਗਾਲੀ ਘੁਮੱਕੜ ਤੇ ਲੇਖਕ ਪ੍ਰਬੋਧ ਕੁਮਾਰ ਸਾਨਯਾਲ ਨੇ ਵੀ ਮਾਣਿਆ ਹੈ। ਪਰ ਉਸ ਨੇ ਇਕ ਇਹੋ ਜਿਹੀ ਗੱਲ ਵੀ ਲਿਖੀ ਹੈ ਜਿਸ ਨੂੰ ਉਸ ਦੱਰਰੇ ਵਿਚੋਂ ਅਚਾਨਕ ਇਕ ਵਾਰੀ ਲੰਘਣ ਵਾਲਾ ਵਿਅਕਤੀ ਹੀ ਪੂਰੀ ਤਰ੍ਹਾਂ ਸੱਚ ਮੰਨ ਸਕਦਾ ਹੈ। ਸ੍ਰੀ ਸਾਨਯਾਲ ਨੇ ਲਿਖਿਆ ਹੈ– "ਅਚਾਨਕ ਸਾਡੀ ਰਫਤਾਰ ਰੁਕ ਗਈ। ਕਹਿੰਦੇ ਨੇ ਛੇ ਹਜ਼ਾਰ ਸਾਲ ਪਹਿਲਾਂ ਏਥੇ ਇਕ ਰਿਸ਼ੀ ਹਿਮਾਲੈ ਦੇ ਕਿਸੇ ਇਲਾਕੇ ਵਿਚੋਂ ਆਇਆ ਸੀ। ਉਸ ਨੇ ਮਹਾਂਗੁੱਨਸ ਦੀ ਪ੍ਰਾਕ੍ਰਿਤਕ ਸ਼ੋਭਾ ਵੇਖੀ ਤੇ ਤ੍ਰਭਕ ਕੇ ਰਾਹ ਦੇ ਇਕ ਪਾਸੇ ਖਲੋ ਗਿਆ। ਐਸਾ ਗੜੂੰਦ ਹੋਇਆ ਕਿ ਫਿਰ ਉਹ ਓਥੋਂ ਹਿੱਲ ਨਹੀਂ ਸੱਕਿਆ ਤੇ ਸਮੇਂ ਨਾਲ ਉਸ ਦੀ ਦੇਹ ਪੱਥਰ ਹੋ ਗਈ। ਰਸਤੇ ਵਿਚ ਇਕ ਥਾਂ ਖੱਬੋਂ ਪਾਸੇ ਉਸ ਰਿਸ਼ੀ ਦਾ ਦੇਹ

ਪਕਾ ਕੇ ਅਗੇ ਧਰ ਦਿੱਤੇ। ਤਿੰਨ ਤਿੰਨ ਪਰਾਉਂਠੇ ਤੇ ਉਪਰੋਂ ਗਰਮ ਚਾਹ ਛੱਕ ਕੇ ਤੁਰਨ ਲਗਿਆਂ ਪੁਛਿਆ:-

"ਸਾਡੇ ਜ਼ਿੰਮੇ ਕੀ ਸੇਵਾ ਏ?"

ਉਨ੍ਹਾਂ ਨੇ ਮੂੰਹ ਵਿਚ ਕੁਝ ਹਿਸਾਬ ਲਗਾ ਕੇ ਬੜੇ ਸਹਿਜ ਭਾਅ ਨਾਲ ਹੀ ਆਖਿਆ, "ਤੁਸੀ ਢਾਈ ਸੋ ਰੁਪਏ ਦੇ ਦਿਓ।"

ਸੁਣ ਕੇ ਸਾਡਾ ਤੇ ਤ੍ਰੌਹ ਹੀ ਨਿਕਲ ਗਿਆ। ਕੁਝ ਸੰਭਲ ਕੇ ਪੁਛਿਆ, "ਕਿਸ ਹਿਸਾਬ?"

"ਬਸ ਤਿੰਨਾਂ ਜਣਿਆਂ ਦੇ ਏਨੇ ਈ ਬਣਦੇ ਨੇ। ਸੱਤਰ ਸੱਤਰ ਰੁਪਏ ਰਾਤ ਰਹਿਣ ਤੇ ਬਿਸਤਰੇ ਦੇ—ਬਾਕੀ ਖਾਣ-ਪਾਣ ਦੇ। ਅਸਾਂ ਤੇ ਤੁਹਾਨੂੰ ਗੁਰਮੁਖ ਜਾਣ ਕੇ ਘਟ ਈ ਲਗਾਏ ਨੇ।"

"ਪਰ ਸਾਨੂੰ ਤੇ ਏਥੇ ਰਹਿ ਕੇ ਗਏ ਕਈ ਲੋਕਾਂ ਨੇ ਦੱਸਿਆ ਸੀ ਕਿ ਰਾਤ ਰਹਿਣ ਦੇ ਦਸ ਕੁ ਰੁਪਏ ਲਗਦੇ ਨੇ। ਕਲ ਸ਼ਾਮੀ ਬਜ਼ਾਰ ਵਿਚ ਵੀ ਕਈ ਹੋਟਲ ਵਾਲਿਆਂ ਨੇ ਸਾਨੂੰ ਆਪਣੇ ਹੋਟਲ ਵਿਚ ਰਹਿਣ ਲਈ ਆਖਦਿਆਂ ਦਸ ਦਸ ਰੁਪਏ ਹੀ ਦੱਸੇ ਸਨ।"

"ਤੁਸੀ ਉਸ ਹੋਟਲ ਵਾਲੇ ਦਾ ਨਾਮ ਦੱਸੋ। ਸਾਡੀ ਯੂਨੀਅਨ ਏ ਏਥੇ। ਹੁਣੇ ਉਸ ਦਾ ਤੰਬੂ ਚੁਕਾਉਂਦੇ ਆਂ।"

ਇਹ ਸਿੰਘ— ਜਿਹੜੇ ਕਲ੍ਹ ਸ਼ਾਮੀ ਬੜੇ ਮਿਠੇ ਤੇ ਨਿਘੇ ਨਿਘੇ ਲਗਦੇ ਰਹੇ ਸਨ- - ਹੁਣ ਇਕ ਦਮ ਤਿੱਖੇ ਤੇ ਗਰਮ ਸਨ। ਖੈਰ, ਅਸਾਂ ਜੋੜ ਤੋੜ ਕਰਕੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਇਕ ਸੌ ਤੀਹ ਰੁਪਏ ਲੈਣ ਲਈ ਮਣਾਇਆ ਤੇ ਖਿਮਾ ਮੰਗਦੇ ਸਤਿਸ੍ਰੀ ਅਕਾਲ ਬੁਲਾਉਂਦੇ ਹੋਏ ਸ਼ੇਸ਼ਨਾਗ ਨੂੰ ਚੱਲ ਪਏ।

ਸ਼ੇਸ਼ ਨਾਗ ਨੂੰ

ਪਤਾ ਲਗਾ ਕਿ ਏਥੋਂ ਸ਼ੇਸਨਾਗ ਜਾਣ ਲਈ ਸੱਜੇ ਪਾਸੇ ਵਾਲੇ ਪਹਾੜ ਨੂੰ ਪਾਰ ਕਰਨਾ ਪਏਗਾ— ਜਿਸ ਦੀ ਚੜ੍ਹਾਈ ਬਹੁਤ ਹੀ ਜ਼ਬਰਦਸਤ ਏ। ਡਾ: ਮਨਜੀਤ ਨੇ ਮੈਨੂੰ ਅੱਜ ਵੀ ਘੋੜਾ ਕਰ ਲੈਣ ਲਈ ਕਿਹਾ। ਘੋੜਿਆਂ ਵਾਲਿਆਂ ਨੇ ਕਲ੍ਹ ਸਾਮ ਤੋਂ ਹੀ ਸਾਨੂੰ ਨਜ਼ਰ ਵਿਚ ਰਖਿਆ ਹੋਇਆ ਸੀ, ਸੋ ਉਨ੍ਹਾਂ ਨੇ ਆਣ ਘੇਰਿਆ। ਪੈਂਹਠ ਰੁਪਇਆਂ ਵਿਚ ਮੈਨੂੰ ਸ਼ੇਸ਼ਨਾਗ ਤਕ ਪੁਚਾਣ ਦਾ ਸੌਦਾ ਹੋਇਆ। ਸਾਥੀ ਮੇਰੇ ਫਿਰ ਪੈਦਲ ਸਨ।

ਥੋੜ੍ਹੀ ਦੂਰ ਜਾ ਕੇ ਅਮਰਾਵਤੀ ਨੂੰ ਇਕ ਛੋਟੇ ਪੁਲ ਰਾਹੀ ਪਾਰ ਕੀਤਾ ਤੇ ਚੜ੍ਹਾਈ ਸ਼ੁਰੂ ਹੋ ਗਈ। ਇਸ ਚੜ੍ਹਾਈ ਤੋਂ ਬਾਅਦ ਕੁਝ ਸਫਰ ਸਮਤਲ ਸੀ ਤੇ ਫਿਰ ਉਤਰਾਈ। ਉਸ ਉਤਰਾਈ ਤੋਂ ਬਾਅਦ ਫਿਰ ਜਿਹੜੀ ਚੜ੍ਹਾਈ ਆਈ ਉਹ ਏਨੀ ਔਖੀ ਸੀ ਕਿ ਘੋੜੇ ਦਾ ਵੀ ਸਾਹ ਨਾਲ ਸਾਹ ਨਹੀਂ ਸੀ ਰਲਦਾ। ਅਸੀਂ ਇਸ ਇਲਾਕੇ ਦੇ ਸਭ ਤੋਂ ਉੱਚੇ ਸਿਖਰ 'ਮਹਾਂਗੁੱਨਸ' ਦੱਰਰੇ ਨੂੰ ਚੜ੍ਹ ਰਹੇ ਸਾਂ। ਇਹ ਚੜ੍ਹਾਈ ਪਹਿਲਾਂ

ਸਤਾਰਾਂ ਅਠਾਰਾਂ ਹਜ਼ਾਰ ਫੁਟ ਦੀ ਉਚਾਈ ਤੇ ਲੈ ਜਾਂਦੀ ਹੈ, ਫਿਰ ਥੋੜ੍ਹੇ ਸਮਤਲ ਤੋਂ ਬਾਅਦ ਪੰਦਰਾਂ ਸੋਲਾਂ ਹਜ਼ਾਰ ਫੁਟ ਦੀ ਉਚਾਈ ਤਕ। ਰਾਹ ਬਿਖੜਾ ਤੇ ਤੰਗ। ਇਕ ਪਾਸੇ ਪਹਾੜ ਤੇ ਦੂਜੇ ਪਾਸੇ ਪਾਤਾਲ। ਅੱਜ ਘੋੜੇ ਵਾਲਾ ਤੇਰਾਂ ਕੁ ਸਾਲਾਂ ਦਾ ਬਾਲਕ ਸੀ। ਪਿਓ ਨੇ ਉਸ ਨੂੰ ਘੋੜੇ ਨਾਲ ਤੋਰਦਿਆਂ ਕਿਹਾ ਸੀ– "ਇਹਨੂੰ ਆਪਣਾ ਬੱਚਾ ਹੀ ਜਾਣਨਾ, ਇਹਦਾ ਧਿਆਨ ਰਖਣਾ।" ਮੇਰਾ ਪਿਠੂ ਮੇਰੀ ਪਿਠ ਤੇ ਹੀ ਸੀ। ਪਰ ਧਿਆਨ ਉਹਦਾ ਮੈਂ ਕੀ ਰੱਖ ਸਕਦਾ ਸਾਂ ਉਸ ਅਣਜਾਣੇ ਰਸਤੇ ਵਿਚ ! ਓਹੋ ਹੀ ਥੋੜ੍ਹੇ ਥੋੜ੍ਹੇ ਚਿਰ ਪਿਛੋਂ ਮੈਨੂੰ ਪੁਛ ਲੈਂਦਾ ਸੀ– "ਠੀਕ?" ਮੈਂ ਆਖਦਾ "ਠੀਕ" ਤੇ ਫਿਰ ਚੱਲ ਪੈਂਦਾ। ਹਰ ਚੜ੍ਹਾਈ ਤੇ ਉਹ ਆਖਦਾ– "ਅਗਾਂਹ ਝੁਕ ਜਾਓ।" ਤੇ ਹਰ ਉਤਰਾਈ ਤੇ ਕਹਿੰਦਾ "ਪਿਛਾਂਹ ਨੂੰ ਝੁਕ ਜਾਓ।" ਵਿਚ ਵਿਚ ਕਿਸੇ ਸਾਫ ਰਸਤੇ ਤੇ ਉਹ ਘੋੜੇ ਦੀ ਲਗਾਮ ਮੇਰੇ ਹੱਥ ਫੜਾ ਦੇਂਦਾ– ਪਰ ਘੋੜਾ ਅੜ ਖਲੋਂਦਾ। ਘੋੜਾ ਤੇ ਉਹ ਇਕ ਜਾਨ ਜਾਪਦੇ ਸਨ। ਉਹ ਲਗਾਮ ਫੜ ਕੇ ਆਖਦਾ "ਇਹਦੀ ਮੇਰੇ ਨਾਲ ਈ ਮੁਹੱਬਤ ਏ। ਹੋਰ ਕਿਸੇ ਨਾਲ ਵੀ ਨਹੀਂ ਤੁਰਦਾ।"

ਮਹਾਂਗੁੱਨਸ

'ਮਹਾਂਗੁੱਨਸ' ਦੱਰਰੇ ਦੀ ਚੋਟੀ ਉਪਰ ਪਹੁੰਚਦਿਆਂ ਹੀ ਦੁਨੀਆਂ ਬਦਲ ਗਈ। ਚਾਰ ਚੁਫੇਰੇ ਦੀ ਪ੍ਰਕ੍ਰਿਤੀ ਦਾ ਸੌਂਦਰਯ ਕਹਿਣੀ ਕਥਨੀ ਤੋਂ ਬਾਹਰ ਸੀ। ਸਭ ਪਾਸੀ ਚਿੱਟੀ ਬਰਫ– ਪ੍ਰਕਾਸ਼ ਹੀ ਪ੍ਰਕਾਸ਼ ਸੀ। ਓਥੇ ਮਨ-ਬੁੱਧੀ ਵਿਚੋਂ ਸਭ ਪੁਰਾਣੇ ਚਿਤਰ ਮਿਟ ਗਏ ਲੱਗੇ। ਸਾਰਾ ਮਨ ਪ੍ਰਾਣ ਉਸੇ ਅਲੌਕਿਕ ਦਰਿਸ਼ ਨਾਲ ਏਕਾਕਾਰ ਹੋ ਗਿਆ। ਫਿਰ ਝਟ ਕੁ ਪਿਛੋਂ ਹੀ ਸਭ ਕੁਝ ਬਦਲ ਗਿਆ। ਉਸ ਮਹਾਂ ਪ੍ਰਕਾਸ਼ ਦੀ ਥਾਂ ਗਹਿਰੀ ਧੁੰਧ ਨੇ ਲੈ ਲਈ। ਫਿਰ ਉਸ ਧੁੰਧ ਦੇ ਵਿਚੋਂ ਦੀ ਇਕ ਧੁੰਧਲਾ ਜਿਹਾ ਪਹਾੜ ਦਿਸਿਆ। ਉਸ ਦਿੱਸਣ ਦੇ ਛਿਣ ਵਿਚ ਹੀ ਚੇਤਨਾ ਅਨੰਤ ਕਾਲ ਪਿਛਾਂਹ ਨੂੰ ਉਸ ਅਵਸਥਾ ਵਿਚ ਪਹੁੰਚ ਗਈ ਜਾਪੀ ਜਿਹੜੀ ਅਵਸਥਾ ਕਾਲ ਅਤੀਤ ਪਰਤੀਤ ਹੁੰਦੀ ਤੇ ਜਿਸ ਨੂੰ ਗੁਰੂ ਨਾਨਕ ਨੇ 'ਅਰਬਦ ਨਰਬਦ ਧੁੰਧੂਕਾਰੇਂ' ਵਿਚ 'ਸੁੰਨ ਸਮਾਧ' ਆਖਿਆ ਹੈ। ਉਸ ਧੁੰਧੂਕਾਰ ਵਿਚ ਸਭ ਸੁੰਨ ਸਮਾਧ ਲਗ ਰਿਹਾ ਸੀ।

'ਮਹਾਂਗੁੱਨਸ' ਗਿਰੀ ਸੰਕਟ ਵਿਚੋਂ ਲੰਘਣ ਦੇ ਇਹੋ ਜਿਹੇ ਕੁਝ ਛਿਣਾਂ ਨੂੰ ਪਰਸਿਧ ਬੰਗਾਲੀ ਘੁਮੱਕੜ ਤੇ ਲੇਖਕ ਪ੍ਰਬੋਧ ਕੁਮਾਰ ਸਾਨਯਾਲ ਨੇ ਵੀ ਮਾਣਿਆ ਹੈ। ਪਰ ਉਸ ਨੇ ਇਕ ਇਹੋ ਜਿਹੀ ਗੱਲ ਵੀ ਲਿਖੀ ਹੈ ਜਿਸ ਨੂੰ ਉਸ ਦੱਰਰੇ ਵਿਚੋਂ ਅਚਾਨਕ ਇਕ ਵਾਰੀ ਲੰਘਣ ਵਾਲਾ ਵਿਅਕਤੀ ਹੀ ਪੂਰੀ ਤਰ੍ਹਾਂ ਸੱਚ ਮੰਨ ਸਕਦਾ ਹੈ। ਸ੍ਰੀ ਸਾਨਯਾਲ ਨੇ ਲਿਖਿਆ ਹੈ– "ਅਚਾਨਕ ਸਾਡੀ ਰਫਤਾਰ ਰੁਕ ਗਈ। ਕਹਿੰਦੇ ਨੇ ਛੇ ਹਜ਼ਾਰ ਸਾਲ ਪਹਿਲਾਂ ਏਥੇ ਇਕ ਰਿਸ਼ੀ ਹਿਮਾਲੈ ਦੇ ਕਿਸੇ ਇਲਾਕੇ ਵਿਚੋਂ ਆਇਆ ਸੀ। ਉਸ ਨੇ ਮਹਾਂਗੁੱਨਸ ਦੀ ਪ੍ਰਾਕ੍ਰਿਤਕ ਸ਼ੋਭਾ ਵੇਖੀ ਤੇ ਤ੍ਰਭਕ ਕੇ ਰਾਹ ਦੇ ਇਕ ਪਾਸੇ ਖਲੋ ਗਿਆ। ਐਸਾ ਗੜੂੰਦ ਹੋਇਆ ਕਿ ਫਿਰ ਉਹ ਓਥੋਂ ਹਿੱਲ ਨਹੀਂ ਸੱਕਿਆ ਤੇ ਸਮੇਂ ਨਾਲ ਉਸ ਦੀ ਦੇਹ ਪੱਥਰ ਹੋ ਗਈ। ਰਸਤੇ ਵਿਚ ਇਕ ਥਾਂ ਖੱਬੇ ਪਾਸੇ ਉਸ ਰਿਸ਼ੀ ਦਾ ਦੇਹ

ਆਕਾਰ ਪਹਾੜ ਨਾਲ ਏਕਾਕਾਰ ਹੋਇਆ ਦਿੱਸਦਾ ਹੈ। ਅਸੀ ਅਵਾਕ ਭੌਂਤਰੇ ਜਿਹੇ ਖੜੇ ਹਾਂ।" (1)

ਮੈਂ ਉਸ ਰਿਸ਼ੀ ਦੀ ਪੱਥਰ ਹੋ ਗਈ ਕਾਇਆ ਵੇਖੀ ਨਹੀਂ। ਉਸ ਬਾਰੇ ਓਦੋਂ ਸੁਣਿਆਂ ਵੀ ਨਹੀਂ ਸੀ ਹੋਇਆ। ਪਰ ਆਪਣੀ ਚੇਤਨਾ ਵਿਚ ਮੈਂ ਉਸ ਸਥਿਤੀ ਨੂੰ ਕੁਝ ਛਿਣਾਂ ਲਈ ਮਾਣਿਆਂ ਜ਼ਰੂਰ ਸੀ– ਜਿਸ ਨੇ ਉਸ ਰਿਸ਼ੀ ਨੂੰ ਕੀਲ ਲਿਆ ਸੀ ਤੇ ਉਹ ਦੇਹ ਮੁਕਤ ਹੋ ਕੇ ਉਸ ਜੋਤ ਵਿਚ ਰਲ ਗਿਆ ਸੀ– ਜਿਹੜੀ ਓਥੇ ਸਾਰੇ ਵਿਰਾਟ ਰੂਪ ਵਿਚ ਪੱਸਰੀ ਹੋਈ ਅਨੁਭਵ ਹੋ ਰਹੀ ਸੀ।

ਉਂਜ ਤੇ ਚੇਤਨਾ ਸਾਰੇ ਬ੍ਰਹਿਮੰਡ ਵਿਚ ਹੀ ਵਿਆਪਤ ਹੈ- -ਬ੍ਰਹਿਮੰਡ ਦਾ ਕੋਈ ਸੂਖਮ ਤੋਂ ਸੂਖਮ ਕਣ ਵੀ ਪ੍ਰਾਣ ਚੇਤਨਾ ਤੋਂ ਬਿਨਾ ਨਹੀ। ਸਾਡੀ ਹਰੇਕ ਦੀ ਚੇਤਨਾ ਉਸ ਵਿਰਾਟ ਦਾ ਹੀ ਅੰਗ ਹੈ– ਪਰ ਇਹਨਾਂ ਪਹਾੜਾਂ ਵਿਚ– ਜਿੱਥੇ ਮਨੁੱਖ ਦਾ ਫੇ ਰਾ ਬਹੁਤ ਹੀ ਵਿਰਲਾ ਹੈ, ਮਨੁੱਖ ਦੀਆਂ ਭਾਵਨਾਵਾਂ, ਚਿੰਤਾਵਾਂ ਤੇ ਇੱਛਾਵਾਂ ਦਾ ਸਮੂਹਕ ਦੁੰਦ ਕੋਈ ਨਹੀਂ– ਓਥੇ ਹੈ ਤਾਂ ਕੇਵਲ ਬੇਲਾਗ ਬੇਐਬ ਚੇਤਨਾ। ਪ੍ਰਾਣ ਏਥੇ ਵਿਰਾਟ ਰੂਪ ਵਿਚ ਹੈ, ਪ੍ਰਾਣਿਕ ਸ਼ਕਤੀਆਂ ਵੀ ਏਥੇ ਵਿਰਾਟ ਰੂਪ ਵਿਚ ਹਨ, ਸਾਨੂੰ ਉਹ ਆਪਣੇ ਅਸਲ ਰੂਪ ਵਿਚ ਨਹੀ ਦਿੱਸਦੀਆਂ– ਪਰ ਹੈ ਨੇ। ਸਾਡੀ ਪ੍ਰਾਣਿਕ ਚੇਤਨਾ ਨੂੰ ਉਹ ਹੁੰਗਾਰਾਂ ਦੇਂਦੀਆਂ ਨੇ। ਤਦੇ ਤਾਂ ਪੱਥਰ ਦੇ ਕਿਸੇ ਛੋਟੇ ਵਡੇ ਆਕਾਰ ਨਾਲ ਜੁੜ .ਕੇ, ਬਰਫ ਦੀ ਕਿਸੇ ਦੂਰ ਦਿਸਦੀ ਚਾਦਰ ਦੇ ਹੇਠੋਂ ਨਿਕਲਦੀ ਜਲਧਾਰਾ ਦੇ ਸੰਗੀਤ ਨਾਲ ਇਕ ਸੁਰ ਹੋਕੇ ਸਾਡਾ ਅੰਦਰਲਾ ਨਾਦ ਗੁੰਜਾਰ ਕਰ ਉਠਦਾ ਹੈ। ਉਹ ਸਾਰੀਆਂ ਪ੍ਰਾਣਿਕ ਸ਼ਕਤੀਆਂ ਅਦਿਖ ਹੱਥਾਂ ਨਾਲ, ਅਸਫੁਟ ਬੋਲਾਂ ਨਾਲ ਸਾਡੇ ਮਨ-ਪ੍ਰਾਣ ਨੂੰ ਆਨੰਦਿਤ ਕਰਦੀਆਂ ਨੇ। ਕੁਦਰਤ ਦੇ ਇਹਨਾਂ ਸਾਰੇ ਹੁੰਗਾਰਿਆਂ ਰਾਹੀ, ਸਾਰੀਆਂ ਸੈਣਤਾਂ ਰਾਹੀ, ਸਾਰੇ ਬੋਲਾਂ ਰਾਹੀ ਵਿਰਾਟ ਪੁਰਖ ਆਪ ਹੀ ਤਾਂ ਏਥੇ ਸਾਡੇ ਸਨਮੁਖ ਹੁੰਦਾ ਹੈ। ਏਥੇ ਉਹ ਪਰਤੱਖ ਮਹਿਸੂਸ ਹੁੰਦਾ ਹੈ– ਸ਼ਿਵ ਰੂਪ ਵਿਚ ਵੀ ਤੇ ਰੌਦ੍ਰ ਰੂਪ ਵਿਚ ਵੀ।

ਕੁਝ ਹੋਰ ਅਗਾਂਹ ਜਾ ਕੇ ਉਤਰਾਈ ਹੈ–ਫਿਰ ਛੋਟਾ ਮੈਦਾਨ ਤੇ ਚਾਹ-ਪਾਣ ਦੀਆਂ ਤੰਬੂ ਦੁਕਾਨਾਂ। ਓਥੇ ਥੋੜ੍ਹਾ ਰੁਕੇ। ਘੋੜੇ ਨੂੰ ਘਾਹ ਚਰਨ ਲਈ ਛੱਡ ਦਿੱਤਾ ਤੇ ਆਪ ਅਸਾਂ ਚਾਹ ਛਕੀ।

ਫਿਰ ਚੱਲੇ ਤਾਂ ਇਕ ਚੜ੍ਹਾਈ ਸਾਹਮਣੇ ਸੀ। ਉਸ ਚੜ੍ਹਾਈ ਉਪਰ ਪਹੁੰਚਦਿਆਂ ਪਹੁੰਚਦਿਆਂ ਫਿਰ ਧੁੰਧ ਹੋ ਗਈ। ਚੁਪ ਚੁਪੀਤੇ ਬੱਦਲ ਘਿਰ ਆਏ ਤੇ ਕਿਣਮਿਣ ਕਿਣਮਿਣ ਸ਼ੁਰੂ ਹੋ ਗਈ। ਠੰਢੀ ਬਰਫਾਨੀ ਹਵਾ ਚੱਲਣ ਲਗੀ। ਚਾਰ ਚੁਫੇਰੇ ਸੰਨਾਟਾ ਸੀ। ਮੀਂਹ ਵਧਦਾ ਜਾ ਰਿਹਾ ਸੀ ਤੇ ਧੁੰਧਲਕਾ ਵੀ। ਜਾਪਿਆ, ਹੁਣ ਉਹ ਆਪਣੇ ਰੌਦ੍ਰ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਸੇ ਸੰਸਾਰ ਦਾ ਜੀਵ ਹੀ ਤਾਂ ਹਾਂ ਅੰਤ ਨੂੰ। ਅਜੇ ਪਿਛਲੇ ਜਨਮਾਂ ਦੇ ਕਰਮਭੋਗ ਮੁੱਕੇ ਨਹੀ। ਪਰਮ ਆਨੰਦ ਦੇ ਕੁਝ ਛਿਣ ਮਾਣੇ ਜ਼ਰੂਰ ਨੇ ਇਸ ਯਾਤਰਾ ਵਿਚ-ਪਰ ਅਜੇ ਉਹਨਾਂ ਸੰਸਕਾਰਾਂ ਤੋਂ ਮੁਕਤ ਨਹੀ ਹੋਇਆ ਸਾਂ ਜਿਹਨਾਂ ਵਿਚ 'ਡਰ' ਵੀ ਹੈ। ਡਰ, ਲਗਣ ਲੱਗਾ ਬਾਰਿਸ਼ ਉਤਰਦੀ ਵੇਖ ਕੇ। ਸੰਨ 1928 ਵਿਚ

ਅਮਰ ਨਾਥ ਜਾਂਦੇ ਯਾਤਰੀਆਂ ਨੂੰ ਏਥੇ ਹੀ ਪਹਿਲਾਂ ਬਾਰਿਸ਼, ਫਿਰ ਠੰਢੀ ਬਰਫਾਨੀ ਹਵਾ ਤੇ ਫਿਰ ਬਰਫੀਲੇ ਤੂਫਾਨ ਨੇ ਘੇਰ ਲਿਆ। ਪਹਾੜਾਂ ਦੀਆਂ ਸਿਖਰਾਂ ਤੋਂ ਬਰਫ ਨਦੀਆਂ ਦੇ ਰੂਪ ਵਿਚ ਛਲਕ ਪਈ ਸੀ। ਬਰਫ ਦੀਆਂ ਢਿੱਗਾਂ ਰਿੜ੍ਹ ਆਈਆਂ ਸਨ ਤੇ ਲਗ ਭਗ ਛੇ ਸੌ ਯਾਤਰੀ ਮਾਰੇ ਗਏ ਸਨ।

ਡਰ ਲੱਗਾ ਕਿ ਕਿਧਰੇ ਅੱਜ ਵੀ ਉਹਦਾ ਉਹ ਤਾਂਡਵ ਰੂਪ ਹੀ ਤਾਂ ਨਹੀ ਸਾਕਾਰ ਹੋਣ ਲੱਗਾ? ਸ਼ੇਸ਼ਨਾਗ ਅਜੇ ਢਾਈ ਤਿੰਨ ਕਿਲੋਮੀਟਰ ਦੂਰ ਹੈ। ਇਹੋ ਜਿਹੀ ਉਜਾੜ ਵਿਚ—ਜਿੱਥੇ ਮਨੁੱਖ ਨਹੀ, ਪੰਛੀ ਨਹੀਂ, ਬਿਰਛ ਨਹੀ, ਕੋਈ ਓਹਲਾ ਨਹੀਂ- ਛੋਟਾ ਜਿਹਾ ਡਰ ਵੀ ਵਿਰਾਟ ਰੂਪ ਧਾਰ ਕੇ ਵਿਖਾਈ ਦੇਂਦਾ ਏ। ਉਹ ਮੈਨੂੰ ਵੀ ਦਿੱਸਣ ਲੱਗਾ। ਪਰ ਅਸਲ ਵਿਚ ਇਹੋ ਜਿਹੇ ਡਰ ਵਾਲੀ ਅਜੇ ਕੋਈ ਗੱਲ ਨਹੀ ਸੀ। ਬਾਰਿਸ਼ ਹੋ ਜ਼ਰੂਰ ਰਹੀ ਸੀ। ਪਰ ਥੋੜ੍ਹੀ ਥੋੜ੍ਹੀ। ਮਨ ਵਿਚ ਫਿਰ ਵਿਚਾਰ ਆਇਆ, 'ਹੋਰ ਚਾਹੀਦਾ ਵੀ ਕੀ ਏ। ਜੇ ਉਹ ਰੌਦ੍ਰ ਰੂਪ ਵਿਚ ਏਥੇ ਹੀ ਪ੍ਰਗਟ ਹੋ ਕੇ ਨਿਬੇੜਾ ਕਰ ਦੇਂਦਾ ਏ ਤਾਂ ਏਸ ਤੋਂ ਚੰਗਾ ਅੰਤ ਹੋਰ ਕੀ ਹੋ ਸਕਦਾ ਏ? ਜੀਵਨ ਵਿਚ ਜਿੰਨੀਆਂ ਕੁ ਜ਼ਿਮੇਵਾਰੀਆਂ, ਜਿੰਨੀਆਂ ਕੁ ਇੱਛਾਵਾਂ ਤੇ ਪ੍ਰਾਪਤੀਆਂ ਕੋਈ ਆਪਣੇ ਲਈ ਤਜਵੀਜ਼ ਕਰ ਸਕਦਾ ਏ ਉਹ ਸਭ ਤਾਂ ਹੋ ਚੁੱਕੀਆਂ। ਕੁਝ ਸਿਰੇ ਚੜ੍ਹ ਗਈਆਂ ਨੇ ਤੇ ਬਾਕੀਆਂ ਲਈ ਗੁੰਜਾਇਸ਼ ਕੋਈ ਨਹੀਂ ਰਹੀ। ਕਾਲ ਨਘਾਰ ਗਿਆ ਏ ਉਨ੍ਹਾਂ ਲਈ ਮਿਥੇ ਨਿਸਚਿਤ ਦਿਨਾਂ ਨੂੰ। ਫਿਰ ਬਾਕੀ ਕੀ ਏ?' ਅੰਦਰੋਂ ਹੀ ਜਵਾਬ ਆਇਆ, 'ਬਾਕੀ ਤੇ ਕੁਝ ਵੀ ਨਹੀ।' 'ਤਾਂ ਫਿਰ ਚਿੰਤਾ ਕਿਹੀ ਤੇ ਡਰ ਕਿਹਾ? ਤਿਆਰ ਰਹੁ ਉਸ ਦੇ ਰੌਦ੍ਰ ਰੂਪ ਵਿਚ ਦਰਸ਼ਨਾਂ ਲਈ।'

ਮਨ ਸ਼ਾਂਤ ਹੋ ਗਿਆ। ਫਿਰ ਕਲਪਨਾ ਜਾਗੀ ਉਸ ਦੇ ਉਸ ਰੂਪ ਦੀ, ਜਿਸ ਦਾ ਵਰਨਣ ਗੁਰੂਦੇਵ ਟੈਗੋਰ ਨੇ ਇਕ ਗੀਤ ਵਿਚ ਕੀਤਾ ਹੈ। ਸੁਤੇ ਹੀ ਉਹ ਗੀਤ ਕੰਠ ਵਿਚੋਂ ਨਿਕਲਣ ਲਗਾ—

"ਜੇ ਰਾਤੇ ਮੋਰ ਦੁਆਰ ਗੁਲੀ ਭਾਂਗਲੋ ਝੌੜੇ,
ਜਾਣੀ ਨਾਈ ਜੇ ਤੂਮੀ ਏਲੇ, ਆਮਾਰ ਘੋਰੇ...।"

(ਜਿਸ ਰਾਤ ਮੇਰੇ ਦਰਵਾਜ਼ੇ ਤੂਫਾਨ ਨੇ ਭੰਨ ਦਿੱਤੇ ਸਨ— ਹੇ ਪ੍ਰਭੂ, ਮੈਂ ਨਹੀ ਸਾਂ ਜਾਣਦਾ ਕਿ ਤੂੰ ਹੀ ਮੇਰੇ ਘਰ ਆਇਆ ਏਂ...।)

ਜੇ ਸਚਮੁਚ ਹੀ ਤੂਫਾਨ ਆ ਜਾਂਦਾ, ਬਰਫ ਦਾ ਝੱਖੜ ਝੁੱਲ ਪੈਂਦਾ, ਪਰਬਤ ਡੁਲ੍ਹ ਪੈਂਦੇ, ਘਾਹ ਦੇ ਤਿਣਕੇ ਵਾਂਗ ਮੈਂ ਉਡਦਾ, ਡੁਬਦਾ, ਤਰਦਾ— ਤਾਂ ਪਤਾ ਨਹੀ ਕਿਹੋ ਜਿਹਾ ਲਗਦਾ ਉਸ ਵੇਲੇ, ਪਰ ਇਸ ਵੇਲੇ ਮੈਂ ਉਸੇ ਦੇ ਦਿੱਤੇ ਆਨੰਦ ਵਿਚ ਗਾ ਰਿਹਾ ਸਾਂ। ਬਾਰਿਸ਼ ਹੋ ਰਹੀ ਸੀ ਥੋੜ੍ਹੀ ਥੋੜ੍ਹੀ- ਪਰ ਮੈਨੂੰ ਲੱਗਾ ਜਿਵੇਂ ਪਰਬਤੀ ਸੌਂਦਰਯ ਆਪਣੀਆਂ ਸੰਪੂਰਨ ਕਲਾਵਾਂ ਨਾਲ ਮੇਰੇ ਚਾਰ ਚੁਫੇਰੇ ਵਿਆਪਤ ਹੈ— ਤੇ ਮੇਹਰਾਂ ਦਾ ਮੀਂਹ ਬਰਸ ਰਿਹਾ ਹੈ।

ਡੰਡੀ ਹੌਲੀ ਹੌਲੀ ਸੌੜੀ ਹੁੰਦੀ ਗਈ। ਉਤਰਾਈ ਤੇ ਸਾਂ। ਇਕ ਬੰਨੇ ਪਰਬਤ ਸੀ, ਦੂਜੇ ਪਾਸੇ ਹੇਠਾਂ ਗਲੇਸ਼ੀਅਰ ਤੇ ਉਨ੍ਹਾਂ ਵਿਚੋਂ ਥਾਂ ਥਾਂ ਤੋਂ ਨਿਕਲਦੀ ਧਾਈਆਂ ਕਰ ਕਰ

ਜਾਂਦੀ ਨਦੀ। ਫਿਰ ਉਹ ਗਲੇਸ਼ੀਅਰ ਆਇਆ ਜਿਸ ਦੇ ਉਪਰੋਂ ਲੰਘ ਕੇ ਨਦੀ ਪਾਰ ਕਰਨੀ ਸੀ। ਪਾਰ ਹੁੰਦਿਆਂ ਹੀ– ਸਾਹਮਣੇ ਨਦੀ ਦੇ ਦੋਹੀ ਪਾਸੀ ਤੰਬੂਆਂ ਦੀਆਂ ਕਤਾਰਾਂ ਸਨ। ਸ਼ੇਸ਼ ਨਾਗ ਪਹੁੰਚ ਗਏ ਸਾਂ।

ਸ਼ੇਸ਼ਨਾਗ

ਬੱਚੇ ਨੇ ਇਕ ਸਰਦਾਰ ਜੀ ਦੇ ਤੰਬੂ ਹੋਟਲ ਸਾਹਮਣੇ ਘੋੜਾ ਜਾ ਖਲਿਆਰਿਆ। ਸਰਦਾਰ ਜੀ ਪੰਜਾਹ ਕੁ ਸਾਲ ਦੇ ਲਗਦੇ ਸਨ। ਉਹ ਸਤਿ ਸ੍ਰੀ ਅਕਾਲ ਬੁਲਾ ਕੇ ਅੰਦਰ ਲੈ ਗਏ। ਅੱਗੇ ਪਿੱਛੇ ਦੋ ਤੰਬੂ ਸਨ। ਭੱਠੀ ਉਪਰ ਉਨ੍ਹਾਂ ਦਾ ਭਿਆਲ ਸਰਦਾਰ ਬੈਠਾ ਸੀ। ਅੰਦਰ ਜਾ ਕੇ ਮੈ ਆਪਣੇ ਉਪਰੋਂ ਮੋਮਜਾਮਾ ਲਾਹਿਆ। ਉਨ੍ਹਾਂ ਨੇ ਕੰਬਲ ਦਿੱਤਾ ਤੇ ਭੱਠੀ ਵਿਚੋਂ ਅੰਗਿਆਰ ਕਢ ਕੇ ਕਾਂਗੜੀ ਵਿਚ ਰੱਖਕੇ ਕਾਂਗੜੀ ਮੈਨੂੰ ਦੇ ਦਿੱਤੀ। ਮੈ ਬੱਚੇ ਨੂੰ ਵਿਦਾ ਕੀਤਾ ਤੇ ਕੰਬਲ ਦੀ ਬੁਕਲ ਮਾਰਕੇ ਨਿੱਘ ਲੈਣ ਲੱਗਾ।

ਘੰਟੇ ਕੁ ਬਾਅਦ ਮੀਹ ਰੁਕ ਗਿਆ। ਸਰਦਾਰ ਜੀ ਮੈਨੂੰ ਚਾਹ ਤੇ ਰੋਟੀ ਲਈ ਬਾਰ ਬਾਰ ਪੁਛਦੇ ਰਹੇ ਪਰ ਮੈਂ ਚਾਹੁੰਦਾ ਸਾਂ ਕਿ ਸਾਥੀਆਂ ਦੇ ਆਉਣ ਤੇ ਹੀ ਖਾਣ-ਪਾਣ ਕੀਤਾ ਜਾਵੇ। ਏਨੇ ਵਿਚ ਮੈ ਸਰਦਾਰ ਜੀ ਨੂੰ ਪੁਛ ਵੀ ਲਿਆ ਕਿ ਉਹ ਰਾਤ ਰਹਿਣ ਦਾ ਪ੍ਰਤੀ ਵਿਅਕਤੀ ਕੀ ਲੈਣਗੇ।

"ਤੁਹਾਡੇ ਕੋਲੋਂ ਪੰਝੀ ਰੁਪਏ ਇਕ ਆਦਮੀ ਦੇ ਹਿਸਾਬ ਲਵਾਂਗੇ। ਖਾਣਾ ਇਕ ਡੰਗ ਦਾ ਲਗਭਗ ਦਸ ਪੰਦਰਾਂ ਰੁਪਏ ਤੇ ਚਾਹ ਦੋ ਦੋ ਰੁਪਏ ਪਿਆਲੀ ਪਿਛੇ।"

"ਪਰ ਅਸੀਂ ਤਾਂ ਰਾਤ ਰਹਿਣ ਦੇ ਦਸ ਰੁਪਏ ਸੁਣਦੇ ਆਏ ਆਂ।"

"ਨਹੀਂ ਜੀ, ਦਸ ਰੁਪਏ ਕੌਣ ਲੈਂਦਾ ਏ। ਮੈਂ ਪਹਿਲਾਂ ਈ ਤੁਹਾਨੂੰ ਘੱਟ ਤੋਂ ਘੱਟ ਦੱਸੇ ਨੇ ਗੁਰਮੁਖ ਜਾਣਕੇ।"

ਮੈਂ ਕੋਈ ਹਾਂ ਨਾਂਹ ਕਰਨ ਤੋਂ ਬਿਨਾਂ ਹੀ ਉੱਠਕੇ ਪਿਛਾਂਹ ਨੂੰ ਤੁਰ ਪਿਆ। ਸਰਦਾਰ ਜੀ ਨੇ ਫਿਕਰ ਜਿਹੇ ਨਾਲ ਹੀ ਪੁਛਿਆਂ, "ਕਿੱਥੇ ਚੱਲੇ ਓ?"

"ਮੈਂ ਆਪਣੇ ਸਾਥੀਆਂ ਦਾ ਪਤਾ ਲਵਾਂ– ਉਹ ਕਿਧਰੇ ਪਾਰਲੇ ਤੰਬੂਆਂ ਵੱਲ ਹੀ ਨਾ ਚਲੇ ਗਏ ਹੋਣ।" ਕਹਿ ਕੇ ਮੈਂ ਹੌਲੀ ਹੌਲੀ ਗਲੇਸ਼ੀਅਰ ਤੇ ਪਹੁੰਚ ਗਿਆ। ਓਧਰੋਂ ਮੇਰੇ ਸਾਥੀ ਵੀ ਪਹੁੰਚ ਗਏ। ਮੈਂ ਉਨ੍ਹਾਂ ਨੂੰ ਤੰਬੂਆ ਬਾਰੇ ਦੱਸਿਆ ਤੇ ਕਿਹਾ ਕਿ "ਕਿਸੇ ਹੋਰ ਤੰਬੂ ਵਾਲੇ ਨੂੰ ਵੀ ਪੁੱਛ ਲਈਏ।"

ਪੁਛਦਿਆਂ ਪੁਛਦਿਆਂ ਹਰ ਤੰਬੂ ਵਾਲਾ ਹੀ ਤੀਹ ਪੈਤੀ ਤੋਂ ਸ਼ੁਰੂ ਹੋ ਕੇ ਦਸ ਰੁਪਏ ਪ੍ਰਤੀ ਵਿਅਕਤੀ ਤੇ ਆਣ ਖਲੋਵੇ। ਅਸਾਂ ਥੋੜ੍ਹਾਂ ਮਜ਼ਾ ਲੈਣ ਲਈ ਹੀ ਕਿਹਾ, "ਅਸੀ ਤਾਂ ਪੰਜ ਪੰਜ ਰੁਪਏ ਦਿਆਂਗੇ।"

ਉਹ ਉਸ ਲਈ ਵੀ ਤਿਆਰ ਹੋ ਗਏ ਤੇ ਫਟਾ ਫਟ ਬਿਸਤਰੇ ਵਿਛਾਣੇ ਸ਼ੁਰੂ ਕਰ ਦਿੱਤੇ। ਮੈ ਡਾ: ਮਨਜੀਤ ਨੂੰ ਕਿਹਾ, "ਮੇਰਾ ਥੈਲਾ ਤਾਂ ਸਰਦਾਰ ਜੀ ਕੋਲ ਹੀ ਪਿਆ ਏ ਉਹਨਾਂ ਨੂੰ ਵੀ ਇਕ ਵਾਰੀ ਪੁੱਛ ਹੀ ਲਓ।"

ਜਾ ਕੇ ਸਰਦਾਰ ਜੀ ਨਾਲ ਗੱਲ ਕੀਤੀ। ਉਹ ਦੂਰੋਂ ਸਭ ਕੁਝ ਵੇਖ ਹੀ ਰਹੇ ਸਨ–

- ਕਿਹਾ, "ਅਸੀ ਤੁਹਾਥੋਂ ਪੰਜ ਪੰਜ ਰੁਪਏ ਹੀ ਲੈ ਲਾਂਗੇ।" ਅਸਾਂ ਆਪਸ ਵਿਚ ਇਕ ਦੂਜੇ ਵੱਲ ਹੈਰਾਨੀ ਨਾਲ ਤਕਿਆ ਤੇ ਬਾਕੀ ਦੇ ਦੋਵੇਂ ਥੈਲੇ ਵੀ ਓਥੇ ਹੀ ਟਿਕਾ ਦਿੱਤੇ। ਫਿਰ ਦੁਪਹਿਰ ਦਾ ਭੋਜਨ ਛਕਿਆ ਤੇ ਟਹਿਲਦੇ ਟਹਿਲਦੇ ਝੀਲ ਵੱਲ ਨੂੰ ਚਲੇ ਗਏ। ਸਾਰਾ ਬਾਜ਼ਾਰ ਪਾਰ ਕਰਨ ਤੇ ਰਸਤੇ ਤੋਂ ਹੇਠਾਂ ਖੱਬੇ ਪਾਸੇ ਵਿਸ਼ਾਲ ਝੀਲ ਸੀ। ਗਹਿਰੇ ਨੀਲੇ ਨਿਰਮਲ ਜਲ ਵਿਚ ਉਸਦੇ ਨਾਲ ਲਗਦੇ ਪਹਾੜ ਤੇ ਬੱਦਲਾਂ ਦੇ ਪਰਛਾਵੇਂ ਸਾਫ ਦਿੱਸ ਰਹੇ ਸਨ। ਝੀਲ ਵਿਚ ਇਕ ਪਾਸਿਓਂ ਨਦੀ ਦਾ ਜਲ ਪੈ ਰਿਹਾ ਸੀ ਤੇ ਉਪਰੋਂ ਪਹਾੜ ਉਪਰਲੇ ਗਲੇਸ਼ੀਅਰ ਖੁਰ ਖੁਰ ਕੇ ਝਲਾਰਾਂ ਰਾਹੀ ਹੇਠਾਂ ਡਿਗ ਰਹੇ ਸਨ। ਝੀਲ ਲੰਬਾਈ ਵਿਚ ਬਹੁਤ ਦੂਰ ਤਕ ਫੈਲੀ ਹੋਈ ਸੀ ਤੇ ਚੌੜਾਈ ਵਿਚ ਕੁਝ ਘੱਟ। ਝੀਲ ਦੇ ਕੰਢੇ ਉਪਰ ਕਿਸੇ ਬਦੇਸ਼ੀ ਯਾਤ੍ਰੀ ਦਾ ਰੰਗ ਬਿਰੰਗਾ ਤੰਬੂ ਵੀ ਦਿੱਸਦਾ ਸੀ ਤੇ ਬੌਣੇ ਜਿਹੇ ਲਗਦੇ ਕੁਝ ਵਿਅਕਤੀ ਵੀ ਟੁਰਦੇ ਫਿਰਦੇ ਨਜ਼ਰ ਆ ਰਹੇ ਸਨ। ਡਾ: ਮਨਜੀਤ ਤੇ ਰਾਮ ਕ੍ਰਿਸ਼ਣ ਹੌਲੀ ਹੌਲੀ ਹੇਠਾਂ ਝੀਲ ਵੱਲ ਨੂੰ ਉਤਰਦੇ ਗਏ ਪਰ ਮੈਂ ਥੋੜ੍ਹੀ ਦੂਰ ਤਕ ਜਾਕੇ ਰੁਕ ਗਿਆ। ਕੁਝ ਚਿਰ ਓਥੇ ਹੀ ਬੈਠਾ ਤੇ ਫਿਰ ਉਪਰ ਰਸਤੇ ਦੇ ਕਿਨਾਰੇ ਇਕ ਪੱਥਰ ਉਪਰ ਆਸਣ ਲਗਾ ਲਿਆ। ਉਪਰੋਂ ਝੀਲ ਨੂੰ ਵੇਖਣ ਦਾ ਕੁਝ ਵਧੇਰੇ ਹੀ ਮਜ਼ਾ ਸੀ। ਏਥੋਂ ਚਾਰ ਚੁਫੇਰੇ ਪਹਾੜ ਵੀ ਮੇਰੀ ਨਜ਼ਰ ਦੀ ਪਹੁੰਚ ਵਿਚ ਸਨ ਤੇ ਝੀਲ ਦਾ ਜਲ ਵੀ। ਓਦੋਂ ਤੱਕ ਪਹਿਲਗਾਓਂ ਅਤੇ ਚੰਦਨ ਵਾੜੀ ਤੋਂ ਸਵੇਰ ਦੇ ਚੱਲੇ ਅਮਰਨਾਥ ਦੇ ਯਾਤ੍ਰੀ ਵੀ ਪਹੁੰਚਣੇ ਸ਼ੁਰੂ ਹੋ ਗਏ ਸਨ। ਇਕ ਸੌ ਇਸਤ੍ਰੀ ਪੁਰਸ਼ਾਂ ਦਾ ਇਕ ਜਥਾ ਤੇ ਦਿੱਲੀ ਤੋਂ ਹੀ ਆਇਆ ਸੀ– ਜਿਸ ਨੂੰ ਕਿਸੇ ਪ੍ਰਾਪਰਟੀ ਡੀਲਰ ਸ਼ਰਮਾ ਜੀ ਨੇ ਆਪਣੇ ਖ਼ਰਚੇ ਤੇ ਲਿਆਂਦਾ ਸੀ। ਇਹ ਸ਼ਰਮਾਂ ਜੀ ਇਹੋ ਜਿਹੇ ਜਥੇ ਦੂਸਰੇ ਤੀਰਥਾਂ ਤੇ ਵੀ ਲੈ ਜਾਂਦੇ ਹਨ, ਇਸ ਵਾਰ ਉਹ ਅਮਰ ਨਾਥ ਦੀ ਯਾਤ੍ਰਾ ਕਰਵਾਣ ਦਾ ਪੁੰਨ ਖਟ ਰਹੇ ਸਨ। ਕੁਝ ਬੰਗਾਲੀ ਯਾਤ੍ਰੀਆਂ ਦੇ ਛੋਟੇ ਛੋਟੇ ਗਰੁਪ ਸਨ। ਸਾਰੇ ਯਾਤ੍ਰੀ ਹੀ ਅਸੰਭਵ ਚੜ੍ਹਾਈਆਂ ਦੀ ਅਗਨੀ ਪਰੀਖਸ਼ਾ ਵਿਚੋਂ ਲੰਘਕੇ ਆ ਰਹੇ ਸਨ– ਭਾਵੇਂ ਘੋੜਿਆਂ ਤੇ ਸਨ, ਡਾਂਡੀਆਂ ਤੇ ਸਨ ਜਾ ਪੈਦਲ। ਸ਼ੇਸ਼ਨਾਗ ਤਕ ਪਹੁੰਚਦਿਆਂ ਪਹੁੰਚਦਿਆਂ ਹਰ ਕੋਈ ਬੇਹਾਲ ਸੀ। ਇਕ ਵੀਹ ਕੁ ਸਾਲ ਦਾ ਗਭਰੂ ਸਾਹੋ ਸਾਹ ਹੋਇਆ ਬੜੇ ਭੋਲੇ ਭਾ ਨਾਲ ਆਪਣੇ ਸਾਥੀ ਨੂੰ ਪੁਛਦਾ ਜਾ ਰਿਹਾ ਸੀ–"ਇਹ ਭੋਲੇ ਨਾਥ ਏਨੇ ਉਚੇ ਪਹਾੜ ਉਤੇ ਡੇਰਾ ਕਿਉਂ ਜਾ ਲਾਉਂਦੇ ਨੇ?"

ਕੁਝ ਯਾਤਰੀਆਂ ਨੇ ਮੈਨੂੰ ਪੁਛਿਆ, "ਤੁਹਾਨੂੰ ਸ਼ੇਸ਼ਨਾਗ ਦੇ ਦਰਸ਼ਨ ਹੋਏ ਨੇ?"

"ਨਹੀਂ"।

"ਪਰ ਸਾਨੂੰ ਤੇ ਹੋਏ ਨੇ, ਪਰਤੱਖ, ਛੇ ਸਿਰਾਂ ਵਾਲੇ ਸ਼ੇਸ਼ਨਾਗ ਦੇ। ਅਸੀ ਤੇ ਬੜੀ ਦੂਰ ਤੋਂ ਈ ਦਰਸ਼ਨ ਕਰਦੇ ਆ ਰਹੇ ਆਂ। ਕਈ ਵਾਰੀ ਸ਼ੇਸ਼ਨਾਗ ਨੇ ਸਿਰ ਬਾਹਰ ਕੱਢ ਕੇ ਦਰਸ਼ਨ ਦਿੱਤੇ ਨੇ।"

"ਤਾਂ ਤੁਹਾਡੀ ਯਾਤਰਾ ਤੇ ਸਫਲ ਹੋ ਗਈ, ਭਾਗਾਂ ਵਾਲੇ ਓ। ਪਰ ਮੈਨੂੰ ਤੇ... ਸ਼ਾਇਦ ਮੇਰੀ ਭਾਵਨਾ ਹੀ... ਮੈਨੂੰ ਤੇ ਸ਼ਿਵਲਿੰਗ ਦੇ ਦਰਸ਼ਨ ਵੀ ਨਹੀਂ ਹੋਏ ਤੇ ਨਾ

ਹੀ ਕਬੂਤਰਾਂ ਦੇ..." ਮੈਂ ਆਖਿਆ।

"ਸ਼ਿਵਲਿੰਗ ਦੇ ਵੀ ਨਹੀਂ? ਸ਼ਿਵਲਿੰਗ ਹੈ ਈ ਨਹੀਂ ਸੀ?"

"ਮੈਨੂੰ ਤੇ ਨਹੀ ਲੱਭਾ।"

ਉਹ ਵਿਚਾਰੇ ਕੁਝ ਨਿਰਾਸ਼ ਜਿਹੇ ਹੋ ਗਏ ਇਹ ਗੱਲ ਸੁਣਕੇ। ਪਰ ਮੈਂ ਉਨ੍ਹਾਂ ਦਾ ਭਰਮ ਇਹ ਕਹਿ ਕੇ ਦੂਰ ਕਰ ਦਿੱਤਾ ਕਿ "ਮੱਸਿਆ ਦੇ ਦਿਨਾਂ ਵਿਚ ਸ਼ਿਵਲਿੰਗ ਦੀ ਬਰਫ ਖੁਰ ਜਾਂਦੀ ਏ, ਪੁੰਨਿਆਂ ਨੂੰ ਦਰਸ਼ਨ ਹੁੰਦੇ ਨੇ।" ਉਨ੍ਹਾਂ ਨੂੰ ਆਪਣੇ ਭਾਗਾਂ ਬਾਰੇ ਸ਼ੰਕਾ ਹਟ ਜਾਂਦੀ। ਕੁਦਰਤ ਅਗੇ ਤਾਂ ਕੋਈ ਜ਼ੋਰ ਨਹੀ ਨਾ।

ਕੁਝ ਚਿਰ ਬਾਅਦ ਡਾ: ਮਨਜੀਤ ਤੇ ਰਾਮ ਕ੍ਰਿਸ਼ਨ ਦੇ ਉਪਰ ਆਉਣ ਤੇ ਮੈਂ ਕਿਹਾ, "ਮੈਂ ਤੇ ਬਹੁਤ ਦੂਰ ਉਪਰ ਹੀ ਬੈਠਾ ਸਾਂ ਸ਼ਾਇਦ ਇਸ ਲਈ ਨਜ਼ਰ ਨਾ ਆ ਸੱਕਿਆ ਹੋਵੇ, ਤੁਸੀ ਤੇ ਝੀਲ ਦੇ ਕੰਢੇ ਪਾਣੀ ਦੇ ਕੋਲ ਬੈਠੇ ਰਹੇ ਓ, ਸ਼ੇਸ਼ਨਾਗ ਵੇਖਿਆ ਜੇ?"

"ਨਹੀ, ਸਾਨੂੰ ਤੇ ਕਿਤੇ ਨਹੀਂ ਦਿੱਸਿਆ। ਅਸੀਂ ਝੀਲ ਦੇ ਪਾਣੀ ਦੇ ਆਸ ਪਾਸ ਹੀ ਤੇ ਬੈਠੇ ਜਾਂ ਘੁੰਮਦੇ ਰਹੇ ਆਂ।"

ਏਥੇ ਇਹ ਗੱਲ ਮੰਨੀ ਪਰਮੰਨੀ ਹੈ ਕਿ ਪੁੰਨ ਆਤਮਾ ਯਾਤ੍ਰੀਆਂ ਨੂੰ ਉਸ ਸ਼ੇਸ਼ਨਾਗ ਦੇ ਦਰਸ਼ਨ ਜ਼ਰੂਰ ਹੁੰਦੇ ਨੇ ਜਿਸਨੂੰ ਸ਼ਿਵਜੀ ਮਹਾਰਾਜ ਅਮਰਨਾਥ ਜਾਂਦੇ ਹੋਏ ਝੀਲ ਵਿਚ ਛੱਡ ਗਏ ਸਨ।

ਰਾਤ ਪੈਣ ਤੇ ਅਸੀ ਤੰਬੂ ਵਿਚ ਵਾਪਸ ਪਰਤੇ। ਸਰਦਾਰ ਜੀ ਨੇ ਭੋਜਨ ਬਣਾ ਕੇ ਛਕਾਇਆ ਤੇ ਪਿਛਲੇ ਤੰਬੂ ਵਿਚ ਬਿਸਤਰੇ ਲਗਾ ਦਿੱਤੇ। ਪਿਛਲਾ ਤੰਬੂ ਨਦੀ ਦੇ ਬਿਲਕੁਲ ਕੰਢੇ ਉਪਰ ਸੀ। ਇਸ ਲਈ ਸਾਰੀ ਰਾਤ ਨਦੀ ਦੀ ਗਰਜਨਾ ਸੁਣਾਈ ਦੇਂਦੀ ਰਹੀ।

ਸਵੇਰੇ ਅਸੀ ਜਲਦੀ ਹੀ ਤਿਆਰ ਹੋ ਗਏ। ਅੱਜ ਸਾਡਾ ਇਰਾਦਾ ਸੀ ਕਿ ਪਹਿਲਗਾਓਂ ਜਾ ਕੇ ਰਾਤ ਰਹੀਏ। ਮੇਰਾ ਅੱਜ ਘੋੜਾ ਕਰਨ ਦਾ ਕੋਈ ਪ੍ਰੋਗਰਾਮ ਨਹੀਂ ਸੀ। ਰਸਤਾ ਜਾਂ ਤੇ ਸਮਤਲ ਸੀ ਜਾ ਉਤਰਾਈ ਵਾਲਾ-ਇਸ ਲਈ ਪੈਦਲ ਚੱਲਣ ਦਾ ਹੀ ਫੈਸਲਾ ਕੀਤਾ ਤੇ ਸ਼ਾਹ ਵੇਲੇ ਦੇ ਪਰਾਉਂਠੇ-ਚਾਹ ਛੱਕ ਕੇ ਪੈਂਡੇ ਪੈ ਗਏ।

ਰਸਤੇ ਵਿਚ ਝੀਲ, ਝਰਨੇ ਤੇ ਬਰਫਾਂ ਲੱਦੀਆਂ ਪਹਾੜੀ ਚੋਟੀਆ ਸਾਨੂੰ ਵੰਗਾਰ ਵੰਗਾਰ ਕੇ ਕਹਿੰਦੀਆਂ ਪਰਤੀਤ ਹੋ ਰਹੀਆਂ ਸਨ ਕਿ 'ਬਸ ! ਏਨੀ ਹੀ ਮੁਹੱਬਤ ਸੀ ਸਾਡੇ ਨਾਲ ! ਭੱਜੇ ਕਿਉਂ ਜਾਂਦੇ ਓ ਆਪਣੀ ਉਸੇ ਰੌਲੇ ਗੌਲੇ ਤੇ ਮਾਰ ਧਾੜ ਵਾਲੀ ਦੁਨੀਆਂ ਵਿਚ !' ਅਸੀ ਮੁੜ ਮੁੜ ਉਸ ਵੰਗਾਰ ਨੂੰ ਸੁਣਦੇ, ਚਾਰ ਚੁਫੇਰੇ ਲਲਚਾਈਆਂ ਨਜ਼ਰਾਂ ਨਾਲ ਉਸ ਇਲਾਹੀ ਸੌਂਦਰਯ ਵੱਲ ਤਕਦੇ ਦੇ ਫਿਰ ਚੱਲ ਪੈਂਦੇ। ਉਸ ਹਾਲਤ ਵਿਚ ਇਹੋ ਗੱਲ ਸਮਝ ਵਿਚ ਆ ਰਹੀ ਸੀ-'ਨਕ ਨੱਥ ਖਸਮ ਹੱਥ....।' ਜਿਹੜਾ ਫੜਕੇ ਏਥੇ ਲਿਆਇਆ ਸੀ-ਉਹੋ ਹੀ ਲਿਜਾ ਵੀ ਰਿਹਾ ਹੈ-ਨਾ ਸਾਡੇ ਕੁਝ ਹੱਥ ਵਿਚ ਏ ਨਾ ਤੁਹਾਡੇ। ਛੇ ਕਰੋੜ ਸਾਲ ਪਹਿਲਾਂ ਤੁਸੀ-ਇਹ ਹਿਸਾਲਯ-ਵੀ ਏਥੇ ਨਹੀ ਸੀ, ਸਮੁੰਦਰ ਵਿਚ ਭੁਚਾਲ ਆਏ ਤੇ ਹਿਮਾਲਯ ਉਗ ਆਇਆ ਉਸ ਵਿਚੋਂ। ਕੌਣ ਜਾਣੇ ਕਿਸ ਦੀ

ਇੱਛਾ ਨਾਲ, ਕਿਸ ਦੀ ਰਜ਼ਾ ਵਿਚ ਤੇ ਹਿਮਾਲਯ ਕਿਸੇ ਅਹੱਲਿਆ ਵਾਂਗ, ਕਿਸੇ ਐਸੇ ਦੀ ਚਰਨ ਛੋਹ ਲਈ ਉਡੀਕ ਵਿਚ ਓ-ਜਿਹੜਾ ਤੁਹਾਡੀ ਕਾਇਆ ਮੁਕਤੀ ਕਰ ਦੇਵੇ। ਕੌਣ ਜਾਣੇ ਕਿਸ ਨੇ ਤੇ ਕਦੋਂ ਫਿਰ ਸਭ ਬਦਲ ਦੇਣਾ ਏ। ਪਤਾ ਨਹੀਂ ਕਿੰਨੀ ਵਾਰੀ ਅਸੀਂ ਏਥੇ ਆਏ ਤੇ ਗਏ, ਇਹ ਵੀ ਪਤਾ ਨਹੀਂ ਕਿੰਨਾ ਕਿੰਨਾ ਸਮਾਂ ਅਸੀਂ ਵੀ ਇਸੇ ਹਿਮਾਲਯ ਦੇ ਅਣੂ ਰੂਪੀ ਅੰਗ ਰਹੇ ਹੋਵਾਂਗੇ-ਸ਼ਾਇਦ ਏਸੇ ਲਈ ਉਨ੍ਹਾ ਸੰਸਕਾਰਾਂ ਕਰਕੇ ਹੀ ਹਿਮਾਲਯ-ਬਾਰ ਬਾਰ ਬੁਲਾਉਂਦਾ ਹੈ ਤੇ ਅਸੀਂ ਆਉਂਦੇ ਹਾਂ। ਜਿਹੜੇ ਲੋਕ ਕਸ਼ਮੀਰ ਨੂੰ ਕਸ਼ਮੀਰ ਬੇਨਜ਼ੀਰ ਜੱਨਤੇ ਕਸ਼ਮੀਰ ਆਖਦੇ ਜਾਂ ਇਹ ਕਹਿੰਦੇ ਨੇ ਕਿ ਧਰਤੀ ਉਪਰ ਜੇ ਸਵਰਗ ਹੈ ਤਾਂ ਕਸ਼ਮੀਰ, ਉਹ ਸਵਰਗ ਜਾਂ ਜੰਨਤ ਸ੍ਰੀਨਗਰ ਵਿਚ ਨਹੀਂ-ਅਮਰਨਾਥ ਦੇ ਇਨ੍ਹਾਂ ਰਾਹਾਂ ਵਿਚ ਹੈ। ਅਜ ਅਸੀਂ ਉਸੇ ਸਵਰਗ ਲੋਕ ਤੋਂ ਉਤਰ ਕੇ ਮਰਤ ਲੋਕ ਨੂੰ ਜਾ ਰਹੇ ਸਾਂ।

ਪਿੱਸੂ ਟਾਪ

ਚਲਦੇ ਚਲਦੇ ਅਸੀਂ ਪਿੱਸੂ ਟਾਪ ਤੇ ਪਹੁੰਚ ਗਏ। ਖੁਲ੍ਹਾ ਮੈਦਾਨ ਸੀ ਪਹਾੜ ਦੀ ਇਸ ਚੋਟੀ ਉਪਰ। ਚਾਹ ਪਾਣੀ ਦੀਆਂ ਦੁਕਾਨਾਂ ਸਨ। ਮੈਂ ਚਾਹ ਪੀਤੀ, ਰਾਮ ਕ੍ਰਿਸ਼ਣ ਨੇ ਚੌਲ ਖਾਧੇ, ਡਾ: ਮਨਜੀਤ ਨੇ ਪੁਲਿਸ ਵਾਲਿਆਂ ਨਾਲ ਗੱਲਬਾਤ ਕੀਤੀ। ਜੰਮੂ ਕਸ਼ਮੀਰ ਦੇ ਮੁਖ ਮੰਤਰੀ ਡਾ: ਫਾਰੂਕ ਅਬਦੁੱਲਾ ਆ ਰਹੇ ਸਨ ਅਮਰਨਾਥ ਦੇ ਦਰਸ਼ਨ ਕਰਕੇ। ਤਦੇ ਖਬਰ, ਹੈਲੀਕਾਪਟਰ ਗੜਗਉਂਦਾ ਸਾਡੇ ਸਿਰਾਂ ਨੂੰ ਛੂਹ ਕੇ ਲੰਘ ਗਿਆ ਜਾਪਿਆ।

ਥੋੜ੍ਹਾ ਕੁ ਹੋਰ ਚਲਣ ਤੇ ਅਸੀਂ ਉਸ ਉਤਰਾਈ ਦੇ ਸਿਰ ਤੇ ਪਹੁੰਚ ਗਏ ਸਾਂ-ਜਿਹੜੀ ਅਮਰਨਾਥ ਜਾਣ ਵਾਲਿਆਂ ਲਈ ਬੜੀ ਹੀ ਬੇਦਰਦ ਚੜ੍ਹਾਈ ਦੇ ਰੂਪ ਵਿਚ ਅਗਨੀ ਪਰੀਖਿਆ ਲੈਂਦੀ ਹੈ। ਚਾਰ ਪੰਜ ਕਿਲੋਮੀਟਰ ਇਕੋ ਧੁਰੀ ਉਪਰ ਘੁੰਮੀ ਜਾਣਾ ਹੁੰਦਾ ਹੈ ਇਸ ਪਿੱਸੂ ਟੌਪ ਦੀ ਚੜ੍ਹਾਈ ਜਾਂ ਉਤਰਾਈ ਵੇਲੇ। ਇਕ ਵਾਰੀ ਪੰਡਿਤ ਜਵਾਹਰ ਲਾਲ ਨਹਿਰੂ ਸ਼ੇਸ਼ ਨਾਗ ਦੀ ਝੀਲ ਵੇਖਣ ਲਈ ਜਾਂਦੇ ਹੋਏ ਹੇਠੋਂ ਹੀ ਮੁੜ ਗਏ ਸਨ ਚੜ੍ਹਾਈ ਵੱਲ ਵੇਖ ਕੇ। ਇਸ ਦਾ ਜ਼ਿਕਰ ਕਰਦਿਆਂ ਪ੍ਰਬੋਧ ਕੁਮਾਰ ਸਾਨਯਾਲ ਨੇ 'ਦੇਵਤਾਤਮਾ ਹਿਮਾਲੇ' ਵਿਚ 22 ਅਗਸਤ 1953 ਨੂੰ ਲਿਖਿਆ ਸੀ- "ਦਿੱਲੀ ਦਾ ਕੁਤਬ ਮੀਨਾਰ ਢਾਈ ਸੌ ਫੁਟ ਉੱਚਾ ਹੈ ਤੇ ਕਲਕੱਤੇ ਦਾ ਮੋਨੂਮੈਂਟ ਡੇਢ ਸੌ ਫੁਟ। ਪਰ ਇਹ ਜੇ ਤਕਰੀਬਨ ਚਾਰ ਮੀਲ ਉਚੇ ਹੁੰਦੇ-ਤਾਂ ? ਕੁਤਬ ਮੀਨਾਰ ਦੇ ਅੰਦਰ ਪੌੜੀਆ ਹੈ ਨੇ, ਵਿਚ ਵਿਚ ਸਿੱਧੇ ਹੋ ਕੇ ਖਲੋਤਾ ਜਾ ਸਕਦਾ ਏ। ਏਥੇ ਪੌੜੀਆਂ ਕੋਈ ਨਹੀਂ। ਪਹਾੜੀ ਖੁੱਡੇ ਵੀ ਕੋਈ ਨਹੀਂ, ਢਾਸਨਾ ਲਗਾਉਣ ਲਈ ਥਾਂ ਵੀ ਨਹੀਂ। ਖਲੋਣ ਦੀ ਗੁੰਜਾਇਸ਼ ਨਹੀਂ। ਸਭ ਤੋਂ ਵਡੀ ਮੁਸੀਬਤ ਉਨ੍ਹਾਂ ਲਈ ਏ ਜਿਹੜੇ ਅਜੇ ਪਿਛੇ ਨੇ ਤੇ ਉਪਰ ਚੜ੍ਹ ਰਹੇ ਨੇ। ਘੋੜੇ ਦੇ ਪੈਰ ਦੀ ਠੋਕਰ ਨਾਲ ਜੇ ਇਕ ਪੱਥਰ ਰਿੜ੍ਹ ਜਾਵੇ ਤਾਂ ਉਹ ਇਕ ਹੋਰ ਪੱਥਰ ਨੂੰ ਰੇੜ੍ਹ ਖੜੇਗਾ, ਦੂਜਾ ਪੱਥਰ ਤੀਜੇ ਨੂੰ ਤੇ ਤੀਜਾ ਕਈਆਂ ਹੋਰਨਾ ਨੂੰ। ਇੰਜ ਇਹ ਸਿਲਸਿਲਾ ਜਿਵੇਂ ਹੇਠੋਂ ਆਉਣ ਵਾਲਿਆਂ ਦੀ ਅਣਚਾਹੀ ਮੌਤ ਦਾ ਕਾਰਨ ਬਣ ਸਕਦਾ ਏ-ਉਸ ਬਾਰੇ ਸੋਚਣਾ ਵੀ ਔਖਾ ਲਗਦਾ ਏ। ਕੋਲੋਂ ਦੀ ਡਾਂਡੀ

ਵਿਚ ਬੈਠੀ ਇਕ ਬੰਗਾਲੀ ਔਰਤ ਗਾਂਦੀ। ਪਰਿਸ਼੍ਰਮ ਨਾਲ ਉਸ ਦੀਆ ਅੱਖਾਂ ਵਿਚੋਂ ਹੰਝੂ ਝਰ ਰਹੇ ਨੇ। ਬੁੜ ਬੁੜ ਕਰਕੇ ਬੋਲ ਰਹੀ ਹੈ, "ਹੇ ਅਮਰ ਨਾਥ ! ਜੈ ਬਿਪਤਾ ਹਰਨ ਮਧੂ ਸੂਦਨ।

"ਤੇਰਾਂ ਚੌਦਾਂ ਸਾਲ ਪਹਿਲਾ ਪੰਡਿਤ ਨਹਿਰੂ ਆਏ ਸਨ ਏਥੇ, ਸ਼ੇਸ਼ ਨਾਗ ਦੀ ਤੁਸ਼ਾਰ ਨਦੀ ਵੇਖਣ ਦੀ ਇੱਛਾ ਸੀ ਉਨ੍ਹਾ ਦੀ-ਪਰ ਇਹ ਪਿੱਸੂ ਦੀ ਚੜ੍ਹਾਈ ਉਨ੍ਹਾ ਦੇ ਰਾਹ ਦੀ ਰੋਕ ਬਣ ਗਈ ਸੀ। ਉਨ੍ਹਾਂ ਦੇ ਨਾਲ ਸਨ ਖਾਨ ਅਬਦੁਲ ਗੁਫਾਰ ਖਾਂ ਤੇ ਸ਼ੇਖ ਮੁਹੰਮਦ ਅਬਦੁੱਲਾ। ਪੰਡਿਤ ਜੀ ਨੂੰ ਉਹ ਏਥੋਂ ਹੀ ਮੋੜ ਕੇ ਲੈ ਗਏ ਸਨ....।"

ਇਸੇ ਪਿੱਸੂ ਟੌਪ ਦੀ ਉਤਰਾਈ ਉਤਰਕੇ ਅਸੀ ਚੰਦਨਵਾੜੀ ਪਹੁੰਚ ਗਏ। ਦੋ ਤਿੰਨ ਦਿਨਾਂ ਪਿਛੋਂ ਅੱਜ ਫਿਰ ਲੰਮੇ ਉੱਚੇ ਘਣੇ ਬਿਰਛਾਂ ਦੀਆਂ ਕਤਾਰਾਂ ਦਿੱਸੀਆਂ। ਗਲੇਸ਼ੀਅਰ ਉੱਤੇ ਬਣੇ ਕੁਦਰਤੀ ਪੁਲ ਉਪਰੋਂ ਤੀ ਲਿੱਦਰ ਨਦੀ ਅਥਵਾ ਨੀਲ ਗੰਗਾ ਪਾਰ ਕੀਤੀ ਤੇ ਤੰਬੂਆਂ ਦੇ ਬਾਜ਼ਾਰ ਵਿਚ ਪਹੁੰਚ ਗਏ।

ਪਰ ਇਨ੍ਹਾਂ ਤੰਬੂਆਂ ਵਿਚ ਕਿਸੇ ਨੂੰ ਸਾਡੇ ਵੱਲ ਤਕਣ ਦੀ ਫੁਰਸਤ ਨਹੀ ਸੀ। ਇਹ ਤੰਬੂਆ ਵਾਲੇ ਰੱਖੜ ਪੁੰਨਿਆਂ ਦੀ ਉਡੀਕ ਵਿਚ ਸਨ-ਜਦੋਂ ਇਨ੍ਹਾਂ ਨੇ ਯਾਤਰੀਆਂ ਦੀਆਂ ਜੇਬਾਂ ਹੌਲੀਆਂ ਕਰਨੀ ਨੇ। ਅੱਜ ਕਲ, ਜਿਹੜੇ ਯਾਤਰੀ ਉਪਰੋਂ ਆਉਂਦੇ ਨੇ ਉਹ ਤੁਰੰਤ ਹੀ ਪੰਜਾਹ ਰੁਪਏ ਦੇ ਕੇ ਟੈਕਸੀ ਵਿਚ ਬਹਿ ਕੇ ਅੱਧੇ ਘੰਟੇ ਦੇ ਅੰਦਰ ਅੰਦਰ ਪਹਿਲਗਾਉਂ ਜਾ ਕੇ ਸਾਹ ਲੈਂਦੇ ਨੇ। ਪੁੱਛਦਿਆਂ ਪੁਛਾਉਂਦਿਆਂ ਇਕ ਹੋਟਲ ਵਾਲਿਆਂ ਨੇ "ਖਾਣਾ ਤਿਆਰ ਹੈ" ਆਖ ਕੇ ਸਾਨੂੰ ਬਿਠਾ ਕੇ ਚੌਲ, ਮੁਠ ਕੁ ਦਾਲ ਤੇ ਸੁਕੇ ਮਟਰਾਂ ਦੀ ਸਬਜ਼ੀ ਅੱਗ ਤੇ ਧਰ ਦਿੱਤੀ-ਤੇ ਏਨਾ ਕੁ ਹੀ ਆਟਾ ਗੁੰਨ੍ਹ ਕੇ ਰੋਟੀਆਂ ਪਕਾਣ ਲਗ ਪਏ। ਉਹ ਚਾਰੇ ਜਣੇ ਵਾਹੋ ਦਾਹੀ ਲੱਗੇ ਹੋਏ ਸਨ। ਚੌਲ ਕੱਚੇ ਹੀ ਲਾਹ ਲਏ ਰੋਟੀਆਂ ਘੱਟ ਅੱਗ ਕਾਰਨ ਸੁਕ ਗਈਆਂ, ਦਾਲ ਚਿੱਥੀ ਹੀ ਨਾ ਜਾਏ ਤੇ ਮਟਰ ਦਾ ਜਿਹੜਾ ਦਾਣਾ ਵੇਖੋ-ਕੀੜਿਆਂ ਵਾਲਾ।

ਆਲਾ ਦੁਆਲਾ ਏਥੋਂ ਦਾ ਪਿਛਲੇ ਸਫਰ ਨਾਲੋਂ ਬਿਲਕੁਲ ਵਖਰੀ ਤਰ੍ਹਾਂ ਦਾ ਸੀ। ਨੀਲਗੰਗਾ ਦੇ ਨਾਲ ਨਾਲ ਸੜਕ ਤੇ ਸੜਕ ਨਾਲ ਪਹਾੜ। ਲਾਂਭ ਚਾਂਭ ਛੋਟਾ ਮੋਟਾ ਮੈਦਾਨ। ਦਰਖਤਾਂ ਦੀ ਭਰਮਾਰ ਹੋਣ ਕਰਕੇ ਸਭ ਛਾਂ ਹੀ ਛਾਂ ਸੀ-ਜਿਸ ਕਰਕੇ ਠੰਢ ਲਗਦੀ ਸੀ।

ਉਹ ਭੋਜਨ ਕਰਕੇ ਅਸਾਂ ਬਿਨਾ ਰੁਕਿਆਂ ਪਹਿਲਗਾਉਂ ਨੂੰ ਜਾਣ ਦਾ ਫੈਸਲਾ ਕਰ ਲਿਆ। ਪਰ ਕਿਵੇਂ ਜਾਇਆ ਜਾਵੇ ? ਪੈਦਲ ਹੀ ? ਪੰਜਾਹ ਰੁਪਏ ਦੇ ਕੇ ਟੈਕਸੀ ਵਿਚ ? ਜਾਂ ਘੋੜਿਆਂ ਉਪਰ। ਡਾ: ਮਨਜੀਤ ਤੇ ਰਾਮਕ੍ਰਿਸ਼ਨ ਦਾ ਮਨ ਵੀ ਇਕ ਵਾਰੀ ਘੋੜੇ ਦੀ ਸਵਾਰੀ ਕਰਨ ਦਾ ਬਣ ਰਿਹਾ ਸੀ। ਮੈਂ ਘੋੜਿਆਂ ਵਾਲੇ ਨਾਲ ਗੱਲ ਕੀਤੀ। ਪੰਜਾਹ ਪੰਜਾਹ ਰੁਪਏ ਵਿਚ ਸੌਦਾ ਤੈ ਕਰਕੇ ਤਿੰਨਾ ਘੋੜਿਆਂ ਉਪਰ ਬਹਿਕੇ ਅਸੀ ਦੋ ਢਾਈ ਘੰਟਿਆਂ ਵਿਚ ਪਹਿਲਗਾਉਂ ਪਹੁੰਚ ਗਏ।

3
ਸ਼ਾਂਤੀ ਨਿਕੇਤਨ

ਸ਼ਾਂਤੀ ਨਿਕੇਤਨ

ਦੋ ਲੰਮੀਆਂ ਹਨੇਰੀਆਂ ਸਿਆਲੀ ਰਾਤਾਂ ਤੇ ਇਕ ਦਿਨ ਦੇ ਉਕਤਾਊ ਰੇਲ ਦੇ ਸਫਰ ਨੂੰ ਕੁਝ ਹੌਲਾ ਤੇ ਸੁਖਾਵਾਂ ਬਣਾਨ ਲਈ ਤਦਬੀਰਾਂ ਸੋਚਦਿਆਂ ਸੋਚਦਿਆਂ ਏਧਰ ਓਧਰ ਝਾਕਣ ਲੱਗਾ, ਅਤੇ ਸਾਹਮਣੀ ਸੀਟ ਉੱਤੇ ਹੀ ਮੈਨੂੰ ਆਪਣੀ ਇਸ ਮੁਸ਼ਕਿਲ ਦਾ ਹੱਲ ਨਜ਼ਰ ਆਇਆ। ਓਥੇ ਦੋ ਬੱਚਿਆਂ, ਉਨ੍ਹਾਂ ਦੀ ਮਾਂ ਤੇ ਇਕ ਗਭਰੂ ਨੂੰ ਬੰਗਲਾ ਵਿਚ ਗੱਲਾਂ ਕਰਦਿਆਂ ਵੇਖ ਕੇ ਇਹ ਤਾਂ ਸਮਝ ਲਿਆ ਕਿ ਇਹ ਵੀ ਦੂਰ ਦੇਸ ਦੇ ਰਾਹੀ ਹਨ ਪਰ ਸਵਾਲ ਇਹ ਸੀ ਕਿ ਇਨ੍ਹਾਂ ਨੂੰ ਹਮਰਾਹੀ ਕਿਵੇਂ ਬਣਾਇਆ ਜਾਏ ? ਬੰਗਾਲੀ ਲੋਕਾਂ ਬਾਰੇ ਮੇਰੀ ਆਮ ਧਾਰਨਾ ਤਾਂ ਇਹੋ ਹੀ ਸੀ ਕਿ ਥੋੜ੍ਹੀ ਕੀਤਿਆਂ ਕਿਸੇ ਗ਼ੈਰ ਬੰਗਾਲੀ ਨਾਲ ਰਚਦੇ ਮਿਚਦੇ ਨਹੀਂ ਸਗੋਂ ਆਪਣੇ ਆਪ ਵਿਚ ਹੀ ਮਸਤ ਰਹਿੰਦੇ ਹਨ, ਅਤੇ ਮੈਂ ਇਨ੍ਹਾਂ ਦੀ ਇਸ ਜਨਮ ਜਾਤ ਭਾਵਨਾ ਦਾ ਆਦਰ ਕਰਨਾ ਚਾਹੁੰਦਾ ਜੇ ਮੇਰੇ ਸਾਹਮਣੇ ਏਨਾ ਲੰਮਾ ਸਫਰ ਤੇ ਮੇਰੀ ਇਕੱਲਤਾ ਮੈਨੂੰ ਡਰਾਉਣੀ ਨਾ ਲੱਗਦੀ ਹੁੰਦੀ। ਪਰ ਇਨ੍ਹਾਂ ਨਾਲ ਸਾਂਝ ਕਿਵੇਂ ਪਾਈ ਜਾਏ ? ਇਨ੍ਹਾਂ ਸੋਚਾਂ ਵਿਚ ਹੀ ਸਾਂ ਕਿ ਅਚਾਨਕ ਮੇਰੇ ਲਾਗੇ ਹੀ ਪਈ ਹੋਈ ਮੋਟੇ ਮੋਟੇ ਅੱਖਰਾਂ ਵਿਚ ਛਪੇ ਨਾਂ ਵਾਲੀ ਇਕ ਬੰਗਲਾ ਕਿਤਾਬ ਉੱਤੇ ਉਸ ਗਭਰੂ ਦੀ ਘੜੀ ਮੁੜੀ ਆਣ ਟਿਕਦੀ ਨਜ਼ਰ ਨੇ ਮੇਰਾ ਧਿਆਨ ਖਿੱਚ ਲਿਆ। ਅਤੇ ਉਸ ਨਜ਼ਰ ਵਿਚੋਂ ਹੀ ਮੈਨੂੰ ਆਪਣੀ ਮੁਸ਼ਕਿਲ ਦਾ ਹੱਲ ਲੱਭਣ ਲੱਗਾ। ਬੰਗਾਲ ਦੇ ਜਾਦੂ ਦੀਆਂ ਕਹਾਣੀਆਂ ਬਚਪਨ ਤੋਂ ਹੀ ਸੁਣਦਾ ਆ ਰਿਹਾ ਸਾਂ ਅਤੇ ਇਨ੍ਹਾਂ ਕਹਾਣੀਆਂ ਵਿਚੋਂ ਹੀ ਨਿਕਲ ਕੇ ਜਿਹੜਾ ਸਵਾਲ ਰਹਿ ਰਹਿ ਕੇ ਮੇਰੇ ਸਾਹਮਣੇ ਆਉਂਦਾ ਰਿਹਾ ਸੀ ਉਹ ਸਵਾਲ ਸੀ–ਕੀ ਬੰਗਾਲ ਉੱਤੇ ਵੀ ਕਿਸੇ ਚੀਜ਼ ਦਾ ਜਾਦੂ ਚੱਲਦਾ ਹੈ ਕਿ ਨਹੀਂ ? ਅਤੇ ਕਾਫੀ ਚਿਰ ਪਿੱਛੋਂ ਮੈਂ ਇਸ ਨਤੀਜੇ ਤੇ ਪਹੁੰਚਾ ਸਾਂ ਕਿ ਬੰਗਾਲ ਉੱਤੇ ਜਾਦੂ ਚਲਦਾ ਹੈ 'ਬੰਗਲਾ' ਦਾ। ਦਿੱਲੀ ਵਿਚ ਹੀ ਅਨੇਕਾਂ ਬੰਗਾਲੀਆਂ ਦੇ ਮੂੰਹੋਂ ਸੁਣਦਾ ਆ ਰਿਹਾ ਸਾਂ 'ਆਮਾਦੇਰ ਸ਼ੋਨਾਰ ਬਾਂਗਲਾ ਦੇਸ਼', (ਸਾਡਾ ਸੋਨੇ ਦਾ ਬੰਗਲਾ ਦੇਸ਼) ਸਾਡੀ ਬੰਗਲਾ ਭਾਸ਼ਾ, ਸਾਡਾ ਬੰਗਲਾ ਨਾਵਲਿਸਟ ਸ਼ਰਤ ਚੰਦਰ, ਸਾਡਾ ਬੰਗਲਾ ਕਵੀ ਰਵੀਂਦ੍ਰ ਨਾਥ ਟੈਗੋਰ ਤੇ ਇਸੇ ਬੰਗਲਾ ਭਾਸ਼ਾ ਲਈ ਹੀ ਢਾਕੇ ਦੇ ਮੁਸਲਮਾਨਾਂ ਦੇ ਗੋਲੀਆਂ ਖਾਕੇ ਮਰਨ ਦੀਆਂ ਖਬਰਾਂ ਵੀ ਅਜੇ ਕੱਲ੍ਹ ਸੁਣੀਆਂ ਸਨ ਜਦੋਂ ਪਾਕਿਸਤਾਨ ਦੇ ਬੰਗਾਲੀ ਹਿੱਸੇ ਵਿਚ ਓਥੋਂ ਦੀ ਸਰਕਾਰ ਉਰਦੂ ਨੂੰ ਰਾਜ ਭਾਸ਼ਾ ਬਣਾਨ ਲਈ ਤਿਆਰ ਹੋਈ ਸੀ। ਉਸੇ ਬੰਗਲਾ ਭਾਸ਼ਾ ਦੀ ਕੋਈ ਕਿਤਾਬ ਸਾਹਮਣੇ ਵਿਹਲੀ ਪਈ ਹੋਵੇ ਤੇ ਇਕ ਪੜ੍ਹਿਆ ਹੋਇਆ ਬੰਗਾਲੀ ਉਸ ਵੱਲੋਂ ਬੇਧਿਆਨ ਹੋਕੇ ਬੈਠਾ ਰਹੇ, ਇੰਜ ਹੋ ਜੁ ਨਹੀਂ ਸੱਕਦਾ। ਕਿਤਾਬਾਂ ਦਾ ਮੋਹ ਸੰਭਾਲਣਾ ਇਕ ਬੰਗਾਲੀ ਲਈ ਉਸੇ ਤਰ੍ਹਾਂ ਹੀ ਔਖਾ ਹੈ ਜਿਵੇਂ ਇਕ ਠੇਠ ਭਾਈ ਜੀ ਲਈ ਧਰਿਆਓਲੇ ਦੇ ਕੜਾਹ ਪਰਸ਼ਾਦ ਦਾ ਮੋਹ ਸੰਭਾਲਣਾ। ਸੋ ਥੋੜ੍ਹੇ ਚਿਰ ਬਾਅਦ ਹੀ ਇਸ ਮੰਤਰ ਦਾ ਅਸਰ ਸ਼ੁਰੂ ਹੋ ਗਿਆ, ਬੰਗਲਾ ਦਾ ਜਾਦੂ ਬੰਗਾਲ ਦੇ ਸਿਰ ਚੜ੍ਹ ਬੋਲਿਆ। ਪਰ ਉਸ

ਬੈਂਗਲਾ ਕਿਤਾਬ ਨੂੰ ਹੱਥ ਪਾਉਣ ਤੋਂ ਪਹਿਲਾਂ ਉਸ ਦੇ ਪੰਜਾਬੀ ਮਾਲਕ ਨਾਲ ਗੱਲ ਕਰਨੀ ਜ਼ਰੂਰੀ ਸੀ ਅਤੇ ਉਹੋ ਹੀ ਆਪਣਾ ਮਨੋਰਥ ਸੀ। ਹੁਣ ਉਸ ਦੀ ਹੈਰਾਨ ਜਿਹੀ ਨਜ਼ਰ ਕਦੀ ਕਿਤਾਬ ਉੱਤੇ ਤੇ ਕਦੀ ਮੇਰੀ ਦਾਹੜੀ-ਪਗੜੀ ਉੱਤੇ ਆਣ ਟਿਕਦੀ। ਬੰਗਾਲੀ ਬਾਬੂ ਲਈ ਇਸ ਪੰਜਾਬੀ ਮੂਰਤੀ ਤੇ ਬੰਗਲਾ ਕਿਤਾਬ ਦਾ ਮੇਲ ਬਿਠਾਣਾ ਔਖਾ ਹੋ ਰਿਹਾ ਸੀ। ਉਸ ਦੀ ਹੈਰਾਨ ਜਿਹੀ ਨਜ਼ਰ ਵੇਖ ਕੇ ਮੈਨੂੰ ਦਿੱਲੀ ਦੇ ਇੰਪੀਰੀਅਲ ਸਿਨਮੇ ਦੀ ਇਕ ਕਹਾਣੀ ਯਾਦ ਆ ਗਈ। ਉਸ ਦਿਨ ਸ਼ਿਵਰਾਤਰੀ ਸੀ। ਇੰਪੀਰੀਅਲ ਸਿਨੇਮਾ ਉਸ ਦਿਨ ਪੂਰੀ ਰਾਤ ਚਾਲੂ ਰਹਿਣਾ ਤੇ ਬੰਗਲਾ ਭਾਸ਼ਾ ਦੀਆਂ ਤਿੰਨ ਫਿਲਮਾਂ ਵਿਖਾਈਆਂ ਜਾਣੀਆਂ ਸਨ, ਉਨ੍ਹਾਂ ਤਿੰਨਾਂ ਵਿਚੋਂ ਇਕ ਫਿਲਮ ਟੈਗੋਰ ਦੇ ਮਸ਼ਹੂਰ ਨਾਟਕ 'ਚਿਰ ਕੁਮਾਰ ਸਭਾ' ਦੀ ਕਹਾਣੀ ਨੂੰ ਲੈ ਕੇ ਬਣਾਈ ਗਈ ਸੀ। ਮੈਂ ਵੀ ਹਫਤਾ ਕੁ ਪਹਿਲਾਂ ਹੀ ਸੀਟ ਬੁਕ ਕਰਵਾ ਲਈ ਅਤੇ ਸ਼ਿਵਰਾਤਰੀ ਨੂੰ ਓਥੇ ਜਾ ਪਹੁੰਚਾ। ਸਿਨੇਮਾ ਹਾਲ ਦੇ ਬਾਹਰਲੇ ਬਰਾਂਡੇ ਵਿਚ ਖਲੋਤਾ ਤਿੰਨਾਂ ਫਿਲਮਾਂ ਦਾ ਪ੍ਰੋਗ੍ਰਾਮ ਪੜ੍ਹ ਰਿਹਾ ਸਾਂ ਕਿ ਇਕ ਮੋਟੇ ਤਾਜ਼ੇ ਆਦਮੀ ਨੇ ਆਣ ਕੇ ਹਿੰਦੀ ਵਿਚ ਪੁੱਛਿਆ, "ਸਰਦਾਰ ਜੀ, ਤੁਸੀਂ ਏਥੇ ਕੀ ਕਰ ਰਹੇ ਓ ?"

ਮੈਂ ਕਿਹਾ, "ਜੋ ਹੋਰ ਲੋਕ ਕਰ ਰਹੇ ਨੇ।"

"ਇਹ ਤੇ ਬੰਗਾਲੀ ਲੋਕ ਨੇ, ਬੰਗਲਾ ਫਿਲਮ ਵੇਖਣ ਆਏ ਨੇ।"

"ਮੈਂ ਵੀ ਇਹੋ ਫਿਲਮ ਹੀ ਵੇਖਣ ਆਇਆ ਹਾਂ।"

"ਨਹੀਂ ਤੁਸੀ ਨਹੀਂ ਵੇਖ ਸੱਕਦੇ।"

"ਕਿਉਂ ?"

"ਇਹ ਲੋਕ ਬੁਰਾ ਮਨਾਉਂਦੇ ਨੇ।"

"ਕਿਸ ਗੱਲ ਦਾ ?"

"ਇਹ ਪੰਜਾਬੀਆਂ ਨੂੰ ਚੰਗਾ ਨਹੀਂ ਜਾਣਦੇ।"

ਮੈਂ ਕਿਹਾ, "ਜਿਹੜਾ ਇਤਰਾਜ਼ ਕਰਦਾ ਏ ਉਹਦੇ ਦਰਸ਼ਨ ਤਾਂ ਕਰਾਓ !"

"ਨਹੀ ਇਸ ਝਗੜੇ ਵਿਚ ਪੈਣ ਦੀ ਕੋਈ ਲੋੜ ਨਹੀ, ਤੁਸੀ ਇਹ ਫਿਲਮ ਨਹੀਂ ਵੇਖ ਸੱਕਦੇ।"

"ਪਰ ਕਿਉਂ ਨਹੀ ਵੇਖ ਸੱਕਦਾ ? ਜਿਹੜਾ ਸਾਨੂੰ ਪਸੰਦ ਨਹੀ ਕਰਦਾ ਉਹ ਆਪਣੇ ਬੰਗਾਲ ਵਿਚ ਚਲਿਆ ਜਾਏ, ਏਥੇ ਦਿੱਲੀ ਵਿਚ ਕਿਉਂ ਰਹਿ ਰਿਹਾ ਏ ? ਇਹ ਲੋਕ ਵਲੈਤੀ ਸਾਹਿਬ ਨਹੀਂ ਤੇ ਮੈਂ ਵੀ ਕੋਈ ਕਾਲਾ ਅਫਰੀਕਨ ਨਹੀਂ। ਜਦੋਂ ਆਇਆ ਹਾਂ ਤਾਂ ਫਿਲਮ ਵੇਖ ਕੇ ਹੀ ਜਾਵਾਂਗਾ।"

"ਪਰ ਤੁਹਾਨੂੰ ਟਿਕਟ ਹੀ ਨਹੀ ਮਿਲਣੀ।"

"ਟਿਕਟ ਮੈਂ ਸੱਤ ਦਿਨ ਪਹਿਲਾਂ ਦੀ ਲਈ ਹੋਈ ਏ।"

"ਅੱਛਾ ਤਾਂ ਤੁਸੀ ਜਾਣੋ।" ਆਖ ਕੇ ਉਹ ਅੰਦਰ ਨੂੰ ਚਲਿਆ ਗਿਆ ਤੇ ਮੈਂ ਖਲੋਤਾ ਰਿਹਾ। ਹੌਲੀ ਹੌਲੀ ਦਿਮਾਗ਼ ਗਰਮ ਹੁੰਦਾ ਗਿਆ। ਸੋਚਦਾ ਸਾਂ, 'ਕਿੱਥੇ ਹੈ ਭਾਰਤ

ਵਰਸ਼ ! ਦਿੱਲੀ ਵਿਚ ਵੀ ਭਾਰਤ ਵਰਸ਼ ਇਕ ਨਹੀ ? ਅਤੇ ਬੰਗਾਲੀਆਂ ਵੱਲੋਂ ਪੰਜਾਬੀਆਂ ਨਾਲ ਏਨੀ ਜ਼ਬਰਦਸਤ ਘ੍ਰਿਣਾ ਦੀ ਗੱਲ ਵੀ ਤਾਂ ਮੈਂ ਕਦੀ ਨਹੀਂ ਸੀ ਸੋਚੀ। ਇਹ ਆਦਮੀ ਹੀ ਕੌਣ ਹੈ ਜੋ ਇੰਜ ਸਹਿਜੇ ਹੀ ਅਪਮਾਨ ਕਰ ਗਿਆ ਹੈ ?' ਇਕ ਵਾਰੀ ਉਸ ਨੂੰ ਪੁੱਛਣ ਤੇ ਜੀਅ ਕੀਤਾ ਕਿ ਆਖਿਰ ਉਸ ਦਾ ਮਤਲਬ ਕੀ ਹੈ ? ਫਿਰ ਅੰਦਰ ਜਾ ਪਹੁੰਚਾ। ਜਾ ਫੜਿਆ ਉਸ ਨੂੰ ਟੀ ਸਟਾਲ ਉੱਤੇ। ਬਦਲੇ ਦੀ ਭਾਵਨਾ ਨਾਲ ਹੀ ਉਸ ਨੂੰ ਚਿੜ੍ਹਾਨ ਲਈ ਪੁੱਛਿਆ, "ਤੁਸੀਂ ਸ਼ਾਇਦ ਇਸ ਟੀ ਸਟਾਲ ਦੇ ਮਾਲਕ ਓ ?"

ਉਹ ਮੇਰਾ ਉਸ ਵੇਲੇ ਦਾ ਰੰਗ ਢੰਗ ਵੇਖ ਕੇ ਅਸਲ ਗੱਲ ਸਮਝ ਗਿਆ ਅਤੇ ਉਂਗਲ ਨਾਲ ਫ਼ਰਸ਼ ਤੋਂ ਛੱਤ ਵੱਲ ਤਕਾ ਕੇ ਠੇਠ ਪੰਜਾਬੀ ਵਿਚ ਬੋਲਿਆ, "ਨਹੀਂ ਇਸ ਬਿਲਡਿੰਗ ਦਾ।" ਅਤੇ ਫਿਰ ਹੱਸ ਕੇ ਕਿਹਾ ਸੀ, "ਮੇਰੀ ਗੱਲ ਦਾ ਬੁਰਾ ਨਾ ਮਨਾਉਣਾ, ਮੈਂ ਤੇ ਐਵੇਂ ਸੁਭਾਵਕ ਹੀ ਸੋਚਿਆ ਸੀ ਕਿ ਤੁਸੀ ਬੰਗਾਲੀ ਤਾਂ ਸਮਝਦੇ ਨਹੀਂ ਹੋਣੇ ਫਿਰ ਐਵੇਂ ਟਾਈਮ ਹੀ ਕਿਉਂ ਬਰਬਾਦ ਕਰੋ।" ਅਤੇ ਬਾਅਦ ਵਿਚ ਉਹ ਮੈਨੂੰ ਆਪ ਜਾਕੇ ਸੀਟ ਉੱਤੇ ਬਿਠਾ ਆਇਆ ਸੀ। ਓਥੇ ਇਕ ਪੰਜਾਬੀ ਲਈ ਬੰਗਾਲੀ-ਪੰਜਾਬੀ ਦਾ ਮੇਲ ਬਿਠਾਉਣਾ ਔਖਾ ਹੋ ਗਿਆ ਸੀ ਅਤੇ ਏਥੇ ਇਸ ਗੱਡੀ ਦੇ ਡੱਬੇ ਵਿਚ ਇਕ ਬੰਗਾਲੀ ਲਈ ਉਹੋ ਗੱਲ ਔਖੀ ਹੋਈ ਹੋਈ ਸੀ, ਪਰ ਜੇ ਕਿਧਰੇ ਕਿਸੇ ਅੰਗਰੇਜ਼ੀ ਕਿਤਾਬ ਜਾਂ ਕਿਸੇ ਸਿਨੇਮਾ ਹਾਲ ਵਿਚ ਚੱਲ ਰਹੀ ਅੰਗਰੇਜ਼ੀ ਫਿਲਮ ਨਾਲ ਮੇਲ ਬਿਠਾਣ ਦੀ ਲੋੜ ਪੈਂਦੀ ਤਾਂ ਉਪਰੋਕਤ ਦੋਵੇਂ ਭੱਦਰ ਪੁਰਸ਼ ਇੰਜ ਸਹਿਜ ਸੁਭਾਅ ਮੇਲ ਬਿਠਾ ਲੈਂਦੇ ਕਿ ਉਨ੍ਹਾਂ ਨੂੰ ਅੱਖ ਚੁਕ ਕੇ ਵੇਖਣ ਤੱਕ ਦੀ ਵੀ ਲੋੜ ਨਾ ਪੈਂਦੀ। ਖ਼ੈਰ। ਉਸ ਗਭਰੂ ਦਾ ਕੰਮ ਸੌਖਾ ਕਰਨ ਲਈ ਮੈਂ ਇਕ ਅੱਧ ਵਾਰੀ ਉਸਦੀਆਂ ਅੱਖਾਂ ਨਾਲ ਅੱਖਾਂ ਮਿਲਾ ਕੇ ਜਤਾ ਦਿੱਤਾ ਕਿ ਭਾਵੇਂ ਤੁਹਾਡੀ ਬੰਗਲਾ ਭਾਸ਼ਾ ਦੀ ਕਿਤਾਬ ਇਸ ਵੇਲੇ ਮੇਰੇ ਕਬਜ਼ੇ ਵਿਚ ਹੀ ਹੈ ਪਰ ਮੈਂ ਇਸ ਉੱਤੇ ਲਾਲ ਝੰਡਾ ਨਹੀਂ ਗੱਡਿਆ ਹੋਇਆ, ਵਾਰਤਾਲਾਪ ਦਾ ਰਾਹ ਖੁਲ੍ਹਾ ਹੈ। ਹੌਲੀ ਹੌਲੀ ਉਸ ਨੇ ਆਪਣੇ ਨਾਲ ਦੀ ਦਾ ਧਿਆਨ ਵੀ ਕਿਤਾਬ ਵੱਲ ਦਿਵਾ ਦਿੱਤਾ ਅਤੇ ਇਕ ਵਾਰੀ ਉਹ ਦੋਵੇਂ ਕਿਤਾਬ ਵੱਲ, ਫਿਰ ਮੇਰੇ ਵੱਲ ਤੇ ਮੁੜ ਇਕ ਦੂਜੇ ਵੱਲ ਤਕ ਕੇ ਮੁਸਕਰਾ ਪਏ। ਆਪਣੇ ਆਪ ਵਿਚ ਹੀ ਮੈਂ ਵੀ ਥੋੜ੍ਹਾ ਮੁਸਕਰਾਇਆ। ਸੁਨੇਹਾਂ ਪਹੁੰਚ ਗਿਆ ਦੋਹਾਂ ਧਿਰਾਂ ਦਾ ਦੋਹਾਂ ਧਿਰਾਂ ਨੂੰ, ਪਹਿਲਾਂ ਅੱਖਾਂ ਹੀ ਅੱਖਾਂ ਰਾਹੀਂ ਤੇ ਫਿਰ ਮੁਸਕਣੀ ਰਾਹੀਂ। ਹੁਣ ਸਿਰਫ਼ ਗੱਲ ਸ਼ੁਰੂ ਕਰਨ ਦੀ ਲੋੜ ਸੀ, ਸੋ ਉਸ ਗਭਰੂ ਨੇ ਸ਼ੁਰੂ ਕਰ ਦਿੱਤੀ ।-

"ਏਈ ਕੇਤਾਬ ਆਪ ਕਾ ਹਏ ?"

ਮੈਂ ਬੰਗਲਾ-ਪੰਜਾਬੀ ਖਿਚੜੀ ਦੀ ਥਾਂ ਸ਼ੁੱਧ ਬੰਗਲਾ ਵਿਚ ਹੀ ਉੱਤਰ ਦਿੱਤਾ, "ਹੈਂ ਆਮਾਰੋ ਈ।"

ਬੰਗਲਾ ਦੇ ਜਾਦੂ ਦਾ ਪਹਿਲਾ ਧੱਕਾ ਸੰਭਲ ਕੇ ਉਸ ਨੇ ਵੀ ਬੰਗਲਾ-ਹਿੰਦੀ ਉਰਦੂ ਦੀ ਖਿਚੜੀ ਛੱਡ ਕੇ ਬੰਗਲਾ ਦੀ ਵਰਤੋਂ ਹੀ ਸ਼ੁਰੂ ਕਰ ਦਿੱਤੀ।

"ਆਪੁਨੀ ਕੀ ਬਾਂਗਾਲੀ !"

"ਨਾ, ਆਮੀ ਪਾਂਜਾਬੀ।"

"ਆਪੁਨੀ ਕੀ ਕੋਲਕਾਤਾਏ ਥਾਕੇਨ !"

"ਜੀ ਨਹੀ, ਮੈਂ ਦਿੱਲੀ ਹੀ ਰਹਿੰਦਾ ਹਾਂ, ਕਲਕੱਤਾ ਤੇ ਅਜੇ ਤਕ ਵੇਖਿਆ ਵੀ ਨਹੀ।"

"ਹੁਣ ਤੁਸੀ ਕਿੱਥੇ ਜਾ ਰਹੇ ਓ ?"

"ਸ਼ਾਂਤੀ ਨਿਕੇਤਨ !"

"ਸ਼ਾਂਤੀ ਨਿਕੇਤਨ !" ਉਨ੍ਹਾਂ ਦੋਹਾਂ ਦੇ ਮੂੰਹੋ ਇਕੱਠਿਆਂ ਹੀ 'ਸ਼ਾਂਤੀ ਨਿਕੇਤਨ' ਇੰਜ ਨਿਕਲ ਗਿਆ ਜਿਵੇਂ ਉਹ ਉਨ੍ਹਾਂ ਦੇ ਵੀ ਸੁਪਨਿਆਂ ਦੀ ਦੁਨੀਆਂ ਹੋਵੇ।

"ਜੀ ਹਾਂ ਸ਼ਾਂਤੀ ਨਿਕੇਤਨ ਹੀ।"

"ਬੜੀ ਸੋਹਣੀ ਥਾਂ ਏਂ, ਰਬੀਂਦ੍ਰ ਨਾਥੇਰ ਆਸ਼੍ਰਮ ਸ਼ਾਂਤੀ ਨਿਕੇਤਨ !"

"ਤੁਸੀ ਗਏ ਓ ਕਦੀ ਓਥੇ ?"

"ਜੀ ਨਹੀ, ਸਾਨੂੰ ਅਜੇ ਤੱਕ ਜਾਣ ਦਾ ਮੌਕਾ ਨਹੀ ਮਿਲਿਆ, ਪਰ ਉਹ ਥਾਂ ਬੜੀ ਸੋਹਣੀ ਏਂ, ਹੁਣ ਜਾਣਾ ਏ ਓਥੇ ਕਿਸੇ ਵੇਲੇ, ਐਸ ਮੁੰਡੇ ਨੂੰ ਓਥੇ ਪੜ੍ਹਾਨ ਦੀ ਸਲਾਹ ਏ।"

ਗੱਡੀ ਦੇ ਨਾਲ ਨਾਲ ਸਾਡੀ ਗੱਲ ਬਾਤ ਵੀ ਪੂਰੀ ਰਫਤਾਰ ਨਾਲ ਚੱਲਣ ਲੱਗ ਪਈ ਅਤੇ ਉਸ ਦੇ ਨਾਲ ਹੀ ਮੇਰੀ ਬੰਗਲਾ ਕਿਤਾਬ ਦੇ ਵਰਕੇ ਵੀ ਉਥੱਲੇ ਜਾ ਰਹੇ ਸਨ। ਥੋੜ੍ਹੇ ਚਿਰ ਬਾਅਦ ਖਿੜਕੀ ਤੋਂ ਬਾਹਰਲੇ ਹਨੇਰੇ ਵੱਲੋਂ ਨਿਰਾਸ਼ ਹੋਕੇ ਛੋਟੇ ਮੁੰਡੇ ਤੇ ਕੁੜੀ ਨੇ ਵੀ ਮੂੰਹ ਫੇਰ ਕੇ ਮੇਰੇ ਵੱਲ ਤੱਕਿਆ ਅਤੇ ਹੌਲੀ ਜਿਹੀ ਮਾਂ ਨੂੰ ਪੁੱਛਿਆ, "ਮਾਂ, ਇਨੀ ਕੇ ?"— ਇਹ ਕੌਣ ਨੇ—? ਮਾਂ ਨੇ ਕਿਹਾ—

"ਇਨੀ ਦਾਦੂ।"

"ਦਾਦੂ ! ਬਾਹ, ਤੌਬੇ ਤੋਂ ਮਜਾ !"

ਅਤੇ ਮਜ਼ਾ ਲੁੱਟਣ ਲਈ ਸਾਹਬਜ਼ਾਦੇ ਨੇ ਸਿੱਧਾ ਮੇਰੀ ਦਾਹੜੀ ਉੱਤੇ ਹੀ ਹੱਲਾ ਬੋਲ ਦਿੱਤਾ। ਮੇਰੇ ਕੋਲ ਆਣਕੇ ਮੇਰੀ ਦਾੜ੍ਹੀ ਨੂੰ ਹੌਲੀ ਹੌਲੀ ਪਲੋਸਦਿਆਂ ਹੋਇਆਂ ਕਿਹਾ, "ਆਛਾ ਦਾਦੂ, ਆਪੁਨੀ ਐਤੋ ਬਡੋ ਦਾੜੀ ਕੈਨੋ ਰੇਖੇਛੇਨ ?"

"ਤੇ ਤੂੰ ਮੈਨੂੰ ਦਾਦੂ ਆਖ ਕੇ ਕਿਉਂ ਬੁਲਾਉਣਾਂ ਏਂ ?"

"ਕੈਨੋ, ਆਪਨਾਰ ਏਈ ਐਤੋ ਬਡੋ ਦਾੜੀ ਆਛੇ ਜੇ।"

"ਬੱਸ ਇਹੋ ਦੱਾਦਾ ਬਣਨ ਲਈ ਹੀਂ ਮੈਂ ਏਡੀ ਵੱਡੀ ਦਾਹੜੀ ਰੱਖੀ ਹੋਈ ਏ ਦਾਦੂ !"

"ਆਛਾ ਦਾਦੂ, ਆਪਨਾਰ ਏਈ ਪਾਗੜੀਟੀ ਤੂਲੁਣ ਤੋਂ ਐਕ ਬਾਰ ਮਾਥਾਰ ਚੂਲਗੁਲੋ ਦੈਖਬੋ।"

"ਨਾ ਦਾਦੂ, ਪੱਗ ਨਹੀ ਲਾਹੀਦੀ, ਤੇ ਵਾਲ ਮੇਰੇ ਮੇਰੀ ਦਾਹੜੀ ਨਾਲੋਂ ਥੋੜ੍ਹੇ ਹੋਰ

ਵੱਡੇ ਹੋਣਗੇ, ਹੋਰ ਕੀ !"

"ਆਛਾ ਦਾਦੂ, ਆਪੁਨੀ ਸ਼ਿਖ ਨਾ ?"

"ਹਾਂ ਮੈਂ ਸਿਖ ਹੀ ਆਂ । ਅੱਛਾ ਤੇਰਾ ਨਾਂ ਕੀ ਏ ਦਾਦੂ ?"

"ਆਮਾਰ ਭਾਲੋ ਨਾਮ ਸ੍ਰੀ ਅਭਿਜੀਤ ਕੁਮਾਰ ਮੋਜੁਮਦਾਰ, ਆਰ ਡਾਕ ਨਾਮ ਅਭੀ।"

"ਅੱਛਾ ਅਭੀ, ਤੂੰ ਸ਼ਾਂਤੀ ਨਿਕੇਤਨ ਜਾਣਾ ਏਂ ਪੜ੍ਹਨ ਲਈ ?"

"ਹੈਂ ਨਿਸ਼ਚੇ ਈ, ਏਈ ਫੋਰਥ ਕਲਾਸ਼ ਪਾਸ਼ ਕੋਰੇ ਫਾਈਭੇ ਸ਼ਾਂਤੀ ਨਿਕੇਤਨੇ ਗੀਯੇ ਭਰਤੀ ਹੋਬੋ।"

"ਤੂੰ ਚੌਥੀ ਵਿਚ ਪੜ੍ਹਦਾ ਏਂ ਇਸ ਵੇਲੇ ?"

"ਹੈਂ ਫੋਰਥ ਕਲਾਸ਼ੇ। ਆਰ ਦਾਦੂ, ਜਾਨੇਨ ਆਮਾਰ ਬੋਏਸ਼ ਕੀ ? ਸ਼ਾਤ ਬਛਰ ! ਚਮਤਕਾਰ ਨਾਂ, ਸ਼ਾਤ ਬਛਰ ਬੋਏਸ਼ ਆਰ ਫੋਰਥ ਕਲਾਸ਼ !"

"ਹਾਂ ਖੋਕਾ, ਸਚ ਮੁਚ ਹੀ ਚਮਤਕਾਰ ਏ, ਸੱਤ ਸਾਲ ਦੀ ਉਮਰ ਤੇ ਚੌਥੀ ਜਮਾਤ !"

"ਤੇ ਦਾਦੂ, ਮੈਂ ਨਵਾਂ ਸਾਲਾਂ ਦੀ ਪੰਜਵੀ ਵਿਚ।" ਨਾਲ ਬੈਠੀ ਉਸ ਦੀ ਭੈਣ ਭਲਾ ਨਵੇਂ ਲੱਭੇ ਦਾਦੂ ਦੀ ਪਰਸ਼ੰਸਾ ਖਟੱਣੋਂ ਪਿੱਛੇ ਕਿਉਂ ਰਹਿੰਦੀ ?

ਸਾਡੀ ਦੋਸਤੀ ਜਮ ਗਈ ਤੇ ਉਸ ਦੇ ਨਾਲ ਨਾਲ ਗੱਪ ਸਭਾ ਵੀ। 'ਗੱਪ' ਜਿਹੜੀ ਬੰਗਲਾ ਅੱਖਰਾਂ ਵਿਚ ਲਿਖਣ ਵੇਲੇ 'ਗਲਪ' ਤੇ ਸ਼ੁੱਧ ਬੰਗਲਾ ਉੱਚਾਰਨ ਵੇਲੇ 'ਗੱਪ' ਹੁੰਦੀ ਹੈ। ਇਸ ਤਾ ਮੂਲ ਤਾਂ ਸੰਸਕ੍ਰਿਤ 'ਗਲਪ' ਹੀ ਹੈ ਅਤੇ ਇਸ ਨੂੰ ਸਾਡੇ ਪੰਜਾਬੀਆਂ-ਬੰਗਾਲੀਆਂ ਵੱਲੋਂ ਉੱਚਾਰਨ ਵਿਚ ਗੱਪ ਬਣਾ ਲੈਣ ਤੇ ਵੀ ਬੰਗਲਾ ਵਿਚ ਇਸ ਦਾ ਅਰਥ 'ਕਹਾਣੀ' ਹੀ ਹੈ। ਪੰਜਾਬ ਵਿਚ ਵੀ ਕਿਸੇ ਸਮੇਂ ਗੱਪ ਸ਼ਾਇਦ ਠੀਕ ਕਹਾਣੀ ਦੇ ਅਰਥਾਂ ਵਿਚ ਹੀ ਪਰਚੱਲਤ ਹੋਵੇ ਪਰ 'ਕਹਾਣੀ' ਨੇ ਕਿਧਰਿਓਂ ਆਣ ਕੇ ਇਸ ਦਾ ਅਰਥ ਥੋੜ੍ਹਾ ਬਦਲ ਦਿੱਤਾ ਹੈ। ਸੋ ਗੱਪ-ਸਭਾ ਜਮ ਗਈ। ਨਿੱਕੀਆਂ ਨਿੱਕੀਆਂ ਕਹਾਣੀਆਂ ਸੁਣਦਿਆਂ ਸੁਣਾਦਿਆਂ ਰਾਤ ਬੀਤਣ ਲੱਗੀ। ਮਾਂ ਨੇ ਕਿਹਾ, "ਏਬਾਰ ਸ਼ੁਏ ਪੜੋ।"

"ਨਾ ਮਾਂ ਆਮੀ ਦਾਦੂਰ ਸ਼ੰਗੇ ਸ਼ੋਬੋ।"

"ਨਹੀ, ਇਨ੍ਹਾਂ ਨੂੰ ਤੰਗ ਨਾ ਕਰੋ ਐਧਰ ਆਣਕੇ ਸੌਂ ਜਾਓ।"

"ਨਾ ਕੱਖਨੋ ਨਾ-ਕਦੀ ਵੀ ਨਹੀ-ਦਾਦੂ ਕੇ ਛਾੜਬੋ ਨਾ। ਏਰ ਸ਼ੰਗੇਈ ਸ਼ੋਬੋ।"

ਮੈਂ ਕਿਹਾ, "ਦਾਹੜੀ ਚੁੱਭੇਗੀ ਬੱਚੂ, ਮੇਰੇ ਨਾਲ ਸੁੱਤਿਆਂ।"

"ਨਾ, ਆਮਾਰ ਭਾਲੋ ਲਾਗਬੇ।"

ਮਾਂ ਨੇ ਮੈਨੂੰ ਕਿਹਾ, "ਹੁਣ ਤੁਹਾਡੀ ਖ਼ੈਰ ਨਹੀ, ਇਨ੍ਹਾਂ ਨੂੰ ਛੇੜ ਲਿਆ ਜੇ ਤਾਂ ਇਕ ਵਾਰੀ ਕੰਨਾਂ ਨੂੰ ਹੱਥ ਲਵਾ ਕੇ ਛੱਡਣਗੇ।"

ਰਾਤ ਬੀਤਦੀ ਗਈ। ਬੱਚਿਆਂ ਦੇ ਸੌਂ ਜਾਣ ਤੇ ਵੀ ਸਾਡੀਆਂ ਕਹਾਣੀਆਂ ਚੱਲ ਰਹੀਆਂ ਸਨ। ਦੋ ਦੇਸ਼ਾਂ, ਦੋ ਪਰਵਾਰਾਂ ਦੇ ਮਿੱਤਰਾਂ ਦੀਆਂ। ਅਭੀ ਦਾ ਚਾਚਾ ਵੀ ਸੌਂ ਗਿਆ ਪਰ ਸਾਡੀਆਂ ਕਹਾਣੀਆਂ ਸੌਣਾ ਨਹੀ ਸਨ ਚਾਹੁੰਦੀਆਂ। ਗੱਡੀ ਦੌੜ ਰਹੀ ਸੀ,

ਕਹਾਣੀਆਂ ਚੱਲ ਰਹੀਆਂ ਸਨ।

ਮਨ੍ਹੇਰੇ ਹੀ ਅਭੀ ਨੇ ਜਾਗ ਕੇ ਖਿੜਕੀ ਚੋਂ ਪੂਰਬੀ ਆਕਾਸ਼ ਵੱਲ ਤਕਾ ਕੇ ਪੁੱਛਿਆ, "ਦਾਦੂ, ਓਈ ਲਾਲ ਲਾਲਟਾ ਕੀ, ਦਾਦੂ !"

"ਸੂਰਜ ਦੀ ਲੋਅ।"

"ਸ਼ੂਰਜ ਕੋਥਾਏ ਦਾਦੂ ?"

"ਸੂਰਜ ਹੁਣੇ ਨਿਕਲੇਗਾ ਬਾਬਾ !"

ਕੁਝ ਮਿੰਟਾਂ ਬਾਅਦ ਹੀ ਅਭੀ ਤਾੜੀ ਮਾਰ ਕੇ ਭੁੜਕ ਉੱਠਿਆ, "ਦਾਦੂ, ਦਾਦੂ, ਸ਼ੀਗੀਰ ਸ਼ੀਗੀਰ ਏਸ਼ੋ, ਛੇਤੀ ਆਓ-ਦੈਖੋ, ਸ਼ੂਰਜ ਕੀ ਰਕਮ ਉਠਛੇ।"

ਉਫ਼ ! ਕਿੰਨਾ ਸੁੰਦਰ ਸੀ ਉਹ ਸੂਰਜ ! ਸੂਰਜ ਤਾਂ ਆਪਣੀ ਜ਼ਿੰਦਗੀ ਵਿਚ ਅਨੇਕਾਂ ਵਾਰੀ ਨਿਕਲਦਾ ਵੇਖਿਆ ਹੈ ਪਰ ਉਸ ਦਿਨ ਦਾ ਉਹ ਸੂਰਜ ਉਸ ਬਾਲ ਦੀਆਂ ਕੌਤਕ ਭਰੀਆਂ ਅੱਖਾਂ ਨਾਲ ਵੇਖਿਆ ਸੀ। ਉਹ ਪਹਿਲਾ ਦਿਨ ਸੀ ਮੇਰੀ ਜ਼ਿੰਦਗੀ ਵਿਚ ਜਦੋਂ ਮੈਂ ਸੂਰਜ ਦੇ ਉਸ ਪ੍ਰਕਾਂਡ ਲਾਲ ਰਥ ਨੂੰ ਇਕ ਬਾਲਕ ਦੇ ਉਮ੍ਹਲਦੇ ਹਿਰਦੇ ਦੀ ਕਿਲਕਾਰੀ ਦੀ ਸੰਗੀਤ ਲਹਿਰੀ ਵਾਂਗ ਮਹਿਸੂਸ ਕਰ ਰਿਹਾ ਸਾਂ। ਕਿੰਨਾ ਸੁਹਣਾ ਸੀ ਉਹ ਦਿਨ ਦਾ ਚੜ੍ਹਾ ਅਤੇ ਕਿਵੇਂ ਮੋਹਿਆ ਸੀ ਉਹਨੇ ਉਸ ਬਾਲਕ ਨੂੰ ! ਕਿੰਨਾ ਮੇਲ ਸੀ ਉਸ ਪ੍ਰਕਿਰਤੀ ਦੇ ਪ੍ਰਭਾਤ ਦੂਤ ਤੇ ਮਨੁੱਖ ਦੇ ਇਸ ਪਿਆਰ ਦੂਤ ਦਾ ਆਪਸ ਵਿਚ !

ਓਧਰੋਂ ਹਟਦਿਆਂ ਹੀ ਅਭੀ ਨੇ ਅਚਾਨਕ ਮੇਰਾ ਮੂੰਹ ਚੁੰਮ ਲਿਆ ਤੇ ਕਿਹਾ, "ਦਾਦੂ, ਤੁਮੀ ਕੌਤੋ ਭਾਲੋ।"— ਤੂੰ ਕਿੰਨਾ ਚੰਗਾ ਏਂ !—

ਇਕ ਜਜ਼ਬਾਤੀ ਆਦਮੀ ਏਨਾ ਸੁਨ੍ਹਪ, ਏਨਾ ਪਿਆਰ ਕਿਵੇਂ ਸਹਾਰੇ ! ਸੁਨ੍ਹਪ—ਚੜ੍ਹਦੇ ਸੂਰਜ ਦਾ ਤੇ ਪਿਆਰ-ਨਿਰਛਲ ਸਰਲ ਬਾਲਕ ਦਾ ! ਅੱਖਾਂ ਨੂੰ ਕਿਸੇ ਤਰ੍ਹਾਂ ਡੁਲ੍ਹਣੋਂ ਰੋਕ ਕੇ ਕਿਹਾ "ਨਾ ਖੋਕਾ, ਮੈਂ ਚੰਗਾ ਨਹੀ ਤੂੰ ਹੀ ਚੰਗਾ ਏਂ। ਤੂੰ ਸੁੰਦਰ ਨੇ ਅੱਜ ਮੈਨੂੰ ਵੀ ਸੁੰਦਰ ਬਣਾ ਦਿੱਤਾ ਏ ਦਾਦੂ।"

ਮਾਂ ਨੇ ਕਿਹਾ, "ਇਹਨੂੰ ਪੁੱਛੋ, ਇਹਦੀ ਗੱਲ੍ਹ ਤੇ ਕੀ ਹੋਇਐ ?"

ਪੁੱਛਿਆ, "ਖੋਕਾ, ਏਈ ਤੋਮਾਰ ਗਾਲੇ ਕੀ ਹੋਏਛੇ ਰੇ ਕਾਲੋ ਕਾਲੌਰ ਮਤਨ ?"

"ਦਾਦੂ, ਸ਼ੋਬੱਈ ਏਈ ਬੋਲੇ ਜੇ ਤੋਮਾਰ ਗਾਲੇ ਕੀ ਹੋਏਛੇ। ਆਮੀ ਤੋ ਬੂਝਤੇਈ ਪੱਛੀ ਨੇ । ਕਿੰਤੂ ਕਾਲ ਬਿਦਾਏ ਬੇਲਾ ਆਮਾਰ ਮਾਮਾ ਆਮਾਰ ਗਾਲੇ ਚੂਮੂ ਖਾਬਾਰ ਸ਼ਮਾਏ ਕਾਮੜੇ ਫੇਲੇਛੇ। ਆਛਾ ਦਾਦੂ, ਖੂਬ ਖਾਰਾਪ ਦੇਖਾਛੇ, ਹੈਂ ?"

"ਨਹੀਂ ਦਾਦੂ, ਬਹੁਤ ਖ਼ਰਾਬ ਨਹੀ ਲੱਗਦਾ, ਬੜਾ ਸੁਹਣਾ ਹੀ ਲੱਗਦੈ।ਤੇਰੇ ਮਾਮੇ ਨੇ ਤੇਰੀ ਇਸ ਗੱਲ੍ਹ ਉੱਤੇ ਆਪਣੇ ਪਿਆਰ ਦੀ ਨਿਸ਼ਾਨੀ ਲਾ ਦਿੱਤੀ ਏ ਅਤੇ ਤੇਰੀ ਉਸ ਗੱਲ੍ਹ ਉੱਤੇ ਦਾਦੂ ਦੇ ਪਿਆਰ ਦੀ ਨਿਸ਼ਾਨੀ ਮੈਂ ਲਾ ਦਿਆਂਗਾ।"

"ਠੀਕ ਆਛੇ, ਆਪੁਣੀ ਓ ਕੋਰੇ ਦੇਣ।" ਆਖ ਕੇ ਦੂਸਰੀ ਗੱਲ੍ਹ ਮੇਰੇ ਮੂੰਹ ਅੱਗੇ ਕਰ ਦਿੱਤੀ।

ਦੋਹਾਂ ਭੈਣ ਭਰਾਵਾਂ ਦੀ ਪੜ੍ਹਾਈ ਦੇ, ਕਵਿਤਾ ਦੇ, ਗੀਤਾਂ ਦੇ ਤੇ ਮੇਰੀ ਗੋਦ ਵਿਚ ਬਹਿਣ, ਮੇਰੇ ਨਾਲ ਸੌਣ ਦੇ ਮੁਕਾਬਲਿਆਂ, ਖਾਣ ਪੀਣ ਦੀਆਂ ਚੀਜ਼ਾਂ ਦੇ ਵਟਾਂਦਰਿਆਂ ਵਿਚ ਦਿਨ ਤੇ ਅੱਧੀਓਂ ਬਹੁਤੀ ਰਾਤ ਵੀ ਇੰਜ ਲੰਘ ਗਏ ਜਿਵੇਂ ਮੇਰੀ ਜਨਮ ਜਨਮ ਦੀ ਪਿਆਰ ਭੁੱਖ ਨੂੰ ਹੀ ਮਿਟਾਣ ਲਈ ਆਏ ਸਨ। ਖਾਣੇ ਦੇ ਨਾਲ ਮੇਰੇ ਕੋਲ ਸੀ ਔਲਿਆਂ ਦਾ ਅਚਾਰ, ਅਤੇ ਸਿਆਣਿਆਂ ਦੀ ਆਖੀ ਗੱਲ ਮੈਨੂੰ ਪਿੱਛੋਂ ਦੀ ਥਾਂ ਉਸੇ ਵੇਲੇ ਹੀ ਚੇਤੇ ਆਉਣ ਲੱਗੀ ਜਦੋਂ ਔਲਿਆਂ ਦੇ ਬਦਲੇ ਵਿਚ ਸੂਜੀ ਘਿਓ ਦੁੱਧ ਤੇ ਤੇਜ ਪੱਤਿਆਂ ਤੀ ਖ਼ੁਸ਼ਬੂ ਵਾਲੀ ਅਤਿ ਸਵਾਦਲੀ ਬੰਗਾਲੀ ਖੀਰ ਦੀ ਪਲੇਟ ਮੇਰੇ ਅੱਗੇ ਰੱਖ ਦਿੱਤੀ ਗਈ।

ਰਾਤ ਦੇ ਤਿੰਨ ਵਜੇ ਗੱਡੀ ਵਰਧਮਾਨ ਪਹੁੰਚ ਗਈ। ਮਾਂ ਨੇ ਦੋਹਾਂ ਬੱਚਿਆਂ ਨੂੰ ਜਗਾ ਕੇ ਦਾਦੂ ਦੇ ਉਤਰਨ ਦੀ ਖ਼ਬਰ ਦਿੱਤੀ। ਉਨ੍ਹਾਂ ਦੇ ਉਂਘਲਾਂਉਦਿਆਂ ਉਂਘਲਾਉਂਦਿਆਂ ਨਮਸਕਾਰ, ਕਲਕੱਤੇ ਜਾਕੇ ਮਿਲਣ ਦੇ ਇਸਰਾਰ ਦੇ ਜਵਾਬ ਵਿਚ ਭਰੀਆਂ ਅੱਖਾਂ ਤੇ ਪਿਆਰ ਚੁੰਮਣਾਂ ਨਾਲ ਇਕਰਾਰੀ ਹਾਂ ਕਰਕੇ 'ਬੋਲ ਪੁਰ' ਜਾਣ ਵਾਲੀ ਗੱਡੀ ਵੱਲ ਤੁਰ ਪਿਆ।

ਮਨ੍ਹੇਰੇ ਪੰਜ ਵਜੇ ਹੀ ਬੋਲ ਪੁਰ-ਸ਼ਾਂਤੀ ਨਿਕੇਤਨ ਦੇ ਸਟੇਸ਼ਨ ਉੱਤੇ ਪਹੁੰਚ ਗਿਆ। ਸਟੇਸ਼ਨ ਤੋਂ ਬਾਹਰ ਨਿਕਲਦਿਆਂ ਹੀ ਰਿਕਸ਼ੇ ਵਾਲਿਆਂ ਦਾ ਮੁਕਾਬਲਾ "ਆਮੀ ਨੋਬੋ, ਆਮੀ ਨੋਬੋ, ਆਮੀ ਆਗੇ ਬੋਲੇਛੀ, ਬਾਬੂ, ਮੈਂ ਨੇ ਆਪਨਾ ਕੇ ਆਗੇ ਏਸ਼ਾਰਾ ਕੀਯਾ ਥੇ ਨਾ !"

"ਅੱਛਾ ਤੂੰ ਹੀ ਚੱਲ । ਕਿੱਥੇ ਲਿਜਾਏਂਗਾਂ ?"

"ਸ਼ਾਂਤੀ ਨਿਕੇਤਨ ਪਾਂਜਾਬੀ ਕੁਠੀ।"

"ਪੰਜਾਬੀ ਕੋਠੀ ? ਉਹ ਕੀ ਪੰਜਾਬੀ ਯਾਤਰੂਆਂ ਲਈ ਬਣਾਈ ਹੋਈ ਏ ?"

"ਨਾ ਬਾਬੂ, ਤਾਂ ਤੁਸੀ ਉਨ੍ਹਾਂ ਦੇ ਆਦਮੀ ਨਹੀ, ਸ਼ਾਂਤੀ ਨਿਕੇਤਨ ਵਿਚ ਇਕ ਸਰਦਾਰ ਜੀ ਨੇ ਆਪਣੀ ਕੋਠੀ ਬਣਾਈ ਹੋਈ ਏ। ਅੱਛਾ, ਤੁਸੀ ਕਿੱਥੇ ਜਾਓਗੇ ?"

"ਗੈਸਟ ਹਾਉਸ । ਕਿੰਨੀ ਕੁ ਦੂਰ ਏ ਏਥੋਂ, ਤੇ ਕੀ ਭਾੜਾ ?"

"ਦੂਈ ਮਾਈਲ ਬਾਬੂ, ਬਾਰੋ ਆਨਾ ਨੋਬੋ ।"

ਸ਼ਾਂਤੀ ਨਿਕੇਤਨ ਵਿਚ

ਬੋਲ ਪੁਰ ਦੇ ਲੰਮੇ ਸਾਰੇ ਬਜ਼ਾਰ ਵਿਚੋਂ ਲੰਘ ਕੇ ਇਕ ਮੈਦਾਨ ਵਿੱਚੋਂ ਦੀ ਸ਼ਾਨਦਾਰ ਕੋਠੀਆਂ, ਕੋਠੀਆਂ ਦੇ ਬਗ਼ੀਚਿਆਂ ਅਤੇ ਵਾਂਸ ਦੇ ਝੁੰਡਾ ਕੋਲੋਂ ਦੀ ਰਿਕਸ਼ਾ ਨੱਠਾ ਜਾ ਰਿਹਾ ਸੀ ਤੇ ਦੂਰ ਦਿੱਸ ਰਿਹਾ ਸੀ ਰੁੱਖਾਂ ਦਾ ਮੇਲਾ, ਤਾੜ ਦੇ ਤੇ ਖਜੂਰ ਦੇ ਗਗਨ ਚੁੰਬੀ ਰੁੱਖਾਂ ਦਾ। ਨਵਾਂ ਅਹਿਸਾਸ, ਨਵੀਂ ਕਲਪਨਾ ਜਾਗ ਰਹੀ ਸੀ ਪਰਭਾਤ ਵਿਚ ਉਸ ਪ੍ਰਕਿਰਤੀ ਸਥਲ ਨਾਲ ਆਪਣੇ ਆਪ ਨੂੰ ਏਕਾਕਾਰ ਹੁੰਦਿਆਂ ਵੇਖ ਕੇ। ਸੋਚ ਰਿਹਾ ਸਾਂ, -ਆ ਹੀ ਪਹੁੰਚਾ ਹਾਂ ਆਖ਼ਿਰ ਆਪਣੇ ਧਿਆਨ ਦੀ ਧਰਤੀ ਉੱਤੇ। ਏਸੇ ਬੰਗਲਾ ਭੂਮੀ

ਦੀ ਬੰਗਲਾ ਭਾਸ਼ਾ ਨੂੰ ਹੀ ਮੈਂ ਆਪਣੇ ਪ੍ਰਾਣਾ ਵਾਂਗ ਪਿਆਰਿਆ ਹੈ। ਕਿੰਨਾ ਜੁੜਿਆ ਹਾਂ ਮੈਂ ਇਸ ਲਈ ਤੇ ਕਿਵੇਂ ਸਿਰਫ ਕਿਤਾਬਾਂ ਰਾਹੀ ਹੀ ਮੈਂ ਇਸ ਦੀ ਸੁਹਿਰਦ ਛੋਹ ਮਹਿਸੂਸ ਕਰਦਾ ਆਇਆ ਹਾਂ ! ਕਿਵੇਂ ਇਸ ਦੇ ਅੱਖਰ ਅੱਖਰ ਵਿੱਚੋਂ ਇਸ ਦੇ ਉੱਚਾਰਨ ਵਿੱਚੋਂ ਇਸ ਦੇ ਅੰਗ ਅੰਗ ਦਾ ਰੂਪ ਕਲਪਦਾ ਰਿਹਾ ਹਾਂ, ਨਕਸ਼ ਉਘਾੜਦਾ ਰਿਹਾ ਹਾਂ ਇਸ ਦੇ ਆਪਣੇ ਖ਼ਿਆਲਾਂ ਵਿਚ। ਮੇਰਾ ਅੰਗ ਅੰਗ ਰੋਮਾਂਚਿਤ ਹੋਣ ਲੱਗਾ ਉਸ ਦੀ ਦੇਹ ਦੇ ਸਪਰਸ਼ ਨਾਲ ਅਤੇ ਉਸ ਰੋਮਾਂਚ ਦੇ ਨਾਲ ਨਾਲ ਅੰਦਰੋਂ ਇਕ ਗੁਣਗੁਨਾਹਟ ਉਠੀ। ਮੂੰਹ ਅੱਗੇ ਆ ਗਏ ਰਵੀਂਦ੍ਰ ਨਾਲ ਦੇ ਬੋਲ–

'ਆਮੀ ਚੀਨੀਗੋ ਚੀਨੀ ਤੋਮਾਰੇ ਉਗੋ ਬਿਦੇਸ਼ਿਨੀ
ਤੂਮੀ ਥਾਕੋ ਸ਼ਿੰਧੂ ਪਾਰੇ ਉਗੋ ਬਿਦੇਸ਼ਿਨੀ।
ਤੋਮਾਏ ਦੇਖੇਛੀ ਸ਼ਾਰਦ ਪ੍ਰਾਤੇ ਤੋਮਾਏ ਦੇਖੇਛੀ ਮਾਧਬੀ ਰਾਤੇ,
ਤੋਮਾਏ ਦੇਖੇਛੀ ਹ੍ਰਿਦੀ ਮਾਝਾਰੇ ਉਗੋ ਬਿਦੇਸ਼ਿਨੀ।।
ਭੁਬਨ ਭ੍ਰਮੀਆਂ ਸ਼ੇਸ਼ੇ ਆਮੀ ਏਸ਼ੇਛੀ ਨੂਤਨ ਦੇਸ਼ੇ
ਅਤਿਥੀ ਤੋਮਾਰੀ ਦਵਾਰੇ ਉਗੋ ਬਿਦੇਸ਼ਿਨੀ।।'
(ਮੈਂ ਪਛਾਣਦਾ ਹਾਂ ਪਛਾਣਦਾ ਹਾਂ ਤੈਨੂੰ ਅਣੀਏਂ ਪਰਦੇਸਨੇ,
ਤੂੰ ਰਹਿਨੀ ਏਂ ਸਿੰਧੂ ਤੋਂ ਪਾਰ ਨੀ ਪਰਦੇਸਨੇ।
ਤੈਨੂੰ ਸ਼ਰਦ ਪਰਭਾਤ ਵਿਚ ਵੇਖਿਐ, ਵੇਖਿਐ ਮਿਠੜੀ ਰਾਤ ਵਿਚ,
ਤੈਨੂੰ ਵੇਖਿਐ ਹਿਰਦੇ ਵਿਚਕਾਰ ਅਣੀਏਂ ਪਰਦੇਸਨੇ।।
ਸਾਰੀ ਦੁਨੀਆਂ ਘੁੰਮ ਕੇ ਆਖ਼ਿਰ ਆਇਆ ਹਾਂ ਨਵੇਂ ਦੇਸ
ਅਤਿਥੀ ਤੇਰੇ ਦਵਾਰ, ਅਣੀਏਂ ਪਰਦੇਸਨੇ।।)

ਗੈਸਟ ਹਾਊਸ ਵਿਚ ਜਾਕੇ ਇਸ਼ਨਾਨ ਕਰਕੇ ਚਾਹ ਪੀਤੀ ਤੇ ਵਿਸ਼ਵ ਭਾਰਤੀ ਦੇ ਦਫ਼ਤਰ ਦਾ ਰਾਹ ਪੁੱਛਿਆ। ਅਸਲ ਸ਼ਾਂਤੀ ਨਿਕੇਤਨ ਤੇ ਵਿਸ਼ਵ ਭਾਰਤੀ ਅਜੇ ਵੀ ਓਥੋਂ ਅੱਧੇ ਮੀਲ ਦੀ ਦੂਰੀ ਉੱਤੇ ਸਨ। ਥਾਂ ਥਾਂ ਤੋਂ ਪੁੱਛਣ ਤੋਂ ਬਚਨ ਲਈ ਰਿਕਸ਼ੇ ਵਾਲੇ ਦੇ ਉਪਦੇਸ਼ ਅਨੁਸਾਰ ਫਿਰ ਇਕ ਵਾਰੀ ਰਿਕਸ਼ੇ ਵਿਚ ਹੀ ਬਹਿਣਾ ਪਿਆ। ਰਿਕਸ਼ਾ ਚਲ ਪਿਆ ਦੂਰ ਦਿੱਸਦੇ ਇਕ ਲੰਮੇ ਸੰਘਣੇ ਫੈਲੇ ਹੋਏ ਰੁੱਖਾਂ ਦੇ ਝੁਰਮੁਟ ਵੱਲ। ਲਾਲ ਬਜਰੀ ਦੀ ਸੜਕ ਉੱਤੇ ਹੀ ਇਕ ਲੋਹੇ ਦੇ ਫਾਟਕ ਅੱਗੇ ਉਤਾਰ ਕੇ ਮੈਨੂੰ ਰਿਕਸ਼ੇ ਵਾਲੇ ਨੇ ਅੰਦਰ 'ਉੱਤਰਾਇਨ' ਵਿਚ ਜਾਣ ਲਈ ਕਿਹਾ ਤੇ ਆਪ ਮੇਰੇ ਮੁੜਨ ਦੀ ਉਡੀਕ ਵਿਚ ਖਲੋ ਗਿਆ। ਦਫ਼ਤਰ ਵਿਚ ਇਕ ਸਾਊ ਜਿਹੇ ਦਿੱਸਦੇ ਆਦਮੀ ਨੂੰ ਜਾਕੇ ਕਿਹਾ, "ਮੈਂ ਖਿਤੀਸ਼ ਬਾਬੂ ਨੂੰ ਮਿਲਣਾ ਚਾਹੁੰਦਾ ਹਾਂ।"

"ਹਯੈਂ, ਆਮੀਈ ਖਿਤੀਸ਼, ਆਸ਼ੂਨ ਬੋਸ਼ੂਨ।"

ਉਨ੍ਹਾਂ ਦੇ ਸਾਹਮਣੇ ਕੁਰਸੀ ਤੇ ਬਹਿੰਦਿਆਂ ਹੋਇਆਂ ਕਿਹਾ, "ਮੈਂ ਦਿੱਲੀਓਂ ਆਇਆ ਹਾਂ, ਐਹ ਦੋ ਚਿੱਠੀਆਂ ਨੇ, ਇਕ ਤੁਹਾਡੇ ਵੱਲ ਤੇ ਇਕ ਸ਼ੈਲੇਸ਼ ਬਾਬੂ ਵੱਲ।" ਆਖ ਕੇ ਸਾਹਿਤ ਅਕਾਦਮੀ ਦੇ ਸਕੱਤਰ ਕ੍ਰਿਸ਼ਣਾ ਕ੍ਰਿਪਲਾਨੀ ਜੀ ਦੀਆਂ ਦੋਵੇਂ ਚਿੱਠੀਆਂ ਉਨ੍ਹਾਂ

ਦੇ ਹੱਥ ਫੜਾ ਦਿੱਤੀਆਂ। ਚਿੱਠੀ ਪੜ੍ਹ ਕੇ ਮਿੰਟ ਭਰ ਸੋਚਣ ਤੋਂ ਬਾਅਦ ਉਨ੍ਹਾਂ ਕਿਹਾ, "ਤੁਸੀ ਪਹਿਲਾਂ ਸ਼ੈਲੇਸ਼ ਬਾਬੂ ਨੂੰ ਮਿਲੋ; ਏਥੋਂ ਦੇ ਅਸਲ ਕਰਤਾ ਧਰਤਾ ਤਾਂ ਉਹੋ ਹੀ ਨੇ, ਤੁਹਾਡੀ ਜਗ੍ਹਾ ਦਾ ਬੰਦੋਬਸਤ ਹੋ ਜਾਏ ਫਿਰ ਜਿਹੋ ਜਿਹੀ ਮਦਦ ਦੀ ਤੁਹਾਨੂੰ ਲੋੜ ਹੋਵੇਗੀ ਉਸ ਲਈ ਹਾਜ਼ਰ ਹਾਂ।" ਅਤੇ ਚਪੜਾਸੀ ਨੂੰ ਦੂਸਰੀ ਚਿੱਠੀ ਦੇ ਕੇ ਕਿਹਾ, "ਇਹ ਚਿੱਠੀ ਸ਼ੈਲੇਸ਼ ਬਾਬੂ ਕੋਲ ਲੈ ਜਾ ਤੇ ਆਖੀ, "ਭਾਰਤੀ ਬਾਬੂ ਏਥੇ ਬੈਠੇ ਹੋਏ ਨੇ।"

ਸ਼ੈਲੇਸ਼ ਬਾਬੂ ਦਾ ਸੱਦਾ ਆ ਗਿਆ। ਸਾਹਮਣੇ ਜਾਂਦਿਆਂ ਹੀ ਸਵਾਲ ਹੋਇਆ, "ਡੂ ਯੂ ਨੋ ਬੈਂਗੌਲੀ ?"

"ਆਗਯੇ ਹਯੈਂ, ਆਮੀ ਬਾਂਗਲਾ ਜਾਣੀ।"

"ਓਹ ! ਬੋਸ਼ੁਨ ਬੋਸ਼ੁਨ ! ਵੇਖੋ, ਤੁਸੀ ਗੋਰਾ ਦਾ ਤਰਜਮਾ ਕਰਨਾ ਚਾਹੁੰਦੇ ਓ ਤਾਂ ਇਸ ਦੀ ਇਜਾਜ਼ਤ ਲਈ ਤੁਹਾਨੂੰ ਕਲਕੱਤੇ ਵਿਸ਼ਵ ਭਾਰਤੀ ਦੇ ਪ੍ਰਕਾਸ਼ਨ ਦਫਤਰ ਵਿਚ ਜਾਣਾ ਪਏਗਾ। ਬਾਕੀ ਰਹੀ ਪੰਦਰਾਂ ਵੀਹ ਦਿਨ ਰਹਿਣ ਦਾ ਬੰਦੋਬਸਤ ਕਰਨ ਦੀ ਗੱਲ, ਇਸ ਬਾਰੇ ਅਸੀਂ ਬੜੇ ਮਜਬੂਰ ਹਾਂ। ਸਾਡੇ ਕੋਲ ਗੈਸਟ ਹਾਊਸ ਵਿਚ ਐਸਾ ਕੋਈ ਕਮਰਾ ਵੇਹਲਾ ਨਹੀਂ ਜਿਹੜਾ ਏਨੇ ਦਿਨਾਂ ਲਈ ਤੁਹਾਨੂੰ ਦੇ ਸੱਕੀਏ। ਗੈਸਟ ਹਾਊਸ ਵਿਚ ਵੱਧ ਤੋਂ ਵੱਧ ਤੁਸੀ ਤਿੰਨ ਦਿਨ ਰਹਿ ਸੱਕਦੇ ਓ।"

ਮੈਂ ਕਿਹਾ, "ਗੋਰਾ ਦੇ ਤਰਜਮੇ ਤੀ ਇਜਾਜ਼ਤ ਲਈ ਜਾ ਚੁੱਕੀ ਏ ਅਤੇ ਉਸ ਦੇ ਥੋੜ੍ਹੇ ਜਿਹੇ ਸਫੇ ਹੀ ਤਰਜਮਾ ਕਰਨ ਵਾਲੇ ਰਹਿੰਦੇ ਨੇ, ਉਹ ਮੈਂ ਏਥੇ ਰਹਿ ਕੇ ਕਰਨ ਆਇਆ ਹਾਂ; ਇਸ ਕੰਮ ਵਿਚ ਮੈਨੂੰ ਕਰੀਬ ਇਕ ਮਹੀਨਾ ਲੱਗੇਗਾ ਅਤੇ ਕ੍ਰਿਪਲਾਨੀ ਬਾਬੂ ਦੀ ਚਿੱਠੀ ਵੀ ਰਹਿਣ ਦੇ ਬੰਦੋਬਸਤ ਬਾਰੇ ਹੀ ਐ ਹੋਰ ਮੈਂ ਸਭ ਆਪੇ ਕਰ ਲਾਂਗਾ।"

"ਓ ਰੇ ਬਾਬਾ ! ਐਕ ਮਾਸ਼ ! ਸ਼ੇ ਕੀ ਕੋਰੇ ਹੋਬੇ !- ਇਹ ਕਿਵੇਂ ਹੋ ਸੱਕਦੈ-ਆਮਾਦੇ ਰ ਪੱਖੇ ਅਸ਼ੰਭਬ।"

ਮੈਂ ਹੈਰਾਨ ਜਿਹਾ ਮੁੜ ਖਿਤੀਸ਼ ਬਾਬੂ ਕੋਲ ਜਾ ਪਹੁੰਚਾ, ਕਿਹਾ, "ਉਹ ਤੇ ਕਹਿੰਦੇ ਨੇ ਸਾਡੇ ਲਈ ਤੇਰੇ ਏਨੇ ਦਿਨ ਰਹਿਣ ਦਾ ਬੰਦੋਬਸਤ ਕਰਨਾ ਅਸੰਭਵ ਏ।"

"ਹਯੈਂ, ਉਣੀ, ਠੀਕੋਈ ਬੋਲੇਛੇਨ। ਸਾਡੇ ਕੋਲ ਜਗ੍ਹਾ ਦੀ ਏਨੀ ਹੀ ਤੰਗੀ ਏ ਕਿ ਏਨੇ ਦਿਨ ਏਥੇ ਰਹਿਣਾ ਕਿਸੇ ਲਈ ਵੀ ਸੰਭਵ ਨਹੀਂ। ਅੱਛਾ ਤੁਸੀ ਇਕ ਕੰਮ ਕਰੋ, ਏਥੇ ਹਿੰਦੀ ਭਵਨ ਦੇ ਪਰੋਫੈਸਰ ਮੋਹਨ ਲਾਲ ਬਾਜਪਾਈ ਜੀ ਨੂੰ ਮਿਲੋ। ਉਹ ਇਸ ਬਾਰੇ ਤੁਹਾਡੀ ਮਦਦ ਕਰ ਸੱਕਦੇ ਨੇ। ਮੈਂ ਉਨ੍ਹਾਂ ਵੱਲ ਚਿੱਠੀ ਲਿਖ ਦੇਂਦਾ ਹਾਂ।"

ਮੈਂ ਡੌਰ ਭੌਰਾ ਜਿਹਾ ਚਿੱਠੀ ਲੈਕੇ ਬਾਜਪਾਈ ਜੀ ਦੀ ਭਾਲ ਵਿਚ ਨਿਕਲ ਤੁਰਿਆ। ਉੱਤਰਾਇਨ ਚੋਂ ਬਾਹਰ ਨਿਕਲ ਹੀ ਰਿਹਾ ਸਾਂ ਕਿ ਪਿੱਛੋਂ ਕਿਸੇ ਨੇ ਅਵਾਜ਼ ਦੇ ਕੇ ਓਥੇ ਹੀ ਬਾਜਪਾਈ ਜੀ ਦੇ ਆ ਪਹੁੰਚਣ ਦੀ ਖ਼ਬਰ ਦਿੱਤੀ। ਬਾਜਪਾਈ ਜੀ ਦੇ ਨਾਂ ਦਵਾਲੇ ਉਸ ਵੇਲੇ ਮੇਰੀਆਂ ਸਾਰੀਆਂ ਆਸਾਂ ਉਮੀਦਾਂ ਘੁੰਮ ਰਹੀਆਂ ਸਨ ਤੇ ਉਹੋ ਨਾਂ ਹੀ ਮੈਨੂੰ

ਉਸ ਅੰਦਰੋਂ ਪਛਾਣੀ ਤੇ ਬਾਹਰੋਂ ਬੇ ਪਛਾਣ ਧਰਤੀ ਦਾ ਮਸੀਹਾ ਲੱਗ ਰਿਹਾ ਸੀ। ਚਿੱਠੀ ਪੜ੍ਹ ਕੇ ਬਾਜਪਾਈ ਜੀ ਬਰਾਂਡੇ ਵਿਚਲੀ ਇਕ ਬੈਂਚ ਉੱਤੇ ਬਹਿ ਗਏ ਤੇ ਮੈਨੂੰ ਉਨ੍ਹਾਂ ਦੇ ਬਹਿਣ ਲਈ ਕਹਿੰਦਿਆਂ ਹੀ ਮੈਂ ਸਮਝ ਗਿਆ ਕਿ ਇਨ੍ਹਾਂ ਨੂੰ ਵੀ ਮੈਥੋਂ ਪੱਲਾ ਛੁਡਾਣ ਲਈ ਉਲਟੀ ਮੇਰੀ ਹੀ ਮਦਦ ਦੀ ਲੋੜ ਪੈ ਗਈ ਹੈ। ਸੋ ਮੈਂ ਆਪਣੇ ਪੰਜਾਬੀ ਸੁਭਾਅ ਮੁਤਾਬਕ ਮਦਦ ਲਈ ਤਿਆਰ ਹੋ ਕੇ ਬਹਿ ਗਿਆ।

ਬਾਜਪਾਈ ਜੀ ਨੇ ਹੌਲੀ ਹੌਲੀ ਕਹਿਣਾ ਸ਼ੁਰੂ ਕੀਤਾ, "ਭਾਰਤੀ ਜੀ, ਇਹ ਸਾਡੇ ਲਈ ਖੁਸ਼ੀ ਦੀ ਗੱਲ ਏ ਕਿ ਤੁਸੀਂ ਏਥੇ ਆਏ ਓ। ਪਰ ਦਫ਼ਤਰ ਵਾਲਿਆਂ ਨੂੰ ਮੇਰੇ ਬਾਰੇ ਭੁਲੇਖਾ ਜਿਹਾ ਹੋ ਗਿਆ ਏ। ਅਸਲ ਵਿਚ ਮੈਂ ਆਪ ਆਪਣੇ ਸਹੁਰੇ ਘਰ ਵਿਚ ਇਕ ਕਮਰਾ ਮੱਲੀ ਬੈਠਾ ਹਾਂ। ਤੁਹਾਨੂੰ ਸਿੱਖ ਵੇਖ ਕੇ ਇਨ੍ਹਾਂ ਨੇ ਇਹ ਸਮਝ ਲਿਆ ਏ ਕਿ ਮੇਰੇ ਸਹੁਰਾ ਸਾਹਬ ਸਿੱਖ ਨੇ ਪਰ ਓਥੇ ਵੀ ਜਗਾਹ ਦੀ ਏਨੀ ਹੀ ਤੰਗੀ ਏ ਕਿ ਤੁਹਾਨੂੰ ਕੀ ਦੱਸਾਂ ! ਇਸ ਨਾਲੋਂ ਤੁਸੀ ਐਥੇ ਇਕ 'ਪੋਸ਼ਾਲੀ' ਨਾਂ ਦਾ ਹੋਟਲ ਏ ਓਥੇ ਚਲੇ ਜਾਓ, ਤੁਹਾਨੂੰ ਰਹਿਣ ਲਈ ਕਮਰਾ ਵੀ ਮਿਲ ਜਾਏਗਾ ਤੇ ਖਾਣ ਪੀਣ ਦਾ ਚੰਗਾ ਬੰਦੋਬਸਤ ਵੀ ਹੋ ਜਾਏਗਾ।"

"ਅੱਛਾ ।" ਆਖ ਕੇ ਮੈਂ ਉਨ੍ਹਾਂ ਉੱਤੇ ਬਣੀ ਭੀੜ ਨੂੰ ਹਟਾ ਕੇ ਬਾਹਰ ਆ ਗਿਆ ਤੇ ਰਿਕਸ਼ੇ ਵਾਲੇ ਨੂੰ ਪੋਸ਼ਾਲੀ ਵੱਲ ਤੋਰ ਲਿਆ। ਉਸ ਲਾਲ ਸੜਕ ਦੇ ਦੋਹੀਂ ਪਾਸੀਂ ਵਡੀਆਂ ਵਡੀਆਂ ਕੋਠੀਆਂ ਤੇ ਫੁੱਲਾਂ ਲੱਦੇ ਬਗ਼ੀਚਿਆਂ ਨੂੰ ਵੇਖ ਕੇ ਮੇਰੇ ਮਨ ਦੀ ਹਾਲਤ ਬੜੀ ਅਜੀਬ ਜਿਹੀ ਹੁੰਦੀ ਜ਼ਾ ਰਹੀ ਸੀ। ਸੋਚਦਾ ਸਾਂ, –ਅਤੇ ਇਹ ਸੋਚ ਹੁਣ ਉਲਟੇ ਪਾਸੇ ਚਲ ਪਈ ਸੀ–ਏਨੇ ਘਰ ਨੇ ਵਿਸ਼ਵ ਭਾਰਤੀ ਦੇ, ਤਾਂ ਵੀ ਰਹਿਣ ਲਈ ਇਕ ਕਮਰਾ ਨਹੀਂ ! ਗੁਰੂ ਦੇਵ ਰਵੀਂਦ੍ਰ ਨਾਥ ਨੇ ਸ਼ਾਂਤੀ ਨਿਕੇਤਨ ਆਸ਼ਰਮ ਬਣਾਇਆ ਸੀ ਅਤੇ ਮੈਂ ਜਾ ਰਿਹਾ ਹਾਂ ਹੋਟਲ ਦੀ ਭਾਲ ਵਿਚ ਆਸ਼ਰਮ ਵਿਚ ਰਹਿਣ ਲਈ ਆਇਆ ਭਗਤ ਅਤਿਥੀ ! –ਤੇ ਰਵੀਦ੍ਰ ਨਾਥ ਦੀਆਂ ਇਹ ਸਤਰਾਂ ਮੇਰੇ ਦਿਮਾਗ਼ ਵਿਚ ਘੁੰਮਣ ਲੱਗੀਆਂ–

'ਸਬ ਠਾਈ ਮੋਰ ਘਰ ਆਛੇ,
ਆਮੀ ਸ਼ੇਈ ਘਰ ਮਰੀ ਖੂੰਜੀਯਾ;
ਦੇਸ਼ੇ ਦੇਸ਼ੇ ਮੋਰ ਦੇਸ਼ ਆਛੇ,
ਆਮੀ ਸ਼ੇਈ ਦੇਸ਼ ਲੋਬੋ ਜੂਝੀਯਾ।
ਪੋਰਬਾਸ਼ੀ ਆਮੀ ਜੇ ਦੁਆਰੇ ਚਾਈ–
ਤਾਰੀ ਮਾਝੇ ਮੋਰ ਆਛੇ ਜੈਨੋ ਠਾਈ,
ਕੋਥਾ ਦੀਯਾ ਸ਼ੇਥਾ ਪ੍ਰਬੇਸ਼ੀਤੇ ਪਾਈ
ਸੰਧਾਨ ਲੋਬੋ ਬੂਝੀਯਾ।
ਘਰੇ ਘਰੇ ਆਛੇ ਪਰਮ ਆਤਮੀਯ
ਤਾਰੇ ਆਮੀ ਫਿਰੀ ਖੂੰਜੀਯਾ।।'

(ਸਭ ਥਾਂਈ ਮੇਰਾ ਘਰ ਹੈ
ਓਹੋ ਘਰ ਮਰਾਂ ਲੱਭਦਾ;
ਦੇਸ਼ ਦੇਸ਼ ਵਿਚ ਮੇਰਾ ਦੇਸ਼,
ਮੈਂ ਓਹ ਦੇਸ ਲਵਾਂਗਾ ਜੂਝ ਕੇ।
ਪਰਦੇਸੀ ਮੈਂ ਜਿਹੜੇ ਦਰ ਤੱਕਾਂ–
ਓਸੇ ਵਿਚ ਹੈ ਮੇਰੀ ਥਾਂ,
ਕਿੱਥੋਂ ਦੀ ਮੈਂ ਓਥੇ ਅੰਦਰ ਲੰਘ ਸੱਕਾਂ
ਲਵਾਂਗਾ ਮੈਂ ਪਤਾ ਲਾ।
ਘਰ ਘਰ ਹੈ ਮੇਰਾ ਪਰਮ ਪਿਆਰਾ
ਉਸੇ ਨੂੰ ਮੈ ਫਿਰਾਂ ਲੱਭਦਾ।।)

ਤਾਂ ਕੀ ਰਵੀਂਦ੍ਰ ਨਾਥ ਦੇ ਇਸ ਘਰ ਵਿਚ ਵੀ ਮੈਨੂੰ ਉਹ ਘਰ ਲੱਭਣ ਲਈ ਮਰਨਾ ਤੇ ਜੂਝਣਾ ਪਏਗਾ ? ਕੀ ਮੇਰਾ ਓਹ ਪਿਆਰਾ ਏਥੇ ਨਹੀ ਹੈ ਜਿਸ ਦਾ ਧਿਆਨ ਮੈਂ ਵਰਿਹਾਂ ਤੋਂ ਧਰਦਾ ਆਇਆ ਹਾਂ ? ਸ਼ਾਂਤੀ ਨਿਕੇਤਨ ਅੱਜ ਮੇਰੇ ਸਾਹਮਣੇ ਇਕ ਸਵਾਲੀਆ ਚਿੰਨ੍ਹ ਬਣ ਕੇ ਖਲੋ ਗਿਆ। ਕੀ ਸ਼ਾਂਤੀ ਨਿਕੇਤਨ ਆਸ਼ਰਮ ਦੇ ਆਦਰਸ਼ ਬਾਰੇ ਮੇਰੀ ਹੀ ਸਾਰੀ ਧਾਰਨਾ ਗ਼ਲਤ ਬਣੀ ਸੀ ਜਾਂ ਅੱਜ ਇਸ ਦੇ ਆਦਰਸ਼ ਬਦਲ ਗਏ ਹਨ ? ਪਰ ਨਹੀਂ। ਰਵੀਂਦ੍ਰ ਨਾਥ ਦਾ ਸ਼ਾਂਤੀ ਨਿਕੇਤਨ ਇਸ ਤਰ੍ਹਾਂ ਦਾ ਨਹੀ ਸੀ ਹੋ ਸੱਕਦਾ ! ਓਦੋਂ ਸ਼ਾਂਤੀ ਨਿਕੇਤਨ ਜ਼ਰੂਰ ਇਕ ਆਸ਼ਰਮ ਹੀ ਸੀ ਜਿਸ ਵਿਚ ਪੋਸ਼ਾਲੀ ਜਾਂ ਕਿਸੇ ਹੋਰ ਹੋਟਲ ਲਈ ਕੋਈ ਥਾਂ ਨਹੀਂ ਹੋਵੇਗੀ। ਅਤੇ ਉਸ ਆਸ਼ਰਮ ਨੂੰ ਭਾਰਤ ਵਰਸ਼ ਦੇ ਪੁਰਾਤਨ ਤਪੋਬਨ ਵਾਲੇ ਗਿਆਨ ਦੀ ਮਹਿਮਾਂ ਨਾਲ ਵਿਗਸਦੇ ਅਤਿਥੀ ਪਰਾਇਣ ਭਾਰਤ-ਤੀਰਥ ਦੇ ਰੂਪ ਵਿਚ ਸਿਰਜ ਕੇ ਨਵੀਂ ਪੱਛਮੀ ਸਭਿਅਤਾ ਦੀ ਨਕਲ ਨਵੀਸੀ ਤੋਂ ਬਚਾਣਾ ਹੀ ਉਨ੍ਹਾਂ ਦਾ ਆਦਰਸ਼ ਸੀ ! ਉਨ੍ਹਾਂ ਨੇ ਇੰਜ ਹੀ ਤੇ ਲਿਖਿਆ ਹੈ—

"ਸਾਡੇ ਏਥੇ ਵੱਖ ਵੱਖ ਦੇਸ਼ਾਂ ਤੋਂ ਵੱਖ ਵੱਖ ਜਾਤੀਆਂ ਦੇ ਅਤਿਥੀ ਆਏ ਹਨ। ਉਨ੍ਹਾਂ ਨੂੰ ਜੇ ਅੰਤਰ ਵੱਲੋਂ ਕੋਈ ਰੁਕਾਵਟ ਨਾ ਪਵੇ ਤਾਂ ਉਨ੍ਹਾਂ ਦੀ ਇਸ ਆਮਦ ਨਾਲ ਆਪੇ ਹੀ ਏਥੇ ਨਵਯੁਗ ਦਾ ਇਕ ਮਿਲਨ ਤੀਰਥ ਬਣ ਜਾਏਗਾ। ਬੰਗਲਾ ਦੇਸ਼ ਵਿਚ ਕਈ ਨਦੀਆਂ ਆਣ ਕੇ ਸਮੁੰਦਰ ਵਿਚ ਪੈਂਦੀਆਂ ਹਨ, ਉਨ੍ਹਾਂ ਬਹੁਤ ਸਾਰੀਆਂ ਨਦੀਆਂ ਦੇ ਸਾਗਰ ਸੰਗਮ ਤੋਂ ਹੀ ਬੰਗਲਾ ਦੇਸ਼ ਆਪ ਇਕ ਵਿਸ਼ੇਸ਼ ਪ੍ਰਕਿਰਤੀ ਹਾਸਲ ਕਰਕੇ ਤਿਆਰ ਹੋਇਆ ਹੈ। ਸਾਡਾ ਆਸ਼ਰਮ ਜੇ ਉਸੇ ਤਰ੍ਹਾਂ ਆਪਣੇ ਹਿਰਦੇ ਨੂੰ ਫੈਲਾ ਦਏ ਅਤੇ ਜੇ ਏਥੇ ਆਉਣ ਵਾਲਿਆਂ ਨੂੰ ਸਹਿਜੇ ਹੀ ਆਪਣੀ ਥਾਂ ਮਿਲ ਜਾਏ ਤਾਂ ਉਹ ਆਸ਼ਰਮ ਸਭਨਾ ਦੇ ਉਸ ਸੰਮਿਲਣ ਰਾਹੀ ਆਪੇ ਹੀ ਆਪਣਾ ਸੱਤਿ ਰੂਪ ਹਾਸਿਲ ਕਰ ਲਏਗਾ। ਤੀਰਥ ਯਾਤਰੀ ਜਿਹੜੀ ਭਗਤੀ ਲੈ ਕੇ ਆਉਂਦੇ ਹਨ, ਜਿਹੜੀ ਸੱਤਿ ਦ੍ਰਿਸ਼ਟੀ ਲੈ ਕੇ ਆਉਂਦੇ ਹਨ, ਉਸੇ ਰਾਹੀ ਤੀਰਥ ਸਥਾਨ ਨੂੰ ਸੱਤਿ ਬਣਾ ਦੇਂਦੇ ਹਨ। ਅਸੀ ਜਿਹੜੇ ਇਸ ਆਸ਼ਰਮ ਵਿਚ ਆਏ ਹਾਂ, ਅਸੀ ਏਥੇ ਸੱਤਿ ਨੂੰ ਲੱਭਣ ਲਈ ਸ਼ਰਧਾ

ਪੂਰਬਕ ਆਸ ਕਰਦੇ ਹਾਂ ਉਸੇ ਸ਼ਰਧਾ ਰਾਹੀਂ ਹੀ ਉਹ ਸੱਤਿ ਏਥੇ ਸਮਉੱਜਲ ਹੋ ਕੇ ਪਰਕਾਸ਼ਿਤ ਹੋਵੇਗਾ। ਅਸੀਂ ਏਥੇ ਕਿਸ ਮੰਤਰ ਦਾ ਰੂਪ ਵੇਖਣ ਦੀ ਨੀਯਤ ਆਸ ਕਰਾਂਗੇ। ਉਹ ਮੰਤਰ ਇਹ ਹੈ-'ਯਤ੍ਰ ਵਿਸ਼ਵੰ ਭਵਤਿਯੇਕਨੀੜਮ।' ਦੇਸ਼ ਦੇਸ਼ ਵਿਚ ਅਸਾਂ ਮਨੁੱਖ ਨੂੰ ਉਸ ਦੇ ਖ਼ਾਸ ਕੌਮੀ ਘੇਰੇ ਵਿਚ ਵੰਡ ਕੇ ਵੇਖਿਆ ਹੈ, ਓਥੇ ਮਨੁੱਖ ਨੂੰ ਆਪਣਾ ਸਮਝ ਕੇ ਨਹੀਂ ਲੱਭ ਸੱਕੇ। ਪ੍ਰਿਥਵੀ ਵਿਚ ਸਾਡਾ ਇਹੋ ਆਸ਼ਰਮ ਹੀ ਇਕ ਐਸੀ ਥਾਂ ਬਣ ਜਾਏ ਜਿੱਥੇ ਧਰਮ ਭਾਸ਼ਾ ਅਤੇ ਜਾਤੀਗਤ ਸਭ ਤਰ੍ਹਾਂ ਦੇ ਵਖੇਵਿਆਂ ਦੇ ਬਾਵਜੂਦ ਵੀ ਅਸੀਂ ਮਨੁੱਖ ਨੂੰ ਉਸ ਦੇ ਬਾਹਰੀ ਫਰਕ ਤੋਂ ਅਜ਼ਾਦ ਰੂਪ ਵਿਚ ਵੇਖ ਸੱਕੀਏ।"

ਪਰ ਅੱਜ ਮੈਂ ਵੇਖ ਰਿਹਾ ਸਾਂ ਉਨ੍ਹਾਂ ਆਸ਼ਰਮਕ ਹੱਥਾਂ ਦੇ ਨਾਲ ਨਾਲ ਆਦਰਸ਼ ਵੀ ਬਦਲ ਗਏ ਹਨ। ਅੱਜ ਏਥੇ ਥਾਂ ਨਹੀਂ ਕਿਸੇ ਲਈ ਸਿਵਾਏ ਸਰਕਾਰੀ ਕਰਮਚਾਰੀਆਂ ਦੇ।

ਪਰ ਨਹੀਂ, ਥਾਂ ਹੈ ਵੇ। ਉਸ ਲਈ ਜੂਝਨਾ ਪਵੇਗਾ। ਦੂਰੋਂ ਹੀ ਸੜਕ ਦੇ ਕੰਢੇ ਬਣੇ ਦੋ ਬੂਹਿਆਂ ਵਾਲੇ ਕਮਰੇ ਅੱਗੇ ਇਕ ਬਰਾਂਡਾ, ਉਸ ਦੇ ਸਾਹਮਣੇ ਲਾਲ ਕੰਕਰੀਟ ਦੀ ਪਟੜੀ ਅਤੇ ਉਸ ਪਟੜੀ ਦੇ ਨਾਲ ਨਾਲ ਗੇਂਦੇ ਤੇ ਹੋਰ ਕਈ ਤਰ੍ਹਾਂ ਦੇ ਸੁੰਦਰ ਫੁੱਲਾਂ ਨਾਲ ਲੱਦੇ ਬੂਟੇ, ਤੇ ਕਮਰੇ ਦੇ ਇਕ ਕੋਨੇ ਨਾਲ ਖਹਿ ਕੇ ਖਲੋਤੇ ਇਕ ਤਾੜ ਦੇ ਉਚੇ ਰੁੱਖ ਦੇ ਪਿੰਡੇ ਨਾਲ ਲੱਗਾ ਬੰਗਲਾ ਅੱਖਰਾਂ ਵਿਚ ਲਿਖਿਆ 'ਪੌਸ਼ਾਲੀ' ਨਾਂ ਦਾ ਬੋਰਡ, ਵੇਖਣ ਵਿਚ ਜਿੰਨਾਂ ਖੂਬਸੂਰਤ ਲੱਗਾ ਰੈਣ ਬਸੇਰੇ ਦੀ ਆਸ ਦਿਵਾਕੇ ਦਿਲ ਦਾ ਧੁੜਕੂ ਵੀ ਉਸ ਨੇ ਛੇਤੀ ਹੀ ਹਟਾ ਦਿੱਤਾ। ਪਰ ਇਹ ਕੀ ! ਪੰਜ ਰੁਪਏ ਰੋਜ਼ ! ਅਤੇ ਇਸੇ ਮਹੀਨੇ ਦੇ ਵਿਚ ਵਿਚ ਹੀ ਆ ਰਹੇ ਪੋਹ ਦੇ ਸਾਲਾਨਾ ਮੇਲੇ ਵਿਚ ਚਾਰ ਪੰਜ ਦਿਨਾਂ ਲਈ 'ਦਸ ਰੁਪਏ ਰੋਜ਼ !' ਯਾਨੀ ਇਸ ਇੱਕੋ ਮਹੀਨੇ ਵਿਚ ਦੋ ਕੁ ਸੌ ਰੁਪਏ ਹੋਟਲ ਵਾਲੇ ਲਈ ਹੀ ਚਾਹੀਦੇ ਹਨ ? ਮਨ ਨੇ ਕਿਹਾ, 'ਭਾਰਤੀ, ਜਿੰਨ੍ਹਾਂ ਰੁਪਇਆਂ ਦੀ ਅਨਹੋਂਦ ਸਦਕਾ ਹੀ ਤੂੰ ਵੀਹ ਸਾਲ ਏਥੇ ਆਉਣ ਲਈ ਤਰਸਦਾ ਰਿਹਾ ਏਂ ਅਤੇ ਅੱਜ ਕਿਸੇ ਤਰ੍ਹਾਂ ਕੁਲ ਦੋ ਸੌ ਰੁਪਇਆਂ ਦੇ ਬੁੱਤੇ ਉੱਤੇ ਤੂੰ ਘਰੋਂ ਬੰਗਾਲ ਦੇਸ ਦੀ ਯਾਤਰਾ ਤੇ ਨਿਕਲਿਆ ਏਂ ਉਹ ਦੋ ਸੌ ਤਾਂ ਇਹ ਹੋਟਲ ਵਾਲਾ ਹੀ ਲੈ ਲਏਗਾ ! ਬਾਕੀ ਕਿਰਾਇਆ ਤੇ ਹੋਰ ਉਤਲੇ ਖਰਚ ? ਤਾਂ ਕੀ ਪਿੱਛੇ ਮੁੜਨਾ ਪਏਗਾ ? ਨਹੀਂ, ਪਿੱਛੇ ਮੁੜਨਾ ਤਾਂ ਕਾਇਰਤਾ ਹੋਵੇਗੀ ! ਏਨਾ ਚਿਰ ਤਪ ਕੀਤਾ ਏ, ਸਾਧਨਾ ਕੀਤੀ ਏ ਦਿਨ ਰਾਤ ਜਾਗ ਕੇ, ਫਿਰ ਪਿੱਛੇ ਕਿਉਂ ? ਹਾਲੀ ਹੋਟਲ ਵਿਚ ਹੀ ਸਹੀ, ਜਗ੍ਹਾ ਜ਼ਰੂਰ ਮਿਲੇ ਗੀ।'

ਇਕ ਕਮਰਾ ਮਿਲ ਗਿਆ ਹੋਟਲ ਵਿਚ। ਚਾਹ ਸਵੇਰ ਦੀ ਗੈਸਟ ਹਾਊਸ ਵਿਚ ਪੀਤੀ ਸੀ ਤੇ ਦੁਪਹਿਰ ਦੀ ਰੋਟੀ ਲਈ ਵੀ ਓਥੇ ਹੀ ਆਖਿਆ ਹੋਇਆ ਸੀ। ਰੋਟੀ ਦਾ ਮਤਲਬ ਭਾਤ, ਚਾਹ ਜਾਂ ਜਮ੍ਹਾਂ 'ਭਾਤ-ਚਾਹ,' ਦੋ ਰੁਪਏ ਚਾਰ ਆਨੇ ਦੇ ਕੇ ਬਿਸਤਰਾ ਟਰੰਕ ਲਿਆ ਕੇ ਪੌਸ਼ਾਲੀ ਵਿਚ ਟਿਕਾ ਦਿੱਤਾ ਤੇ ਦਸਾਂ ਦਿਨਾਂ ਲਈ ਸ਼ਾਂਤੀ ਨਿਕੇਤਨ ਨਿਵਾਸ ਲਈ ਭੱਜ ਦੌੜ, ਗੱਡੀ ਦੇ ਲੰਮੇ ਸਫਰ ਤੇ ਸ਼ਾਂਤੀ ਨਿਕੇਤਨ ਆਸ਼ਰਮ ਵਿਚ

ਪਹੁੰਚਦਿਆਂ ਹੀ ਮਨ ਵਿਚ ਜਗਾ ਦਿੱਤੀ ਗਈ ਅਸ਼ਾਂਤੀ ਨੇ ਬਿਸਤਰੇ ਉੱਤੇ ਸੁਟ ਦਿੱਤਾ। ਅਤੇ ਪੈਂਦਿਆਂ ਹੀ ਲੀਨ ਹੋ ਗਿਆ ਨੀਂਦ ਦੀ ਡੂੰਘੀ ਸ਼ਾਂਤੀ ਵਿਚ। ਅਗਲੇ ਦਿਨ ਛੁੱਟੀ ਸੀ ਪਰ 'ਛਾਤਿਮ ਤਲਾ' ਦੇ ਦਵਾਰ ਖੁੱਲ੍ਹੇ ਹੋਏ ਸਨ। ਸੋ ਓਥੇ ਜਾ ਬੈਠਾ।

ਛਾਤਿਮ ਤਲਾ

ਬੈਠਾਂ ਸਾਂ ਛਾਤਿਮ ਰੁੱਖਾਂ ਥੱਲੇ ਤੇ ਧਿਆਨ ਮਾਰ ਰਿਹਾ ਸਾਂ ਇਨ੍ਹਾਂ ਹੇਠ ਬਣੇ ਇਸ ਥੜ੍ਹੇ ਦੇ ਇਤਿਹਾਸ ਉੱਤੇ।

ਘੋਰ ਜੰਗਲ ਦੀ ਹਨੇਰੀ ਰਾਤ ਵਿਚ ਦੂਰ ਦਿੱਸਦੀ ਇਕ ਦੀਵੇ ਦੀ ਲਾਟ ਜਿੰਨੀ ਸੋਹਣੀ ਸੁਪਨਮਈ ਤੇ ਆਸਾਂ ਭਰੀ ਲੱਗਦੀ ਹੈ ਓਨੀ ਖ਼ੂਬਸੂਰਤੀ ਨਾਲ ਸ਼ਾਇਦ ਇਕ ਸ਼ਹਿਰ ਦੀ ਦੀਪਮਾਲਾ ਵੀ ਮਨੁੱਖੀ ਹਿਰਦੇ ਨੂੰ ਖਿੱਚਦੀ, ਵਿਸ਼ਵਾਸ ਤੇ ਸੁਪਨੇ ਨਾ ਜਗਾਉਂਦੀ ਹੋਵੇ। ਤੇ ਜੇ ਮੀਲਾਂ ਵਿਚ ਪੱਸਰੇ ਤਪਦੇ ਨੰਗੇ ਬੰਜਰ ਮੈਦਾਨ ਵਿਚੋਂ ਲੰਘਦਿਆਂ ਉਸ ਸਾਰੀ ਧਰਤੀ ਉੱਤੇ ਸਿਰਫ ਇਕ ਥਾਵੇਂ ਨਾਲ ਨਾਲ ਖਲੋਤੇ ਸਪਤਪਰਨੀ ਦੇ ਹਰੇ ਭਰੇ ਦੋ ਰੁੱਖ ਦਿੱਸ ਪੈਣ ਤਾਂ ਮਨੁੱਖ ਦੀਆਂ ਅੱਖਾਂ ਜਿਹੜਾ ਚੁਪ ਬੁਲਾਵਾ ਉਨ੍ਹਾਂ ਵਿਚੋਂ ਵੇਖਦੀਆਂ ਹਨ ਉਹ ਸ਼ਾਇਦ ਇਕ ਲਹਿਲਹਾਉਂਦੇ ਬਾਗ਼ ਦੀ ਭਰਪੂਰਤਾ ਵਿਚੋਂ ਵੀ ਨਾ ਵੇਖ ਸੱਕਣ। ਦੀਪ ਮਾਲਾ ਤੇ ਮਹਿਮਾ ਭਰਿਆ ਬਾਗ਼ ਮਨੁੱਖ ਦੀ ਸਿੱਕ ਤਾਂ ਜ਼ਰੂਰ ਏ ਪਰ ਇਹ ਜਦੋਂ ਰੂਪਮਾਨ ਹੁੰਦੇ ਹਨ ਓਦੋਂ ਉਸ ਸਿੱਕ ਦੀ ਪੂਰਤੀ ਦੇ ਰੂਪ ਵਿਚ ਹੀ ਰੂਪਮਾਨ ਹੁੰਦੇ ਹਨ। ਪਰ ਘੁਪ ਹਨੇਰੇ ਵਿਚ ਜਗਦੀ ਦੀਵੇ ਦੀ ਇਕ ਲਾਟ, ਤਪਦੇ ਨੰਗੇ ਮੈਦਾਨ ਵਿਚ ਸਿਰ ਚੁਕੀ ਖਲੋਤੇ ਇਕ ਦੋ ਰੁੱਖ, ਦੂਰ ਦੁਰੇਡਿਓਂ ਉਡਦੇ ਆਉਂਦੇ ਪੰਛੀ ਦਾ ਅਚਾਨਕ ਆਣ ਕੇ ਇਕ ਟੁੰਡ ਮੁੰਡ ਰੁੱਖ ਦੇ ਸਿਰ ਉੱਤੇ ਬਹਿ ਜਾਣਾ, ਇਹ ਸਾਡੀ ਨਜ਼ਰ ਲਈ ਇਕ ਐਸਾ ਛਿਨ ਹੁੰਦਾ ਹੈ ਜਿਸ ਨੂੰ ਅੱਖਾਂ ਸਦਾ ਲਈ ਆਪਣੇ ਅੰਦਰ ਸੰਜੋ ਲੈਂਦੀਆਂ ਹਨ ਤੇ ਹਿਰਦੇ ਉੱਤੇ ਉਸ ਛਿਨ ਦੀ ਇਕ ਕੋਮਲ ਮਹੀਨ ਜਿਹੀ ਰੇਖਾ ਉਸ ਨੂੰ ਸਦਾ ਗੁਦਗੁਦਾਉਂਦੀ ਰਹਿੰਦੀ ਹੈ।

ਇਹੋ ਰੇਖਾ ਹੀ ਉੱਕਰੀ ਗਈ ਸੀ ਰਵੀਂਦ੍ਰ ਨਾਥ ਟੈਗੋਰ ਦੇ ਪਿਤਾ ਮਹਿਰਿਸ਼ੀ ਦੇਵੇਂਦ੍ਰ ਨਾਥ ਟੈਗੋਰ ਦੇ ਹਿਰਦੇ ਉੱਤੇ ਜਦੋਂ ਉਹ ਆਪਣੇ ਮਿੱਤਰ ਰਾਜਾ ਭੁਵਨ ਰਾਏ ਦੇ ਸੱਦੇ ਉੱਤੇ ਉਸ ਦੀ ਜਗੀਰ ਨੂੰ ਜਾਂਦੇ ਹੋਏ ਪੱਛਮੀ ਬੰਗਾਲ ਦੇ, ਜ਼ਿਲਾ ਵੀਰਭੂਮ ਦੇ ਬੋਲਪੁਰ ਸਟੇਸ਼ਨ ਲਾਗਲੇ ਮੀਲਾਂ ਵਿਚ ਪੱਸਰੇ ਬੰਜਰ ਮੈਦਾਨ ਵਿਚੋਂ ਲੰਘਦੇ ਇਨ੍ਹਾਂ ਦੋ ਰੁੱਖਾਂ ਦੀ ਛਾਂ ਮਾਨਣ ਨੂੰ ਘੜੀ ਭਰ ਲਈ ਇਨ੍ਹਾਂ ਹੇਠ ਆਣ ਬੈਠੇ ਸਨ। ਅਤੇ ਏਥੇ ਬੈਠਿਆਂ ਬੈਠਿਆਂ ਉਨ੍ਹਾਂ ਨੂੰ ਇਹ ਥਾਂ ਏਨੀ ਪਿਆਰੀ ਲੱਗਣ ਲੱਗੀ ਕਿ ਇਸ ਨੂੰ ਤਪ ਕਰਨ ਲਈ ਇਕ ਤਪੋਭੂਮੀ ਦੇ ਰੂਪ ਵਿਚ ਬਦਲ ਦੇਣ ਦਾ ਸੁਪਨਾ ਉਨ੍ਹਾਂ ਦੇ ਅੰਦਰੋਂ ਜਾਗ ਉੱਠਿਆ। ਲੋਕ ਕਥਾ ਵਿਚ ਇੰਜ ਵੀ ਕਿਹਾ ਜਾਂਦਾ ਹੈ ਕਿ ਏਥੇ ਬੈਠਿਆਂ ਮਹਿਰਿਸ਼ੀ ਸਮਾਧੀ ਵਿਚ ਲੀਣ ਹੋ ਗਏ ਸਨ ਤੇ ਉਸ ਸਮਾਧੀ-ਲੀਣਤਾ ਦੀ ਅਵਸਥਾ ਵਿਚ ਹੀ ਉਨ੍ਹਾਂ ਨੂੰ ਧੁਰ ਕੀ ਬਾਣੀ ਹੋਈ ਕਿ 'ਤੁਸੀ ਏਥੇ ਤਪੋਬਨ ਬਣਾਓ।' ਇਹ ਗੱਲ

ਸੰਨ 1863 ਦੀ ਹੈ।

ਉਸ ਤੋਂ ਬਾਅਦ ਮਹਿਰਿਸ਼ੀ ਵਿਚ ਵਿਚ ਕਲਕੱਤਿਓਂ ਚੱਲ ਕੇ ਨੜ੍ਹੇਨਵੇਂ ਮੀਲਾਂ ਦੀ ਦੂਰੀ ਤੇ ਖੜੇ ਇਨ੍ਹਾਂ ਰੁੱਖਾਂ ਥੱਲੇ ਆ ਬਹਿੰਦੇ ਤੇ ਭਜਨ ਬੰਦਗੀ ਕਰਦੇ। ਪਰ ਹਜ਼ਾਰ ਸੋਹਣੇ ਹੋਣ, ਦੋ ਰੁੱਖ ਤਾ ਤਪੋਬਨ ਨਹੀਂ ਹੋ ਸੱਕਦੇ । ਅਤੇ ਮਨੁੱਖ ਵਿਚ ਕੁਝ ਕਰ ਜਾਣ ਦੀ ਚਾਹ ਵੀ ਕਦੋਂ ਉਸ ਨੂੰ ਨਿਚੱਲੇ ਬਹਿਣ ਦੇਂਦੀ ਹੈ ! ਭਾਵੇਂ ਉਹ ਰਿਸ਼ੀ ਹੋਵੇ ਤੇ ਭਾਵੇਂ ਅਤਿ ਸਧਾਰਨ ਆਦਮੀ! ਮਹਿਰਿਸ਼ੀ ਨੇ ਖੁਸ਼ਕ ਕੰਕਰੀਲੀ ਇਹ ਸੱਤ ਏਕੜ ਜ਼ਮੀਨ ਖ਼ਰੀਦ ਕੇ ਆਪਣੇ ਸੁਪਨੇ ਨੂੰ ਮੂਰਤ ਰੂਪ ਦੇਣਾ ਸ਼ੁਰੂ ਕੀਤਾ । ਪਰ ਏਨੀ ਖੁਸ਼ਕ ਕੰਕਰੀਲੀ ਧਰਤੀ ਵਿਚ ਕੋਈ ਰੁੱਖ ਉੱਗਣਾ ਨਾ ਚਾਹੁੰਦਾ । ਤਦ ਏਥੋਂ ਮਿੱਟੀ ਪੁਟ ਕੇ ਬਾਹਰ ਸੁਟਨ ਅਤੇ ਦੂਰੋਂ ਹੋਰ ਮਿੱਟੀ ਲਿਆ ਕੇ ਟੋਇਆਂ ਵਿਚ ਭਰ ਕੇ ਨਵੇਂ ਰੁੱਖ ਲਗਾਉਣ ਦੀ ਮੁਹਿਮ ਚਲਾਈ, ਜੋ ਸਫਲ ਰਹੀ। ਸਪਤਪਰਨੀ ਰੁਖਾਂ ਥੱਲੇ ਭਜਨ ਬੰਦਗੀ ਕਰਨ ਲਈ ਇਕ ਥੜ੍ਹਾ ਬਣਾਇਆ ਜਿਸ ਨੂੰ 'ਛਾਤਿਮ ਤਲਾ' ਦਾ ਨਾਮ ਦਿੱਤਾ ਗਿਆ । ਬੰਗਲਾ ਭਾਸ਼ਾ ਵਿਚ ਸਪਤਪਰਨੀ ਨੂੰ 'ਛਾਤਿਮ' ਆਖਦੇ ਹਨ। ਇਕ ਪਰਾਲੀ ਦੀ ਝੁੱਗੀ-ਜਿਸ ਦਾ ਨਾਮ 'ਨੀਚੂ ਬਾਂਗਲਾ' ਹੈ-ਵਿਚ ਰਹਿ ਕੇ ਮਹਿਰਿਸ਼ੀ—ਏਥੇ ਉਨ੍ਹਾਂ ਨੂੰ ਮਹਿਰਿਸ਼ੀ ਹੀ ਆਖਿਆ ਜਾਂਦਾ ਹੈ, ਪਰ ਅਸਲ ਵਿਚ ਉਹ ਮਹਿਰਿਸ਼ੀ ਸਨ, ਰਾਜ ਰਿਸ਼ੀ ਸਨ ਕਿ ਰਿਸ਼ੀ, ਇਹ ਤੇ ਰੱਬ ਹੀ ਜਾਣੇ ਕਿਉਂਕਿ ਠਾਠ ਬਾਠ ਉਨ੍ਹਾਂ ਦਾ ਸਾਰਾ ਰਾਜਿਆਂ ਵਾਲਾ ਸੀ, ਹਜ਼ਾਰਾਂ ਨਹੀਂ, ਲੱਖਾਂ ਰੁਪਿਆਂ ਤੇ ਤਗੜੀ ਜਗੀਰ ਦੇ ਮਾਲਕ ਸਨ ਪਰ ਮਨ ਸੀ ਈਸ਼ਵਰ ਦੀ ਭਗਤੀ ਵੱਲ । ਬੰਗਾਲ ਨੂੰ ਦੇਵੀ ਦੇਵਤਿਆਂ, ਮੰਤਰਾਂ, ਜਾਤਾਂ ਪਾਤਾਂ ਦੇ ਜਾਲ ਚੋਂ ਕੱਢ ਕੇ ਇਕ ਅਕਾਲ ਪੁਰਖ ਉੱਤੇ ਨਿਰਭਰ 'ਬ੍ਰਮ੍ਹ, ਸਮਾਜ' ਦੇ ਸੰਸਥਾਪਕਾਂ ਵਿਚੋਂ ਸਨ। ਭਗਤੀ ਕਰਦੇ ਸਨ ਇਕ ਬ੍ਰਮ੍ਹ ਦੀ ਤੇ ਉਸ ਦੀ ਪ੍ਰਕਿਰਤੀ ਦੀ। ਘੁੰਮਦੇ ਸਨ ਦੇਸ ਪਰਦੇਸ ਵਿਚ। ਇਕ ਵਾਰੀ ਅੰਮ੍ਰਿਤਸਰ ਦੇ ਇਕ ਬਾਗ਼ ਵਿਚ ਇਕ ਮੁਸਲਮਾਨ ਕੋਲੋਂ ਗ਼ਜ਼ਲ ਸੁਣਦਿਆਂ ਸੁਣਦਿਆਂ ਮਸਤਾਨੇ ਹੋ ਕੇ ਨੱਚਣ ਲੱਗ ਪਏ ਸਨ ਦੇ ਇਸੇ ਤਰ੍ਹਾਂ ਆਪ ਗਾਉਂਦਿਆਂ ਉਹ ਕਈਆਂ ਨੂੰ ਆਪਣੀ ਸੰਗੀਤ ਧੁਣੀ ਦੇ ਤਾਲ ਨਾਲ ਨਚਾ ਵੀ ਦੇਂਦੇ ਸਨ। ਭਰੇ ਪੂਰੇ ਸੰਸਾਰ ਵੱਲੋਂ ਵਿਰੱਕਤ ਹੋਕੇ ਇਕ ਸਮੇਂ ਹਿਮਾਲਯ ਦੀ ਗੋਦ ਵਿਚ ਜਾਕੇ ਭਗਤੀ ਸ਼ੁਰੂ ਕਰ ਦਿੱਤੀ ਸੀ ਪਰ ਉਹੋ ਧੁਰਕੀ ਬਾਣੀ-ਧੁਰਕੀ ਬਾਣੀ ਹੋਈ 'ਵਾਪਸ ਚਲੇ ਜਾਓ।' ਦੇਸ ਵਿਚ ਓਦੋਂ 1857 ਦਾ ਸਿਪਾਹੀ ਵਿਦਰੋਹ ਚੱਲ ਰਿਹਾ ਸੀ। ਮੁੜ ਆਏ ਬੰਗਾਲ ਵਿਚ ਅਤੇ ਘੁਮਦਿਆਂ ਘੁਮਦਿਆਂ 1863 ਵਿਚ ਫਿਰ ਇਕ ਦਿਨ ਇਨ੍ਹਾਂ ਦੋ ਸਪਤਪਰਨੀ ਰੁੱਖਾਂ ਦੇ ਮੋਹ ਵਿਚ ਪੈ ਕੇ ਹੌਲੀ ਹੌਲੀ ਏਥੇ ਹੀ ਡੇਰੇ ਲਾ ਦਿੱਤੇ। ਬਗ਼ੀਚਾ ਤਿਆਰ ਹੋ ਗਿਆ। ਨੀਚੂ ਬਾਂਗਲਾ ਵਿਚ ਰਹਿ ਕੇ ਇਕ ਰਾਜ ਮਹਿਲ ਬਣਵਾਇਆ। ਉਸ ਦਾ ਨਾਮ ਰੱਖਿਆ 'ਸ਼ਾਂਤੀ ਨਿਕੇਤਨ।

ਸ਼ਾਂਤੀ ਨਿਕੇਤਨ ਆਸ਼ਰਮ

ਇਕ ਥਾਂ ਤੇ ਟਿਕ ਕੇ ਬਹਿਣ ਵਾਲਾ ਸੁਭਾਅ ਮਹਿਰਿਸ਼ੀ ਦਾ ਨਹੀਂ ਸੀ। ਏਨੀਆਂ

ਸੱਧਰਾਂ ਤੇ ਮੇਹਨਤਾਂ ਵਾਲੇ ਸਾਂਤੀ ਨਿਕੇਤਨ ਵਿਚ ਵੀ ਉਹ ਪੱਕੀ ਤਰ੍ਹਾਂ ਨਹੀ ਸਨ ਰਹਿੰਦੇ ਕਦੀ ਏਥੇ, ਕਦੀ ਕਲਕੱਤੇ ਅਤੇ ਕਦੀ ਹੋਰ ਹੋਰ ਮਨ ਭਾਉਂਦੀਆਂ ਥਾਂਵਾਂ ਤੇ। ਬ੍ਰਮ੍ਹ ਸਮਾਜ ਓਦੋਂ ਚੜ੍ਹਦੀ ਕਲਾ ਵਿਚ ਸੀ। ਹਿੰਦੂ ਮੱਤ ਦੀ ਕੱਟੜਤਾ ਤੋਂ ਵੇਹਰ ਕੇ ਪੜ੍ਹੇ ਲਿਖੇ ਬੰਗਾਲੀ ਤਬਕੇ ਦੀ ਈਸਾਈਅਤ ਵੱਲ ਮੁਹਾਰ ਰੁਕ ਕੇ ਬੰਗਾਲ ਦੇ ਮਹਾਨ ਸੁਧਾਰਕ ਨੇ ਤਾ ਰਾਜਾ ਰਾਮ ਮੋਹਨ ਰਾਏ ਵੱਲੋਂ ਸਥਾਤਪ ਬ੍ਰਮ੍ਹ ਸਮਾਜ ਵੱਲ ਹੋ ਗਈ ਸੀ। ਪਰ ਕੱਟੜਤਾ ਇਕ ਐਸੀ ਚੀਜ਼ ਹੈ ਜਿਹੜੀ ਸਹਿਜ ਸਰਲ ਕਿਸੇ ਨੂੰ ਵੀ ਨਹੀਂ ਰਹਿਣ ਦੇ ਦੀ। ਹਰ ਨਵਾਂ ਵਿਚਾਰ ਪਹਿਲਾਂ ਉਦਾਰ ਹੁੰਦਾ ਹੈ ਪਰ ਬਾਅਦ ਵਿਚ ਉਸੇ ਕੋਲੋਂ ਹੀ ਤਾਕਤ ਲੈਕੇ ਕੁਝ ਲੋਕ ਉਸ ਨੂੰ ਆਪਣੀ ਵਲਗਣ ਵਿਚ ਵਲ ਕੇ ਕੱਟੜ ਬਣਾ ਦੇਂਦੇ ਹਨ। ਸਾਡੇ ਸਿੱਖ ਧਰਮ ਵਾਂਗ ਬ੍ਰਮ੍ਹ ਧਰਮ ਵੀ ਪਹਿਲਾਂ ਉਦਾਰ ਸੀ ਪਰ ਜਿਵੇਂ ਅੱਜ ਉਸ ਸਿੱਖ ਧਰਮ ਦਾ ਉਦਾਰ ਰੂਪ ਪਛਾਣਨਾ ਅੱਜ ਦੀ ਕੱਟੜਤਾ ਵਿਚੋਂ ਬੇਹੱਦ ਔਖਾ ਹੋ ਗਿਆ ਹੈ ਉਸੇ ਤਰ੍ਹਾਂ ਹੌਲੀ ਹੌਲੀ ਬ੍ਰਮ੍ਹ ਧਰਮ ਦੇ ਮੰਨਣ ਵਾਲਿਆਂ ਵਿਚ ਵੀ ਇਕ ਐਸਾ ਤਬਕਾ ਪੈਦਾ ਹੋ ਗਿਆ ਜਿਹੜਾ ਉਸ ਵੇਲੇ ਦੇ ਅੰਗ੍ਰੇਜ਼ੀ ਰਾਜ ਦਾ ਭਗਤ ਤਾਂ ਹੈ ਹੀ ਸੀ ਨਾਲ ਨਾਲ ਉਸ ਦਾ ਮੂੰਹ ਤੇ ਕਦਮ ਵੀ ਈਸਾਈਅਤ ਵੱਲ ਸਨ। ਉਸ ਨੇ ਬ੍ਰਮ੍ਹ ਸਮਾਜ ਨੂੰ ਕਣ ਕਣ ਵਿਚ ਵੱਸਦੇ ਵਿਰਾਟ ਬ੍ਰਮ੍ਹ ਦੀ ਥਾਂ 'ਦਲ' ਦੇ ਪੀਡੇ ਬੰਧਨਾ ਵਿਚ ਬੱਝਾ ਬ੍ਰਮ੍ਹ ਸਮਾਜ ਬਣਾ ਦਿੱਤਾ। ਜਿਹੜਾ ਇੱਕ ਬ੍ਰਮ੍ਹ ਨੂੰ ਤੇ ਮੰਨਦਾ ਸੀ ਪਰ ਉਸ ਦੇ ਆਦਿ ਫ਼ਲਸਫ਼ੇ ਵਾਲੇ ਵੇਦਾਂ ਉਪਨਿਸ਼ਦਾਂ ਨੂੰ ਨਹੀਂ ਸੀ ਮੰਨਦਾ। ਮਹਿਰਿਸ਼ੀ ਦੇਵੇਂਦ੍ਰ ਨਾਥ ਠਾਕੁਰ ਬ੍ਰਮ੍ਹ ਦੇ ਆਦਿ ਸਰੋਤ ਵੇਦ ਉਪਨਿਸ਼ਦ ਉੱਤੇ ਆਧਾਰਤ ਬ੍ਰਮ੍ਹ ਫਲਸਫੇ ਨੂੰ ਮੰਨਦੇ ਸਨ। ਕਹਿੰਦੇ ਹਨ, ਕਿ ਬ੍ਰਮ੍ਹ ਸਮਾਜ ਵਿਚ ਇਸ ਦੇ ਉਲਟ ਫੈਲਦੀ ਭਾਵਨਾ ਤੋਂ ਦੁਖੀ ਹੋਕੇ ਹੀ ਉਨ੍ਹਾਂ ਨੇ ਇਕ ਦਿਨ ਫੈਸਲਾ ਕੀਤਾ ਕਿ ਭਾਰਤ ਵਰਸ਼ ਦੇ ਹੋਰ ਹੋਰ ਧਰਮ ਅਸਥਾਨਾਂ ਵਾਂਗ ਨਿਰੋਲ ਬ੍ਰਮ੍ਹ ਉਪਾਸਕਾਂ ਲਈ ਵੀ ਇਕ ਐਸੀ ਥਾਂ ਬਣਾ ਦਿੱਤੀ ਜਾਏ ਜਿੱਥੇ ਜਾ ਕੇ ਉਹ ਬਿਨਾ ਜਾਤ ਪਾਤ ਦੇ ਭਿੰਨ ਭੇਦ ਤੋਂ, ਬਿਨਾਂ ਕਿਸੇ ਦਲ ਦੇ ਬੰਧਨ ਤੋਂ ਇਕ ਨਿਰਾਕਾਰ ਬ੍ਰਮ੍ਹ ਦੀ ਪ੍ਰੇਰਨਾ ਲੈ ਸੱਕਣ।

ਤੇ ਇਸ ਲਈ ਸ਼ਾਂਤੀ ਨਿਕੇਤਨ ਤੋਂ ਚੰਗੀ ਥਾਂ ਕਿਹੜੀ ਹੋ ਸੱਕਦੀ ਸੀ ? ਸੋ ਉਨ੍ਹਾਂ ਨੇ ਸ਼ਾਂਤੀ ਨਿਕੇਤਨ ਨੂੰ 'ਸ਼ਾਂਤੀ ਨਿਕੇਤਨ ਆਸ਼ਰਮ' ਦਾ ਨਾਂ ਦੇ ਕੇ ਕੁਝ ਟਰਸਟੀ ਨੀਯਤ ਕਰਕੇ ਇਹ ਲੱਖਾਂ ਰੁਪਇਆਂ ਤੇ ਰੀਝਾਂ ਦੀ ਜਾਇਦਾਦ ਦਾਨ ਅਤੇ ਬ੍ਰਮ੍ਹ ਮੰਦਿਰ ਦੀ ਸਥਾਪਨਾ ਕਰ ਦਿੱਤੀ।

ਪਰਭਾਤ

ਚਾਰ ਪੰਜ ਦਿਨਾਂ ਪਿੱਛੋਂ ਇਕ ਦਿਨ ਬੰਗਲਾ ਦੇ ਪਰਸਿੱਧ ਲੇਖਕ ਅੰਨਦਾ ਸ਼ੰਕਰ ਰਾਏ ਨੂੰ ਮਿਲਣ ਗਿਆਂ ਮੇਰੇ ਰਹਿਣ ਦੀ ਸਮੱਸਿਆ ਹੱਲ ਹੋ ਗਈ। ਉਨ੍ਹਾਂ ਨੇ ਆਪਣੇ ਮਿਤਰ ਤੇ ਵਿਸ਼ਵ ਭਾਰਤੀ ਦੇ ਉੜੀਆ ਮਹਿਕਮੇ ਦੇ ਹੈੱਡ ਡਾਕਟਰ ਕੁੰਜ ਬਿਹਾਰੀ ਦਾਸ ਵੱਲ ਚਿੱਠੀ ਲਿਖ ਕੇ ਉਨ੍ਹਾਂ ਦੇ ਘਰ ਵਿਚ ਮੈਨੂੰ ਇਕ ਕਮਰਾ ਦਿਵਾ ਦਿੱਤਾ ਸੀ। ਕੁੰਜ ਬਾਬੂ ਦਾ ਘਰ ਹੈ ਰਤਨ ਪੱਲੀ ਵਿਚ। ਰਤਨ ਪੱਲੀ ਅੱਜ ਸ਼ਾਂਤੀ ਨਿਕੇਤਨ ਵਿਚ ਸਭ

ਤੋਂ ਸੋਹਣਾ ਇਲਾਕਾ ਹੈ। ਇਕ ਸਮੇਂ ਏਥੇ ਟਾਟਾ ਸਾਹਬ ਵੱਲੋਂ ਵਿਦੇਸ਼ੀ ਤੇ ਦੇਸੀ ਵਿਸ਼ੇਸ਼ ਪਰਾਹੁਣਿਆ ਲਈ ਇਕ ਬਿਲਡਿੰਗ ਬਣਵਾਈ ਗਈ ਸੀ ਜਿਸ ਦਾ ਨਾਮ ਸੀ 'ਟਾਟਾ ਬਿਲਡਿੰਗ'। ਅੱਜ ਕਲ ਉਸ ਨੂੰ ਰਤਨ ਕੁਠੀ ਕਿਹਾ ਜਾਂਦਾ ਹੈ। ਹੌਲੀ ਹੌਲੀ ਇਸ ਇਲਾਕੇ ਵਿਚ ਸੈਂਕੜੇ ਘਰ ਬਣ ਗਏ ਤੇ ਅਜੇ ਬਣ ਰਹੇ ਹਨ। ਇਸ ਸਾਰੇ ਇਲਾਕੇ ਨੂੰ 'ਰਤਨ ਪੱਲੀ' ਆਖਿਆ ਜਾਂਦਾ ਹੈ। ਪੱਲੀ ਦਾ ਅਰਥ ਹੈ 'ਪਿੰਡ।'

ਏਸੇ ਰਤਨ ਪੱਲੀ ਵਿਚ ਹੀ ਉੜੀਸਾ ਸਰਕਾਰ ਵੱਲੋਂ ਬਣਾਏ ਗਏ ਇਕ ਮਕਾਨ ਵਿਚ ਕੁੰਜ ਬਾਬੂ ਰਹਿੰਦੇ ਹਨ। ਮੇਰੇ ਕਮਰੇ ਦਾ ਬਾਹਰਲਾ ਬੂਹਾ ਉੱਤਰ ਪੂਰਬੀ ਕੋਨ ਵੱਲ ਖੁਲ੍ਹਦਾ ਹੈ। ਸਾਹਮਣੇ ਛੋਟਾ ਜਿਹਾ ਮੈਦਾਨ, ਖੱਬੇ ਲਾਲ ਬਜਰੀ ਦੀ ਸੜਕ, ਉਸ ਤੋਂ ਪਾਰ ਇਕ ਖੁਲ੍ਹੀ ਗ੍ਰਾਊਂਡ ਜਿਸ ਦੇ ਤਿੰਨ ਪਾਸੀਂ ਲਾਲ ਲਾਲ ਘਰਾਂ ਦੀਆਂ ਪਾਲਾਂ ਖਲੋਤੀਆਂ ਹਨ ਤੇ ਹਰ ਘਰ ਦੇ ਸਾਹਮਣੇ ਹੀ ਫੁੱਲਾਂ ਲੱਦਿਆ ਬਗ਼ੀਚਾ ਹੈ। ਉਂਜ ਤੇ ਹਰ ਘਰ ਅੱਗੇ ਹੀ ਰੰਗਾ ਰੰਗ ਦੇ ਫੁੱਲਾਂ ਦੀ ਬਹਾਰ ਸੀ ਪਰ ਮੈਨੂੰ ਸਭ ਤੋਂ ਸੋਹਣਾ ਲੱਗਦਾ ਸੀ ਮੇਰੇ ਕਮਰੇ ਤੋਂ ਦੋ ਕੁ ਸੌ ਗਜ਼ ਦੀ ਦੂਰੀ ਤੇ ਸੜਕੋਂ ਪਾਰ ਉੱਤਰੀ ਕੋਨੇ ਵਿਚ ਖਲੋਤਾ ਜਿਓਤੀਨ ਵਿਸ਼ਵਾਸ ਦਾ ਬਗ਼ੀਚਾ। ਉਸ ਬਗ਼ੀਚੇ ਵਿਚ ਰੰਗਾ ਰੰਗ ਦੇ ਫੁਲ ਤਾਂ ਹੈ ਹੀ ਸਨ ਪਰ ਉਨ੍ਹਾਂ ਵਿਚ ਖ਼ੁਸ਼ਬੂ ਵਾਲੇ ਫੁਲ ਵੀ ਬੜੇ ਸਨ।

ਸਵੇਰੇ ਮਨ੍ਹੇਰੇ ਹੀ ਉਠ ਕੇ ਇਸ਼ਨਾਨ ਆਦਿ ਦਾ ਕੰਮ ਮੁਕਾ ਕੇ ਜਦੋਂ ਮੈਂ ਬਾਹਰ ਤੱਕਦਾ ਤਾਂ ਇੱਕ ਅਲੌਕਿਕ ਦਰਿਸ਼ ਵੇਖਣ ਨੂੰ ਮਿਲਦਾ। ਉਨ੍ਹਾਂ ਦਿਨਾਂ ਵਿਚ ਕਰੀਬ ਰੋਜ਼ ਹੀ ਸਵੇਰੇ ਸ਼ਾਮ ਅਸਮਾਨ ਵਿਚ ਪਤਲੇ ਪਤਲੇ ਬੱਦਲਾਂ ਦਾ ਫੇਰਾ ਤੋਰਾ ਰਹਿੰਦਾ ਸੀ। ਪੂਰਬ ਵਿਚ ਉਨ੍ਹਾਂ ਬੱਦਲਾਂ ਦੀਆਂ ਪਤਲੀਆਂ ਪਤਲੀਆਂ ਪਰਤਾਂ ਵਿਚੋਂ ਛਣ ਕੇ ਉਭਰਦੀ ਲਾਲੀ ਤੇ ਰੁੱਖਾਂ ਬੂਟਿਆਂ ਵਿੱਚੋਂ ਹੁਣੇ ਜਾਗੇ ਪੰਛੀਆਂ ਦੀ ਕਿਲਕਾਰੀ, ਦੂਰ ਕਿਧਰਿਓਂ ਵਹਿੰਦੀ ਆਉਂਦੀ ਇਕ ਪਤਲੇ ਗਲੇ ਦੀ ਇਕ-ਤਾਨ ਸੁਰ ਅਤੇ ਵਿਸ਼ਵਾਸ ਬਾਬੂ ਦੇ ਘਰ ਵਿਚੋਂ ਮਹੀਨ ਗਲੇ 'ਚੋਂ ਵਿਚ ਵਿਚ ਉਠਦੀ ਇਕ ਸੰਗੀਤ ਧੁਣੀ ਐਸਾ ਸਮਾਂ ਬੰਨ੍ਹ ਦੇਂਦੀ ਕਿ ਅਚਾਨਕ ਬਾਹਰ ਨਿਕਲ ਆਉਣ ਤੇ ਇਹ ਸਭ ਵੇਖ ਕੇ ਕਈ ਵਾਰੀ ਇਕ ਰੋਮਾਂਚ ਦੀ ਲਹਿਰ ਨਾਲ ਅੰਗ ਅੰਗ ਤ੍ਰਭਕ ਉਠਦਾ। ਚਾਨਚੱਕ ਮੂੰਹੋਂ ਨਿਕਲ ਜਾਂਦਾ, "ਕੀ ਸੁੰਦਰ !" ਬਾਰੀ ਵਿਚੋਂ ਕੁੰਜ ਬਾਬੂ ਸੁਣ ਕੇ ਪੁੱਛ ਲੈਂਦੇ, "ਕੀ ਭਾਰਤੀ !" "ਕੀ, ਸੁੰਦਰ ਕੀ ਹੇ ?" ਮੈਂ ਆਖਦਾ, "ਓਈ ਘੋਰੇਰ ਭੀਤੋਰੇ ਬੋਸ਼ੇ ਥਾਕਲੇ ਕੀ ਸ਼ੁੰਦਰ ਕੇ ਦੇਖਾ ਜਾਏ ? ਬਾਹਿਰੇ ਆਸ਼ੁਨ !"

ਕੁੰਜ ਬਾਬੂ ਕਵੀ ਹਨ, ਪ੍ਰਕਿਰਤੀ ਪ੍ਰੇਮੀ ਪਰਸਿੱਧ ਉੜੀਆ ਕਵੀ। ਇਕ ਸਮੇਂ ਤੜਕੇ ਤਿੰਨ ਚਾਰ ਵਜੇ ਉਠ ਕੇ ਬਾਹਰ ਪ੍ਰਕਿਰਤੀ ਦੀ ਗੋਦ ਵਿੱਚੋਂ ਅੰਮ੍ਰਿਤ ਰਸ ਮਾਣਦੇ ਰਹੇ ਹਨ। ਕੋਈ ਡੇਢ੍ਹ ਲੱਖ ਉੜੀਆ ਲੋਕ ਗੀਤਾਂ ਦਾ ਸੰਗ੍ਰਹਿ ਕਰਕੇ ਲੋਕ ਗੀਤਾਂ ਤੇ ਕਥਾਵਾਂ ਉੱਤੇ ਥੀਸਿਸ ਲਿਖ ਕੇ ਪੀ. ਐਚ. ਡੀ. ਦੀ ਡਿਗਰੀ ਲਈ ਹੈ। ਪਰ ਅੱਜ ਕੱਲ ਉਹ ਠੰਢ ਵਿਚ ਬਾਹਰ ਨਿਕਲਣੋ ਡਰਦੇ ਹਨ। ਠੰਢ ਉਨ੍ਹਾਂ ਨੂੰ ਹੁਣ ਸੁਖਾਉਂਦੀ ਨਹੀਂ, ਬੀਮਾਰ ਕਰ ਦੇਂਦੀ ਹੈ। ਪਰ ਤਾਂ ਵੀ ਉਹ ਰਹਿ ਨਾ ਸੱਕਦੇ। ਬਾਹਰ ਆਉਂਦਿਆਂ ਹੀ ਆਖਦੇ

"ਬਾਹ, ਕੀ ਅਪੂਰਬ ! ਕੀ ਰੋਮਾਂਚਕਰ ! ਏਈ ਤੋ ਤਪੋਬਨ ਭਾਰਤੀ, ਏਈ ਤੋ !"

ਦੂਰ ਤਾੜ ਦੇ ਝੁੰਡਾਂ ਵਿਚੋਂ ਹੌਲੀ ਹੌਲੀ ਇਕ ਗੋਲਾ, ਇਕ ਥਾਲ, ਇਕ ਪ੍ਰਕਾਂਡ ਅੰਗਿਆਰਾ ਜਨਮ ਜਨਮ ਦੀ ਲਾਲੀ ਸੰਜੋਈ ਤਾੜ ਰੁੱਖਾਂ ਦੀਆਂ ਛਤਰੀਆਂ ਦੇ ਓਹਲਿਓਂ ਉਪਰ ਨੂੰ ਉਠਦਾ। ਹੌਲੀ ਹੌਲੀ ਰੰਗ ਬਦਲਦਾ ਕਿਰਨਾ ਖਿਲਾਰਦਾ ਚੜ੍ਹਦਾ ਜਾਂਦਾ ਅਸਮਾਨ ਨੂੰ। ਅਤੇ ਮੈਂ ਤੁਰ ਪੈਂਦਾ ਸੈਂਟਰਲ ਲਾਇਬ੍ਰੇਰੀ ਵੱਲ ਸਮਵੇਤ ਉਪਾਸਨਾ-ਬੋਈਤਾਲਿਕ (ਬੈਤਾਲਿਕ) ਵਿਚ ਹਿੱਸਾ ਲੈਣ ਲਈ। ਘੜਿਆਲ ਖੜਕਦਾ, ਇਹ ਨਾਸ਼ਤੇ ਦਾ ਘੜਿਆਲ ਹੈ, ਵਿਦਿਆਰਥੀ ਇਸ਼ਨਾਨ ਆਦਿ ਕਰਕੇ ਕਿਚਨ ਵਿਚ ਨਾਸ਼ਤਾ ਕਰਨ ਜਾ ਰਹੇ ਹਨ। ਘੜਿਆਲ ਖੜਕਦਾ, ਲਾਇਬ੍ਰੇਰੀ ਸਾਹਮਣੇ ਕਤਾਰਾਂ ਵਿਚ ਖਲੋਣ ਲਈ ਆਖਦਾ, ਘੜਿਆਲ ਖੜਕਦਾ-ਲਾਗੇ ਚਾਗੇ ਜਿੱਥੇ ਜੋ ਕੋਈ ਜਾ ਰਿਹਾ ਹੈ ਓਥੇ ਹੀ ਕੁਝ ਮਿੰਟਾਂ ਲਈ ਖਲੋਣ ਨੂੰ ਆਖਦਾ, ਲਾਇਬ੍ਰੇਰੀ ਦੇ ਬਰਾਂਡੇ ਦੇ ਪਿੱਛੇ ਖਲੋਤੀ ਕੁੜੀਆਂ-ਮੁੰਡਿਆਂ ਦੀ ਇਕ ਟੋਲੀ ਅੱਗੇ ਆ ਜਾਂਦੀ। ਵੇਦ ਮੰਤਰ ਦਾ ਉਚਾਰਨ ਹੁੰਦਾ ਹਰੇਕ ਦੇ ਮੁਖੋਂ-

ओम् पिता नोहसि पिता नोबोधि।
नमस्तेअस्तु मा मा हिंसि।।
विश्वानिदेव सवितर्दरितानि परासुव।
यद्भद्रं तन्न आसुव।।
नमः शम्भावय चः ममो भवाय चः,
नमः शंकराय चः मयस्कराय चः।
नम शिवाय चः शिवतराय चः।।
ओम् शान्तिः शान्तिः शान्तिः।।

"(ਹੇ ਪ੍ਰਭੂ ਤੂੰ ਸਾਡਾ ਸਭ ਦਾ ਪਿਤਾ ਹੈਂ, ਸਾਨੂੰ ਉੱਤਮ ਬੁੱਧੀ ਦੇ, ਸਾਡੀ ਨਮਸਕਾਰ ਲੈ, ਸਾਨੂੰ ਕੋਈ ਕਸ਼ਟ ਨਾ ਹੋਵੇ।"

"ਹੇ ਸਾਡੇ ਸਭਨਾ ਦੇ ਪਾਲਕ, ਸਾਡੇ ਦੁਰਗੁਣਾ ਤੇ ਦੁਰਬੁੱਧੀ ਨੂੰ ਦੂਰ ਕਰ ਅਤੇ ਜੋ ਕਲਿਆਣ ਕਾਰਕ ਗੁਣ ਕਰਮ ਸੁਭਾਵ ਅਤੇ ਪਦਾਰਥ ਹਨ ਉਹ ਸਭ ਸਾਨੂੰ ਦੇ।"

"ਜੋ ਸੁਖ ਸੁਰੂਪ ਸੰਸਾਰ ਦੇ ਉੱਤਮ ਸੁਖਾਂ ਦਾ ਦੇਣ ਵਾਲਾ ਕਲਿਆਣ ਕਰਤਾ ਮੁਕਤੀ ਸੁਰੂਪ ਆਪਣੇ ਭਗਤਾਂ ਨੂੰ ਸੁਖ ਦੇਣ ਵਾਲਾ ਅਤਿਅੰਤ ਮੰਗਲ ਸੁਰੂਪ ਅਤੇ ਧਾਰਮਿਕ ਮਨੁੱਖਾਂ ਨੂੰ ਮੁਕਤੀ-ਸੁਖ ਦੇਣ ਵਾਲਾ ਹੈ ਉਸ ਨੂੰ ਸਾਡਾ ਬਾਰਮ ਬਾਰ ਨਮਸਕਾਰ।)"

ਫਿਰ ਹੁੰਦਾ ਇਕ ਗੀਤ, ਗੁਰੂ ਦੇਵ ਰਵੀਂਦ੍ਰ ਨਾਥ ਦਾ ਲਿਖਿਆ, ਉਨ੍ਹਾਂ ਦਾ ਹੀ ਰਚਿਆ ਰਵੀਂਦ੍ਰ ਸੰਗੀਤ, ਪ੍ਰਭਾਤੀ-ਭੈਰੋਂ, ਆਸਾਵਰੀ, ਭੈਰਵੀ ਅਦਿ ਰਾਗਾਂ ਵਿਚੋਂ ਕਿਸੇ ਇਕ ਰਾਗ ਵਿਚ। ਨਾਰੀ ਪੁਰੁਸ਼ ਕੰਠਾਂ ਦੀ ਸੰਮਿਲਤ ਸੁਰ ਲਹਿਰੀ ਵਿਚ ਅਤਿ ਗੰਭੀਰ ਮੰਥਰ ਸੰਗੀਤ ਧੁਣੀ ਜਨ ਜਨ ਦੇ ਹਿਰਦੇ ਨਾਲ ਟਕਰਾਉਂਦੀ ਗੂੰਜਦੀ ਵਹਿੰਦੀ ਜਾਂਦੀ-

'ਤੁਮੀ ਡਾਕ ਦੀਯੇਛੋ ਕੋਨ ਸ਼ਕਾਲੇ ਕੇਊ ਤੋ ਜਾਣੇ ਨਾ,
ਆਮਾਰ ਮਨ ਜੇ ਕਾਂਦੇ ਆਪਨ ਮਨੇ ਕੇਊ ਤਾ ਮਾਨੇ ਨਾ।।

ਫਿਰੀ ਆਮੀ ਉਦਾਸ਼ ਪ੍ਰਾਣੇ, ਤਾਕਾਈ ਸ਼ਬਾਰ ਮੁਖੇਰ ਪਾਨੇ,
ਤੋਮਾਰ ਮਤਨ ਐਮੋਨ ਟਾਨੇ ਕੇਊ ਤੋ ਟਾਨੇ ਨਾ।
ਬੇਜੇ ਉਠੇ ਪੰਚਮੇ ਸਵਰ, ਕੌਪੇ ਉਠੇ ਬੰਧ ਏ ਘਰ,
ਬਾਹੀਰੇ ਹੋਤੇ ਦੁਆਰੇ ਕਰ ਕੇਊ ਤੋ ਹਾਨੇ ਨਾ।
ਆਕਾਸ਼ੇ ਕਾਰ ਬਿਆਕੁਲਤਾ, ਬਾਤਾਸ਼ੇ ਬੌਹੇ ਕਾਰ ਬਾਰਤਾ,
ਏ ਪਥੇ ਸ਼ੇਈ ਗੋਪਨ ਕੋਥਾ ਕੇਊ ਤੋ ਆਨੇ ਨਾ।।'

(ਤੂੰ ਵਾਜ ਦਿੱਤੀ ਏ ਕਿਸ ਸਵੇਰੇ ਕੋਈ ਤਾਂ ਜਾਣੇ ਨਾ,
ਮੇਰਾ ਮਨ ਜੋ ਰੋਵੇ ਆਪਣੇ ਮਨ 'ਚ ਕੋਈ ਤੇ ਮੰਨੇ ਨਾ।
ਫਿਰਾਂ ਮੈਂ ਉਦਾਸ ਪ੍ਰਾਣਾ ਨਾਲ, ਤੱਕਾਂ ਸਭਨਾ ਦੇ ਮੁਖਾਂ ਵੱਲ,
ਤੇਰੇ ਵਾਕਣ ਐਸੀਆਂ ਖਿੱਚਾਂ ਕੋਈ ਤੇ ਪਾਵੇ ਨਾ।
ਵੱਜ ਉੱਠੇ ਪੰਚਮ ਸਵਰ, ਕੰਬ ਉੱਠੇ ਬੰਦ ਇਹ ਘਰ,
ਬਾਹਰ ਵੱਲੋਂ ਬੂਹੇ ਨੂੰ ਹੱਥ ਕੋਈ ਖੜਕਾਵੇ ਨਾ।
ਅਸਮਾਨੀ ਕਿਹਦੀ ਵਿਆਕੁਲਤਾ, ਹਵਾ ਢੋਵੇ ਕਿਹਦੀ ਵਾਰਤਾ, ਇਸ ਰਾਹੇ ਉਹ ਗੁਪਤ ਕਥਾ, ਕੋਈ ਤੇ ਲਿਆਵੇ ਨਾ।।')

ਕੁਝ ਛਿਣਾ ਲਈ ਆਪਾ ਭੁੱਲਿਆ ਮਨ ਮਹਿਸੂਸ ਕਰਦਾ,-ਇਹੋ ਹੀ ਅਨਹਦ ਨਾਦ ਹੈ। ਅੰਬ ਸ਼ਾਲ ਔਲਿਆਂ ਦੇ ਮਹਿਮਾਂ ਭਰੇ ਰੁੱਖਾਂ ਦੇ ਘੇਰੇ ਵਿਚ ਬਾਲਕ ਬਾਲਕਾਵਾਂ ਨੂੰ ਕਤਾਰਾਂ ਵਿਚ ਚੁਪ ਹੱਥ ਜੋੜੀ ਖਲੋਤਿਆਂ ਤੇ ਇਕ ਪਾਸਿਓਂ ਸੰਗੀਤ ਧੁਨੀ ਉਠਦਿਆਂ ਵੇਖ ਕੇ ਕੌਣ ਹੈ ਜਿਸ ਨੂੰ ਪੁਰਾਤਨ ਸਮੇਂ ਦੇ ਰਿਸ਼ੀਆਂ ਦੇ ਤਪੋਬਨ ਆਸ਼ਰਮ ਦਾ ਭੁਲੇਖਾ ਨਹੀਂ ਪੈ ਜਾਏਗਾ ?

ਸ਼ਾਂਤੀ ਨਿਕੇਤਨ ਵਿਚ ਕਰੀਬ ਡੇਢ੍ਹ ਹਜ਼ਾਰ ਵਿਦਿਆਰਥੀ ਪੜ੍ਹਦੇ ਹਨ। ਅਤੇ ਕਰੀਬ ਚਾਰ ਪੰਜ ਵਿਦਿਆਰਥੀਆਂ ਪਿੱਛੇ ਔਸਤ ਇਕ ਇਕ ਅਧਿਆਪਕ ਹੈ। ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀ ਹੀ ਏਥੋਂ ਦੇ ਹੋਸਟਲਾਂ ਵਿਚ ਰਹਿੰਦੇ ਹਨ। ਜਿਹੜੇ ਹੋਸਟਲਾਂ ਵਿਚ ਨਹੀਂ ਰਹਿੰਦੇ ਉਨ੍ਹਾਂ ਦੇ ਘਰ ਵੀ ਬਹੁਤੀ ਦੂਰ ਨਹੀਂ, ਪੰਜਾਂ ਸੱਤਾਂ ਮਿੰਟਾਂ ਵਿਚ ਬੜੀ ਆਸਾਨੀ ਨਾਲ ਲਾਇਬ੍ਰੇਰੀ ਪਹੁੰਚਿਆ ਜਾ ਸੱਕਦਾ ਹੈ। ਅਤੇ ਗੁਰੂ-ਸ਼ਿਖ਼ਸ਼ਕ ? ਉਹ ਵੀ ਸਾਰੇ ਨੇੜੇ ਨੇੜੇ ਹੀ ਰਹਿੰਦੇ ਹਨ। ਸੱਭ ਤੋਂ ਦੂਰ ਘਰ ਹੈ ਉਪਆਚਾਰੀਜਾ (ਵਾਈਸ ਚਾਂਸਲਰ) ਦਾ। ਪਰ ਪਤਾ ਨਹੀ ਕਿਉਂ ਇਸ ਪ੍ਰਾਰਥਨਾ ਵਿਚ ਸਾਰੀ ਗਿਣਤੀ ਵਿਚੋਂ ਅੱਧੇ ਗੁਰੂ-ਸ਼ਿੱਸ਼ ਵੀ ਹਾਜ਼ਰ ਨਹੀਂ ਹੁੰਦੇ। ਗੱਲ ਹੈ ਸਾਰੀ ਪੰਦਰਾਂ ਮਿੰਟ ਪਹਿਲਾਂ ਆਉਣ ਦੀ। ਪ੍ਰਾਰਥਨਾ ਸ਼ੁਰੂ ਹੁੰਦੀ ਹੈ ਪੌਣੇ ਸੱਤ ਵਜੇ ਅਤੇ ਕਲਾਸਾਂ ਲੱਗਦੀਆਂ ਹਨ ਸੱਤ ਵਜੇ, ਸੱਤ ਵਜੇ ਤਾਂ ਹਰ ਕਿਸੇ ਨੇ ਪਹੁੰਚਣਾ ਹੀ ਹੁੰਦਾ ਹੈ ਪਰ ਪੌਣੇ ਸੱਤ ? ਗੱਲ ਆਣ ਖਲੋਤੀ ਹੈ ਸੰਸਕਾਰਾਂ ਉੱਤੇ। ਗੁਰੂ ਦੇਵ ਰਵੀਂਦ੍ਰ ਨਾਥ ਠਾਕੁਰ ਨੇ ਜਦੋਂ ਇਹ ਵਿੱਦਿਆਲਾ ਖੋਹਲਿਆ ਸੀ ਤਾਂ ਇਸ ਵਿਚ ਦਸ ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਨਹੀਂ ਸੀ

ਲਿਆ ਜਾਂਦਾ, ਕਿਉਂਕਿ ਵਡੇ ਬੱਚਿਆਂ ਦੀ ਮਾਨਸਕ ਉਸਾਰੀ ਬਾਹਰੀ ਹਾਲਤਾਂ ਮੁਤਾਬਕ ਹੋ ਚੁੱਕੀ ਹੁੰਦੀ ਹੈ, ਅਤੇ ਗੁਰੂ ਵੀ ਓਦੋਂ ਉਹ ਹੁੰਦੇ ਸਨ ਜਿਹੜੇ ਰਵੀਂਦ੍ਰ ਨਾਥ ਦੇ ਆਦਰਸ਼ 'ਭਾਰਤ ਵਰਸ਼' ਦੇ ਹੋਮ ਵਿਚ ਵਿੱਦਿਆ ਦਾਨ ਦੀ ਆਹੂਤੀ ਪਾਉਣ ਆਉਂਦੇ ਸਨ। ਓਦੋਂ ਰਵੀਂਦ੍ਰ ਨਾਥ ਸਮੇਤ ਸਭ ਗੁਰੂ ਇਸ ਸਮਵੇਤ ਪ੍ਰਾਰਥਨਾ ਵਿਚ ਹਿੱਸਾ ਲੈਂਦੇ ਸਨ ਸਰ ਬਾਅਦ ਵਿਚ ਇਹ ਸਿਲਸਿਲਾ ਟੁਟ ਗਿਆ। ਅੱਜ ਫਿਰ ਉਸ ਸਿਲਸਿਲੇ ਦੀਆਂ ਘੁੰਡੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਨਵੇਂ ਵਾਈਸ ਚਾਂਸਲਰ ਸੁਧੀ ਰੰਜਣ ਦਾਸ ਜਿਨ੍ਹਾਂ ਨੇ 23 ਨਵੰਬਰ 1959 ਨੂੰ ਸ਼ਾਂਤੀ ਨਿਕੇਤਨ ਵਿਚ ਆਣ ਕੇ ਵਾਈਸ ਚਾਂਸਲਰ ਦੀ ਪਦਵੀ ਸੰਭਾਲੀ ਹੈ—ਹੁਣੇ ਹੁਣੇ ਹੀ ਹਿੰਦੁਸਤਾਨ ਦੇ ਸੁਪਰੀਮ ਕੋਰਟ ਦੀ ਚੀਫ ਜਸਟਿਸ ਦੀ ਪਦਵੀ ਤੋਂ ਰੀਟਾਇਰ ਹੋ ਕੇ ਆਏ ਹਨ- ਇਨ੍ਹਾਂ ਨੇ ਆਪਣੀ ਪਹਿਲੀ ਉਮਰ ਦੀ ਪੜ੍ਹਾਈ ਸਾਂਤੀ ਨਿਕੇਤਨ ਵਿਚ ਗੁਰੂ ਦੇਵ ਦੀ ਛਤਰ ਛਾਇਆ ਹੇਠ ਹੀ ਕੀਤੀ ਸੀ। ਉਨ੍ਹਾ ਸੰਸਕਾਰਾਂ ਵੱਸ ਉਹ ਅੱਜ ਵੀ ਬੇਨਾਗਾ ਸਭ ਤੋਂ ਪਹਿਲਾਂ ਪ੍ਰਾਰਥਨਾ ਸਥਾਨ ਤੇ ਪਹੁੰਚਦੇ ਹਨ ਤੇ ਸ਼ਾਇਦ ਉਨ੍ਹਾਂ ਦੇ ਪ੍ਰਭਾਵ ਸਦਕਾ ਗੁਰੂਆਂ-ਸ਼ਿੱਸਾਂ ਦੀ ਗਿਣਤੀ ਵੀ ਰੋਜ਼ ਬਰੋਜ਼ ਵਧ ਰਹੀ ਹੈ। ਜਦੋਂ ਮੈ ਸ਼ਾਂਤੀ ਨਿਕੇਤਨ ਵਿਚ ਗਿਆ ਸਾਂ ਓਦੋਂ ਸਾਡੀ ਵੱਡਿਆਂ ਦੀ ਕਤਾਰ ਵਿਚ ਵਾਈਸ ਚਾਂਸਲਰ ਤੋ ਬਿਨਾਂ ਪੰਜ ਸੱਤ ਗੁਰੂ ਤੇ ਇਕ ਮੈਂ ਏਨੇ ਜਣੇ ਹੀ ਹੁੰਦੇ ਸਾਂ ਅਤੇ ਜਦੋਂ ਮੈ ਓਥੋਂ ਮੁੜਿਆ, ਓਦੋਂ ਉਹ ਕਤਾਰ ਚੋਖੀ ਲੰਮੀ ਹੋ ਚੁੱਕੀ ਸੀ ਤੇ ਨਿਤ ਵਾਧੇ ਉੱਤੇ ਸੀ।

ਵਿੱਦਿਆ ਦੇ ਸੰਸਕਾਰ

ਇਕ ਸਮਾਂ ਸੀ, ਰਵੀਦ੍ਰ ਨਾਥ ਟੈਗੋਰ ਪਦਮਾ ਨਦੀ ਦੇ ਕੰਢੇ ਘੁੰਮਦੇ ਪਦਮਾ ਨਦੀ ਦੀ ਹਿੱਕ ਉੱਤੇ ਤਰਦੇ ਬਜਰੇ ਵਿਚ ਡੇਰਾ ਲਾਈ ਪ੍ਰਕਿਰਤੀ ਦਾ ਚਿਤਰਨ ਕਰਦੇ ਮਹਾਂ ਐਸ਼ਵਰਜ ਵਿਚ ਜ਼ਿੰਦਗੀ ਦੇ ਪਲ ਪਲ ਨੂੰ ਗੀਤ- ਸੰਗੀਤ ਦੀ ਸੁਪਨ-ਲੀਲ੍ਹਾ ਨਾਲ ਭਰ ਕੇ ਜਿਊ ਰਹੇ ਸਨ। ਪਰ ਏਨੀ ਮਹਿਮਾ ਭਰੀ, ਥੁੜਾਂ ਦੁੱਖਾਂ ਦੀ ਕਲਪਨਾ ਤੋਂ ਵੀ ਕੋਹਾਂ ਦੂਰ ਭਰਪੂਰ ਜ਼ਿੰਦਗੀ ਵਿਚ ਵੀ ਕਵੀ ਦੇ ਮਨ ਵਿਚ ਕੁਝ ਇਕ ਬਾਰ ਬਾਰ ਉਠਦਾ। ਇੰਜ ਲੱਗਦਾ, ਇਸ ਅਨੰਦ ਭਰੇ ਮਾਹੌਲ ਤੋਂ ਬਾਹਰ ਯਥਾਰਥ ਸੰਸਾਰ ਵਿਚ ਉਨ੍ਹਾਂ ਨੂੰ ਕੁਝ ਉਡੀਕ ਰਿਹਾ ਹੈ। ਦੇਸ ਅੰਗ੍ਰੇਜ਼ ਬਣਨ ਦੀ ਹੋੜ ਵਿਚ ਆਪਣਾ ਰੂਪ ਤਾਂ ਗਵਾਈ ਹੀ ਜਾ ਰਿਹਾ ਹੈ ਪਰ ਅੰਗ੍ਰੇਜ਼ ਵੀ ਨਹੀ ਬਣ ਰਿਹਾ। ਮਨੁੱਖ ਉਦਾਰ ਪ੍ਰਕ੍ਰਿਤੀ ਦੀ ਗੋਦ ਛੱਡ ਕੇ ਇਕ ਖ਼ਾਸ ਕਿਸਮ ਦੇ ਲੋਭ ਵੱਸ ਸ਼ਹਿਰਾਂ ਦੀਆਂ ਉੱਚੀਆਂ ਤੰਗ ਦੀਵਾਰਾਂ ਦੇ ਕੈਦਖ਼ਾਨੇ ਵੱਲ ਭੱਜਾ ਜਾ ਰਿਹਾ ਹੈ। ਉਸ ਵਿਚ ਬਚਪਨ ਤੋਂ ਹੀ ਅਜੇਹੇ ਸੰਸਕਾਰ ਭਰਨ ਦਾ ਜਤਨ ਕੀਤਾ ਜਾ ਰਿਹਾ ਹੈ ਕਿ ਉਹ ਸਰਲ ਮਾਤ ਬੋਲੀ ਦੀ ਥਾਂ ਦੂਰ ਦੇਸ ਦੀ ਸਾਡੇ ਮਨ ਬੁੱਧੀ ਸਰੀਰ ਦੀਆਂ ਹੱਦਾਂ ਤੋਂ ਵੀ ਪਰੇਰੀ ਅੰਗ੍ਰੇਜ਼ੀ ਭਾਸ਼ਾ ਤੇ ਉਸ ਦੀ ਵਿਆਕਰਨ ਨੂੰ ਰਟਦਾ ਹੈ। ਮਾਤ ਬੋਲੀ ਦਾ ਜਨਮ ਭੋਂ ਅਤੇ ਮਨ ਦੀ ਸੁਤੰਤਰ ਉਸਾਰੀ ਨਾਲ ਜੋ ਕੁਦਰਤੀ ਮੇਲ ਹੈ ਉਸ ਤੋਂ ਨਖੇੜ ਕੇ ਬਾਲਪਨ ਵਿਚ ਹੀ ਬੇਮੇਲ ਬੋਲੀ ਦੇ

ਆਪਾ ਵਿਰੋਧੀ ਸੰਸਕਾਰਾਂ ਦੀ ਜ਼ੋਰੀਂ ਕੀਤੀ ਜਾ ਰਹੀ ਉਸਾਰੀ ਤੋਂ ਸਾਹਮਣੇ ਆ ਰਹੇ ਬੇ ਡੌਲੇ ਰੂਪ ਵਾਲੇ ਭਾਰਤ ਵਰਸ਼ ਦਾ ਚੇਹਰਾ ਵੇਖ ਕੇ ਕਵੀ ਚਿੰਤਾਤੁਰ ਹੋ ਉਠੇ। ਅਤੇ ਇਸ ਚੀਜ਼ ਨੇ ਉਨ੍ਹਾਂ ਦੇ ਮਨ ਨੂੰ ਐਸਾ ਝੰਜੋੜਿਆ ਕਿ ਉਨ੍ਹਾਂ ਨੂੰ ਕਾਵਿ ਦੇ ਕਲਪਨਾ ਜਗਤ ਵਿਚੋਂ ਨਿਕਲ ਕੇ ਭਾਰਤ ਵਰਸ਼ ਦੀ ਇਸ ਬੁਨਿਆਦੀ ਸਮੱਸਿਆ ਦੇ ਹੱਲ ਵਾਸਤੇ ਹੀ ਆਪਣੀ ਸਾਰੀ ਜ਼ਿੰਦਗੀ ਨੂੰ ਅਰਪਨ ਕਰ ਦੇਣ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਨੇ ਆਖਿਆ ਹੈ-

"ਇਸ ਵਿਚ ਕੋਈ ਸ਼ੱਕ ਨਹੀ- ਕਿ ਸੋਚਣਾ ਅਤੇ ਕਲਪਨਾ ਸ਼ਕਤੀ, ਜੀਵਨ ਯਾਤਰਾ-ਨਿਰਬਾਹ ਲਈ ਦੋਵੇਂ ਅਤਿ ਲੋੜੀਂਦੀਆਂ ਸ਼ਕਤੀਆਂ ਹਨ। ਅਰਥਾਤ, ਜੇ ਮਨੁੱਖ ਵਾਂਗ ਮਨੁੱਖ ਬਣਨਾ ਪਏ ਤਾਂ ਇਨ੍ਹਾਂ ਦੋ ਪਦਾਰਥਾਂ ਨੂੰ ਜ਼ਿੰਦਗੀ ਵਿਚ ਛੱਡਣ ਤੇ ਕੰਮ ਨਹੀਂ ਚਲਦਾ। ਸੋ ਬਚਪਣ ਤੋਂ ਸੋਚਣ ਤੇ ਕਲਪਨਾ ਦੀ ਚਰਚਾ ਨਾ ਕੀਤਿਆਂ ਲੋੜ ਵੇਲੇ ਇਨ੍ਹਾਂ ਨੂੰ ਹੱਥ ਦੇ ਨੇੜੇ ਨਹੀਂ ਪਾਇਆ ਜਾ ਸੱਕਦਾ, ਇਹ ਗੱਲ ਅਤਿ ਪੁਰਾਣੀ ਹੈ।

"ਪਰ ਸਾਡੀ ਵਰਤਮਾਨ ਵਿੱਦਿਆ ਵਿਚ ਉਹ ਰਾਹ ਇਕ ਤਰ੍ਹਾਂ ਬੰਦ ਹੈ। ਸਾਨੂੰ ਬਹੁਤ ਚਿਰ ਤੱਕ ਸਿਰਫ ਭਾਸ਼ਾ ਸਿੱਖਣ ਵਿਚ ਹੀ ਲੱਗੇ ਰਹਿਣਾ ਪੈਂਦਾ ਹੈ। ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ, ਅੰਗ੍ਰੇਜ਼ੀ ਏਨੀ ਹੀ ਬਦੇਸ਼ੀ ਭਾਸ਼ਾ ਅਤੇ ਸਾਡੇ ਮਾਸਟਰ ਆਮ ਤੌਰ ਤੇ ਏਨੇ ਘੱਟ ਪੜ੍ਹੇ ਹੋਏ ਹਨ ਕਿ ਭਾਸ਼ਾ ਦੇ ਨਾਲ ਨਾਲ ਭਾਵ ਸਾਡੇ ਮਨਾ ਵਿਚ ਸਹਿਜੇ ਹੀ ਪਰਵੇਸ਼ ਨਹੀਂ ਕਰ ਸੱਕਦਾ। ਇਸੇ ਕਰਕੇ ਅੰਗ੍ਰੇਜ਼ੀ ਭਾਵ ਨਾਲ ਮਾਮੂਲੀ ਜਿਹੀ ਪਛਾਣ ਹਾਸਿਲ ਕਰਨ ਲਈ ਵੀ ਸਾਨੂੰ ਲੰਮੇ ਸਮੇਂ ਤੱਕ ਉਡੀਕ ਕਰਨੀ ਪੈਂਦੀ ਹੈ ਅਤੇ ਓਨਾ ਚਿਰ ਸਾਡੀ ਸੋਚਣ ਸ਼ਕਤੀ ਆਪਣੇ ਯੋਗ ਕੋਈ ਕੰਮ ਨਾ ਮਿਲਣ ਕਰਕੇ ਬਿਲਕੁਲ ਹੀ ਬੇਜਤਨ ਹੋਈ ਰਹਿੰਦੀ ਹੈ। ਐਂਟਰੈਂਸ ਅਤੇ ਫਸਟ ਆਰਟਸ ਤੱਕ ਸਿਰਫ ਕੰਮ ਚਲਾਊ ਅੰਗ੍ਰੇਜ਼ੀ ਸਿੱਖੀ ਜਾਂਦੀ ਹੈ; ਉਸ ਤੋਂ ਬਾਅਦ ਹੀ ਅਚਾਨਕ ਬੀ.ਏ. ਕਲਾਸ ਵਿਚ ਵੱਡੀਆਂ ਵੱਡੀਆਂ ਪੋਥੀਆਂ ਅਤੇ ਅਤਿ ਜ਼ਿਮੇਵਾਰੀ ਭਰੇ ਸੋਚੋਂ ਬਾਹਰੇ ਪਰਸੰਗ ਸਾਡੇ ਅੱਗੇ ਰੱਖ ਦਿੱਤੇ ਜਾਂਦੇ ਹਨ, ਓਦੋਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਲੈਣ ਦਾ ਸਮਾਂ ਵੀ ਨਹੀਂ ਅਤੇ ਸ਼ਕਤੀ ਵੀ ਨਹੀਂ ਹੁੰਦੀ। ਸਭ ਮਿਲਾ ਕੇ ਕਿਸੇ ਤਰ੍ਹਾਂ ਇਕ ਇਕ ਨਾਲ ਤਾਲ ਮਿਲਾ ਕੇ ਇਕ ਦਮ ਇਕ ਇਕ ਬੁਰਕ ਬਣਾ ਕੇ ਨਘਾਰ ਜਾਣਾ ਪੈਂਦਾ ਹੈ........

"ਸਾਡੀ ਬੇਰਸ ਵਿੱਦਿਆ ਵਿਚ ਜ਼ਿੰਦਗੀ ਦਾ ਉਹ ਰਾਜ ਛਿਣ ਬੀਤ ਜਾਂਦਾ ਹੈ। ਅਸੀ ਬਾਲਪਨ ਤੋਂ ਕਿਸ਼ੋਰ ਅਤੇ ਕਿਸ਼ੋਰ ਅਵਸਥਾ ਤੋਂ ਜਵਾਨੀ ਵਿਚ ਦਾਖ਼ਿਲ ਹੁੰਦੇ ਹਾਂ ਸਿਰਫ ਕੁਝ ਕੁ ਗੱਲਾਂ ਦਾ ਭਾਰ ਖਿੱਚਦੇ ਹੋਏ, ਸਰਸਵਤੀ ਦੇ ਸਾਮਰਾਜ ਵਿਚ ਸਿਰਫ ਮਜ਼ੂਰੀ ਕਰ ਕਰ ਮਰਦੇ ਹਾਂ, ਪਿਠ ਦੀ ਕੰਗਰੋੜ ਟੇਢੀ ਹੋ ਜਾਂਦੀ ਹੈ ਅਤੇ ਮਨੁੱਖਤਾ ਦਾ ਸਰਵਾਂਗੀਣ ਵਿਕਾਸ ਨਹੀਂ ਹੁੰਦਾ। ਜਦੋਂ ਅੰਗ੍ਰੇਜ਼ੀ ਭਾਵ ਰਾਜ ਵਿਚ ਪਹੁੰਚਦੇ ਹਾਂ ਓਦੋਂ ਓਥੇ ਉਸ ਅੰਤਰੰਗ ਭਾਵ ਨਾਲ ਵਿਚਰ ਨਹੀਂ ਸੱਕਦੇ। ਭਾਵੇਂ ਭਾਵਾਂ ਨੂੰ ਕਿਸੇ ਤਰ੍ਹਾਂ ਸਮਝ ਲੈਂਦੇ ਹਾਂ, ਪਰ ਉਨ੍ਹਾਂ ਨੂੰ ਅੰਤਰ ਵਿਚ ਨਹੀਂ ਖਿੱਚ ਕੇ ਲਿਆ ਸੱਕਦੇ, ਲੈਕਚਰਾਂ ਤੇ ਲਿਖਤਾਂ ਵਿਚ ਵਰਤਦੇ ਹਾਂ, ਪਰ ਜ਼ਿੰਦਗੀ ਦੇ ਕੰਮਾਂ ਵਿਚ ਉਨ੍ਹਾਂ ਨੂੰ ਨਹੀਂ ਢਾਲ ਸੱਕਦੇ।

"ਇਸ ਤਰ੍ਹਾਂ ਵੀਹ-ਬਾਈ ਸਾਲਾਂ ਦੀ ਉਮਰ ਤੱਕ ਅਸੀ ਜਿਹੜੇ ਭਾਵ ਸਿੱਖਦੇ ਹਾਂ ਸਾਡੇ ਜੀਵਨ ਨਾਲ ਉਨ੍ਹਾਂ ਦਾ ਇਕ ਰਸਾਇਨਿਕ ਮੇਲ ਨਾ ਹੋਣ ਕਰਕੇ ਸਾਡੇ ਮਨ ਦਾ ਇਕ ਬੜਾ ਅਜਬ ਰੂਪ: ਸਾਹਮਣੇ ਆਉਂਦਾ ਹੈ। ਕੁਝ ਕੁ ਸਿੱਖੇ ਭਾਵਾਂ ਆਦਿ ਨਾਲ ਜੁੜੇ ਰਹਿੰਦੇ ਹਾਂ, ਕੁਝ ਕੁ ਸਮੇਂ ਨਾਲ ਝੜ ਜਾਂਦੇ ਹਨ। ਅਸੱਭ ਲੋਕ ਜਿਵੇਂ ਸਰੀਰ ਤੇ ਰੰਗ ਥੱਪ ਕੇ ਕਢਾਈ ਕੀਤੇ ਕਪੜੇ ਪਾਕੇ ਬੜਾ ਮਾਨ ਮਹਿਸੂਸ ਕਰਦੇ ਹਨ, ਆਪਣੀ ਵਲੈਤੀ ਵਿੱਦਿਆ ਨੂੰ ਅਸੀ ਉਸੇ ਤਰ੍ਹਾਂ ਪਿੰਡੇ ਉੱਤੇ ਲਿਪ ਕੇ ਹੰਕਾਰ ਭਰੇ ਕਦਮਾ ਨਾਲ ਘੁੰਮਦੇ ਫਿਰਦੇ ਹਾਂ, ਸਾਡੇ ਅਸਲ ਆਂਤਰਿਕ ਜੀਵਨ ਨਾਲ ਉਸ ਦਾ ਥੋੜ੍ਹਾ ਹੀ ਮੇਲ ਹੁੰਦਾ ਹੈ। ਅਸੱਭਿ ਰਾਜੇ ਜਿਵੇਂ ਕੁਝ ਕੁ ਸਸਤੇ ਵਲੈਤੀ ਕੱਚ ਦੇ ਟੁਕੜੇ ਮਣਕੇ ਆਦਿ ਲੈ ਕੇ ਸਰੀਰ ਉੱਤੇ ਜਿੱਥੇ ਕਿੱਥੇ ਝੁਲਾ ਲੈਂਦੇ ਹਨ ਅਤੇ ਵਲੈਤੀ ਸਾਜ ਗਲਤ ਥਾਂ ਤੇ ਸਜਾ ਲੈਂਦੇ ਹਨ, ਇਹ ਸਮਝ ਹੀ ਨਹੀਂ ਸੱਕਦੇ ਕਿ ਕੰਮ ਕੈਸਾ ਅਜਬ ਅਤੇ ਹਾਸੋ ਹੀਣਾ ਹੋ ਰਿਹਾ ਹੈ। ਅਸੀਂ ਵੀ ਉਸੇ ਤਰ੍ਹਾਂ ਕੁਝ ਕੁ ਸਸਤੀਆਂ ਚਮਚਮਾਂਦੀਆਂ ਵਲੈਤੀ ਗੱਲਾਂ ਨੂੰ ਝਿਲਮਿਲਾਉਂਦੇ ਫਿਰਦੇ ਹਾਂ ਅਤੇ ਵਲੈਤੀ ਭਾਵਾਂ ਨੂੰ ਸੰਪੂਰਨ ਗ਼ਲਤ ਥਾਂ ਉੱਤੇ ਬੇਢਵੇ ਰੂਪ ਵਿਚ ਵਰਤਦੇ ਹਾਂ। ਅਸੀਂ ਆਪ ਵੀ ਨਹੀਂ ਸਮਝ ਸੱਕਦੇ ਕਿ ਅਣਜਾਣਿਆਂ ਹੀ ਕੈਸਾ ਬੇਮਿਸਾਲ ਹਸਾਉਣਾ ਸਾਂਗ ਕਰ ਰਹੇ ਹਾਂ ਅਤੇ ਕਿਸੇ ਨੂੰ ਵੀ ਹੱਸਦਿਆਂ ਵੇਖ ਕੇ ਫੌਰਨ ਯੂਰਪੀ ਇਤਿਹਾਸ ਵਿਚੋਂ ਵਡੀਆਂ ਵਡੀਆਂ ਮਿਸਾਲਾਂ ਦੇਣ ਲੱਗ ਪੈਂਦੇ ਹਾਂ।

" ਬਚਪਨ ਤੋਂ ਜੇ ਭਾਸ਼ਾ ਸਿੱਖਿਆਂ ਦੇ ਨਾਲ ਨਾਲ ਭਾਵ ਸਿੱਖਿਆ ਹੋਵੇ ਅਤੇ ਭਾਵ ਦੇ ਨਾਲ ਸਾਰੀ ਜੀਵਨ ਯਾਤਰਾ ਨਿਯਮਤ ਹੋਵੇ ਤਾਂ ਹੀ ਸਾਡੇ ਸਾਰੇ ਜੀਵਨ ਵਿਚ ਇਕ ਅਸਲ ਮੇਲ ਸਥਾਪਤ ਹੋ ਸੱਕਦਾ ਹੈ, ਅਸੀ ਚੰਗੇ ਸਹਿਜ ਮਨੁੱਖਾਂ ਵਾਂਗ ਬਣ ਸੱਕਦੇ ਹਾਂ ਅਤੇ ਸਭ ਵਿਸ਼ਿਆਂ ਦਾ ਇਕ ਲੋੜੀਂਦਾ ਸਿੱਟਾ ਕੱਢ ਸਕਦੇ ਹਾਂ। "

ਇਸ ਆਦਰਸ਼ ਸ਼ਿਖ਼ਸ਼ਾ ਬਾਰੇ ਕਵੀ ਦੇ ਖ਼ਿਆਲਾਂ ਨੂੰ ਉਸ ਵੇਲੇ ਦੇ ਬੰਗਾਲ ਨੇ ਇਕ ਕਵੀ-ਕਲਪਨਾ ਸਮਝ ਕੇ ਅੱਖੋਂ ਪਰੋਖਿਆਂ ਕਰ ਛੱਡਿਆ। ਤਦ ਉਨ੍ਹਾਂ ਨੇ ਆਪ ਇਸ ਮੈਦਾਨ ਵਿਚ ਆਣ ਕੇ ਇਸ ਆਦਰਸ਼ ਨੂੰ ਰੂਪਮਾਨ ਕਰਨ ਦਾ ਫੈਸਲਾ ਕੀਤਾ। ਛੱਡ ਦਿੱਤਾ ਪਦਮਾ ਨਦੀ ਦਾ ਕੰਢਾ ਅਤੇ ਆ ਗਏ ਸ਼ਾਂਤੀ ਨਿਕੇਤਨ ਦੀ ਖੁਸ਼ਕ ਕਰਮ ਭੂਮੀ ਉੱਤੇ। ਆਪਣੇ ਸਾਰੇ ਸਾਧਣਾ ਨੂੰ ਵਰਤੋਂ ਵਿਚ ਲਿਆ ਕੇ ਦੇਸ਼ ਨੂੰ ਉਸ ਹਾਲਤ ਵਿਚੋਂ ਕੱਢਣ ਲਈ ਜੁਟ ਪਏ। ਪਿਤਾ ਮਹਿਰਿਸ਼ੀ ਦੇਵੇਂਦ੍ਰ ਨਾਥ ਦੇ ਸ਼ਾਂਤੀ ਨਿਕੇਤਨ ਆਸ਼ਰਮ ਨੂੰ ਬ੍ਰਹਮਚਰਜ ਆਸ਼ਰਮ ਦਾ ਰੂਪ ਦੇ ਦੇਣ ਲਈ ਉਨ੍ਹਾਂ ਕੋਲੋਂ ਆਗਿਆ ਮੰਗੀ। ਪਿਤਾ ਖ਼ੁਸ਼ ਹੀ ਨਹੀ ਹੋਏ ਸਗੋਂ ਹਰ ਤਰ੍ਹਾਂ ਦੀ ਮਦਦ ਦੇਣ ਦਾ ਵੀ ਬਚਨ ਦਿੱਤਾ। ਪਰ ਕਿੰਨਾਂ ਵੀ ਦੌਲਤਮੰਦ ਹੋਵੇ ਇਕ ਆਦਮੀ ਦੇ ਸਾਧਨ ਅਪਾਰ ਨਹੀਂ ਹੁੰਦੇ, ਤਾਂ ਵੀ ਕਵੀ ਨੇ ਬਿਨਾ ਸਾਧਣਾ ਦੀ ਹੱਦ ਨਾਪਿਆਂ ਸੰਨ 1901 ਵਿਚ ਪੋਹ ਦੀ ਸੱਤ ਤਰੀਕ ਨੂੰ ਸ਼ਾਂਤੀ ਨਿਕੇਤਨ ਆਸ਼ਰਮ ਵਿਚ ਇਤਿਹਾਸਕ ਛਾਤਿਮ ਰੁੱਖਾਂ ਥੱਲੇ 'ਬੋਲ ਪੁਰ ਬ੍ਰਹਮਚਰਜ ਆਰਸ਼ਰਮ' ਦੀ ਸਥਾਪਨਾ ਕਰ ਦਿੱਤੀ।

ਬ੍ਰਮ੍ਹਚਰਜ ਆਸ਼ਰਮ

ਯੂਰਪ ਨੇ ਦੁਨੀਆਂ ਨੂੰ ਬਹੁਤ ਸਾਰੇ ਮਨੀਸ਼ੀ ਗਿਆਨੀ, ਵਿਗਆਨੀ, ਸਾਧਕ, ਸਾਹਿਤਕਾਰ ਤੇ ਸੰਤ ਦਿੱਤੇ ਅਤੇ ਅੱਜ ਦੇ ਸਮੁੱਚੇ ਸੰਸਾਰ ਦੇ ਵਿਚਾਰ ਤੇ ਕਰਮ ਨੂੰ ਵੀ ਉਹੋ ਹੀ ਆਪਣੇ ਸੱਚੇ ਵਿਚ ਢਾਲ ਕੇ ਚਲਾ ਰਿਹਾ ਹੈ। ਯੂਰਪ ਨੇ ਦੁਨੀਆਂ ਨੂੰ ਏਨਾ ਕੁਝ ਨਵਾਂ ਦਿੱਤਾ ਹੈ ਕਿ ਉਸ ਦੇ ਪਰਭਾਵ ਸਦਕਾ ਪ੍ਰਿਥਵੀ ਦੇ ਬਾਕੀ ਹਿੱਸੇ ਦੇ ਗਿਆਨ- ਕਰਮ ਸਾਧਨਾ ਵੱਲ ਨਜ਼ਰ ਹੀ ਨਹੀਂ ਪੈਂਦੀ । ਇੰਜ ਲੱਗਦਾ ਹੈ ਜਿਵੇਂ ਬਾਕੀ ਦੀ ਦੁਨੀਆਂ ਯੂਰਪ ਦੀ ਮਜ਼ਦੂਰੀ ਕਰ ਰਹੀ ਹੁੰਦੀਂ ਹੈ। ਯੂਰਪ ਦਾ ਕੋਈ ਦੇਸ਼ ਜੇ ਕੋਈ ਨਵੀਂ ਚੀਜ਼ ਈਜਾਦ ਕਰਦਾ ਹੈ ਤਾਂ ਬਾਕੀ ਦੇ ਸਾਰੇ ਦੇਸ ਆਪਣੇ ਆਪਣੇ ਘਰੀਂ ਉਸ ਨੂੰ ਵੱਡੇ ਪੈਮਾਨੇ ਤੇ ਤਿਆਰ ਕਰ ਕੇ ਵੰਡਣੀ ਸ਼ੁਰੂ ਕਰ ਦੇਂਦੇ ਹਨ। ਸਾਡੇ ਮਨ ਬੁੱਧੀ ਤੇ ਵਿਚਾਰ ਉੱਤੇ ਯੂਰਪ ਦਾ ਇੰਜ ਕਬਜ਼ਾ ਹੈ ਕਿ ਅਸੀ ਹਰ ਗੱਲ ਲਈ ਹਰ ਵਿਚਾਰ ਲਈ ਯੂਰਪ ਦੇ ਮੂੰਹ ਵੱਲ ਤੱਕਦੇ ਹਾਂ। ਅਤੇ ਇਸ ਵਿਚ ਸ਼ੱਕ ਵੀ ਕੋਈ ਨਹੀਂ ਕਿ ਯੂਰਪ ਦੇ ਸਾਧਕ, ਵਿਚਾਰਕ ਤੇ ਵਿਗਿਆਨੀ ਮਨੁੱਖ ਮਾਤਰ ਦੀ ਭਲਾਈ ਲਈ ਸੱਚੇ ਦਿਲੋਂ ਜੁੱਟੇ ਹੋਏ ਹਨ।

ਪਰ ਯੂਰਪ ਦੀ ਇਸ ਸਾਧਨਾ ਨੂੰ ਜਦੋਂ ਸੱਭਿਅਤਾ ਤੇ ਸੰਸਕ੍ਰਿਤੀ ਦੀ ਕਸੌਟੀ ਉੱਤੇ ਪਰਖਿਆ ਜਾਂਦਾ ਹੈ ਤਾਂ ਉਸ ਵਿਚੋਂ ਇਹ ਸਾਰੀ ਸਾਧਨਾ ਤਾਕਤ ਦੀ, ਧਨ ਦੀ ਤੇ ਵਿਲਾਸ ਦੀ ਸਾਧਨਾ ਦੇ ਰੂਪ ਵਿਚ ਉਘੜਦੀ ਹੈ। ਰਵੀਦ੍ਰ ਨਾਥ ਨੇ ਕਿਹਾ ਹੈ-

"ਇਹ ਗੱਲ ਮੰਨਣੀ ਹੀ ਪਏਗੀ, ਕਿ ਇਸ ਜ਼ਮਾਨੇ ਵਿਚ ਪ੍ਰਿਥਵੀ ਨੂੰ ਪੱਛਮ ਦੇ ਲੋਕਾਂ ਨੇ ਜਿੱਤ ਲਿਆ ਹੈ। ਪ੍ਰਿਥਵੀ ਨੂੰ ਉਹ ਕਾਮਧੇਨ ਵਾਂਗ ਚੋ ਰਹੇ ਹਨ, ਉਨ੍ਹਾਂ ਦੇ ਭਾਂਡੇ ਨਕੋ ਨਕ ਭਰ ਗਏ ਹਨ।ਅਸੀਂ ਬਾਹਰ ਖਲੋਤੇ ਮੂੰਹ ਟੱਡੀ ਵੇਖ ਰਹੇ ਹਾਂ, ਦਿਨੋ ਦਿਨ ਵੇਖਦੇ ਹਾਂ ਸਾਡੀ ਥਾਲੀ ਦੇ ਅੰਨ ਦਾ ਹਿੱਸਾ ਘਟਦਾ ਜਾਂਦਾ ਹੈ। ਭੁੱਖ ਦਾ ਸੇਕ ਵਧਣ ਨਾਲ ਕਰੋਧ ਦਾ ਸੇਕ ਵੀ ਵਧ ਜਾਂਦਾ ਹੈ; ਮਨ ਹੀ ਮਨ ਸੋਚਦੇ ਹਾਂ, ਜਿਹੜਾ ਆਦਮੀ ਖ਼ਾ ਰਿਹਾ ਹੈ ਜੇ ਕਿਧਰੇ ਇਕ ਵਾਰੀ ਉਹ ਟੱਕਰ ਜਾਏ ਤਾਂ..........! ਪਰ ਮਿਲੇ ਕਿਵੇਂ ! ਉਹੋ ਹੀ ਸਾਨੂੰ ਫੜੀ ਬੈਠਾ ਹੈ, ਮੌਕਾ ਵੀ ਉਸੇ ਦੇ ਹੀ ਹੱਥ ਵਿਚ ਹੈ, ਸਾਡੇ ਹੱਥ ਵਿਚ ਆਣ ਕੇ ਪਹੁੰਚਾ ਨਹੀਂ।"

ਮੌਕਾ ਸਾਡੇ ਹੱਥ ਵਿਚ ਆਣ ਕੇ ਪਹੁੰਚਾ ਨਹੀ, ਇਸ ਗੱਲੇ ਗੁਰੂ-ਦੇਵ ਪੱਛਮ ਦੀ ਸਾਧਨਾ ਉੱਤੇ ਹੀ ਗੁੱਸੇ ਨਹੀ ਹੋ ਖਲੋਤੇ; ਉਹ ਇਸ ਦਾ ਇਕ ਕਾਰਨ ਜਿੱਥੇ ਪੱਛਮ ਦੀ ਲੋਭ-ਬਿਰਤੀ ਨੂੰ ਮੰਨਦੇ ਹਨ ਓਥੇ ਨਾਲ ਹੀ ਆਪਣੇ ਦੇਸ ਦੀ ਮੌਲਿਕ ਗਿਆਨ ਵਿਗਿਆਨ ਤੇ ਕਰਮ ਸਾਧਨਾ ਵੱਲੋਂ ਮੂੰਹ ਮੋੜ ਕੇ ਯੂਰਪ ਦੇ ਨਕਲਚੀ ਬਣਨ ਦੀ ਪਰਵਿਰਤੀ ਨੂੰ ਵੀ ਸਮਝਦੇ ਹਨ। ਉਹ ਦੂਸਰਿਆਂ ਨੂੰ ਲਾਲ ਲਾਲ ਅੱਖਾਂ ਵਿਖਾ ਕੇ ਉਨ੍ਹਾਂ ਨੂੰ ਉਹਨਾਂ ਦੀ ਸਾਧਨਾ ਤੋਂ ਹਟਾ ਸੱਕਣ ਤੇ ਉਨ੍ਹਾ ਦੇ ਆਦਰਸ਼ਾਂ ਨੂੰ ਗਾਹਲਾਂ ਕੱਢਣ ਵਿਚ ਵਿਸ਼ਵਾਸ ਨਹੀ ਰੱਖਦੇ ਸਗੋਂ ਆਪਣੇ ਅੰਦਰੋਂ ਆਪਣੇ ਆਪੇ ਨੂੰ ਜਗਾ ਕੇ ਉਸ ਨੂੰ ਪਛਾਣਨ ਅਤੇ ਆਪਣਾ ਕੁਝ ਚੰਗਾ ਦੇ ਕੇ ਉਨ੍ਹਾਂ ਦਾ ਕੁਝ ਚੰਗਾ ਲੈਣ ਵਿਚ

ਯਕੀਨ ਰੱਖਦੇ ਹਨ।

ਯੂਰਪ ਦੀ ਪਰੇਰਨਾ ਦਾ ਮੂਲ ਸਰੋਤ ਹੈ ਸ਼ਹਿਰ, ਜਿੱਥੇ ਕਿਸੇ ਵੇਲੇ ਮਨੁੱਖ ਆਪਣੇ ਬਚਾਅ ਲਈ ਮਿਲ ਕੇ ਸੁਰੱਖਿਅਤ ਰੂਪ ਵਿਚ ਬਹਿ ਗਿਆ ਸੀ ਤੇ ਹੌਲੀ ਹੌਲੀ ਲੋੜਾਂ ਮੁਤਾਬਕ ਆਪਣੇ ਆਪ ਨੂੰ ਸਭਿਅਤਾ ਦੇ ਸਾਂਚੇ ਵਿਚ ਢਾਲਦਾ ਗਿਆ। ਉਸ ਦੇ ਸ਼ਹਿਰ ਵੱਡੇ ਅਤੇ ਇਮਾਰਤਾਂ ਉੱਚੀਆਂ ਤੋਂ ਉੱਚੀਆਂ ਹੁੰਦੀਆਂ ਗਈਆਂ। ਉਸ ਦੀ ਸਾਰੀ ਸਾਧਨਾ ਉਸੇ ਸ਼ਹਿਰ ਦੀ ਵਲਗਣ ਵਿਚ ਹੀ ਹੁੰਦੀ ਰਹੀ। ਟੈਗੋਰ ਦੇ ਮਤ ਅਨੁਸਾਰ "ਆਧੁਨਿਕ ਸੱਭਿਅਤਾ ਲਖ਼ਸ਼ਮੀ ਜਿਸ ਕਮਲ ਫੁਲ ਉੱਤੇ ਰਹਿੰਦੀ ਹੈ ਉਹ ਇੱਟ-ਕਾਠ ਦਾ ਬਣਿਆ ਹੋਇਆ ਹੈ, ਉਹ ਸ਼ਹਿਰ ਹੈ।

ਪਰ ਭਾਰਤ ਵਿਚ ਇਸ ਤੋਂ ਉਲਟ ਹੈ। ਭਾਰਤ ਵਰਸ਼ ਦੀ ਪਰੇਰਨਾ ਦਾ ਮੂਲ ਸਰੋਤ ਸ਼ਹਿਰ ਨਹੀਂ 'ਬਨ' ਹੈ। ਇਸ ਦਾ ਪਹਿਲਾ ਤੇ ਅਸਚਰਜ ਵਿਕਾਸ ਬਨ ਵਿਚ ਹੋਇਆ ਹੈ ਜਿੱਥੇ ਮਨੁੱਖ ਨਾਲ ਮਨੁੱਖ ਖਹਿਕੇ ਨਹੀਂ ਸੀ ਰਹਿੰਦਾ ਸਗੋਂ ਮਨੁੱਖ ਨੂੰ ਰੁੱਖ ਬੂਟੇ ਫੁਲ ਪੱਤੇ ਪਸ਼ੂ ਪੰਛੀ ਤੇ ਨਦੀਆਂ ਸਰੋਵਰਾਂ ਦੇ ਸਾਥ ਵਿਚ ਰਹਿਣ ਦਾ ਮੌਕਾ ਮਿਲਿਆ ਸੀ। ਉਹ ਮੁੱਢ ਤੋਂ ਹੀ ਸਦਾ ਮੁਖਰਿਤ ਬਨ ਪ੍ਰਕਿਰਤੀ ਨਾਲ ਏਕਾਕਾਰ ਹੋਕੇ ਉਸੇ ਕੁਦਰਤੀ ਢੰਗ ਨਾਲ ਵਿਕਾਸ ਕਰਦਾ ਰਿਹਾ ਹੈ।

"ਭਾਰਤ ਵਰਸ਼ ਨੇ ਜਿਸ ਸਾਧਨਾ ਨੂੰ ਗ੍ਰਹਿਣ ਕੀਤਾ ਹੈ ਉਹ ਹੈ ਵਿਸ਼ਵ ਬ੍ਰਹਿਮੰਡ ਨਾਲ ਚਿੱਤ ਦਾ ਮੇਲ, ਆਤਮਾ ਦਾ ਮੇਲ, ਅਰਥਾਤ ਸੰਪੂਰਨ ਮੇਲ। ਸਿਰਫ ਗਿਆਨ ਦਾ ਨਹੀਂ ਬੋਧ ਦਾ ਮੇਲ।"

ਭਾਰਤ ਵਰਸ਼ ਇੰਦਰੀਆਂ ਨੂੰ ਸਰੇਸ਼ਠ ਮੰਨਦਾ ਹੈ ਪਰ ਮਨ ਨੂੰ ਉਨ੍ਹਾਂ ਨਾਲੋਂ ਵੀ ਸਰੇਸ਼ਠ ਅਤੇ ਮਨ ਤੋਂ ਵੀ ਸਰੇਸ਼ਠ ਆਖਦਾ ਹੈ ਬੁੱਧੀ ਨੂੰ ਤੇ ਫਿਰ ਬੁੱਧੀ ਨਾਲੋਂ ਸਰੇਸ਼ਠ ਉਸ ਇਕ ਨੂੰ। ਇੰਦਰੀਆਂ ਰਾਹੀਂ ਸਾਡੀ ਦੁਨੀਆਂ ਨਾਲ ਸਾਂਝ ਬਣਦੀ ਹੈ ਅਤੇ ਮਨ ਰਾਹੀਂ ਅਤੀ ਵਿਆਪਕ ਗਿਆਨ ਨਾਲ। ਪਰ ਪੂਰਾ ਮੇਲ ਪੂਰੀ ਸਾਂਝ ਬਣਦੀ ਹੈ ਬੋਧ ਰਾਹੀਂ। ਇਸੇ ਦੇ ਚੇਤਨ ਮੇਲ ਰਾਹੀਂ ਹੀ ਅਸੀਂ ਸਾਰੇ ਜਗਤ ਨਾਲ ਤੇ ਉਸ ਇਕ ਨਾਲ ਏਕਾਕਾਰ ਹੁੰਦੇ ਹਾਂ। ਸੋ ਇਨ੍ਹਾਂ ਸਭਨਾ ਨਾਲੋਂ ਬੁੱਧੀ ਦੇ ਬੋਧ ਨੂੰ ਸਰੇਸ਼ਠ ਆਖਿਆ ਗਿਆ ਹੈ।

ਰਵੀਂਦ੍ਰ ਨਾਥ ਭਾਰਤ ਵਿਚਲੇ ਪੱਛਮੀ ਢੰਗ ਦੇ ਸਕੂਲ ਨੂੰ ਇਕ ਕਾਰਖਾਨਾ ਸਮਝਦੇ ਹਨ। ਮਾਸਟਰ ਇਸ ਕਾਰਖਾਨੇ ਦਾ ਇਕ ਹਿੱਸਾ ਹੈ। ਸਾਢੇ ਦਸ ਵਜੇ ਘੰਟੀ ਖੜਕਾ ਕੇ ਕਾਰਖਾਨਾ ਖੁਲ੍ਹਦਾ ਹੈ। ਮਸ਼ੀਨ ਚਲਣੀ ਸ਼ੁਰੂ ਹੋ ਜਾਂਦੀ ਹੈ, ਮਾਸਟਰ ਦਾ ਵੀ ਮੂੰਹ ਚਲਦਾ ਰਹਿੰਦਾ ਹੈ। ਚਾਰ ਵਜੇ ਕਾਰਖਾਨਾ ਬੰਦ ਹੋ ਜਾਂਦਾ ਹੈ, ਵਿਦਿਆਰਥੀ ਦੋ ਚਾਰ ਸਫੇ ਮਸ਼ੀਨ ਚੋਂ ਨਿਕਲੀ ਵਿੱਦਿਆ ਲੈ ਕੇ ਘਰ ਮੁੜ ਆਉਂਦੇ ਹਨ। ਉਸ ਤੋਂ ਬਾਅਦ ਇਮਤਿਹਾਨ ਵੇਲੇ ਇਸ ਵਿੱਦਿਆ ਦੀ ਜਾਂਚ ਹੋ ਕੇ ਉਸ ਉੱਤੇ ਮਾਰਕਾ ਲੱਗਦਾ ਹੈ।

ਇਸ ਤਰ੍ਹਾਂ ਦੇ ਕਾਰਖਾਨੇ ਚੋਂ ਮਸ਼ੀਨੀ ਕਿਸਮ ਦੇ ਦਿਮਾਗ਼ ਤਾਂ ਤਿਆਰ ਕੀਤੇ ਜਾ ਸੱਕਦੇ ਹਨ ਪਰ ਸੁਤੰਤਰ ਤੇ ਗਿਆਨ-ਬੋਧ ਨਾਲ ਪਰੀਪੂਰਨ ਭਾਵ ਨਹੀਂ ਪੈਦਾ ਕੀਤੇ ਜਾ

ਸੱਕਦੇ। ਉਸ ਲਈ ਕਵੀ ਨੇ ਪਰਾਚੀਨ ਭਾਰਤ ਦੇ 'ਤਪੋਬਨ' ਨੂੰ ਹੀ ਸਭ ਤੋਂ ਵੱਡੀ ਲੋੜ ਆਖਿਆ।

ਪੱਛਮ ਨੂੰ ਰਵੀਦ੍ਰ ਨਾਥ ਨੇ ਸ਼ੁੱਕਰਾਚਾਰਯ ਦਾ ਆਸ਼ਰਮ ਕਿਹਾ ਹੈ। ਉਸ ਕੋਲ ਅੱਜ ਵਿਗਿਆਨ ਰੂਪੀ ਸੰਜੀਵਨੀ ਵਿੱਦਿਆ ਹੈ ਅਤੇ ਉਸੇ ਵਿੱਦਿਆ ਨਾਲ ਹੀ ਪੱਛਮ ਅੱਜ ਬਾਕੀ ਦੀ ਦੁਨੀਆਂ ਉੱਤੇ ਭਾਰੂ ਹੈ। ਦੇਵਤਿਆਂ ਤੇ ਦੈਂਤਾਂ ਦੀ ਲੜਾਈ ਵਿਚ ਇਸੇ ਦੈਂਤਾਂ ਦੇ ਗੁਰੂ ਸ਼ੁੱਕਰਾਚਾਰਯ ਦੀ ਸੰਜੀਵਨੀ ਵਿੱਦਿਆ ਸਦਕਾ ਹੀ ਦੇਵਤੇ ਆਪਣੇ ਦੇਵਤ੍ਵ ਦੇ ਬਾਵਜੂਦ ਵੀ ਜਿੱਤ ਨਹੀਂ ਸਨ ਸੱਕਦੇ, ਉਹੋ ਦੈਂਤ ਹੀ ਜਿੱਤਦੇ ਰਹੇ। ਅਤੇ ਅੰਤ ਦੇ ਵਤਿਆਂ ਨੇ ਆਪਣੇ ਗੁਰੂ ਬ੍ਰਿਹਸਪਤੀ ਦੇ ਪੁੱਤਰ 'ਕਚ' ਨੂੰ ਸ਼ੁੱਕਰਾਚਾਰਯ ਦੇ ਆਸ਼ਰਮ ਵਿਚ ਉਸ ਕੋਲੋਂ ਸੰਜੀਵਨੀ ਵਿੱਦਿਆ ਸਿੱਖਣ ਲਈ ਘੱਲਿਆ ਸੀ। ਸ਼ੁੱਕਰਾਚਾਰੀਜ ਸੌਖਿਆਂ ਹੀ ਉਹ ਵਿੱਦਿਆ ਸਿਖਾਣ ਲਈ ਤਿਆਰ ਨਹੀਂ ਸੀ ਹੋਇਆ ਪਰ ਕਚ ਦੇ ਸਦਗੁਣਾ ਅੱਗੇ ਉਸ ਨੂੰ ਹਾਰਨਾ ਪਿਆ ਤੇ ਸੰਜੀਵਨੀ ਵਿੱਦਿਆ ਸਿਖਾ ਦਿੱਤੀ ਸੀ।

ਅੱਜ ਟੈਗੋਰ ਨੇ ਜਿੱਥੇ ਭਾਰਤ ਦੇ ਪ੍ਰਾਚੀਨ ਤਪੋਬਨ ਨੂੰ ਮੁੜ ਜਗਾਣ ਲਈ ਆਖਿਆ ਹੈ ਓਥੇ ਨਾਲ ਹੀ ਪੱਛਮ ਦੇ ਉਸ ਸ਼ੁੱਕਰਾਚਾਰਯ ਕੋਲੋਂ ਵਿਗਿਆਨ ਦੀ ਸੰਜੀਵਨੀ ਵਿੱਦਿਆ ਸਿੱਖਣ ਜਾਣ ਲਈ ਵੀ ਆਖਿਆ। ਆਪਣੇ ਤਪੋਬਨ ਤੇ ਪੱਛਮ ਦੇ ਵਿਗਿਆਨ ਦੇ ਮੇਲ ਨਾਲ ਉਹ ਸੰਸਾਰ ਨੂੰ ਇਕ ਐਸਾ ਰੂਪ ਦੇਣਾ ਚਾਹੁੰਦੇ ਹਨ ਜਿਸ ਵਿਚੋਂ ਮੁੜ ਸਿਕੰਦਰ ਤੇ ਹਿਟਲਰ ਨਾ ਪੈਦਾ ਹੋਣ। ਮੌਤ ਬੰਬਾਂ ਦੇ ਰੂਪ ਵਿਚ ਵਿਗਿਆਨ ਸੰਸਾਰ ਨੂੰ ਮੁੜ ਮੁੜ ਜ਼ਹਿਰ ਹੀ ਨਾ ਦੇਂਦਾ ਰਹੇ ਸਗੋਂ ਆਪਣੇ ਸੰਜੀਵਨੀ ਰੂਪ ਨਾਲ ਜ਼ਿੰਦਗੀ ਨੂੰ ਭਰਪੂਰਤਾ ਦੇਵੇ।

ਤਪੋਬਨ ਅੱਜ ਕਵੀ ਦੀ ਕਵੀ-ਕਲਪਨਾ ਦਿੱਸਦਾ ਹੈ ਪਰ ਉਹ ਹੈ ਸੀ ਰਿਹਾ ਹੈ ਤੇ ਉਸ ਨੇ ਭਾਰਤ ਵਰਸ਼ ਨੂੰ ਗੌਰਵ ਦੀ ਮਹਿਮਾ ਨਾਲ ਚਮਕਾਇਆ ਹੈ।

ਰਵੀਂਦ੍ਰ ਨਾਥ ਜਿਸ ਤਪੋਬਨ ਨੂੰ ਅੱਜ ਦੇ ਭਾਰਤ ਵਿਚੋਂ ਮੁੜ ਜਗਾਣਾ ਚਾਹੁੰਦੇ ਸਨ- ਉਹ ਕੋਈ ਈਸ਼ਵਰ ਸਾਧਕ ਤਪੱਸਵੀਆਂ ਦਾ ਬਨ ਵਿਚ ਲਾਇਆ ਡੇਰਾ ਨਹੀ, ਸਗੋਂ ਉਸ ਵਿਚ ਸੰਪੂਰਨ ਭਾਰਤ ਵਰਸ਼ ਲਈ ਗਿਆਨ- ਵਿਗਿਆਨ ਤਪ ਧਿਆਨ ਖਾਣ ਪਾਣ ਆਦਿ ਦੇ ਬੰਦੋਬਸਤ ਦਾ ਇਕ ਐਸਾ ਸੁਪਨਾ ਸੀ ਜਿਸ ਨੂੰ ਪਰਤੱਖ ਜੀਵਨ ਵਿਚ ਲਿਆ ਸੱਕਣ ਤੇ ਇਸ ਭਾਰਤ ਵਰਸ਼ ਦਾ ਚੇਹਰਾ ਮੋਹਰਾ ਹੀ ਹੋਰ ਹੋ ਜਾਂਦਾ। ਉਸ ਭਾਰਤ ਵਰਸ਼ ਵਿਚ ਜਿੱਥੇ ਗਿਆਨ ਦੀ ਮਹਿਮਾ ਹੁੰਦੀ ਓਥੇ ਵਿਗਿਆਨ ਦੇ ਚਮਤਕਾਰਾਂ ਨੂੰ ਵੀ ਜ਼ਿੰਦਗੀ ਦੀ ਸ਼ੋਭਾ ਬਣਾਇਆ ਜਾਂਦਾ। ਜਿੱਥੇ ਰੋਜ਼ਾਨਾ ਜ਼ਿੰਦਗੀ ਲਈ ਲੋੜੀਂਦੀਆਂ ਵਸਤਾਂ ਦੀ ਭਰਪੂਰਤਾ ਹੁੰਦੀ ਓਥੇ ਸੰਤੋਖ ਭਰੇ ਵਿਵੇਕ ਦਾ ਭਾਵ ਜ਼ਿੰਦਗੀ ਦਾ ਸੰਤੁਲਣ ਕਾਇਮ ਰੱਖਦਾ। ਜਿੱਥੇ ਇੰਦਰੀਆਂ ਨਾਲ ਜੀਵਨ ਨੂੰ ਸੰਪੂਰਨ ਰੂਪ ਵਿਚ ਮਾਣਨ ਦੇ ਅਵਸਰ ਤੇ ਸਾਧਨ ਹੁੰਦੇ ਓਥੇ ਇਨ੍ਹਾਂ ਨੂੰ ਆਪਮੁਹਾਰੀਆਂ ਹੋ ਜਾਣ ਤੋਂ ਰੋਕਣ ਲਈ ਤਪ-ਸੰਜਮ ਦਾ ਸਹਿਜ ਅਨੁਸ਼ਾਸਣ ਵੀ ਹੁੰਦਾ। ਗੀਤ ਸੰਗੀਤ ਨੂੰ ਜਿੱਥੇ ਪ੍ਰਕਿਰਤੀ ਦੀਆਂ ਰੁੱਤਾਂ ਦੇ ਰੰਗ ਵਿਚ ਰੰਗ ਕੇ ਉਸ ਨਾਲ ਏਕਾਕਾਰ ਹੋ ਕੇ ਜੀਵਨ ਦਾ ਗੰਭੀਰ ਅਨੰਦ ਮਾਣਿਆਂ ਜਾ

ਸੱਕਦਾ। ਹੁਨਰ ਮਨੁੱਖ ਦਾ ਸਾਰਥੀ ਹੁੰਦਾ ਤੇ ਵਿਗਿਆਨ ਦੀਆਂ ਰਾਸਾਂ ਮਾਨਵ-ਹਿਰਦੇ ਦੇ ਸਵਾਮੀ ਪ੍ਰੇਮ ਦੇ ਹੱਥ ਹੁੰਦੀਆਂ।

ਅਤੇ ਉਸ ਭਾਰਤ ਵਰਸ਼ ਦੀ ਰਚਨਾ ਲਈ ਕਵੀ ਨੇ ਸ਼ਾਂਤੀ ਨਿਕੇਤਨ ਨੂੰ ਤਪੋਬਨ ਦਾ ਰੂਪ ਦਿੱਤਾ ਤੇ ਤਪੋਬਨ ਵਿਚ ਬ੍ਰਮ੍ਹਚਰਜ ਅਸ਼ਰਮ ਨੂੰ। ਰਵੀਂਦ੍ਰ ਨਾਥ ਪ੍ਰਾਚੀਨ ਭਾਰਤ ਦੇ ਆਦਰਸ਼ ਅਨੁਸਾਰ ਵਿੱਦਿਆ ਅਧਿਯਨ ਦੇ ਸਮੇਂ ਤੱਕ ਵਿੱਦਿਆਰਥੀਆਂ ਲਈ ਬ੍ਰਮ੍ਹਚਰਜ ਪਾਲਣ ਤੇ ਗੁਰੂ ਦੇ ਘਰ ਵਿਚ ਰਹਿਣ ਨੂੰ ਜ਼ਰੂਰੀ ਸਮਝਦੇ ਸਨ। ਉਹ ਬ੍ਰਮ੍ਹਚਰਜ ਨੂੰ ਸਰੀਰ ਨੂੰ ਕਸ਼ਟ ਦੇਣ ਦੀ ਸਾਧਨਾ ਦੇ ਰੂਪ ਵਿਚ ਨਹੀਂ ਸਨ ਵੇਖਦੇ- "ਜਿਹੜੇ ਸੰਸਾਰ ਦੇ ਵਿਚਕਾਰ ਰਹਿੰਦੇ ਹਨ ਉਹ ਠੀਕ ਸੁਭਾਅ ਦੇ ਰਾਹ ਤੇ ਨਹੀਂ ਚੱਲ ਸੱਕਦੇ। ਕਈ ਤਰ੍ਹਾਂ ਦੇ ਲੋਕਾਂ ਦੀ ਖਹਿਸਰ ਨਾਲ ਕਈ ਪਾਸਿਆਂ ਤੋਂ ਕਈ ਛੱਲ੍ਹਾਂ ਆਣ ਕੇ ਬਹੁਤ ਵਾਰੀ ਬੇਲੋੜੇ ਰੂਪ ਵਿਚ ਉਨ੍ਹਾਂ ਨੂੰ ਚੰਚਲ ਕਰਦੀਆਂ ਰਹਿੰਦੀਆਂ ਹਨ। ਜਿਸ ਵੇਲੇ ਜਿਸ ਹਿਰਦੇ-ਬਿਰਤੀ ਦੇ ਭਰੂਨ ਅਵਸਥਾ ਵਿਚ ਰਹਿਣ ਦੀ ਗੱਲ ਹੈ ਉਹ ਬਾਹਰੀ ਚੋਟ ਨਾਲ ਅਗੇਤੀ ਹੀ ਜਨਮ ਧਾਰ ਲੈਂਦੀ ਹੈ; ਇਸ ਨਾਲ ਲਗਾਤਾਰ ਸ਼ਕਤੀ ਦੀ ਫਜ਼ੂਲ ਖਰਚੀ ਹੁੰਦੀ ਹੈ। ਅਤੇ ਮਨ ਕਮਜ਼ੋਰ ਤੇ ਨਿਸ਼ਾਨਿਓਂ ਖੁੰਝ ਜਾਂਦਾ ਹੈ।"

"ਸੋ ਜੀਵਨ ਦੇ ਅਰੰਭਕ ਸਮੇਂ ਵਿਚ ਵਿਗੜਨ ਦੇ ਸਾਰੇ ਬਾਹਰੀ ਕਾਰਨਾ ਤੋਂ ਸੁਭਾਅ ਨੂੰ ਅਸਲ ਹਾਲਤ ਵਿਚ ਰੱਖਣਾ ਅਤਿ ਜ਼ਰੂਰੀ ਹੈ। ਪਰਵਿਰਤੀ ਦੇ ਅਗੇਤੇ-ਜਾਗੇ ਅਤੇ ਵਿਲਾਸਤਾ ਦੀ ਤਿੱਖੀ ਉਤੇਜਨਾ ਤੋਂ ਮਨੁੱਖਤਾ ਦੇ ਨਵ ਜਨਮ ਦੀ ਹਾਲਤ ਨੂੰ ਕੋਮਲ ਬਣਾ ਕੇ ਉਸ ਦੀ ਰੱਖਿਆ ਕਰਨੀ ਹੀ ਬ੍ਰਹਮਚਰਜ ਪਾਲਣ ਦਾ ਉਦਿਸ਼ ਹੈ।"

ਬ੍ਰਹਮਚਰਜ ਅਸ਼ਾਰਮ ਵਿਚ ਰਵੀਂਦ੍ਰ ਨਾਥ ਨੇ ਦਸ ਸਾਲ ਤੱਕ ਦੀ ਉੱਮਰ ਦੇ ਬਾਲਕਾਂ ਨੂੰ ਘੱਲਣ ਲਈ ਦੇਸ਼ ਕੋਲੋਂ ਮੰਗ ਕੀਤੀ, ਜਿਹੜੇ ਬਾਲਕ ਅਜੇ ਬਾਹਰੀ ਸੰਸਕਾਰਾਂ ਦੇ ਢਾਂਚੇ ਵਿਚ ਢਲੇ ਨਾ ਹੋਣ। ਜਿੰਨ੍ਹਾਂ ਦੀ ਜਿਗਿਆਸਾ ਦੇ- ਜਾਣਨ ਦੀ ਚਾਹ ਦੇ- ਦਵਾਰ ਅਜੇ ਖੁਲ੍ਹ ਰਹੇ ਹਨ-ਜਿਹੜੇ ਬਿਨਾ ਮਾਸ ਦੇ ਸਾਤਵਿਕ ਭੋਜਨ ਉੱਤੇ ਜਿਊ ਸੱਕਣ। ਜਿਹੜੇ ਜੰਮਦੇ ਹੀ ਬਾਬੂ ਨਾ ਬਣ ਕੇ ਧੁੱਪ, ਪਾਣੀ, ਘਾਹ ਬੂਟਿਆਂ ਨਾਲ ਭਰਪੂਰ ਧਰਤੀ ਦੀ ਕਠਿਨ ਛੋਹ ਨੂੰ ਨੰਗੇ ਪੈਰਾਂ ਨਾਲ ਮਹਿਸੂਸ ਕਰਕੇ ਉਨ੍ਹਾਂ ਨੂੰ ਉਸੇ ਤਰ੍ਹਾਂ ਕਰੜੇ ਕਰ ਸੱਕਣ।

ਆਸ਼ਰਮ ਵਿਚ ਆਉਣ ਵਾਲੇ ਬਾਲਕਾਂ ਨੂੰ ਜਿਹੜੀਆਂ ਚੀਜ਼ਾਂ ਨਾਲ ਲਿਆਉਣੀਆ ਪੈਂਦੀਆਂ, ਉਹ ਸਨ- ਪੰਜ ਧੋਤੀਆਂ, ਤਿੰਨ ਕਮੀਜ਼ਾਂ ਜਾਂ ਕੁੜਤੇ, ਤਿੰਨ ਬੁਣੈਨਾ ਸੂਤੀ ਤੇ ਇਕ ਗਰਮ, ਇਕ ਤੁਲਾਈ, ਇਕ ਰਜ਼ਾਈ ਜਾਂ ਕੰਬਲ, ਇਕ ਦਰੀ, ਇਕ ਮੱਛਰਦਾਨੀ, ਇਕ ਸਿਰਹਾਣਾ, ਬਿਸਤਰੇ ਦੀਆਂ ਚਾਦਰਾਂ ਤੇ ਸਿਰਹਾਣੇ ਦੇ ਉਛਾੜ ਦੋ ਦੋ, ਇਕ ਜੋੜਾ ਪਟ ਬਸਤਰ। ਭਾਂਡੇ-ਗੜਵੀ ਥਾਲੀ ਕੌਲ ਤੇ ਗਿਲਾਸ ਇਕ ਇਕ। ਕਪੜੇ ਰੱਖਣ ਲਈ ਇਕ ਬਕਸ। ਇਸ ਤੋਂ ਛੁਟ ਤਰਖਾਣੇ ਸੰਦ,-ਤੇਸਾ, ਆਰੀ ਹਥੌੜੀ ਰੰਦਾ ਆਦਿ।

ਅਚਾਨਕ ਇਸ ਤਰ੍ਹਾਂ ਦਾ ਇਕ ਆਸ਼ਰਮ-ਸਕੂਲ ਕਲਕੱਤੇ ਵਰਗੀ ਥਾਂ ਤੇ ਨਾ ਖੁਲ੍ਹ ਕੇ ਕਲਕੱਤਿਓ ਕਰੀਬ ਸੌ ਮੀਲ ਦੀ ਦੂਰੀ ਉੱਤੇ ਇਕ ਉਜਾੜ ਥਾਵੇਂ ਖੁਲ੍ਹਦਾ ਵੇਖਕੇ ਅੰਗ੍ਰੇ

ਜ਼ ਬਹਾਦੁਰ ਦੇ ਮਨ ਵਿਚ ਕੁਝ ਖਟਕਾ ਜਿਹਾ ਲੱਗ ਗਿਆ- ਸੁਦੇਸ਼ੀ ਆਂਦੋਲਣ ਦੇ ਸਿਰ ਕੱਢ ਨੇਤਾ ਰਵੀਂਦ੍ਰ ਨਾਥ ਠਾਕੁਰ ਨੇ ਕਿਧਰੇ ਸੁਦੇਸ਼ੀ ਆਂਦੋਲਣ ਲਈ ਤਪੋਬਨ ਆਸ਼ਰਮ ਦੀ ਆੜ ਵਿਚ ਇਨਕਲਾਬੀ ਨੌਜਵਾਨ ਤਿਆਰ ਕਰਨ ਦਾ ਸਕੂਲ ਤੇ ਨਹੀਂ ਖੜਾ ਕਰ ਦਿੱਤਾ?

ਅਸਲ ਗੱਲ ਅੰਗ੍ਰੇਜ਼ ਨੇ ਸਮਝ ਲਈ ਸੀ।

ਉਸ ਵੇਲੇ ਦੀ ਸਕੂਲੀ ਸ਼ਿਖਸ਼ਾ ਸਿਰਫ਼ ਇੰਗਲੈਂਡ ਨੂੰ ਹੀ 'ਦੇਸ' ਦੇ ਰੂਪ ਵਿਚ ਭਾਰਤੀਆਂ ਦੇ ਸਨਮੁਖ ਲਿਆਉਂਦੀ ਸੀ। ਗੰਗਾ ਜਮਨਾ ਕੰਢੇ ਵੱਸਦੇ ਸ਼ਹਿਰ ਦੇ ਸੁਘੜ ਸਕੂਲੀ ਵਿੱਦਿਆਰਥੀ ਕੋਲੋਂ 'ਰਿਵਰ' ਦਾ ਅਰਥ ਪੁੱਛਣ ਤੇ ਉਸ ਦਾ ਜਵਾਬ ਤਾਂ ਠੀਕ ਮਿਲ ਜਾਂਦਾ ਸੀ, ਪਰ ਇਹ ਪੁੱਛਣ ਤੇ ਕਿ-"ਤੂੰ ਕਦੀ ਐਸਾ 'ਰਿਵਰ' ਕਿਧਰੇ ਵੇਖਿਆ ਏ?"-ਉਸਦਾ ਜਵਾਬ ਇਨਕਾਰ ਵਿਚ ਮਿਲਣ ਤੇ ਕਵੀ ਲਈ ਇਹ ਅੰਦਾਜ਼ਾ ਲਗਾਉਣਾ ਕੋਈ ਔਖਾ ਨਹੀਂ ਸੀ ਕਿ ਭਾਰਤ ਵਾਸੀਆਂ ਦੇ ਦਿਮਾਗ਼ਾਂ ਵਿਚੋਂ 'ਬੋਧ' ਤੇ ਭਾਰਤ ਵਰਸ਼ ਨਾਮ ਦੀ ਚੀਜ਼ ਨੂੰ ਹੀ ਕੱਢ ਦੇਣ ਵਾਲੀ ਸ਼ਿਖਸ਼ਾ ਦਿੱਤੀ ਜਾ ਰਹੀ ਹੈ। ਅਤੇ ਕਾਫੀ ਚਿਰ ਬਾਅਦ ਜਦੋਂ ਕਿਸੇ ਵਿਦੇਸ਼ੀ ਵੱਲੋਂ ਹੀ ਇਹ ਦੱਸੇ ਜਾਣ ਤੇ ਕਿ-ਤੁਹਾਡਾ ਦੇਸ ਤਾਂ ਇਕ ਮਹਾਨ ਦੇਸ ਹੈ, ਇਸਦੀ ਸਭਿਅਤਾ ਦਾ ਵਿਕਾਸ ਤਾਂ ਉਸ ਤੋਂ ਵੀ ਪਹਿਲਾਂ ਹੋ ਚੁੱਕਾ ਸੀ ਜਦੋਂ ਯੂਰਪੀ ਮਨੁੱਖ ਡੰਗਰਾਂ ਦੀ ਖੱਲ ਪਹਿਨ ਕੇ ਸ਼ਿਕਾਰ ਦੇ ਮਾਸ ਨਾਲ ਅਤੇ ਡਾਕੇ ਮਾਰ ਕੇ ਜੀਵਕਾ ਚਲਾਉਂਦਾ ਸੀ। ਉਸ ਵੇਲੇ ਭਾਰਤ ਵਰਸ਼ ਅੰਨ ਪੈਦਾ ਕਰਕੇ ਖਾਂਦਾ ਸੀ, ਕਪੜੇ ਬੁਣਦਾ ਸੀ ਤੇ ਉਸ ਨੇ ਰਾਜ ਕਾਜ ਦੇ ਨਿਯਮ ਵੀ ਲੱਭ ਲਏ ਸਨ-ਤਦ ਆਪਾ ਗੌਰਵ ਨਾਲ ਭਰਕੇ ਮੂੜ੍ਹਾਂ ਵਾਂਗ ਉਹ ਹਿੰਦੁਸਤਾਨੀ ਦੁਹਾਈ ਦੇਣ ਲੱਗ ਪੈਂਦਾ ਹੈ ਕਿ "ਤੁਹਾਡਾ ਦੇਸ ਤਾਂ ਸਿਰਫ ਦੇਸ ਹੈ ਪਰ ਮੇਰਾ ਭਾਰਤ ਸਵਰਗ ਹੈ।" ਰਵੀਂਦ੍ਰ ਨਾਥ ਕਹਿੰਦੇ ਹਨ- ਪਹਿਲੀ ਹਾਲਤ ਅਗਿਆਨ ਦੀ ਹਾਲਤ ਹੈ ਤੇ ਉਹ ਖਿਮਾ ਦੇ ਯੋਗ ਹੈ ਪਰ ਦੂਜੀ ਹਾਲਤ ਮੂੜ੍ਹਤਾ ਦੀ ਹੈ ਜਿਸ ਨੂੰ ਖਿਮਾ ਨਹੀਂ ਕੀਤਾ ਜਾ ਸੱਕਦਾ।

ਸੋ ਉਨ੍ਹਾਂ ਨੇ ਈਸਾਈਅਤ ਵੱਲ ਮੁਹਾਰ ਨੂੰ ਰੋਕਣ ਲਈ ਦੇਸ਼ ਨੂੰ ਬ੍ਰਮ੍ਹ ਧਰਮ ਵੱਲ ਪਰੇਰਿਆ ਅਤੇ ਅੰਗ੍ਰੇਜ਼ੀਅਤ ਦੇ ਸਾਂਗ ਤੋਂ ਹੋੜਨ ਲਈ ਉਪਨਿਸ਼ਦਾਂ ਦੇ ਭਾਰਤ ਵਰਸ਼ ਦਾਂ ਸੁਰੂਪ ਪੇਸ਼ ਕੀਤਾ। ਮਨੋਰਥ ਇੱਕੋ ਸੀ, ਭਾਰਤ ਵਾਸੀ ਵਿਚ ਉਸ ਦੀ ਮੌਲਿਕਤਾ ਦੀ ਭਾਵਨਾ ਜਗਾ ਕੇ ਉਸ ਦਾ ਆਪਣਾ ਘਰ ਮਜ਼ਬੂਤ ਕੀਤਾ ਜਾ ਸੱਕੇ, ਤਾਕਿ ਉਹ ਆਮੁਹਾਰਾ ਹੋ ਕੇ ਇਕ ਤਾਂ ਬਾਹਰੋਂ ਮਾਰ ਨਾ ਖਾਵੇ, ਦੂਜਾ ਆਪਣੇ ਘਰ ਦੀ ਰਾਖੀ ਲਈ ਤੱਤਪਰ ਹੋ ਸੱਕੇ। ਇਹ ਕੰਮ ਕੋਈ ਛੋਟਾ ਕੰਮ ਨਹੀਂ ਸੀ। ਰਵੀਂਦ੍ਰ ਨਾਥ ਸਮਝਦੇ ਸਨ ਕਿ ਜਜ਼ਬਾਤਾਂ ਦੀ ਰੌ ਵਿਚ ਵਹਿ ਕੇ ਝਟ ਪਟ ਕੁਝ ਵੀ ਨਹੀਂ ਹੋ ਸੱਕਦਾ। ਇਸ ਕੰਮ ਲਈ ਬੜੇ ਤਗੜੇ ਸਬਰ ਦੀ ਲੋੜ ਹੈ। ਉਹ ਦੇਸ ਵਿਚ ਐਸੇ ਮਨੁੱਖ ਤਿਆਰ ਕਰਨੇ ਚਾਹੁੰਦੇ ਸਨ ਜਿਹੜੇ ਗਿਆਨ ਵਿਗਿਆਨ ਤੇ ਬਲ ਵੱਲੋਂ ਤਾਂ ਪੂਰਨ ਹੋਣ ਹੀ, ਪਰ ਭਾਵਨਾ ਵੱਲੋਂ ਵੀ ਪੂਰਨ ਭਾਰਤੀ ਹੋਣ। ਪਰ ਇਹ ਕੰਮ ਕਿਸੇ ਇਕੱਲੇ ਮਨੁੱਖ ਦੇ ਵੱਸਦਾ ਨਹੀਂ ਸੀ। ਤਾਂ ਵੀ ਉਨ੍ਹਾਂ ਨੇ ਇਕ ਵਿਚਾਰ ਤੇ ਮਿਸਾਲ ਦੇ ਤੌਰ ਤੇ ਇਸ ਨੂੰ ਸ਼ੁਰੂ

ਕਰ ਦਿੱਤਾ ਸੀ। ਇਸ ਕੰਮ ਵਿਚ ਉਨ੍ਹਾਂ ਦੇ ਸਾਥੀ ਬਣੇ ਸਨ ਬ੍ਰਮ੍ਹ ਬਾਂਧਵ। ਕਾਫੀ ਚਿਰ ਤੱਕ ਉਨ੍ਹਾਂ ਦਾ ਇਹ ਬ੍ਰਹਮਚਰਜ ਆਸ਼ਰਮ ਚਾਰ ਪੰਜ ਵਿੱਦਿਆਰਥੀਆਂ ਦੀ ਗਿਣਤੀ ਤੱਕ ਸੀਮਿਤ ਰਿਹਾ।

ਕੁਝ ਚਿਰ ਬਾਹਦ (1905 ਵਿਚ) ਅੰਗ੍ਰੇਜ਼ਾਂ ਨੇ ਬੰਗਾਲ ਦੇ ਦੋ ਟੁਕੜੇ ਕਰ ਦਿੱਤੇ। ਧੁਖਦੀ ਅੱਗ ਮਚ ਉੱਠੀ। ਬੰਗਾਲ ਵੇਹਰ ਖਲੋਤਾ ਤੇ ਰਵੀਂਦ੍ਰ ਨਾਥ ਮੋਹਰੀ ਸਨ ਉਸ ਆਕੀ ਬੰਗਾਲ ਦੇ। ਇਸ ਆਂਦੋਲਣ ਵਿਚ ਸਭ ਤੋਂ ਬਹੁਤਾ ਹਿੱਸਾ ਨੌਜਵਾਨ ਲੈ ਰਹੇ ਸਨ। ਅੰਗ੍ਰੇਜ਼ਾਂ ਨੇ ਸਕੂਲਾਂ ਦੇ ਵਿੱਦਿਆਰਥੀਆਂ ਉੱਤੇ ਇਸ ਆਂਦੋਲਣ ਵਿਚ ਹਿੱਸਾ ਲੈਣ ਤੇ ਪਾਬੰਦੀ ਲਾ ਦਿੱਤੀ। ਤਦ ਦੇਸ਼ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਅੰਗ੍ਰੇਜ਼ਾਂ ਦੇ ਸਕੂਲਾਂ ਕਾਲਜਾਂ ਦਾ ਬਾਈਕਾਟ ਕਰਕੇ ਕੌਮੀ ਵਿੱਦਿਆਲਿਆਂ ਦੀ ਸਥਾਪਨਾ ਉੱਤੇ ਵਿਚਾਰ ਕੀਤਾ ਗਿਆ। ਉਸ ਲਈ ਤਿਆਰੀਆਂ ਵੀ ਹੋ ਗਈਆਂ ਪਰ ਰਵੀਂਦ੍ਰ ਨਾਥ ਇਸ ਕੰਮ ਵਿਚ ਉਨ੍ਹਾਂ ਲੋਕਾਂ ਨਾਲ ਇਕਮੱਤ ਨਾ ਹੋ ਸਕੇ। ਇਨ੍ਹਾਂ ਦਾ ਕਹਿਣਾ ਸੀ ਕਿ ਸਰਕਾਰੀ ਸਕੂਲਾਂ ਕਾਲਜਾਂ ਦੀ ਥਾਂ ਗੈਰ ਸਰਕਾਰੀ ਵਿੱਦਿਆਲਿਆਂ ਦਾ; ਕੋਈ ਲਾਭ ਨਹੀ ਜੇ ਇਨ੍ਹਾਂ ਨੂੰ ਉਨ੍ਹਾਂ ਹੀ ਲੀਹਾਂ ਉੱਤੇ ਚਲਾਇਆ ਜਾਏ ਤੇ ਸ਼ਿਕਸ਼ਾ ਦਾ ਢੰਗ ਵੀ ਓਹੋ ਹੀ ਹੋਵੇ। ਲੋੜ ਹੈ ਸ਼ਿਕਸ਼ਾ ਦੇ ਢਾਂਚੇ ਨੂੰ ਬਦਲਣ ਦੀ ਤੇ ਬਹੁਮੁਖੀ ਸ਼ਿਕਸਾ ਦੀ ਜਿਸ ਨਾਲ ਦੇਸ਼ ਆਤਮ ਨਿਰਭਰਤਾ ਦੇ ਮਾਰਗ ਉੱਤੇ ਚੱਲ ਸੱਕੇ।

ਪਰ ਉਸ ਵੇਲੇ ਵੀ ਰਵੀਂਦ੍ਰ ਨਾਥ ਦੀ ਗੱਲ ਸੁਣੀ ਨਾ ਗਈ। ਉਹ ਸ਼ਾਂਤੀ ਨਿਕੇਤਨ ਮੁੜ ਆਏ ਤੇ ਬ੍ਰਹਮਚਰਜ ਆਸ਼ਰਮ ਵੱਲ ਸਾਰਾ ਧਿਆਨ ਦੇਣ ਲੱਗੇ। ਹੁਣ ਅੰਗ੍ਰੇਜ਼ ਦੇ ਮਨ ਦਾ ਸ਼ੱਕ ਯਕੀਨ ਵਿਚ ਬਦਲ ਗਿਆ। ਨਜ਼ਰਾਂ ਕਹਿਰੀ ਹੋ ਗਈਆਂ। ਫੁਰਮਾਨ ਜਾਰੀ ਹੋ ਗਏ। ਅਹੁਦਿਆਂ ਖ਼ਿਤਾਬਾਂ ਦੀ ਪਹਿਲਾਂ ਹੀ ਵਰਖਾ ਹੋ ਰਹੀ ਸੀ, ਬੰਗਾਲੀ 'ਬਾਬੂ' ਬਣ ਰਿਹਾ ਸੀ, ਮੌਕੇ ਬੇਅੰਤ ਸਨ। ਹਿੰਦੁਸਤਾਨ ਵਿਚ ਅੰਗ੍ਰੇਜ਼ ਸਰਕਾਰ ਦੀ ਮਸ਼ੀਨ ਲਈ ਇਕ ਇਕ ਪੁਰਜ਼ਾ ਬੰਗਾਲ ਨੇ ਮੁਹੱਈਯਾ ਕੀਤਾ ਸੀ। ਥੋੜ੍ਹੀ ਜਿਹੀ ਅੰਗ੍ਰੇਜ਼ੀ ਵਿੱਦਿਆ ਤੇ ਸਰਕਾਰੀ ਦਫ਼ਤਰਾਂ ਦੀਆਂ ਵਡੀਆਂ ਵਡੀਆਂ ਕੁਰਸੀਆਂ ਬੰਗਾਲੀ ਲਈ ਹਾਜ਼ਰ ਸਨ। ਕੌਣ ਛੱਡੇ ਮੋਹ ਤੇ ਕੌਣ ਨਰਾਜ਼ ਕਰੇ ਹਜ਼ੂਰ ਸਰਕਾਰ ਨੂੰ !

ਐਸੀ ਹਾਲਤ ਵਿਚ ਕਵੀ ਦੀ ਕਲਪਨਾ ਨੂੰ ਕੋਈ ਖ਼ਾਸ ਹੁੰਗਾਰਾ ਨਾ ਮਿਲਿਆ। ਬੰਗਾਲ ਦੇ ਆਮ ਲੋਕਾਂ-ਜਨ ਸਾਧਾਰਨ- ਵਿਚ ਕਵੀ ਦੀ ਕਲਪਨਾ ਨੂੰ ਸਮਝਣ ਦੀ ਸਮਰੱਥਾ ਨਹੀਂ ਸੀ। ਉਪਰਲਾ ਤੇ ਦਰਮਿਆਨਾ ਤਬਕਾ ,ਸਰਕਾਰ ਦੀ ਮਸ਼ੀਨ ਦੇ ਪੁਰਜ਼ੇ ਬਣ ਕੇ ਘੁੰਮ ਰਿਹਾ ਸੀ। ਸੋ ਬਹੁਤ ਥੋੜ੍ਹੇ ਜਿਹੇ ਵਿੱਦਿਆਰਥੀ ਹੀ ਪ੍ਰਾਪਤ ਹੋ ਸੱਕੇ । ਉਹ ਵੀ ਜਿਹੜੇ ਠਾਕੁਰ ਪਰਵਾਰ ਦੇ ਸੰਪਰਕ ਵਿਚ ਸਨ। ਪੜ੍ਹਾਈ ਠੀਕ ਰੁੱਖਾਂ ਥੱਲੇ ਹੀ ਸ਼ੁਰੂ ਕੀਤੀ ਗਈ।

ਅਤੇ ਅੱਜ ਵੀ ਜਦੋਂ ਮੈਂ ਸਵੇਰ ਦੀ ਸਾਮੂਹਿਕ ਉਪਾਸਨਾ (ਬੈਤਾਲਿਕ) ਤੋਂ ਬਾਅਦ ਹੌਲੀ ਹੌਲੀ ਸ਼ਾਂਤੀ ਨਿਕੇਤਨ ਆਸ਼ਰਮ ਦੀ ਸ਼ੋਭਾ ਵੇਖਦਾ ਆਪਣੇ ਕਮਰੇ ਵੱਲ ਮੁੜ ਰਿਹਾ ਹੁੰਦਾ ਤਾਂ ਥਾਂ ਥਾਂ ਵੱਡੇ ਵੱਡੇ ਰੁੱਖਾਂ ਥੱਲੇ ਭੁੰਜੇ ਹੀ ਆਸਣ ਵਿਛਾ ਕੇ ਵਿੱਦਿਆਰਥੀਆਂ

ਨੂੰ ਅਤੇ ਉਨ੍ਹਾਂ ਦੇ ਗੁਰੂਆਂ ਨੂੰ ਬਹਿੰਦਿਆਂ ਵੇਖ ਕੇ ਖਲੋ ਖਲੋ ਜਾਂਦਾ। ਇਸ ਦੇ ਭੂਤ ਭਵਿੱਖ ਤੇ ਆਦਰਸ਼ ਨੂੰ ਭੁੱਲ ਕੇ ਮੈਂ ਸਿਰਫ਼ ਉਸ ਘੜੀ ਦੀ ਸਰਲ ਸਹਿਜ ਪ੍ਰਕਿਰਤੀ ਨਾਲ ਇਕ ਸੁਰ ਜੀਵਨ ਯਾਤਰਾ ਵੇਖ ਕੇ ਮੋਹਿਆ ਜਿਹਾ ਖਲੋਤਾ ਰਹਿੰਦਾ। ਓਥੇ ਖਲੋਤਿਆਂ ਖਲੋਤਿਆਂ ਇਹ ਮੋਹ-ਸਿਮ੍ਰਤੀ ਬੀਤੇ ਪੰਝੀ ਸਾਲਾਂ ਦੀ ਹੱਦ ਟੱਪਦੀ ਅੰਮ੍ਰਿਤਸਰ ਦੇ ਚੌਕ ਪ੍ਰਾਗਦਾਸ ਦੀ ਇਕ ਰੀਦੀ ਗਲੀ ਤੇ ਸਿੱਲ੍ਹੇ ਭੁਰ ਭੁਰ ਪੈਂਦੀਆਂ ਕੰਧਾਂ ਵਾਲੇ ਪਰਾਇਮਰੀ ਸਕੂਲ ਦੇ ਕਮਰੇ ਵਿਚ ਲੈ ਜਾਂਦੀ। ਇਕ ਲੰਮੀ ਲਾਲ ਟੋਪੀ ਵਾਲੇ ਸਿਗਰਟ ਫੂਕਦੇ ਖਲੋਤੇ ਮੁਸਲਮਾਨ ਮਾਸਟਰ ਸਾਹਿਬ, ਹੁੱਕੇ ਦੀ ਨਲੀ ਮੂੰਹ ਵਿਚ ਪਾਈ ਸਾਹਮਣੇ ਕੁਰਸੀ ਉੱਤੇ ਬੈਠੇ ਚਿੱਟੀ ਪੱਗ ਵਾਲੇ ਹਿੰਦੂ ਮਾਸਟਰ ਸਾਹਿਬ ਤੇ ਨੀਲੀ ਪੱਗ ਵਾਲੇ ਇਕ ਬੁੱਢੇ ਗਿਆਨੀ ਜੀ ਦੀਆਂ ਮੂਰਤੀਆਂ ਅੱਖਾਂ ਸਾਂਹਵੇਂ ਤਰਨ ਲੱਗਦੀਆਂ। ਪਿੰਡੇ ਤੋਂ ਝੱਗਾ ਚੁਕ ਕੇ ਵੱਜਦੇ ਗਿਆਨੀ ਜੀ ਦੇ ਮੋਟੇ ਡੰਡੇ ਦੀ ਮਾਰ ਤੇ ਕੰਨ ਫੜਵਾ ਕੇ ਮੁਰਗਾ ਬਣਾਨ ਦਾ ਦਰਿਸ਼ ਵੀ ਰੂਪਮਾਨ ਹੋ ਉਠਦਾ। ਅਤੇ ਉਸ ਤੋਂ ਬਾਅਦ-ਕਿੰਨੇ ਤਰ੍ਹਾਂ ਦੇ ਹਨੇਰੇ ਸਿੱਲ੍ਹੇ ਕਮਰਿਆਂ ਵਿਚ ਕਿੰਨੇ ਤਰ੍ਹਾਂ ਦੇ ਕਾਰੀਗਰ ਉਸਤਾਦਾਂ ਦੀਆਂ ਚਪੇੜਾਂ ਠੁੱਡਿਆਂ ਰਾਹੀ ਬਿਨ ਛੁੱਟੀਓ ਵੀਹ ਵੀਰ ਘੰਟਿਆਂ ਦੀ ਸਿੱਖਿਆ, ਕਿੰਨੇ ਸਾਲਾਂ ਤੱਕ ਕਦੀ ਘਰ ਵਿਚ ਜਾਂ ਘਰੋਂ ਬਹਾਰ ਮੈਦਾਨ ਵਿਚ ਸੂਰਜ ਚੜ੍ਹਦਾ ਡੁੱਬਦਾ ਨਹੀ ਸੀ ਤੱਕਿਆ। ਕਿਹੜਾ ਅਪਮਾਨ ਹੀ ਨਹੀ ਸੀ ਵੇਖਿਆ ਬਾਲ ਆਤਮਾ ਦਾ ! ਇਕ ਇਕ ਕਰਕੇ ਦਰਿਸ਼ ਅੱਖਾਂ ਅੱਗੋਂ ਲੰਘਦੇ ਆਣ ਕੇ ਰੁਕ ਗਏ ਇਕ ਵੱਡੇ ਸਾਰੇ ਅੰਬ ਹੇਠ ਬੈਠੇ ਵਿੱਦਿਆਰਥੀਆਂ ਤੇ ਉਨ੍ਹਾਂ ਦੇ ਗੁਰੂ ਸਾਹਮਣੇ। ਏਥੇ ਕਿਸੇ ਮਾਸਟਰ ਦੇ ਹੱਥ ਵਿਚ ਡੰਡਾ ਨਹੀਂ, ਹੱਸ ਹੱਸ ਕੇ ਗੱਲਾਂ ਹੀ ਗੱਲਾਂ ਵਿਚ ਪੜ੍ਹਾਈ ਹੋ ਰਹੀ ਹੈ। ਜੀਅ ਵਿਚ ਆਉਂਦਾ-'ਕਾਸ਼ ! ਇਕ ਵਾਰੀ ਫਿਰ ਓਹੋ ਉਮਰ ਮਿਲ ਸੱਕਦੀ, ਆ ਜਾਵਾਂ ਐਥੇ ਹੀ ਇਨ੍ਹਾਂ ਰੁੱਖਾਂ ਦੀ ਛਾਵੇਂ !'

ਪਰ ਇਸ ਦਾ ਇਹ ਅਰਥ ਨਹੀ ਕਿ ਰਵੀਦ੍ਰ ਨਾਥ ਵਿਸ਼ਵ ਕਵੀ ਹੋਣ ਦੇ ਨਾਲ ਨਾਲ ਹਿਸਾਬ ਦੇ ਮਾਸਟਰ ਵੀ ਸਨ। ਸੋਨੇ ਦੇ ਪੰਘੂੜੇ ਵਿਚ ਉਨ੍ਹਾਂ ਦਾ ਜਨਮ ਸੀ ਅਤੇ ਸੋਨੇ ਦੀਆਂ ਪਾਲਕੀਆਂ ਉਨ੍ਹਾਂ ਦੀ ਸਵਾਰੀ ਲਈ। ਨਦੀਆਂ ਨਾਲਿਆਂ ਰੁੱਖਾਂ ਬੂਟਿਆਂ ਨਾਲ ਭਰਪੂਰ ਪ੍ਰਕਿਰਤੀ ਸ਼ੋਭਾ ਨਾਲ ਉਮ੍ਹਲਦਾ 'ਸੋਨਾਰ ਬਾਂਗਲਾ ਦੇਸ਼' ਉਨ੍ਹਾਂ ਦੀ ਲੀਲ੍ਹਾ ਭੂਮੀ ਸੀ। ਸੰਗਿਣੀ ਸੀ ਗੀਤ ਮਾਲਿਣੀ-ਭੈਰਵੀ ਤੇ ਪੂਰਬੀ, ਸਖਾ ਸਨ-ਭੈਰੋਂ ਮਾਲਕੌਂਸ ਬਿਹਾਗ। ਆਦਰਸ਼ ਸੀ-ਵਿਸ਼ਵ ਦਾ ਗਿਆਨ ਸਰੋਵਰ ਵਿਸ਼ਵ ਭਾਰਤੀ। ਫਿਰ ਹਿਸਾਬ ਕਿੱਥੋਂ ਆਵੇ? ਬਿਨ ਪੈਸਿਓਂ ਵਿੱਦਿਆ ਤੇ ਅੰਨ ਵੀ ਦੇਣਾ ਸ਼ੁਰੂ ਤਾਂ ਕਰ ਦਿੱਤਾ ਪਰ ਚੱਲੇ ਕਿਵੇਂ? ਗੁਰੂਆਂ ਨੂੰ ਤਨਖਾਹ ਤਾਂ ਦੇਣੀ ਪੈਂਦੀ ਸੀ। ਇਕ ਲੱਖ ਰੁਪਏ ਦਾ ਕਰਜ਼ਾ ਸੀ ਓਦੋਂ ਕਵੀ ਦੇ ਸਿਰ ਤੇ ਜਦੋਂ ਵਿੱਦਿਆਲਾ ਖੋਹਲਿਆ ਗਿਆ। ਜ਼ਮੀਨ ਦੀ ਆਮਦਨ ਚੋਂ ਜਿਹੜਾ ਹਿੱਸਾ ਮਿਲਦਾ ਉਸ ਨੂੰ ਕਿੱਥੇ ਕਿੱਥੇ ਵਰਤਣ? ਕਿਤਾਬਾਂ ਦੇ ਹੱਕ ਵੀ ਵੇਚ ਦਿੱਤੇ ਪਰ ਖਰਚਾ ਨਹੀ ਸੀ ਚੱਲਦਾ। ਫਿਰ ਘਰ ਦੇ ਗਹਿਣੇ ਵੀ ਵੇਚੇ ਤਾਂ ਵੀ ਗੱਲ ਓਥੇ ਹੀ ਸੀ। ਕਵੀ ਦੇ ਭਗਤਾਂ ਦੀ ਕਮੀ ਨਹੀ ਸੀ। ਉਨ੍ਹਾਂ ਵਿਚ ਐਸੇ ਵੀ ਹੈ ਸਨ

ਜਿਹੜੇ ਕਵੀ ਦੇ ਆਦਰਸ਼ਾਂ ਵਿਚ ਆਪਣਾ ਆਪ ਲਾ ਦੇਣ ਲਈ ਤਤਪਰ ਸਨ। ਉਹ ਭਗਤ ਹੌਲੀ ਹੌਲੀ ਕਵੀ ਦੇ ਗਿਰਦ ਇੱਕਠੇ ਹੁੰਦੇ ਗਏ। ਵਿੱਦਿਆਰਥੀ ਵੀ ਵਧਣ ਲੱਗੇ ਅਤੇ ਖਾਣ ਵਾਲੇ ਢਿੱਡਾਂ ਦੇ ਨਾਲ ਨਾਲ ਅੰਨ ਦੀ ਚਿੰਤਾ ਵੀ। ਉਹ ਸਾਰੇ ਤਨ ਮਨ ਧਨ ਨਾਲ ਜੁਟੇ ਹੋਏ ਸਨ ਕਵੀ ਦੀ ਆਦਰਸ਼ ਕਲਪਨਾ ਨੂੰ ਸਾਰਥਕ ਕਰਨ ਲਈ। ਪਰ ਉਹ ਖ਼ੁਦ ਕਲਪਨਾ ਦੇ ਮੰਡਲਾਂ ਵਿਚ ਨਹੀਂ ਸਨ। ਇਸ ਕੰਮ ਵਿਚ ਆਉਂਦੀਆਂ ਮੁਸ਼ਕਲਾਂ ਦਾ ਵੀ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਸੀ। ਸੋ ਮਜਬੂਰਨ ਆਸ਼ਰਮ ਦੇ ਨਿਯਮਾ ਵਿਚ ਤਬਦੀਲੀਆਂ ਕਰਨੀਆਂ ਪਈਆਂ। ਮਾਮੂਲੀ ਫੀਸ ਰੱਖ ਦਿੱਤੀ ਗਈ।

ਅਤੇ ਮੈਂ ਹੈਰਾਨ ਹੁੰਦਾ ਹਾਂ ਕਿ ਅੱਜ ਵੀ ਜਦੋਂ ਕਿ ਇਸ ਸੰਸਥਾ ਨੂੰ ਕੇਂਦਰੀ ਸਰਕਾਰ ਨੇ ਲੈ ਲਿਆ ਹੈ, ਇਸ ਵਿਸ਼ਵ ਭਾਰਤੀ ਦੇ ਚਾਂਸਲਰ ਪੰਡਿਤ ਨਹਿਰੂ ਹਨ, ਗੁਰੂ ਦੇਵ ਰਵੀਂਦ੍ਰ ਨਾਥ ਦੀ ਸਾਧਨਾ ਨੂੰ ਵੀ ਦੇਸ਼ ਤੇ ਸਰਕਾਰ ਨੇ ਮੁਕਤ ਕੰਠ ਨਾਲ ਮੰਨ ਲਿਆ ਹੈ ਪਰ ਉਨ੍ਹਾਂ ਦੇ ਆਸ਼ਰਮ ਵਿਚ ਪੜ੍ਹਨ ਦੀ ਸਿਰਫ ਫੀਸ ਹੀ-ਯਾਨੀ ਵਿੱਦਿਆ ਦਾ ਕਿਰਾਇਆ ਅੱਜ ਵੀ, ਤੇਰਾਂ ਰੁਪਿਆਂ ਤੋਂ ਅਠਾਰਾਂ ਰੁਪਏ ਮਹੀਨੇ ਤੱਕ ਹੈ।

ਦਿਨ

ਹਿੰਦੁਸਤਾਨ ਵਿਚ ਅਜੰਤਾ ਐਲੋਰਾ, ਕੋਣਾਰਕ, ਰਾਮੇਸ਼ਵਰਮ ਕਾਂਸ਼ੀ ਤਾਜ ਤੇ ਸਵਰਨ ਮੰਦਿਰ ਆਦਿ ਪੁਰਾਤਨ ਇਤਿਹਾਸਕ ਕਲਾ ਤੇ ਸਭਿਆਚਾਰ ਦੇ ਰੂਪ ਵਿਚ ਜਿਵੇਂ ਦੇਸਾਂ ਪਰਦੇਸਾਂ ਦੇ ਲੋਕਾਂ ਦੀ ਕਸ਼ਿਸ਼ ਦਾ ਕੇਂਦਰ ਹਨ, ਅੱਜ ਦੇ ਨਵੇਂ ਹਿੰਦੁਸਤਾਨ ਵਿਚ ਸ਼ਾਂਤੀ ਨਿਕੇਤਨ ਹੀ ਇਕ ਐਸੀ ਥਾਂ ਹੈ ਜਿੱਥੇ ਦੇਸਾਂ ਪਰਦੇਸਾਂ ਦੇ ਲੋਕ ਖਿੱਚੇ ਚਲੇ ਆਉਂਦੇ ਹਨ। ਗੁਰੂਦੇਵ ਰਵੀਂਦ੍ਰ ਨਾਥ ਨੇ ਇਸ ਨੂੰ 'ਭਾਰਤ ਤੀਰਥ' ਆਖ਼ਿਆ ਸੀ ਅਤੇ ਬੁੱਧ ਦੇਵ ਬਸੂ ਨੇ ਭਾਰਤ ਦੀ 'ਸਭਿਆਚਾਰਕ ਰਾਜਧਾਨੀ।' ਹਿੰਦੁਸਤਾਨ ਨੂੰ ਵੇਖਣ ਲਈ ਦੂਸਰੇ ਦੇਸਾਂ ਤੋਂ ਆਉਣ ਵਾਲੇ ਅਤੇ ਹਿੰਦੁਸਤਾਨ ਦੇ ਵੱਖ ਵੱਖ ਸੂਬਿਆਂ ਤੋਂ ਆਪਣੇ ਵਿਚਿੱਤਰ ਦੇਸ ਨੂੰ ਵੇਖਣ ਜਾਣਨ ਲਈ ਨਿਕਲੇ ਲੋਕਾਂ ਦੇ ਦਲ ਸ਼ਾਂਤੀ ਨਿਕੇਤਨ ਵਿਚ ਆਉਂਦੇ ਹਨ ਅਤੇ ਉਨ੍ਹਾਂ ਦੀ ਗਿਣਤੀ ਕਿਸੇ ਕਿਸੇ ਦਿਨ ਤੇ ਏਨੀ ਜ਼ਿਆਦਾ ਹੋ ਜਾਂਦੀ ਕਿ ਉਨ੍ਹਾਂ ਨੂੰ ਸੰਭਾਲਣਾ ਤੇ ਸਭ ਕੁਝ ਵਿਖਾਣਾ ਤੱਕ ਔਖਾ ਹੋ ਜਾਂਦਾ। ਕਈਆਂ ਨੇ ਪਹਿਲਾਂ ਆਪਣੇ ਆਉਣ ਦੀ ਸੂਚਨਾ ਦਿੱਤੀ ਹੁੰਦੀ ਤੇ ਕਈ ਮੇਰੇ ਵਾਂਗ ਬਿਨ ਦੱਸਿਆਂ ਬਿਨ ਬੁਲਾਇਆਂ ਵੀ ਆ ਪਧਾਰਦੇ। ਇਨ੍ਹਾਂ ਨੂੰ ਸ਼ਾਂਤੀ ਨਿਕੇਤਨ ਦੀਆਂ ਸਭ ਖ਼ਾਸ ਖ਼ਾਸ ਥਾਂਵਾਂ ਤੇ ਚੀਜ਼ਾਂ ਵਿਖਾਣ ਦੀ ਜ਼ਿੰਮੇਵਾਰੀ ਹੈ ਨੀਲੂ ਬਾਬੂ ਦੀ। ਨੀਲੂ ਬਾਬੂ ਕਦੀ ਟੈਰੋਰਿਸਟ ਦਲ ਵਿਚ ਸਨ ਤੇ ਉਨ੍ਹਾ ਇਨਕਲਾਬੀ ਸਰਗਰਮੀਆਂ ਸਦਕਾ 1947 ਤੱਕ ਜੇਲ੍ਹ ਵਿਚ। ਰਿਹਾ ਹੋਣ ਤੋਂ ਬਾਅਦ ਸ਼ਾਂਤੀ ਨਿਕੇਤਨ ਵਿਚ ਅਸਸਿਟੈਂਟ ਪਬਲਿਕ ਰੀਲੇਸ਼ਨ ਅਫਸਰ ਦੇ ਅਹੁਦੇ ਉੱਤੇ ਆਣ ਲੱਗੇ ਹਨ। ਪਿਤਾ ਹਨ ਪਾਕਿਸ਼ਤਾਨੀ ਬੰਗਾਲ ਵਿਚ ਤੇ ਮਾਂ ਸ਼ਾਂਤੀ ਨਿਕੇਤਨ ਵਿਚ, ਆਪ ਵਿਸ਼ਵ ਭਾਰਤੀ ਵਿਚ ਤੇ ਪਤਨੀ? ਉਹ ਚਾਹੀਦੀ ਹੈ ਐਸੀ ਜਿਹੜੀ ਆਪ ਉਨ੍ਹਾਂ ਨੂੰ ਪਸੰਦ ਕਰ ਕੇ ਵਰ ਲਏ। ਤੁਰਨਗੇ ਕਾਹਲੀ ਕਾਹਲੀ ਇਕ

ਬਾਂਹ ਦੇ ਹੁਲਾਰੇ ਨਾਲ ਤੇ ਜ਼ਬਾਨ ਚੱਲਦੀ ਹੈ ਗ੍ਰਾਮੋਫੋਨ ਵਾਂਗ। ਫਿਕਰ ਹੈ ਇਕ ਮਾਂ ਦਾ, ਬੀਮਾਰ ਹੋ ਕੇ ਮਰਨਾ ਅਤੇ ਨੌਕਰੀਓਂ ਵੀ ਹਟਣਾ ਨਹੀਂ ਚਾਂਹੁੰਦੇ। ਮਾਂ ਦਾ ਸਰਾਧ ਕਰਨ ਲਈ ਜਿਊਂਦੇ ਰਹਿਣਾ ਉਹ ਬੇਹੱਦ ਜ਼ਰੂਰੀ ਸਮਝਦੇ ਹਨ। "ਉਸ ਤੋਂ ਬਾਅਦ" ਪੁੱਛਣ ਤੇ ਉਹ ਰੇਲ ਦੀ ਲਾਈਨ ਵੱਲ ਤਕਾ ਕੇ ਆਪਣੀ ਗਰਦਨ ਉੱਤੇ ਹੱਥ ਫੇਰਦੇ। ਦੂਰੋਂ ਹੀ ਵੇਖ ਕੇ ਆਖਦੇ "ਹੱਲੋ ਸ਼ਾਰਦਾਰ ਜੀ, ਕਿਐਮੋਨ, ਭਾਲੋ ਆਛੇਨ ਤੋ ! ਅੱਜ ਤੇ ਤੁਹਾਡੇ ਦੇਸ ਦੇ ਲੋਕ ਆਏ ਨੇ, ਮੁਲਾਕਾਤ ਹੋਈ? ਅੱਸੀ ਆਦਮੀ ਨੇ ਅੱਸੀ, ਠੇਠ ਪੰਜਾਬੀ, ਇਕ ਦੱਮ ਛੇ ਫੁੱਟੇ, ਪਗੜੀਆਂ ਵਾਲੇ !"

ਸ਼ਾਂਤੀ ਨਿਕੇਤਨ ਵਿਚ ਜਿਵੇਂ ਕਿਸੇ ਲਈ ਵੀ ਅਮਰ ਭਾਰਤੀ ਨੂੰ ਉਸ ਦੀ ਦਾਹੜੀ ਪਗੜੀ ਤੇ ਕੱਦ ਕਾਠ ਵੱਲੋਂ ਪਛਾਣਨਾ ਔਖਾ ਨਹੀਂ ਓਵੇਂ ਹੀ ਨੀਲੂ ਬਾਬੂ ਨੂੰ ਕਾਲੀ ਜੈਕਿਟ ਜਾਂ ਲੰਮੇ ਨਸਵਾਰੀ ਕੋਟ ਅਤੇ ਪੰਜਾਬ ਦੇ ਲਾਇਲਪੁਰ ਦੀ ਬਾਰ ਵਾਲੇ ਜਾਂਗਲੀਆਂ ਦੀਆਂ ਬਾਓਰੀਆਂ ਵਰਗੇ ਵਾਲਾਂ ਤੋਂ ਪਛਾਣ ਲੈਣਾ ਵੀ ਕਿਸੇ ਲਈ ਔਖਾ ਨਹੀਂ।

ਨੀਲੂ ਬਾਬੂ ਪਹਿਲਾਂ ਤਾਂ ਦਰਸ਼ਕਾਂ ਨੂੰ ਇਕੱਠਿਆਂ ਹੋਣ ਲਈ ਆਖਣਗੇ ਤੇ ਫਿਰ ਇਕ ਕਾਗਜ਼ ਉੱਤੇ ਦਰਸ਼ਕ ਦਲ ਦੇ ਲੀਡਰ ਜਾਂ ਇਕੱਲੇ ਆਏ ਦਰਸ਼ਕ ਨੂੰ ਆਪਣਾ ਨਾਂ ਪਤਾ ਲਿਖਣ ਅਤੇ ਦਸਤਖਤ ਕਰਨ ਲਈ ਆਖਣਗੇ। ਫਿਰ ਉਹ ਗ੍ਰਾਮੋਫੋਨ ਰੀਕਾਰਡ ਵਾਂਗ ਅੰਗ੍ਰੇਜ਼ੀ ਜਾਂ ਬੰਗਲਾ ਵਿਚ ਬੋਲਣਾ ਸ਼ੁਰੂ ਕਰਨਗੇ। "ਸਾਰੇ ਇਕ ਲਾਈਨ ਵਿਚ ਹੋ ਜਾਓ। ਹੁਣ ਐਥੇ ਜੁੱਤੀਆਂ ਲਾਹ ਦਿਓ ਅਤੇ ਯਾਦ ਰੱਖੋ, ਤੁਹਾਨੂੰ ਦੋ ਵਾਰੀ ਹੋਰ ਇਹ ਖੇਚਲ ਦਿਆਂਗਾ। ਐਹ, ਜਿੱਥੇ ਤੁਸੀ ਖਲੋਤੇ ਹੋਏ ਓ, ਇਸ ਥਾਂ ਦਾ ਨਾਮ ਏ 'ਉੱਤਰਾਇਣ'। ਰਵੀਂਦ੍ਰ ਨਾਥ ਠਾਕੁਰ ਏਥੇ ਰਹਿੰਦੇ ਹੁੰਦੇ ਸਨ। ਵਿਸ਼ਵ ਭਾਰਤੀ ਵਿਚ ਇਮਾਰਤਾਂ ਦੀ ਕਮੀ ਹੋਣ ਕਰਕੇ ਹਾਲੀ ਇਸੇ ਦੇ ਕੁਝ ਕਮਰਿਆਂ ਨੂੰ ਦਫਤਰ ਦੇ ਕੰਮਾਂ ਲਈ ਵਰਤਿਆ ਜਾ ਰਿਹਾ ਏ ਤੇ ਇਸ ਦੇ ਦੋ ਕਮਰਿਆਂ ਵਿਚ ਗੁਰੂਦੇਵ ਦੇ ਜੀਵਨ ਨਾਲ ਸਬੰਧਤ ਚੀਜ਼ਾਂ ਤੇ ਪੁਸਤਕਾਂ ਆਦਿ ਰੱਖੀਆਂ ਹੋਈਆਂ ਨੇ। ਹੁਣ ਤੁਸੀਂ ਸਾਰੇ ਐਧਰ ਆ ਜਾਓ। ਮੇਰੇ ਪਿੱਛੇ, ਐਸ ਕਮਰੇ ਵਿਚ, ਬੀਬੀਆਂ ਨੂੰ ਅੱਗੇ ਆਉਣ ਦਿਓ। ਹਾਂ, ਐਹ ਚਾਂਦੀ ਦੀ ਕੁਰਸੀ ਜਿਹੜੀ ਤੁਸੀ ਵੇਖ ਰਹੇ ਓ ਇਹ ਕਵੀ ਦੀ ਵਰਤੋਂ ਵਿਚ ਆਉਂਦੀ ਸੀ। ਐਹ ਤਕੀਏ ਗਲੀਚੇ ਵੀ ਗੁਰੂਦੇਵ ਇਸਤੇਮਾਲ ਕਰਦੇ ਸਨ। ਅਤੇ ਐਹ ਉਪਰ ਦੀਵਾਰ ਨਾਲ-ਐਧਰ ਤੱਕੋ ਐਧਰ-ਬੀਬੀਆਂ ਨੂੰ ਅੱਗੇ ਆਉਣ ਦਿਓ, ਪਲੀਜ਼-ਮਰਦ ਲੰਮੇ ਹੋਣ ਕਰਕੇ ਪਿੱਛੇ ਖਲੋ ਕੇ ਵੀ ਵੇਖ ਸੱਕਦੇ ਨੇ-ਹਾਂ, ਐਹ ਜਿਹੜੇ ਚਿਤ੍ਰ ਵੇਖ ਰਹੇ ਓ ਇਹ ਸਾਰੇ ਗੁਰੂਦੇਵ ਦੇ ਬਣਾਏ ਹੋਏ ਨੇ। ਤੁਸੀ ਹੈਰਾਨ ਹੋਵੋਗੇ ਕਿ ਚਿਤ੍ਰਕਾਰੀ ਗੁਰੂਦੇਵ ਨੇ ਕਦੀ ਵੀ ਸਿਖੀ ਨਹੀ। ਸੱਠ ਸਾਲ ਦੀ ਉਮਰ ਵਿਚ ਕਵਿਤਾ ਲਿਖ ਕੇ ਉਸ ਨੂੰ ਕੱਟ ਵੱਢ ਕੇ ਦਰੁਸਤ ਕਰਦਿਆਂ ਕਰਦਿਆਂ ਹੀ ਇਕ ਵਾਰੀ ਉਨ੍ਹਾਂ ਰੇਖਾਵਾਂ ਵਿਚੋਂ ਇਕ ਤਸਵੀਰ ਨਿਕਲ ਆਈ। ਇਹੋ ਹੀ ਇਸ ਕੰਮ ਦਾ ਸ਼ੁਰੂ ਸੀ ਅਤੇ ਅੰਤ ਤੱਕ ਉਨ੍ਹਾਂ ਨੇ ਦੋ ਹਜ਼ਾਰ ਚਿਤ੍ਰ ਬਣਾਏ। ਇਹ ਉਨ੍ਹਾਂ ਵਿਚੋਂ ਕੁਝ ਕੁ ਨੇ। ਐਹ ਚਿਤ੍ਰ,

ਜਿਹੜਾ ਦੂਰੋਂ ਇਕ ਝਰਨੇ ਵਾਂਗ ਦਿੱਸਦਾ ਏ, ਧਿਆਨ ਨਾਲ ਵੇਖਣ ਤੇ ਤੁਸੀ ਇਸ ਵਿਚੋਂ ਗੁਰੂਦੇਵ ਦਾ ਆਪਣਾ ਚੇਹਰਾ ਵੇਖ ਸੱਕੋਗੇ। ਇਹ ਉਨ੍ਹਾਂ ਦੀ 'ਨਿਰਝਰੇਰ ਸਵਪਨ ਭੰਗ' ਕਵਿਤਾ ਨਾਲ ਸਬੰਧਿਤ ਉਨ੍ਹਾਂ ਦਾ ਆਪਣੇ ਹੱਥੀ ਬਣਾਇਆ ਚਿਤਰ ਐ।

"ਹੁਣ ਐਧਰ ਐਸ ਕਮਰੇ ਵਿਚ ਆਉ। ਜਗ੍ਹਾ ਦੀ ਤੰਗੀ ਹੋਣ ਕਰਕੇ ਅਸੀਂ ਸਭ ਚੀਜ਼ਾਂ ਨੂੰ ਚੰਗੀ ਤਰ੍ਹਾਂ ਸਜਾ ਕੇ ਨਹੀ ਰੱਖ ਸੱਕੇ। ਇਨ੍ਹਾਂ ਅਲਮਾਰੀਆਂ ਵਿਚ ਜਿਹੜੀਆਂ ਕਿਤਾਬਾਂ ਵੇਖ ਰਹੇ ਓ, ਇਹ ਗੁਰੂਦੇਵ ਦੀਆਂ ਪੜ੍ਹਨ ਵਾਲੀਆਂ ਕਿਤਾਬਾਂ ਨੇ, ਇਹਨਾਂ ਵਿਚ ਤੁਸੀਂ ਹਰ ਵਿਸ਼ੇ ਤੇ ਲਿਖੀਆਂ ਕਿਤਾਬਾਂ ਵੇਖੋਗੇ। ਐਹ ਹੋਮਿਓਪੈਥਿਕ ਮੈਟੀਰੀਆ ਮੈਡੀਕਾ ਉਹ ਪੜ੍ਹਦੇ ਹੁੰਦੇ ਸਨ ਤੇ ਸ਼ਾਂਤੀ ਨਿਕੇਤਨ ਵਿਚ ਲੋਕਾਂ ਦਾ ਹੋਮਿਓਪੈਥਿਕ ਇਲਾਜ ਕਰਦੇ ਸਨੰ। ਐਹ, ਐਸ ਅਲਮਾਰੀ ਵਿਚ ਉਨ੍ਹਾਂ ਦੀਆਂ ਆਪਣੀਆਂ ਲਿਖੀਆਂ ਕਿਤਾਬਾਂ ਦੇ ਵੱਖ ਵੱਖ ਸਮੇਂ ਦੇ ਐਡੀਸ਼ਨ ਨੇ, ਇਹਨਾਂ ਵਿਚ ਤੇਰਾਂ ਨਾਵਲ, ਤੇਰਾਂ ਚਿੱਠੀ ਪੱਤਰ ਦੀਆਂ ਪੁਸਤਕਾਂ , ਦੋ ਚਿਤ੍ਰਕਲਾ ਦੀਆਂ, ਇਕ ਦੋ ਹਜ਼ਾਰ ਦੋ ਸੋ ਨੌ ਗੀਤਾਂ ਦੀ ਪੁਸਤਕ, ਸਕੂਲੀ ਕਿਤਾਬਾਂ ਬਾਰਾਂ, ਡਰਾਮੇ ਪੰਜਾਹ, ਕਵਿਤਾਂ ਦੀਆਂ ਪੁਸਤਕਾਂ ਚੁਰੰਜਾ, ਕਹਾਣੀਆਂ ਦੀਆਂ ਪੁਸਤਕਾਂ ਪੰਜ-ਕੁਲ ਕਹਾਣੀਆਂ ਇੱਕ ਸੌ ਉਨ੍ਹੱਤਰ ਅਤੇ ਲੇਖਾਂ ਦੀਆਂ ਕਿਤਾਬਾਂ ਪੰਜਾਹ।

"ਅਤੇ ਐਹ ਐਧਰ, ਵੱਖ ਵੱਖ ਭਾਸ਼ਾਵਾਂ ਵਿਚ ਛਪੀਆਂ ਗੁਰੂਦੇਵ ਦੀਆਂ ਪੁਸਤਕਾਂ ਦੇ ਅਨੁਵਾਦ ਅਤੇ ਐਹ ਛੋਟੀ ਅਲਮਾਰੀ ਵਿਚ ਗੀਤਾਂਜਲੀ ਦੇ ਦੁਨੀਆਂ ਦੀਆਂ ਪੰਜਾਹ ਭਾਸ਼ਾਵਾਂ ਵਿਚ ਅਨੁਵਾਦ। ਐਹ ਗੁਰੂਦੇਵ ਦਾ ਚਿਤ੍ਰ ਇਕ ਚੀਨੀ ਕਲਾਕਾਰ ਨੇ ਬਣਾਇਆ ਏ। ਤੇ ਐਹ ਇਕ ਕਾਰਡ ਵੇਖੋ- ਇਹ ਗੁਰੂਦੇਵ ਦੇ ਇਕ ਭਗਤ ਨੇ ਗੁਰੂਦੇ ਵ ਦੀ ਅੰਗਰੇਜ਼ੀ ਗੀਤਾਂਜਲੀ ਨੂੰ ਪੰਜ ਸੌ ਸਤਰਾਂ ਵਿਚ ਪੂਰੇ ਦਾ ਪੂਰਾ ਲਿਖਿਆ ਏ । ਐਹ ਗਾਂਧੀ ਜੀ ਦੇ ਗੁਰੂਦੇਵ ਦੇ ਨਾਮ ਖਤ ਨੇ ਅਤੇ ਐਹ, ਜਦੋਂ ਗਾਂਧੀ ਜੀ ਨੇ ਬੰਗਲਾ ਸਿੱਖੀ ਸੀ। ਉਨ੍ਹਾਂ ਦੀ ਹੱਥਾਂ ਦੀ ਲਿਖੀ ਵਰਨਮਾਲਾ-ਉਨ੍ਹਾਂ ਨੇ ਦਇਆ ਕਰ ਦੇ ਸਾਡੇ ਇਸ ਮਿਊਜ਼ਿਅਮ ਨੂੰ ਦੇ ਦਿੱਤੀ ਸੀ।

"ਆਓ ਹੁਣ ਬਾਹਰ ਆ ਜਾਓ। ਜੁੱਤੀਆਂ ਪਾ ਲਓ।" ਫਿਰ ਮੇਰੇ ਵੱਲ ਹੋ ਕੇ, "ਸਰਦਾਰ ਜੀ, ਆਮੀ ਠੀਕ ਬੋਲਛੀ ਤੋ? ਕਿੰਤੂ, ਵੇਖਦੇ ਓ ਨਾ ਕਿੰਨੇ ਲੋਕ ਨੇ। ਅਤੇ ਐਸੇ ਸਵਾਲ ਪੁੱਛਣਗੇ ਗੁਰੂਦੇਵ ਬਾਰੇ ਕਿ..., ਪਰ ਤੁਸੀ ਤਾਂ ਅਜੇ ਏਥੇ ਹੀ ਓ, ਫਿਰ ਕਿਸੇ ਦਿਨ ਵੇਖਿਓ। ਏਨੀ ਭੀੜ ਨਾਲ ਤੁਸੀ ਚੰਗੀ ਤਰ੍ਹਾਂ ਨਹੀ ਵੇਖ ਸੱਕੋਗੇ।

"ਠੀਕ ਐ, ਮੈਨੂੰ ਵੀ ਇਸ ਤਰ੍ਹਾਂ ਕੋਈ ਮਜ਼ਾ ਨਹੀਂ ਆ ਰਿਹਾ। ਫਿਰ ਕਿਸੇ ਵੇਲੇ ਤੁਹਾਨੂੰ ਇਕੱਲਿਆਂ ਫੜ ਕੇ ਸਭ ਕੁਝ ਵੇਖਾਂਗਾ...।" ਆਖ ਕੇ ਮੈਂ ਆਪਣੇ ਕਮਰੇ ਵਿਚ ਜਾ ਬਹਿੰਦਾ 'ਗੋਰਾ' ਨੂੰ ਲੈਕੇ। ਸ਼ਾਂਤੀ ਨਿਕੇਤਨ ਵਿਚ ਸਵੇਰੇ ਸੱਤ ਤੋਂ ਗਿਆਰਾਂ ਵਜੇ ਤੱਕ ਦਫਤਰ ਖੁਲ੍ਹਦੇ ਤੇ ਕਲਾਸਾਂ ਲੱਗਦੀਆਂ ਅਤੇ ਫਿਰ ਦੋ ਤੋਂ ਚਾਰ ਵਜੇ ਤੱਕ। ਗਿਆਰਾਂ ਵਜੇ ਕੁੰਜ ਬਾਬੂ ਆ ਜਾਂਦੇ ਤੇ ਭਾਰਤੀ ਰੈਸਟੋਰੈਂਟ ਤੋਂ ਜਾ ਕੇ ਅਸੀਂ ਦੋਵੇਂ ਭੋਜਨ ਕਰ ਆਉਂਦੇ। ਖਾ ਪੀ ਕੇ ਉਹ ਤਾਂ ਦੋ ਘੰਟੇ ਡਟ ਕੇ ਸੌ ਜਾਂਦੇ ਪਰ ਮੇਰਾ ਅਭਿਆਸ

ਦੁਪਹਿਰੇ ਸੌਣ ਦਾ ਨਹੀ ਸਗੋਂ ਦਿੱਲੀ ਦੀਆਂ ਸੜਕਾਂ ਕੱਛਣ ਦਾ ਹੋਣ ਕਰ ਕੇ ਮੈਂ ਸੌਂਦਾ ਤੇ ਨਾ, ਉਹ ਦੋ ਘੰਟੇ ਹੋਰ ਕੁਝ ਲਿਖ ਪੜ੍ਹ ਲੈਂਦਾ। ਅਤੇ ਫਿਰ ਨਿਕਲ ਤੁਰਦਾ ਸ਼ਾਂਤੀ ਨਿਕੇਤਨ ਆਸ਼ਰਮ ਵੱਲ। ਵੇਖਦਾ ਤੇ ਘੁੰਮਦਾ ਰਹਿੰਦਾ ਉਨ੍ਹਾਂ ਰੁੱਖਾਂ ਦੀ ਛਾਵੇਂ।

ਟੈਗੋਰ ਦੀ ਕਹਾਣੀ 'ਭੁੱਖੇ ਪੱਥਰ' ਵਾਂਗ ਇਨ੍ਹਾਂ ਰੁੱਖਾਂ ਵਿਚ ਵੀ ਇਕ ਜਾਦੂ ਭਰੀ ਕਸ਼ਿਸ਼ ਹੈ, ਇਕ ਐਸਾ ਨਸ਼ਾ ਹੈ ਜਿਹੜਾ ਲਗਾਤਾਰ ਆਪਣੇ ਵੱਲ ਖਿੱਚਦਾ ਤੇ ਲੀਨ ਕਰ ਲੈਂਦਾ ਹੈ। ਉਸ ਕਹਾਣੀ ਦੇ ਨਾਇਕ ਵਾਂਗ ਮੇਰੇ ਕਦਮ ਵੀ ਅਣਜਾਣਿਆਂ ਹੀ ਇਨ੍ਹਾਂ ਰੁੱਖਾਂ ਵੱਲ ਹੋ ਤੁਰਦੇ। ਰੁਖ-ਬੂਟੇ ਸਾਡੀ ਧਰਤੀ ਦੇ ਹਰ ਹਿੱਸੇ ਉੱਤੇ, ਹਰ ਸ਼ਹਿਰ ਹਰ ਪਿੰਡ ਵਿਚ ਹਨ। ਪਰ ਏਨੀ ਹੀ ਕਸ਼ਿਸ਼ ਹੈ ਸ਼ਾਂਤੀ ਨਿਕੇਤਨ ਦੇ ਇਨ੍ਹਾਂ ਰੁੱਖਾਂ ਵਿਚ, ਇਹ ਮੈਂ ਜਾਣਦਾ ਨਹੀ ਸਾਂ। ਉਸ ਪੱਥਰ ਮਹਿਲ ਵਿਚ ਜਿਵੇਂ ਪਿਆਰ ਭੁੱਖੀਆ ਆਤਮਾਵਾਂ ਉਸ ਦੀ ਸੁੰਵ ਵਿਚ ਸਿਤਾਰ ਦੀ ਮਧੁਰ ਟੁਣਕਾਰ ਤੇ ਪਾਇਲ ਦੀ ਰੁਣ ਝੁਣ ਛਣਕਾਰ ਕਰਕੇ ਮੋਹਗ੍ਰਸਤ ਕਰ ਲੈਂਦੀਆਂ ਸਨ, ਟੈਗੋਰ ਦੇ ਇਸ ਬਗ਼ੀਚੇ ਵਿਚ ਸ਼ਾਇਦ ਉਨ੍ਹਾਂ ਦੇ ਤਪੋਬਨ ਦੀ- ਉਸ ਮਹਿਮਾ ਭਰੇ ਪਰਾਚੀਨ ਰਿਸ਼ੀਆਂ ਵਾਲੇ ਤਪੋਬਨ ਦੀ ਆਤਮਾ ਉਸੇ ਤਰ੍ਹਾਂ ਅਦਿੱਖ ਬਾਹਾਂ ਨਾਲ ਫੜ ਕੇ ਮੈਨੂੰ ਖਿੱਚ ਕੇ ਲੈ ਜਾਂਦੀ। ਘੁੰਮਦਿਆਂ ਘੁੰਮਦਿਆਂ ਅਚਾਨਕ ਕਿਸੇ ਵੇਲੇ ਕਿਸੇ ਇਕ ਰੁੱਖ ਸਾਹਮਣੇ ਖਲੋ ਜਾਂਦਾ- ਜਿਵੇਂ ਗੁਰੂ ਦੇਵ ਸਨ- ਜਿਵੇਂ ਇਕ ਅਵਾਜ਼ ਸੁਣਦਾ-"ਘੁੰਮ ਘੁੰਮ ਕੀ ਵੇਖਣੈ ਬਾਪੂ (ਪੁੱਤ)-ਇਹੋ ਤਾਂ ਸਾਡਾ ਸ਼ਾਂਤੀ ਨਿਕੇਤਨ ਐ ! ਇਹੋ ਹੀ ਸਾਡਾ ਭਾਰਤ ਵਰਸ਼ ਐ। ਇਨ੍ਹਾਂ ਰੁੱਖ ਬੂਟਿਆਂ ਵਿਚ ਹੀ ਅਸਲ ਭਾਰਤ ਵਰਸ਼ ਤੇ ਅਸਲ ਵਿਸ਼ਵ ਭਾਰਤੀ ਨੂੰ ਵੇਖੋਂਗਾ, ਉਨ੍ਹਾਂ ਮਹਿਲਾਂ ਵਿਚ ਨਹੀ।"

ਐਥੇ ਹੀ ਇਨ੍ਹਾਂ ਰੁੱਖਾਂ ਥੱਲੇ ਟਹਿਲਦਿਆਂ ਟਹਿਲਦਿਆਂ ਹੀ ਤਾਂ ਗੁਰੂ ਦੇਵ ਨੇ ਗੀਤਾਂਜਲੀ ਦੀ ਰਚਨਾ ਕੀਤੀ ਸੀ। ਐਹ ਛਾਤਿਮ ਤਲਾ-ਇਨ੍ਹਾਂ ਸਪਤਪਰਨੀ ਦੇ ਰੁੱਖਾਂ ਥੱਲੇ ਹੀ ਤਾਂ ਇਕ ਦਿਨ ਮਹਿਰਿਸ਼ੀ ਦੇਵਂਦ੍ਰ ਨਾਥ ਨੂੰ ਰੱਬੀ ਬਾਣੀ ਹੋਈ ਸੀ। ਇਸੇ ਥਾਂ ਤੇ ਹੀ ਤਾਂ ਉਨ੍ਹਾਂ ਨੇ 'ਤੁਮੀ ਆਮਾਰ ਪ੍ਰਾਣੇਰ ਆਰਾਮ ਮਨੇਰ ਆਨੰਦ ਆਤਮਾਰ ਸ਼ਾਂਤੀ, ਆਖਿਆ ਸੀ। ਅਤੇ ਏਥੇ ਬਹਿਕੇ ਹੀ ਮਹਾਂ ਕਵੀ ਨੇ ਬ੍ਰਮ੍ਹਚਰਜ ਆਸ਼ਰਮ ਦੀ ਸਥਾਪਨਾ ਕੀਤੀ ਸੀ। ਇਨ੍ਹਾ ਰੁੱਖਾਂ ਹੇਠ ਇਕ ਵਿਸ਼ਾਲ ਥੜ੍ਹੇ ਉੱਤੇ ਅੱਜ ਵੀ ਇਕ ਪੱਥਰ ਦਾ ਆਸਣ ਬਣਿਆਂ ਹੋਇਆ ਹੈ। ਵਿਸ਼ਾਲ ਥੜ੍ਹੇ ਨੂੰ ਆਮਲਕੀ (ਔਲਿਆਂ) ਦੇ ਰੁੱਖਾਂ ਨੇ ਘੇ ਰਿਆ ਹੋਇਆ ਹੈ। ਜਾ ਬਹਿੰਦਾ ਥੜ੍ਹੇ ਦੇ ਕਿਸੇ ਸਿਰੇ ਉੱਤੇ। ਦੁਪਹਿਰ ਵਿਚ ਅਡੋਲ ਸ਼ਾਂਤ ਰੁੱਖਾਂ ਦੀ ਛਾਵੇਂ-ਅਵਾਜ਼ ਸੁਣਦੀ ਸਿਰਫ ਪੰਛੀਆਂ ਦੀ ਕਿਲਕਾਰੀ ਦੀ। ਉਸ ਵੇਲੇ ਓਹੋ ਹੀ ਅਨਹਦ ਨਾਦ ਜਾਪਦਾ।

ਫਿਰ ਚਲ ਪੈਂਦਾ 'ਉੱਤਰਾਇਣ' ਵੱਲ।

ਉੱਤਰਾਇਣ ਇਕ ਵਿਸ਼ਾਲ ਸੁੰਦਰ ਇਮਾਰਤ ਹੈ। ਗੁਰੂਦੇਵ ਨੇ ਬਣਵਾਈ ਸੀ ਆਪਣੇ ਨਿਵਾਸ ਲਈ। ਇਮਾਰਤ ਦਾ ਮੂੰਹ ਹੈ ਉੱਤਰ ਦਿਸ਼ਾ ਵੱਲ, ਇਸ ਲਈ ਨਾਮ ਹੈ ਉੱਤਰਾਇਣ। ਉਸ ਦੇ ਨਾਲ ਨਾਲ ਕਈ ਹੋਰ ਛੋਟੀਆਂ ਇਮਾਰਤਾਂ ਹਨ। ਗੁਰੂਦੇਵ

ਦਾ ਸੁਭਾ ਸੀ ਨਦੀ ਵਾਂਗ ਸਦਾ ਚੱਲਣਾ। ਇਕ ਥਾਂ ਟਿਕਣਾ ਉਨ੍ਹਾਂ ਲਈ ਅਸੰਭਵ ਹੁੰਦਾ। ਨਿਤ ਨਵੀਂ ਥਾਂ ਅਤੇ ਨਿਤ ਨਵਾਂ ਮਕਾਨ। ਹਰ ਮਕਾਨ ਨੂੰ ਇਕ ਨਾਮ ਦੇ ਦੇਂਦੇ। ਉੱਤਰਾਇਣ ਦੇ ਨਾਲ ਹੀ ਇਕ ਘਰ ਦਾ ਨਾਮ ਹੈ 'ਕੋਣਾਰਕ।' ਉੜੀਸਾ ਦੇ ਇਤਿਆਸਕ ਮੰਦਿਰ ਕੋਣਾਰਕ ਨਾਲ ਇਸ ਦਾ ਕੋਈ ਸੰਬੰਧ ਨਹੀਂ। ਇਹ ਘਰ ਹੈ ਕੋਨੇ ਵਿਚ, ਸੂਰਜ ਵੀ ਪੈਂਦਾ ਹੈ ਸਾਹਮਣੇ ਕੋਨੇ ਵੱਲੋਂ-ਅਤੇ 'ਅਰਕ' ਮਾਣੇ ਸੂਰਜ, ਮਿਲ ਕੇ ਬਣ ਗਿਆ ਕੋਣਾਰਕ। ਇਸੇ ਤਰ੍ਹਾਂ ਸੂਰਜ ਨਾਲ ਸੰਬੰਧਤ ਹੋਰ ਵੀ ਘਰ ਹਨ-ਉਦਯਨ, ਉਦੀਚੀ। ਇਕ ਘਰ ਕਵੀ ਨੇ ਕੱਚਾ ਮਿੱਟੀ ਦਾ ਬਣਵਾਇਆ ਸੀ, ਉਸ ਦਾ ਨਾਮ ਸ਼ਾਇਦ ਸ਼ਿਆਮਲੀ ਰਖਿਆ ਸੀ ਅਤੇ ਕੁਝ ਚਿਰ ਬਾਅਦ ਉਹਦੇ ਢਹਿ ਜਾਣ ਤੇ ਜਦੋਂ ਉਸ ਨੂੰ ਪੱਕਾ ਬਣਵਾਇਆ ਤਾਂ ਨਾਮ ਦਿੱਤਾ 'ਪੁਨਸ਼ਚ।' ਇਸੇ ਤਰ੍ਹਾਂ ਹੋਰ ਕਈ ਘਰ ਹਨ। ਇਨ੍ਹਾਂ ਨਾਵਾਂ ਤੋਂ ਕਵੀ ਦੀ ਕੁਦਰਤ ਪ੍ਰੀਤੀ ਦਾ ਇਕ ਰੂਪ ਸਾਹਮਣੇ ਆਉਂਦਾ ਹੈ।

ਇਨ੍ਹਾਂ ਘਰਾਂ ਦੇ ਵਿਚਕਾਰ ਹੈ ਇਕ ਵਿਸ਼ਾਲ ਦਾਲਾਣ। ਲਾਲ ਕੰਕਰੀਟ ਨਾਲ ਢੱਕਿਆ ਹੋਇਆ। ਘਰਾਂ ਦੇ ਮੂਹਰੇ ਹਨ ਬਗ਼ੀਚੇ। ਸੁੰਦਰ ਰੰਗ ਸੁਰੰਗੇ ਫੁਲ। ਏਨੇ ਫੁਲ, ਏਨੇ ਰੰਗਾਂ ਦੇ ਕਿ ਵਿਭੂਤੀ ਭੂਸ਼ਣ ਬੰਦੋਪਾਧਿਆਏ ਦੀ ਆਰਣਯਕ (ਬਨਵਾਸੀ) ਪੁਸਤਕ ਦੇ ਕਈ ਕਾਂਡ ਅੱਖਾਂ ਅੱਗੇ ਘੁੰਮਣ ਲੱਗ ਜਾਂਦੇ ਹਨ, ਸਭ ਤੋਂ ਬਹੁਤੇ ਅਤੇ ਅਤਿ ਖ਼ੂਬਸੂਰਤ ਰੰਗਾਂ ਦੇ ਫੁੱਲਾਂ ਦੇ ਗਮਲੇ ਹਨ ਉੱਤਰਾਇਣ ਦੀਆਂ ਪੌੜੀਆਂ ਦੇ ਦੋਹੀਂ ਪਾਸੀਂ। ਇਨ੍ਹਾਂ ਫੁੱਲਾਂ ਵੱਲ ਮੈਨੂੰ ਮੋਹ ਭਰੀ ਨਜ਼ਰ ਨਾਲ ਤੱਕਦਿਆਂ ਵੇਖ ਕੇ ਇਕ ਬੰਗਾਲੀ 'ਭੱਦਰ ਲੋਕ' ਨੇ ਪੁੱਛਿਆ ਸੀ, "ਸ਼ੋਂਟਦਾਰ ਜੀ, ਕੀ ਦੇਖਛੇਨ?"

ਕਿਹਾ, "ਵੇਖਦਾ ਹਾਂ, ਤੁਹਾਡੇ ਫੁਲ ਕਿੰਨੇ ਖ਼ੂਬਸੂਰਤ ਨੇ।"

"ਕਿੰਤੂ ਸਬ ਗੰਧਹੀਨ !"

"ਜਿਵੇਂ ਵਿਸ਼ਵ ਭਾਰਤੀ ਪ੍ਰਾਣ ਹੀਨ !"

"ਨਾ ਨਾ ਏਈ ਕੋਥਾ ਮੁਖੇ ਆਨਬੇਣ ਨਾ। ਆਮਾਰ ਚਾਕਰੀ ਜਾਬੇ।"

"ਕਿਉਂ, ਨੌਕਰੀ ਕਿਉਂ ਜਾਏਗੀ? ਗੱਲ ਮੈਂ ਕਰਾਂਗਾ ਤੇ ਨੌਕਰੀ ਤੁਹਾਡੀ ਜਾਏਗੀ ! ਇਹ ਕੀ?"

"ਨਾ ਸ਼ੋਰਦਾਰ ਜੀ, ਆਪੁਣੀ ਬੂਝਬੇਨ ਨਾ।"

"ਮੈਂ ਖ਼ੂਬ ਸਮਝਦਾ ਹਾਂ ਮੋਸ਼ਾਏ। ਏਥੇ ਆਣ ਕੇ ਹੀ ਤਾਂ ਠੀਕ ਤਰ੍ਹਾਂ ਸਮਝਿਆ ਹਾਂ ਕਿ ਭਾਰਤ ਸਰਕਾਰ ਦੀ ਸਾਲਾਨਾ ਲੱਖਾਂ ਰੁਪਇਆਂ ਦੀ ਮਦਦ ਨੇ ਕਿਵੇਂ ਇਸ ਸੱਭਿਆਚਾਰਕ ਸੰਸਥਾ ਨੂੰ ਪ੍ਰਾਣਵਾਨ ਰੱਖਣ ਦੀ ਥਾਂ ਮਸ਼ੀਨੀ ਸੰਸਥਾ ਬਣਾ ਦਿੱਤਾ ਏ। ਅੱਛਾ, ਗੁਰੂਦੇਵ ਦੇ ਵੇਲੇ ਵੀ ਇਸੇ ਤਰ੍ਹਾਂ ਦੇ ਸੁਗੰਧੀ ਹੀਨ ਫੁਲ ਹੁੰਦੇ ਸਨ ਕਿ ਸੁਗੰਧ ਵਾਲੇ?"

"ਉਹ ਬਹੁਤੇ ਦੇਸੀ ਫੁਲਾਂ ਨੂੰ ਪਸੰਦ ਕਰਦੇ ਸਨ- ਖ਼ੁਸ਼ਬੂ ਵਾਲੇ ਫੁਲਾਂ ਨੂੰ। ਹੁਣ ਵੀ ਹੈ ਨੇ ਪਿਛਲੇ ਬੰਨੇ। ਆਪਣੇ ਮੌਸਮ ਨਾਲ ਖਿੜਨਗੇ।"

ਮੁੜ ਪਿਆ ਲਾਇਬ੍ਰੇਰੀ ਵੱਲ। ਲਾਇਬ੍ਰੇਰੀ-ਜਿਸ ਵਿਚ ਦੁਨੀਆਂ ਭਰ ਦੀਆਂ ਵਡੀਆਂ

ਵਡੀਆਂ ਜ਼ਬਾਨਾ ਦੀਆਂ ਕੋਈ ਡੇੜ੍ਹ ਲੱਖ ਕਿਤਾਬਾਂ ਹਨ। ਪੰਜਾਬੀ ਜ਼ਬਾਨ ਦੀਆਂ ਵੀ ਚੋਖੀਆਂ ਕਿਤਾਬਾਂ ਹਨ ਪਰ ਸਾਰੀਆਂ ਸਿੱਖ ਧਰਮ ਬਾਰੇ। ਸ਼ਾਇਦ ਗੁਰੂਦੇਵ ਦੇ ਪੰਜਾਬ-ਦੌਰੇ ਵੇਲੇ ਉਨ੍ਹਾਂ ਨੂੰ ਭੇਟਾ ਵਜੋਂ ਮਿਲੀਆਂ ਹੋਈਆਂ। ਇਕ ਦਿਨ 'ਉੜੀਆ ਸਾਹਿਤ ਪਰਿਸ਼ਦ ਵੱਲੋਂ 'ਪੰਜਾਬੀ ਸਾਹਿਤ ਦੇ ਵਿਕਾਸ' ਬਾਰੇ ਕੁਝ ਬੋਲਣ ਲਈ ਮਿਲੇ ਸੱਦੇ ਉੱਤੇ ਇਸ ਵਿਸ਼ੈ ਬਾਰੇ ਕਿਸੇ ਕਿਤਾਬ ਦੀ ਮੱਦਦ ਮਿਲ ਜਾਣ ਦੇ ਖ਼ਿਆਲ ਨਾਲ ਲਾਇਬ੍ਰੇਰੀ ਦੇ ਪੰਜਾਬੀ ਸੈਕਸ਼ਨ ਦੀਆਂ ਸਾਰੀਆਂ ਕਿਤਾਬਾਂ ਵੇਖ ਆਇਆ ਸਾਂ, ਪਰ ਪੰਜਾਬੀ ਸਾਹਿਤ ਦੀ ਇਕ ਵੀ ਕਿਤਾਬ ਨਹੀਂ ਸੀ ਲੱਭੀ। ਹਾਂ ਇਕ ਅੱਧੀ ਕੁ ਧਾਰਮਕ ਕਿਤਾਬ ਜ਼ਰੂਰ ਹੈ ਸੀ, ਉਹ ਸੀ ਕਦੀ 'ਅੰਮ੍ਰਿਤ ਕੌਰ' ਨਾਂ ਨਾਲ ਲਿਖਦੀ ਅੱਜ ਦੀ 'ਅੰਮ੍ਰਿਤਾ ਪ੍ਰੀਤਮ' ਦੀ 'ਅੰਮ੍ਰਿਤ ਲਹਿਰਾਂ'! ਅੰਮ੍ਰਿਤ ਕੌਰ ਦੇ ਆਪਣੇ ਹੱਥੀਂ ਲਾਹੌਰ ਆਏ ਕਵੀ ਟੈਗੋਰ ਨੂੰ ਭੇਟਾ ਕੀਤੀ ਹੋਈ।

ਇਸ ਲਾਇਬ੍ਰੇਰੀ ਦੇ ਪਹਿਲੇ ਲਾਇਬ੍ਰੇਰੀਅਨ ਸਨ ਪ੍ਰਭਾਤ ਕੁਮਾਰ ਮੁਖੋਪਾਧਿਆਏ। ਸ਼ਾਂਤੀ ਨਿਕੇਤਨ ਦੇ ਪੁਰਾਣੇ ਲੋਕਾਂ ਵਿਚੋਂ ਇਕ ! ਅੱਜ ਵੀ ਉਹ ਸ਼ਾਂਤੀ ਨਿਕੇਤਨ ਵਿਚ ਹਨ। ਗਿਆਨੀ ਤੇ ਰਸਿਕ ਮਨੁੱਖ। ਲੰਮੀ ਚਿੱਟੀ ਦਾਹੜੀ ਤੇ ਪ੍ਰਭਾਵ ਭਰੇ ਚੇਹਰੇ ਵਾਲੇ ਸ਼ਾਂਤੀ ਨਿਕੇਤਨ ਵਿਚ ਇੱਕੋ ਇਕ ਰਹਿ ਗਏ ਬੰਗਾਲੀ। ਇਹ ਲਾਇਬ੍ਰੇਰੀ ਉਨ੍ਹਾਂ ਦੀ ਇਕ ਕੀਰਤੀ ਹੈ। ਡਿਗਰੀਆਂ ਵੱਲੋਂ ਉਹ ਅੰਡਰਮੈਟਰਿਕ ਹਨ, ਪਰ ਕੰਮ ਵੱਲੋਂ ? ਉਨ੍ਹਾਂ ਨੇ ਕਈ ਕਿਤਾਬਾਂ ਲਿਖੀਆਂ ਹਨ। ਜਿਨ੍ਹਾਂ ਵਿਚ ਇਕ ਹੈ 'ਭਾਰਤ ਪਰੀਚੈ।' ਭਾਰਤ ਵਰਸ਼ ਦੇ ਧਰਮਾ, ਜਾਤੀਆਂ, ਵਣਜ, ਰੀਤੀਰਿਵਾਜਾਂ ਤੇ ਹੋਰ ਹਰ ਤਰ੍ਹਾਂ ਦੀ ਜਾਣਕਾਰੀ ਨਾਲ ਭਰਪੂਰ। ਇਕ ਕਿਤਾਬ ਹੈ 'ਗਿਆਨ ਭਾਰਤੀ'-ਭਾਰਤ ਵਰਸ਼ ਦਾ ਇਨਸਾਈਕਲੋਪੀਡੀਆ। ਮੈਨੂੰ ਮਿਲਦਿਆਂ ਹੀ ਪੁੱਛਿਆ ਸੀ, "ਤੁਸੀ ਕਿਥੋਂ ਦੇ ਓ?" ਮੈਂ ਕਿਹਾ, "ਲਾਇਲਪੁਰ", ਤੇ ਲਾਇਲਪੁਰ ਦਾ ਸਾਰਾ ਇਤਿਹਾਸ, ਅਬਾਦੀ ਆਦਿ ਪੜ੍ਹ ਕੇ ਸੁਣਾ ਦਿੱਤੀ। "ਹੋਰ ਕਿਸੇ ਸ਼ਹਿਰ ਦਾ ਨਾਂ ਲਓ?" ਹਿੰਦੁਸਤਾਨ ਦੇ ਹਰ ਸ਼ਹਿਰ ਦਾ ਹੀ ਸੰਖੇਪ ਜਿਹਾ ਇਤਿਹਾਸ ਤੇ ਹੋਰ ਜ਼ਰੂਰੀ ਗੱਲਾਂ ਦਾ ਜ਼ਿਕਰ ਮਿਲਦਾ ਸੀ। ਇਕ ਕਿਤਾਬ ਹੈ- 'ਰਵੀਂਦ੍ਰ ਜੀਵਨੀ।' ਚਾਰ ਮੋਟੀਆਂ ਮੋਟੀਆਂ ਜਿਲਦਾਂ ਵਿਚ-ਟੈਗੋਰ ਦੇ ਜੀਵਨ ਦੀ ਨਿੱਕੀ ਤੋਂ ਨਿੱਕੀ ਘਟਨਾ ਦਾ ਅਧਿਯਯਨ ਕੇਂਦਰ ਹੈ ਇਹ ਪੁਸਤਕ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਪੁਸਤਕਾਂ ਦੇ ਲੇਖਕ ਹਨ ਪ੍ਰਭਾਤ ਬਾਬੂ। ਸ਼ਾਂਤੀ ਨਿਕੇਤਨ ਵਿਚ ਪਰੋਫੈਸਰ੍ਹ ਰਹੇ ਹਨ। ਮੇਰੇ ਪੁੱਛਣ ਤੇ ਕਿ ਤੁਸੀਂ ਤਾਂ ਮੈਟ੍ਰਿਕ ਪਾਸ ਵੀ ਨਹੀਂ, ਫਿਰ ਵੀ ਰਵੀਂਦ੍ਰ ਨਾਥ ਨੇ ਤੁਹਾਨੂੰ ਏਡੀਆਂ ਵਡੀਆਂ ਜ਼ਿੰਮੇਵਾਰੀਆਂ ਵਾਲੇ ਕੰਮਾਂ ਉੱਤੇ ਲਾਇਆ ਸੀ, ਕੀ ਅੱਜ ਕੱਲ ਵੀ ਜੇ ਤੁਸੀ ਚਾਹੋ ਤਾਂ ਤੁਹਾਨੂੰ ਵਿਸ਼ਵ ਭਾਰਤੀ ਵਿਚ ਪਰੋਫ਼ੈਸਰ ਦੀ ਜਗਾਹ ਮਿਲ ਸੱਕਦੀ ਏ?"

"ਨਹੀਂ।" ਉਨ੍ਹਾਂ ਨੇ ਕਿਹਾ। "ਉਹ ਜੁਗ ਹੀ ਬਦਲ ਗਿਆ ਏ। ਅੱਜ ਡਿਗਰੀ ਪਰਧਾਨ ਏ ਤੇ ਗਿਆਨ ਪਿੱਛੇ। ਰਵੀਂਦ੍ਰ ਨਾਥ ਨੇ ਕਿਹੜੀ ਡਿਗਰੀ ਲਈ ਸੀ? ਤੇ ਉਨ੍ਹਾਂ ਨੇ ਕਿਧਰੇ ਇਹ ਬ੍ਰਮ੍ਹਚਰਜ ਵਿੱਦਿਆਲਾ ਅਤੇ ਵਿਸ਼ਵ ਭਾਰਤੀ ਡਿਗਰੀ ਧਾਰੀਆਂ ਲਈ ਜਾਂ ਡਿਗਰੀਆਂ ਦੇ ਚਾਹਵਾਨਾ ਲਈ ਚਲਾਈ ਸੀ? ਉਨ੍ਹਾਂ ਨੇ ਤਾਂ ਇਹ ਗਿਆਨ ਤੇ ਕਲਾ

ਦਾ ਇਕ ਕੇਂਦਰ ਬਣਾਇਆ ਸੀ ਜਿਸ ਵਿਚੋਂ ਭਾਰਤ ਵਰਸ਼ ਦੀ ਸੰਸਕ੍ਰਿਤੀ ਦਾ ਰੂਪ ਵੇਖਿਆ ਜਾ ਸੱਕੇ। ਬੇਸ਼ੱਕ ਬੱਚਿਆਂ ਦਾ ਇਮਤਿਹਾਨ ਕਿਸੇ ਮਨਜ਼ੂਰਸ਼ੁਦਾ ਸਕੂਲ ਵਿਚੋਂ ਦਿਲਵਾ ਦਿੱਤਾ ਜਾਂਦਾ ਸੀ ਪਰ ਉਨ੍ਹਾਂ ਦਾ ਉਦੇਸ਼ ਇਹ ਨਹੀ ਸੀ।"

"ਤੁਸੀ ਅੱਜ ਕਲ ਦੇ ਸ਼ਾਂਤੀ ਨਿਕੇਤਨ ਤੇ ਵਿਸ਼ਵ ਭਾਰਤੀ ਵਿਚ ਚਲ ਰਹੇ ਸਾਰੇ ਸਿਲਸਿਲੇ ਨੂੰ ਕਿਵੇਂ ਵੇਖਦੇ ਓ?"

"ਮੈਂ ਇਸ ਨੂੰ ਹੋਰ ਤਰ੍ਹਾਂ ਵੇਖਣਾ ਚਾਹੁੰਦਾ ਹਾਂ। ਅਤੇ ਮੈਂ ਅੱਜ ਕਲ ਸ਼ਾਂਤੀ ਨਿਕੇਤਨ ਉੱਤੇ ਇਕ ਪੁਸਤਕ ਵੀ ਲਿਖ ਰਿਹਾ ਹਾਂ, ਜਿਸ ਵਿਚ ਆਪਣੀ ਗੱਲ ਸਪਸ਼ਟ ਕਰਾਂਗਾ। ਫਿਰ ਵੀ ਮੈਂ ਆਖਣਾ ਚਾਹੁੰਦਾ ਹਾਂ ਕਿ ਜੇ ਮੇਰੇ ਹੱਥ ਤਾਕਤ ਹੋਵੇ ਤਾਂ ਮੈਂ ਭਾਰਤ ਦੀਆਂ ਸਾਰੀਆਂ (ਚੋਂਦਾਂ) ਭਾਸ਼ਾਵਾਂ ਦੇ ਚੋਦਾਂ ਵਿੱਦਿਆਰਥੀਆਂ ਨੂੰ ਵਿਸ਼ਵ ਭਾਰਤੀ ਵੱਲੋਂ ਵਜ਼ੀਫੇ ਦੇ ਕੇ ਚੌਦਾਂ ਭਾਸ਼ਾਵਾਂ ਪੜ੍ਹਨ, ਮਿਲ ਕੇ ਬਹਿਣ, ਤੇ ਆਦਾਨ ਪ੍ਰਦਾਨ ਕਰਨ ਦਾ ਸਿਲਸਿਲਾ ਵੀ ਚਾਲੂ ਕਰ ਦਿਆਂ। ਇਸ ਨਾਲ ਜਾਣਦੇ ਓ ਕੀ ਹੋਵੇਗਾ? ਚਾਰ ਪੰਜ ਸਾਲਾਂ ਵਿਚ ਹੀ ਹਿੰਦੁਸਤਾਨ ਦੇ ਹਰ ਸੂਬੇ ਵਿਚ ਹਰੇਕ ਸੂਬੇ ਦੇ ਸਾਹਿਤ ਤੇ ਸੱਭਿਆਚਾਰ ਨੂੰ ਜਾਣਨ ਦਾ ਰਾਹ ਖੁਲ੍ਹ ਜਾਇਗਾ, ਇਸ ਤਰ੍ਹਾਂ ਇਹ ਵਿਸ਼ਵ ਭਾਰਤੀ ਗਿਆਨ ਭਾਰਤੀ ਵੀ ਬਣ ਸੱਕੇਗੀ। ਪਰ ਕੌਣ ਸੋਚਦਾ ਏ ਅਜ ਕਲ ਇਨ੍ਹਾਂ ਗੱਲਾਂ ਨੂੰ। ਸਰਕਾਰੀ ਯੂਨੀਵਰਸਿਟੀ ਬਣ ਗਈ ਏ। ਚੱਲ ਰਿਹਾ ਏ ਕਿਸੇ ਤਰ੍ਹਾਂ।"

ਹਾਂ, ਤੇ ਇਹ ਲਾਇਬਰੇਰੀ ਉਨ੍ਹਾਂ ਦੀ ਹੀ ਰਚਨਾ ਹੈ। ਅੱਜ ਕਲ ਇਸ ਦੇ ਲਾਇਰੇਰੀਅਨ ਇਕ ਨੌਜਵਾਨ ਵਲੈਤੋਂ ਮੁੜੇ ਬੰਗਾਲੀ ਬਾਬੂ ਹਨ ਤੇ ਉਹ ਸਾਰੀ ਲਾਇਬਰੇਰੀ ਨੂੰ ਨਵੀਂ ਤਰਤੀਬ ਦੇ ਰਹੇ ਹਨ। ਕੁਝ ਚਿਰ ਬਾਅਦ ਲਾਇਬਰੇਰੀ ਲਈ ਬਿਲਡਿੰਗ ਵੀ ਨਵੀ ਤਿਆਰ ਹੋ ਜਾਏਗੀ, ਕਿਉਂਕਿ ਇਸ ਬਿਲਡਿੰਗ ਵਿਚ ਹੁਣ ਕਿਤਾਬਾਂ ਨਹੀ ਸਮਾਉਂਦੀਆਂ। ਲਾਇਬਰੇਰੀ ਦੇ ਬਰਾਂਡੇ ਦੀਆਂ ਦੀਵਾਰਾਂ ਨੂੰ ਚਿਤਰਿਆ ਹੈ ਨੰਦ ਲਾਲ ਬਸੂ ਤੇ ਉਨ੍ਹਾਂ ਦੇ ਸ਼ਾਗਿਰਦਾਂ ਨੇ। ਦੋ ਰੀਡਿੰਗ ਰੂਮ ਹਨ– ਇਕ ਪਿਛਲੇ ਬੰਨੇ ਤੇ ਇਕ ਉਪਰ। ਉਪਰਲੇ ਬਰਾਂਡੇ ਦੀਆਂ ਕੰਧਾਂ ਉੱਤੇ ਵੀ ਉਹੋ ਚਿਤਰਕਾਰੀ ਹੈ। ਇਕ ਕਮਰੇ ਵਿਚ ਕਰੀਬ ਤਿੰਨ ਸੌ ਸਾਲ ਪਹਿਲਾਂ ਤੱਕ ਦੇ ਹੱਥ ਲਿਖੇ ਖਰੜੇ ਹਨ, ਕੁਲ ਖਰੜੇ ਹਨ ਕਰੀਬ ਤਿੰਨ ਹਜ਼ਾਰ। ਤਾੜ ਦੇ ਪੱਤਿਆਂ ਅਤੇ ਤੂਲਟ ਨਾਮ ਦੇ ਪੁਰਾਣੇ ਜ਼ਮਾਨੇ ਦੇ ਕਾਗ਼ਜ਼ ਉੱਤੇ ਲਿਖੀਆਂ ਲਿਖਤਾਂ ਵੀ ਓਥੇ ਸੰਭਾਲੀਆਂ ਹੋਈਆਂ ਹਨ। ਹੌਲੀ ਹੌਲੀ ਇਨ੍ਹਾਂ ਲਿਖਤਾਂ ਨੂੰ ਪੜ੍ਹਿਆ ਤੇ ਸੰਪਾਦਿਤ ਕੀਤਾ ਜਾ ਰਿਹਾ ਹੈ।

ਕਲਾ ਭਵਨ ਤੇ ਨੰਦ ਲਾਲ ਬੋਸ

ਸ਼ਾਲ ਬੀਥੀ ਚੋਂ ਲੰਘਦਾ ਲੰਘਦਾ ਪਹੁੰਚ ਗਿਆ ਇਕ ਖੁਲ੍ਹੇ ਮੈਦਾਨ ਵਿਚ। ਓਹੋ ਰੁੱਖਾਂ ਵਾਲਾ ਚੁਗਿਰਦਾ। ਮੈਦਾਨ ਦੇ ਸਾਹਮਣੇ ਖਲੋਤੀ ਹੈ ਇਕ ਇਮਾਰਤ। ਮੱਥੇ ਉੱਤੇ ਬੰਗਲਾ ਅੱਖਰਾਂ ਵਿਚ ਲਿਖਿਆ ਹੈ 'ਨੰਦਨ'। ਨੰਦਨ ਸ਼ਾਇਦ ਇਸ ਨੂੰ ਇਸ ਲਈ-ਵੀ ਆਖਦੇ ਹੋਣ ਕਿ ਇਸ ਦੀ ਰਚਨਾ ਵਿਚ ਨੰਦ ਲਾਲ ਬਸੂ ਦਾ ਹੱਥ ਸੱਭ ਤੋਂ ਵੱਧ

ਉਘੜਵਾਂ ਦਿੱਸਦਾ ਹੈ, ਅਤੇ ਇਸ ਇਮਾਰਤ ਦੀ ਅੰਦਰਲੀ ਖ਼ੂਬਸੂਰਤੀ ਤੇ ਬਾਹਰਲੇ ਬਗ਼ੀਚੇ ਨੂੰ ਵੇਖ ਕੇ ਇੰਦਰ ਦੇਵ ਦੇ 'ਨੰਦਨ ਬਨ' ਦਾ ਖ਼ਿਆਲ ਵੀ ਆ ਸਕਦਾ ਹੈ। ਇੰਦਰ ਦੇਵ ਦੇ ਰਾਜ ਵਿਚ ਹੈ ਰੂਪ ਤੇ ਕਲਾ ਦੀ ਮਹਿਮਾ, ਅਤੇ ਇਸ ਨੰਦ ਲਾਲ ਨੂੰ ਕਿਹਾ ਜਾਂਦਾ ਹੈ 'ਰੂਪ ਪਤੀ', ਇਸ ਦਾ ਨੰਦਨ ਹੈ ਰੂਪ ਤੇ ਕਲਾ ਦਾ ਉਮ੍ਹਲਦਾ ਸੋਮਾ।

ਬਰਾਂਡਾ ਲੰਘ ਕੇ ਪਹਿਲੇ ਕਮਰੇ ਵਿਚ ਮਿਲਣਗੀਆਂ ਕਿਤਾਬਾਂ—ਕਿਤਾਬਾਂ— ਅਨੇਕਾਂ ਜ਼ਬਾਨਾਂ ਵਿਚ, ਵਡੀਆਂ ਵਡੀਆਂ ਛੋਟੀਆਂ ਛੋਟੀਆਂ, ਜਿਨ੍ਹਾਂ ਵਿਚ ਸਿਰਫ਼ ਕਲਾ ਦੀ, ਹੁਨਰ ਦੀ ਚਰਚਾ ਹੈ। ਉਸ ਤੋਂ ਅਗਲੇ ਕਮਰੇ ਵਿਚ ਦੋਹੀਂ ਪਾਸੀ ਕੰਧਾਂ ਨਾਲ ਲੱਗੇ ਚਿਤ੍ਰ ਮਿਲਣਗੇ, ਕਦੀ ਨੰਦ ਲਾਲ ਬਸੂ ਦੇ, ਕਦੀ ਅਵਨੀਂਦ੍ਰ ਨਾਥ ਠਾਕੁਰ ਦੇ, ਕਦੀ ਪੁਰਾਣੇ ਮੁਗ਼ਲ ਰਾਜਪੂਤ ਕਾਂਗੜਾ ਸ਼ੈਲੀ ਦੇ ਬੇਨਾਵੇਂ ਚਿਤ੍ਰਕਾਰਾਂ ਦੇ ਤੇ ਕਦੀ ਸ਼ਾਂਤੀ ਨਿਕੇਤਨ ਦੇ ਇਸ ਕਲਾ ਭਵਨ ਦੇ ਪੁਰਾਣੇ ਨਵੇਂ ਵਿੱਦਿਆਰਥੀਆਂ ਹੱਥੀਂ ਬਣੇ ਹੋਏ। ਇਨ੍ਹਾਂ ਦੋਹਾਂ ਕੰਧਾਂ ਵਿਚ ਦੋ ਦਰਵਾਜ਼ੇ ਹਨ— ਸੱਜੇ ਤੇ ਖੱਬੇ। ਉਨ੍ਹਾਂ ਤੋਂ ਪਾਰ ਹਨ ਦੋ ਵੱਡੇ ਕਮਰੇ।

ਕਿਸੇ ਸੁੰਦਰ ਦੀ ਕੋਮਲ ਛੋਹ ਨਾਲ ਛਿੜੀ ਨਸ ਨਸ ਵਿਚ ਝਰਨਾਹਟ ਦਾ ਅਨੁਭਵ ਅਤੇ ਮਧੁਰ ਗਲੇ ਚੋਂ ਨਿਕਲੀ ਸੰਗੀਤ ਲਹਿਰੀ ਦੇ ਕੰਨਾਂ ਵਿਚ ਪਹੁੰਚਦਿਆਂ ਹੀ ਅੰਗ ਅੰਗ ਵਿਚ ਇਕ ਥਿਰਕਨ ਦਾ ਅਨੁਭਵ ਕਰੀਬ ਕਰੀਬ ਹਰ ਕਿਸੇ ਦੇ ਜੀਵਨ ਵਿਚ ਹੀ ਥੋੜ੍ਹੀ ਬਹੁਤ ਮਿਕਦਾਰ ਵਿਚ ਆਉਂਦਾ ਹੈ। ਇਕ ਛੰਦ, ਇਕ ਲੈ, ਇਕ ਤਾਲ ਦੀ ਗਤੀ ਚੋਂ ਜਿਵੇਂ ਅਨੰਦ ਦਾ ਅਹਿਸਾਸ ਜਨਮਦਾ ਹੈ, ਓਹੋ ਝਰਨਾਹਟ, ਉਹੋ ਅਨੰਦ ਦਾ ਅਹਿਸਾਸ ਹੁੰਦਾ ਹੈ ਇਸ ਨੰਦਨ ਵਿਚ ਆਣ ਕੇ। ਸਰਵਨ, ਸਪਰਸ਼ਨ ਤੇ ਦਰਸ਼ਨ-- ਇਨ੍ਹਾਂ ਤਿੰਨਾਂ ਨਾਲ ਹੀ ਮਨੁੱਖ ਅਨੰਦ ਧਾਰਾ ਨੂੰ ਆਪਣੇ ਅੰਗ ਅੰਗ, ਨਸ ਨਸ ਵਿਚ ਦੌੜਦਿਆਂ ਮਹਿਸੂਸ ਕਰਦਾ ਹੈ।

ਅਤੇ ਕਲਾ ਭਵਨ ਦੇ ਇਨ੍ਹਾਂ ਕਮਰਿਆਂ ਦੀ ਛੋਹ ਲੱਗਣ ਦੇ ਨਾਲ ਨਾਲ ਸਾਹਮਣੇ ਕੰਧਾਂ ਵੱਲ ਤੱਕਦਿਆਂ ਹੀ ਇਕ ਝਰਨਾਹਟ ਜਿਹੀ ਮਹਿਸੂਸ ਕਰਨ ਤੋਂ ਬਿਨਾ ਮਨੁੱਖ ਰਹਿ ਨਹੀਂ ਸਕਦਾ ਜੇ ਉਸ ਦੀ ਰਸ ਬਿਰਤੀ ਮਰ ਹੀ ਨਾ ਚੁੱਕੀ ਹੋਵੇ ਤਾਂ। ਇਸ ਕਮਰੇ ਵਿਚ ਆਉਣ ਤੇ ਜੋ ਚੀਜ਼ ਸਭ ਤੋਂ ਪਹਿਲਾਂ ਨਜ਼ਰ ਆਉਂਦੀ ਹੈ ਉਹ ਹੈ ਮਨੁੱਖ ਦੀ ਸੁੰਦਰ ਸਿਰਜਨਾ। ਰੰਗਾਂ ਦੇ ਛੰਦ ਨਾਲ, ਤਾਲ ਨਾਲ ਲਹਿਰਦੀ ਰੂਪ ਦੀ ਅਨੰਤ ਰਾਗਣੀ। ਮਨੁੱਖ ਆਦਿ ਤੋਂ ਰਾਗ ਤੇ ਰੂਪ ਦੀ ਰਚਨਾ ਕਰਦਾ ਆਇਆ ਹੈ ਅਤੇ ਜੁਗਾਂ ਜੁਗਾਂਤਰਾਂ ਦੀ ਉਸ ਦੀ ਇਹ ਰਚਨਾ ਸਮੇਂ ਦੇ ਤੂਫ਼ਾਨਾ ਸਕਦਾ ਧਰਤੀ ਨਾਲ ਮਿਲ ਜਾਂਦੀ ਰਹੀ ਹੈ। ਪਰ ਮਨੁੱਖ ਦੀ ਸਭ ਤੋਂ ਵਡੀ ਸਿੱਕ ਹੈ ਜਿਊਣ ਦੀ ਅਤੇ ਇਸ ਜਿਊਣ ਦੇ ਨਾਲ ਨਾਲ ਆਪਣੇ ਜੀਵਨ ਦੇ ਅਨੰਦ ਨੂੰ ਅਖੁੱਟ ਰੱਖਣ ਦੀ। ਪਰ ਇਹ ਅਨੰਦ ਉਸ ਨੂੰ ਤਾਂ ਹੀ ਮਿਲ ਸਕਦਾ ਹੈ ਜੇ ਇਸ ਨੂੰ ਦੂਸਰਿਆਂ ਵਿਚੋਂ ਮਹਿਸੂਸ ਕਰੇ। ਆਪਣੀ ਕੀਰਤੀ ਤੋਂ ਦੂਸਰਿਆਂ ਨੂੰ ਖੁਸ਼ ਹੁੰਦਿਆਂ ਵੇਖ ਕੇ ਹੀ ਮਨੁੱਖ ਅਸਲ ਖੁਸ਼ੀ, ਅਸਲ ਸੁਵਾਦ ਅਨੁਭਵ ਕਰ ਸਕਦਾ ਤੇ ਆਪਣੀ ਕਿਰਤ ਨੂੰ ਸਫਲ ਸਮਝ ਸਕਦਾ ਹੈ।

ਨੰਦ ਲਾਲ ਨੇ ਲਿਖਿਆ ਹੈ– "ਅਨੰਦ ਕਲਾਕਾਰ ਦੇ ਹਿਰਦੇ ਵਿਚ ਪਹਿਲਾਂ ਪੁੰਗਰਦਾ ਹੈ, ਹੌਲੀ ਹੌਲੀ ਵਧਦਾ ਤੇ ਖਿੜਦਾ ਹੈ। ਬਾਅਦ ਵਿਚ ਉਹੋ ਅਨੰਦ ਕਲਾ-ਕਿਰਤ ਦੇ ਰੂਪ ਵਿਚ ਪ੍ਰਕਾਸ਼ਤ ਹੁੰਦਾ ਹੈ, ਇਕ ਹਿਰਦੇ ਵਿਚੋਂ ਦੂਸਰੇ ਹਿਰਦੇ ਵਿਚ ਸੰਚਾਰਿਤ ਹੁੰਦਾ ਹੈ। ਅਰਥਾਤ ਇਕ ਦੀਪਕ ਲਾਟ ਤੋਂ ਜਿਵੇਂ ਦੂਸਰਾ ਦੀਪ ਜਗਦਾ ਹੈ, ਰਚਨਾਕਾਰ ਦਾ ਅਨੰਦ ਠੀਕ ਉਸੇ ਤਰ੍ਹਾਂ ਹੀ ਵੇਖਣ ਵਾਲੇ ਮਨ ਵਿਚ ਪਹੁੰਚਦਾ ਹੈ। ਇਸ ਤਰ੍ਹਾਂ ਦੀ ਕਲਾ ਕਿਰਤ ਦਰਸ਼ਕ ਦੇ ਹਿਰਦੇ ਵਿਚ ਇਕ ਤਰ੍ਹਾਂ ਦੇ ਅਨੰਦ ਦੀ ਪ੍ਰੇਰਨਾ ਲਿਆਉਂਦੀ ਹੈ। ਉਹ ਅਨੰਦ ਦਰਸ਼ਕ ਦੇ ਹਿਰਦੇ ਵਿਚ ਪੁੰਗਰਨ ਤੇ ਧਿਆਨ ਧਰਨ ਨਾਲ ਕਲਾ ਕਿਰਤ ਵਿਚ ਪ੍ਰਕਾਸ਼ਤ ਹੋਣਾ ਚਾਹੁੰਦਾ ਹੈ। ਇਸ ਤਰ੍ਹਾਂ ਇਕ ਹਿਰਦੇ ਤੋਂ ਦੂਸਰੇ ਹਿਰਦੇ ਵਿਚ ਸੰਚਾਰਿਤ ਹੋ ਕੇ ਉਹ ਆਪ ਅਮਰ ਹੋ ਜਾਂਦਾ ਹੈ। ਸ੍ਰੇਸ਼ਠ ਹੁਨਰ ਦੇ ਦਰਸ਼ਨ ਵਿਚ ਸਦੀਵੀ ਅਨੰਦ ਦੀ ਲਭਤ ਹੋਣ ਕਰਕੇ ਹੀ ਉਹ ਅਮਰ ਹੈ।"

ਸੋ ਇਸੇ ਅਮਰ ਅਖੁੱਟ ਅਨੰਦ ਦੀ ਚਾਹ ਸਦਕਾ ਹੀ ਇਕ ਦਿਨ ਮਨੁੱਖ ਨੇ ਗੁਫ਼ਾਵਾਂ ਦੀਆਂ ਦੀਵਾਰਾਂ ਉੱਤੇ ਆਪਣੇ ਅਨੰਦ ਦੀਆਂ ਰੇਖਾਵਾਂ ਚਿਤਰ ਦਿੱਤੀਆਂ ਸਨ।

ਪਰ ਕਈ ਸਦੀਆਂ ਦੀ ਉਥਲ ਪੁਥਲ ਨੇ ਸਾਡੇ ਚੇਤੇ ਵਿਚੋਂ ਵੀ ਕਈ ਕੁਝ ਭੁਲਾ ਦਿੱਤਾ ਹੈ। ਅਤੇ ਇਸੇ ਚੇਤੇ ਵਿਚੋਂ ਗਵਾਚੀਆਂ ਇਹ ਗੁਫ਼ਾਵਾਂ ਇਕ ਦਿਨ ਅਚਾਨਕ ਸਾਡੀਆਂ ਅੱਖੀਆਂ ਨੇ ਵੇਖ ਲਈਆਂ। ਖ਼ੁਸ਼ਕ ਬੇਰਸ ਬੇਰੰਗ ਥਲਾਂ ਵਿਚ ਤੁਰਿਆਂ ਜਾਂਦਿਆਂ ਜੁਗਾਂ ਜੁਗਾਂਤਰਾਂ ਤੋਂ ਵਹਿੰਦੀ ਆ ਰਹੀ (ਪਰ ਸਾਡੀਆਂ ਅੱਖੀਆਂ ਤੇ ਚੇਤੇ ਤੋਂ ਲਾਂਭੇ ਹੋ ਗਈ ਹੋਈ) ਰੰਗਾਂ ਦੇ ਛੰਦ ਤੇ ਕੋਮਲਤਾ ਦੇ ਰਸ ਨਾਲ ਉਮ੍ਹਲਦੀ ਅਨੰਦ ਧਾਰਾ ਅਸਾਂ ਵੇਖ ਲਈ।

ਰਾਜਪੂਤ, ਮੁਗ਼ਲ, ਕਾਂਗੜਾ ਤੇ ਮੂਰਤੀ ਕਲਾ ਸਭ ਸ਼ੈਲੀਆਂ ਦੀ ਚਿਤ੍ਰਕਲਾ ਹੀ ਗੁਵਾਚ ਚੁੱਕੀ ਸੀ ਤੇ ਯੂਰਪੀ ਸ਼ੈਲੀ ਹਿੰਦੁਸਤਾਨ ਵਿਚ ਬੇਰੋਕ ਭਾਵ ਨਾਲ ਫੈਲ ਰਹੀ ਸੀ। ਚਿਤ੍ਰ ਕਲਾ ਦੀ ਇਹ ਯੂਰਪੀ ਸ਼ੈਲੀ ਹੀ ਜੇ ਨਿਰੀ ਫੈਲ ਰਹੀ ਹੁੰਦੀ ਅਤੇ ਸਾਡੀ ਆਪਣੀ ਭਾਰਤੀ ਸ਼ੈਲੀ ਸੁਘੜ ਘਰ ਵਾਲੀ ਦੇ ਰੂਪ ਵਿਚ ਉਸ ਨੂੰ ਜਿਊ ਆਇਆਂ ਆਖਣ ਦੀ ਹਾਲਤ ਵਿਚ ਹੁੰਦੀ ਤਾਂ ਜ਼ਰੂਰ ਉਸਦਾ ਸੁਵਾਗਤ ਹੁੰਦਾ। ਪਰ ਉਸ ਸ਼ੈਲੀ ਦੇ ਨਾਲ ਨਾਲ ਆ ਰਹੇ ਸਨ ਯੂਰਪੀ ਸੰਸਕਾਰ, ਉਨ੍ਹਾਂ ਸੰਸਕਾਰਾਂ ਦੇ ਮੋਢੇ ਤੇ ਚੜ੍ਹ ਕੇ ਆ ਰਿਹਾ ਸੀ ਯੂਰਪੀ ਵਪਾਰੀ ਅਤੇ ਉਸ ਵਪਾਰੀ ਦੀ ਲੁੱਟ ਵਿਚ ਮਦਦ ਕਰਨ ਤੇ ਉਸ ਦੀ ਰੱਖਿਆ ਕਰਨ ਲਈ ਆ ਰਹੀ ਸੀ ਯੂਰਪੀ ਫੌਜ, ਜਿਸ ਦੇ ਬੂਟਾਂ ਥੱਲੇ ਸਾਡੇ ਆਪਣੇ ਸੰਸਕਾਰ ਅਤੇ ਸ਼ੈਲੀ ਤਾਂ ਕੀ, ਕਲਾਕਾਰਾਂ ਦੇ ਹੱਥ ਤੱਕ ਚਿੱਥੇ ਗਏ ਸਨ।

ਇਸ ਬਦੇਸ਼ੀ ਚੱਕਰ ਚੋਂ ਹਿੰਦੁਸਤਾਨੀ ਕਲਾ ਨੂੰ ਕੱਢਣ ਦਾ ਬੀੜਾ ਚੁੱਕਿਆ ਅਵਨੀਂਦ੍ਰ ਨਾਥ ਠਾਕੁਰ ਨੇ। ਅਵਨੀਂਦ੍ਰ ਨਾਥ ਨੇ ਯੂਰਪੀ, ਚੀਨੀ ਤੇ ਜਾਪਾਨੀ ਚਿਤ੍ਰਸ਼ੈਲੀ ਦਾ ਪ੍ਰਭਾਵ ਗ੍ਰਹਿਣ ਕਰਦਿਆਂ ਹੋਇਆ ਵੀ ਪਰਮੁਖਤਾ ਦਿੱਤੀ ਹਿੰਦੁਸਤਾਨੀ ਮੁਗ਼ਲ ਰਾਜਪੂਤ ਸ਼ੈਲੀ ਨੂੰ। ਇਸੇ ਅਵਨੀਂਦ੍ਰ ਨਾਥ ਦੇ ਸ਼ਾਗਿਰਦ ਹਨ ਨੰਦ ਲਾਲ ਬਸੂ।

ਲੇਡੀ ਹੈਰਿੰਗ ਹੈਮ ਦੀ ਅਗਵਾਈ ਵਿਚ ਅਵਨੀਂਦ੍ਰ ਨਾਥ ਨੇ ਨੰਦ ਲਾਲ ਤੇ ਹੋਰ

ਕੁਝ ਕਲਾਕਾਰਾਂ ਨੂੰ ਅਜੰਤਾ ਗੁਫ਼ਾ ਦੇ ਭਿੱਤੀ ਚਿਤ੍ਰਾਂ ਦਾ ਹੂਬਹੂ ਉਤਾਰਾ ਕਰ ਲਿਆਉਣ ਲਈ ਘੱਲਿਆ। ਵਰ੍ਹਿਆਂ ਦੀ ਮਿਹਨਤ ਤੇ ਸਾਧਨਾ ਨਾਲ ਨੰਦ ਲਾਲ ਨੇ ਇਕ ਦਿਨ ਪੁਰਾਤਨ ਭਾਰਤੀ ਕਲਾ ਨੂੰ ਗੁਫ਼ਾਵਾਂ ਦੇ ਹਨੇਰੇ ਚੋਂ ਕੱਢ ਕੇ ਲੋਕ—ਅੱਖਾਂ ਸਾਹਮਣੇ ਲਿਆ ਰੱਖਿਆ। ਅਤੇ ਕੁਝ ਚਿਰ ਬਾਅਦ ਜਦੋਂ ਰਵੀਂਦ੍ਰ ਨਾਥ ਟੈਗੋਰ ਨੇ ਸ਼ਾਂਤੀ ਨਿਕੇਤਨ ਵਿਚ ਕਲਾ ਭਵਨ ਦੀ ਸਥਾਪਨਾ ਕਰ ਕੇ ਅਵਨੀਂਦ੍ਰ ਨਾਥ ਨੂੰ ਏਥੇ ਆਉਣ ਲਈ ਸੱਦ ਘੱਲਿਆ ਤਾਂ ਨੰਦ ਲਾਲ ਵੀ ਸ਼ਾਂਤੀ ਨਿਕੇਤਨ ਵਿਚ ਆ ਗਏ।

ਕਲਕੱਤੇ ਵਿਚ ਰਹਿੰਦਿਆਂ ਨੰਦ ਲਾਲ ਦੇ ਚਿਤ੍ਰਾਂ ਦਾ ਵਿਸ਼ੈ ਸੀ ਪੁਰਾਣ ਤੇ ਪੁਰਾਤਨ ਕਾਵਿ ਕਹਾਣੀਆਂ। ਮਹਾਂ ਭਾਰਤ, ਰਾਮਾਇਨ, ਪੁਰਾਣ ਤੇ ਬੋਧੀ ਜਾਤਕ ਕਥਾਵਾ ਦੇ ਅਧਾਰ ਉੱਤੇ ਨੰਦ ਲਾਲ ਚਿਤ੍ਰ ਬਣਾਉਂਦੇ। ਮੁਖ ਪ੍ਰਭਾਵ ਸੀ ਗੁਰੂ ਅਵਨੀਂਦ੍ਰ ਨਾਥ ਦਾ, ਪਰ ਪੁਰਾਤਨ ਕਹਾਣੀਆਂ ਨੂੰ ਹਿੰਦੁਸਤਾਨੀ ਸ਼ੈਲੀ ਵਿਚ ਚਿਤ੍ਰਦਿਆਂ ਹੋਇਆਂ ਵੀ ਉਨ੍ਹਾਂ ਬਾਰੇ ਪੁਰਾਤਨ ਚਿਤ੍ਰ-ਕਲਪਨਾ ਨੂੰ ਨੰਦ ਲਾਲ ਨੇ ਛੱਡ ਦਿੱਤਾ ਤੇ ਆਪਣੀ ਕਲਪਨਾ ਦਾ ਰੂਪ ਦਿੱਤਾ। ਸ਼ਿਵਜੀ ਦੇ ਜ਼ਹਿਰ ਪੀਣ ਵਾਲੇ ਚਿਤ੍ਰ ਵਿਚ ਉਨ੍ਹਾਂ ਨੇ ਪੁਰਾਤਨ ਰੁਦ੍ਰ ਮੂਰਤੀ ਤੋਂ ਬਦਲ ਕੇ ਸ਼ਿਵਾਂ ਨੂੰ ਨਿਰੋਲ ਸ਼ਾਂਤ ਨਿਰਲੇਪ ਮੰਗਲ ਮੂਰਤੀ ਦੇ ਰੂਪ ਵਿਚ ਪੇਸ਼ ਕੀਤਾ। ਨਾ ਸੱਪਾਂ ਦੀ ਮਾਲਾ ਨਾ ਜਟਾਵਾਂ ਚੋਂ ਗੰਗਾ ਦੀ ਧਾਰਾ ਤੇ ਨਾ ਤਾਂਡਵ ਰੂਪ ਦਿੱਤਾ। ਇਸੇ ਤਰ੍ਹਾਂ ਸਤੀ ਦੇ ਦੇਹ ਤਿਆਗ ਤੇ ਲੋਕ ਕਥਾ ਅਨੁਸਾਰ ਸ਼ਿਵਜੀ ਸਤੀ ਦੀ ਲੋਥ ਚੁੱਕੀ ਪਾਗਲ ਨਹੀ ਹੋਏ ਫਿਰਦੇ ਸਗੋਂ ਨੰਦ ਲਾਲ ਨੇ ਉਨ੍ਹਾਂ ਨੂੰ ਸਤੀ ਦਾ ਸਿਰ ਪੱਟਾਂ ਉੱਤੇ ਰਖੀ ਅਥਾਹ ਗ਼ਮ ਦੀ ਮੂਰਤ ਦੇ ਰੂਪ ਵਿਚ ਚਿਤ੍ਰਿਆ ਹੈ।

ਪਰ ਸ਼ਾਂਤੀ ਨਿਕੇਤਨ ਨੇ ਨੰਦ ਲਾਲ ਦੇ ਜੀਵਨ ਤੇ ਦ੍ਰਿਸ਼ਟੀਕੋਨ ਵਿਚ ਬੁਨਿਆਦੀ ਤਬਦੀਲੀ ਲੈ ਆਂਦੀ। ਏਥੇ ਪ੍ਰਭਾਵ ਸੀ ਪ੍ਰਕਿਰਤੀ ਦਾ। ਸ਼ਾਂਤੀ ਨਿਕੇਤਨ ਆਸ਼ਰਮ ਦੇ ਰੁੱਖਾਂ ਨੇ, ਦੂਰ ਫੈਲਰੇ ਮੈਦਾਨਾਂ ਤੋਂ ਪਾਰ ਉੱਚਾ ਸਿਰ ਚੁੱਕੀ ਖਲੋਤੇ ਤਾੜ ਖਜੂਰ ਦੇ ਰੁੱਖਾਂ, ਵਾਂਸਾਂ ਦੇ ਝੁੰਡਾਂ ਨੇ ਅਤੇ ਨਦੀ ਕਿਨਾਰੇ ਫੁਲਾਂ ਲੱਦੇ ਕਾਸ਼ ਬਨ ਨੇ ਨੰਦ ਲਾਲ ਦੀ ਕਲਪਨਾ ਨੂੰ ਪਰ ਲਾ ਦਿੱਤੇ।

ਦੂਸਰਾ ਪ੍ਰਭਾਵ ਪਿਆ ਸੀ ਏਥੋਂ ਦੇ ਸਰਲ ਪੇਂਡੂ ਜੀਵਨ ਦਾ। ਨੇੜੇ ਨੇੜੇ ਵੱਸੇ ਹੋਏ ਸੰਥਾਲ ਪਿੰਡਾਂ ਦੀ ਸਰਲ ਸੁੰਦਰ ਗੀਤ ਮਈ ਜੀਵਨ ਯਾਤਰਾ ਨੇ ਨੰਦ ਲਾਲ ਨੂੰ ਯਥਾਰਥ ਜੀਵਨ ਵੱਲ ਖਿੱਚ ਲਿਆਂਦਾ। ਸੰਥਾਲਾਂ ਦੇ ਨਾਚ, ਉਨ੍ਹਾਂ ਦੀਆਂ ਤੀਰ ਕਮਾਨਾ ਨਾਲ ਖੇਡਾਂ, ਸੰਥਾਲਨਾ ਦਾ ਜਥਿਆਂ ਦੇ ਰੂਪ ਵਿਚ ਇਕ ਦੂਜੀ ਦੇ ਲੱਕ ਦਵਾਲੇ ਹੱਥ ਪਾਈ ਬੰਸਰੀ ਦੀ ਸੁਰ ਵਿਚ ਮਿਲ ਕੇ ਗਾਉਂਦਿਆਂ ਤੁਰਿਆਂ ਜਾਣਾ— ਇਸ ਸਭ ਕੁਝ ਨੇ ਨੰਦ ਲਾਲ ਦੀ ਚਿਤ੍ਰ ਕਲਾ ਨੂੰ ਨਵੀਂ ਦਿਸ਼ਾ ਦੇ ਦਿੱਤੀ। ਪ੍ਰਕਿਰਤੀ ਨੇ ਉਨ੍ਹਾਂ ਨੂੰ ਕਿਵੇਂ ਮੋਹਤ ਕੀਤਾ ਸੀ ਤੇ ਉਸ ਦਾ ਅਧਿਅਯਨ ਉਹ ਕਿੰਨੀ ਬਾਰੀਕੀ ਨਾਲ ਕਰਦੇ ਸਨ ਇਹ ਇਕ ਘਟਨਾ ਤੋਂ ਵੇਖਿਆ ਜਾ ਸੱਕਦਾ ਹੈ। ਸ਼ਾਂਤੀ ਨਿਕੇਤਨ ਦੇ ਇਕ ਮੈਦਾਨ ਵਿਚ ਤਿੱਖੀ ਧੁੱਪ ਵਿਚ ਖਲੋਤੇ ਤਾੜ ਰੁੱਖ ਦੇ ਇਕ ਪੱਤੇ ਨੂੰ ਬਲਦਿਆਂ ਵੇਖ ਕੇ ਆਪਣੇ ਇਕ ਸ਼ਾਗਿਰਦ ਨੂੰ ਵਿਖਾਂਦਿਆਂ ਹੋਇਆਂ ਆਖਿਆ ਸੀ, "ਵੇਖ ਤਾਲ ਪੱਤਾ ਕਿਵੇਂ ਸੜ ਰਿਹਾ ਏ, ਇਸ

ਨੂੰ ਜੇ ਆਂਕਿਆ ਜਾਏ ਤਾਂ ਇਸ ਦਾ ਮੁੱਲ ਹੀ ਲੱਖਾਂ ਰੁਪਏ ਐ, ਇਸ ਦੀ ਤਸਵੀਰ ਸ਼ਿਵਾਂ ਜਾਂ ਬੁੱਧ ਨਾਲੋਂ ਘੱਟ ਕਿਵੇਂ ਐ?"

ਨੰਦ ਲਾਲ ਨੂੰ ਏਥੋਂ ਦੀ ਨਿੱਕੀ ਤੋਂ ਨਿੱਕੀ ਚੀਜ਼ ਨੇ ਪ੍ਰਭਾਵਤ ਕੀਤਾ ਹੈ। ਦੁੱਧ ਚੁੰਘਦਾ ਵੱਛਾ, ਦੁੱਧ ਚੁੰਘਦਾ ਹਰਨੌਟਾ, ਦੁੱਧ ਚੁੰਘਦਾ ਵਛੇਰਾ, ਦੁੱਧ ਚੁੰਘਦਾ ਬਾਂਦਰ ਬੱਚਾ, ਦੁੱਧ ਚੁੰਘਦਾ ਨਰ ਬੱਚਾ, ਦੁੱਧ ਚੁੰਘਦੇ ਕਤੂਰੇ, ਦੁੱਧ ਚੁੰਘਦਾ ਹਾਥੀ ਬੱਚਾ— ਇਨ੍ਹਾਂ ਚਿਤ੍ਰਾਂ ਵਿਚ ਵੱਖ ਵੱਖ ਜਾਤੀਆਂ ਦੀਆਂ ਮਾਂਵਾਂ ਤੇ ਬੱਚਿਆਂ ਦੇ ਦੁੱਧ ਚੁੰਘਣ ਵੇਲੇ ਦੀਆਂ ਭਾਵਨਾਵਾਂ ਨੂੰ ਨੰਦ ਲਾਲ ਨੇ ਆਪਣੇ ਚਿਤ੍ਰਾਂ ਵਿਚ ਉਘਾੜਿਆ ਹੈ। 'ਪਤਝੜ ਦੀ ਆਲ੍ਹਸੀ ਦੁਪਹਿਰ ਵਿਚ ਖੁਲ੍ਹੇ ਬਰਾਂਡੇ ਵਿਚ ਇਕ ਮਾਂ ਬੜੇ ਜਤਨ ਨਾਲ ਤੁਲਾਈ ਨੂੰ ਤੋਪੇ ਲਾ ਰਹੀ ਹੈ। ਅਕਾਸ਼-ਹਵਾ ਕਿੱਕਰ ਦੇ ਫੁਲਾਂ ਦੀ ਮਹਿਕ ਨਾਲ ਭਰੇ ਹੋਏ ਹਨ, ਬਰਾਂਡੇ ਦੇ ਕੋਲ ਹੀ ਕਿੱਕਰ ਦਾ ਰੁੱਖ ਹੈ, ਕਿੱਕਰ ਫੁੱਲਾਂ ਨਾਲ ਲੱਦੀ ਹੋਈ ਹੈ। ਇਕ ਹੋਰ ਤਸਵੀਰ ਵਿਚ ਵੇਖਦੇ ਹਾਂ ਪਛਾਣੇ ਹੋਏ ਖੁਲ੍ਹੇ ਮੈਦਾਨ ਨੂੰ, ਉਸ ਮੈਦਾਨ ਦੇ ਵਿੱਚੋਂ ਦੀ ਲਾਲ ਕੰਕਰੀਲੀ ਸੜਕ ਜਾ ਰਹੀ ਹੈ, ਉਸ ਸੜਕ ਦੇ ਨਾਲ ਖਲੋਤਾ ਹੈ ਪੁਰਾਤਨ ਪਿੱਪਲ, ਉਸ ਪਿੱਪਲ ਦੀ ਸੁਖਾਵੀਂ ਛਾਂਵੇਂ ਹੈ ਇਕ ਪਾਣੀ ਦੀ ਡਿੱਘੀ—ਭਿਆਨਕ ਗਰਮੀ ਵਿਚ ਰਾਹੀਆਂ ਦੀ ਪਿਆਸ ਬੁਝਾਣ ਲਈ, ਨਿੱਕੀ ਜਿੰਨੀ ਇਕ ਕੁੜੀ ਪਾਣੀ ਪਿਆਣ ਲਈ ਬੈਠੀ ਹੈ। ਪਿੱਪਲ ਦੀਆਂ ਟਹਿਣੀਆਂ ਉੱਤੇ ਨਿੱਕੇ ਨਿੱਕੇ ਪੰਛੀ ਬੈਠੇ ਹਨ। ਸਮੁੱਚੀ ਤਸਵੀਰ ਇਕ ਸੰਪੂਰਨ ਜੀਵਨ ਦਾ ਚਿਤ੍ਰ ਹੈ।' ਸ਼ਾਂਤੀ ਨਿਕੇਤਨ ਦੇ ਲਾਗਲੇ ਪਿੰਡ ਗੁਵਾਲ ਪਾੜਾ ਵਿਚ ਖਜੂਰ ਦੇ ਰਸ ਤੋਂ ਗੁੜ ਬਨਾਣ ਦੀ ਇਕ ਤਸਵੀਰ ਹੈ। ਤਸਵੀਰ ਵਿਚ ਸਿਆਲੀ ਧੁੰਦ ਅਜੇ ਹਟੀ ਨਹੀ, ਰਸ ਨੂੰ ਕਾੜ੍ਹਨ ਲਈ ਬਾਲੀ ਅੱਗ ਦੇ ਧੂੰਏਂ ਨਾਲ ਧੁੰਦ ਹੋਰ ਵੀ ਗੂੜ੍ਹੀ ਜਾਪਦੀ ਹੈ, ਸਭ ਕੁਝ ਹੀ ਧੁੰਦਲਾ ਹੈ—ਦੋ ਚਾਰ ਰਸੀਏ ਲੋਕ ਪਰਛਾਂਵਿਆਂ ਵਾਂਗ ਕਾਲੇ ਕਾਲੇ ਝੁਕੇ ਹੋਏ ਨੇ ਰਸ ਵਾਲੀ ਹਾਂਡੀ ਉੱਤੇ। ਇਕ ਪਾਸੇ ਖਜੂਰ ਦੇ ਪੱਤਿਆਂ ਦੀ ਬਣਾਈ ਝੁੱਗੀ ਉਸ ਦੇ ਦਵਾਲੇ ਵਾੜ ਹੈ। ਕੁਝ ਦੂਰ ਧੁੰਦਲੇ ਜਿਹੇ ਵਿੰਗੇ ਟੇਢੇ ਖਜੂਰ ਦੇ ਰੁੱਖ ਸੱਪ ਵਾਂਗ ਅਸਮਾਨ ਵੱਲ ਚੜ੍ਹ ਰਹੇ ਹਨ। ਸਪਸ਼ਟ ਅਤੇ ਅਸਪਸ਼ਟ ਦੀ ਮਿਲਵੀਂ ਮੂਰਤ। ਇਕ ਹੋਰ ਤਸਵੀਰ—ਮੈਦਾਨ ਵਿਚ ਤਾੜ ਰੁੱਖਾਂ ਦੀਆਂ ਪਾਲਾਂ, ਉਨ੍ਹਾਂ ਵਿਚਲੀ ਘਟਾ ਵੇਖ ਕੇ ਸੰਥਾਲਨਾ ਡਰ ਨਾਲ ਭੱਜੀਆਂ ਜਾ ਰਹੀਆਂ ਹਨ। ਸ਼ਾਂਤੀ ਨਿਕੇਤਨ ਦੀ ਵਰਖਾ ਦਾ ਅਸਲ ਰੂਪ ਉਘੜਿਆ ਹੈ ਉਸ ਤਸਵੀਰ ਵਿਚ।'

ਚਿਤ੍ਰ ਵਿਸ਼ੇ ਦੀ ਚੋਣ ਬਾਰੇ ਨੰਦ ਲਾਲ ਨੇ ਇਕ ਵਾਰੀ ਆਖਿਆ ਸੀ "ਸਿੰਦਬਾਦ ਦੇ ਬੁੱਢੇ ਵਾਂਗ ਚਿਤ੍ਰ ਦੇ ਵਿਸ਼ੇ ਦੇ ਮੋਢਿਆਂ ਉੱਤੇ ਬੜਾ ਚਿਰ ਧਰਮ ਜਾਂ ਹੋਰ ਕੋਈ ਚੜ੍ਹਿਆਂ ਬੈਠਾ ਸੀ। ਚਿਤ੍ਰ ਅੰਕਨ ਦੇ ਵਿਸ਼ੇ ਦਾ ਮੁੱਲ ਬਹੁਤ ਜ਼ਿਆਦਾ ਨਹੀ, ਉਹ ਸਿਰਫ਼ ਤਸਵੀਰ ਦਾ ਨਾਮ ਦੇਣ ਵਿਚ ਮਦਦ ਕਰਦਾ ਹੈ। ਤਸਵੀਰ ਦਾ ਮੁੱਲ ਹੈ ਉਸ ਦੀ ਰਸ-ਰਚਨਾ ਵਿਚ।"

ਏਧਰ ਟੈਗੋਰ ਨੂੰ ਲੋੜ ਸੀ ਆਪਣੀ ਕਲਪਨਾ ਦੇ ਵਿਸ਼ਵ ਭਾਰਤੀ ਲਈ ਨੰਦ ਲਾਲ ਜਿਹੇ ਚਿਤ੍ਰਕਾਰ ਦੀ। ਗੁਰੂ ਦੇਵ ਦਾ ਵਿਸ਼ਵ ਭਾਤਰੀ ਸੀ ਗਿਆਨ, ਗੀਤ ਤੇ ਕਲਾ ਦਾ ਸੰਗਮ।

ਕਲਾ ਭਵਨ ਤੇ ਸੰਗੀਤ ਭਵਨ ਦੀ ਸਥਾਪਨਾ ਹੋ ਚੁੱਕੀ ਸੀ ਸ਼ਾਂਤੀ ਨਿਕੇਤਨ ਵਿਚ। ਬ੍ਰਮ੍ਹਚਰਜ ਆਸ਼ਰਮ ਦਾ ਰੂਪ ਬਦਲ ਕੇ ਸ਼ਾਂਤੀ ਨਿਕੇਤਨ ਵਿਸ਼ਵ ਭਾਰਤੀ ਦਾ ਰੂਪ ਲੈ ਰਿਹਾ ਸੀ। ਬ੍ਰਮ੍ਹਚਰਜ ਆਸ਼ਰਮ ਦੇ ਦਸ ਸਾਲ ਦੀ ਉਮਰ ਦੇ ਬੱਚਿਆ ਦੀ ਹੱਦ ਟੱਪ ਕੇ ਸ਼ਾਂਤੀ ਨਿਕੇਤਨ ਵਿਚ ਚਿਤ੍ਰ ਨਾਚ ਤੇ ਸੰਗੀਤ ਕਲਾ ਸਿੱਖਣ ਲਈ ਵਡੀ ਉਮਰ ਦੇ ਵਿੱਦਿਆਰਥੀ ਵੀ ਆਉਣ ਲੱਗ ਪਏ ਸਨ। ਕਲਾ ਭਵਨ ਵਿਚ ਸਲਾਹਕਾਰ ਦੇ ਰੂਪ ਵਿਚ ਅਵਨੀਂਦ੍ਰ ਨਾਥ ਠਾਕੁਰ ਕੁਝ ਦਿਨ ਰਹੇ ਅਤੇ ਬਾਅਦ ਵਿਚ ਗੁਰੂਦੇਵ ਨੇ ਉਨ੍ਹਾਂ ਕੋਲੋਂ ਨੰਦ ਲਾਲ ਬੋਸ ਨੂੰ ਮੰਗ ਲਿਆ ਤੇ ਉਹ ਕਲਾ ਭਵਨ ਦੇ ਗੁਰੂ ਬਣਾਏ ਗਏ।

ਸ਼ਾਂਤੀ ਨਿਕੇਤਨ ਦਾ ਕਲਾ ਭਵਨ ਹਿੰਦੁਸਤਾਨ ਵਿਚ ਆਪਣੀ ਹੀ ਕਿਸਮ ਦਾ ਸਕੂਲ ਹੈ। ਗੁਰੂਦੇਵ ਦੀ ਇੱਛਿਆ ਅਨੁਸਾਰ ਏਥੇ ਵਿੱਦਿਆਰਥੀਆਂ ਨੂੰ ਬੰਨ੍ਹ ਕੇ ਕਿਸੇ ਕੋਰਸ ਦੀ ਪੜ੍ਹਾਈ ਨਾ ਕਰਵਾਈ ਜਾਂਦੀ, ਸਗੋਂ ਵਿਸ਼ਾਲ ਪ੍ਰਕਿਰਤੀ ਦੀ ਖੇਡ ਵਿਚ ਮਨ ਮੌਜ ਨਾਲ ਖੇਡਦਿਆਂ ਖੇਡਦਿਆਂ ਹੀ ਸਾਰੀ ਸਿਖਲਾਈ ਹੁੰਦੀ। ਨੰਦ ਲਾਲ ਆਪਣੇ ਸ਼ਾਗਿਰਦਾਂ ਨੂੰ ਨਾਲ ਲੈ ਕੇ ਬਾਹਰ ਨਿਕਲ ਜਾਂਦੇ । ਦੂਰ ਦੁਰੇਡੇ ਪਿੰਡਾਂ ਵਿਚ, ਸ਼ਾਂਤੀ ਨਿਕੇਤਨ ਤੋਂ ਸੈਂਕੜੇ ਮੀਲ ਦੂਰ ਇਤਿਹਾਸਕ ਥਾਵਾਂ ਉੱਤੇ। ਸਿਖਾਈ ਜਾਂਦੀ ਭਾਰਤੀ ਕੋਮਲ ਕਲਾ, ਅਜੰਤਾ ਦੀ ਚਿਤ੍ਰ ਕਲਾ ਤੋਂ ਸ਼ੁਰੂ ਕਰ ਕੇ ਚਿਤ੍ਰ ਕਲਾ ਦੇ ਵਿਕਾਸ ਦੇ ਸਾਰੇ ਪੜਾਵਾਂ ਦੀ ਚਰਚਾ ਹੁੰਦੀ। ਸਾਲ ਵਿਚ ਕੁਝ ਦਿਨ ਸ਼ਾਂਤੀ ਨਿਕੇਤਨ ਦੀਆਂ ਇਮਾਰਤਾਂ ਦੀਆਂ ਦੀਵਾਰਾਂ ਉੱਤੇ ਗੁਫਾਵਾਂ ਦੇ ਚਿਤ੍ਰਾਂ ਨੂੰ ਠੀਕ ਉਨ੍ਹਾਂ ਹੀ ਰੰਗਾਂ ਤੇ ਸ਼ੈਲੀ ਵਿਚ ਉਤਾਰਨ ਲਈ ਰੱਖੇ ਗਏ। ਇਸੇ ਸਿਲਸਿਲੇ ਵਿਚ ਹੀ ਨੰਦਲਾਲ ਦੀ ਅਗੁਵਾਈ ਵਿਚ ਉਨ੍ਹਾਂ ਦੇ ਸੁਘੜ ਸ਼ਾਗਿਰਦਾਂ ਨੇ 'ਨੰਦਨ' ਵਿਚਲੇ ਖੱਬੇ ਪਾਸੇ ਦੇ ਕਮਰੇ ਦੀਆਂ ਕੰਧਾਂ ਉੱਤੇ ਅਜੰਤਾ ਤੇ ਬਾਗ ਗੁਫ਼ਾਵਾਂ ਦੇ ਭਿੱਤੀ ਚਿਤ੍ਰਾਂ ਨੂੰ ਉਤਾਰ ਦਿੱਤਾ। ਬਾਗ ਗੁਫਾ ਅੱਜ ਖ਼ਤਮ ਹੋ ਚੁੱਕੀ ਹੈ ਪਰ ਉਸ ਦੀ ਚਿਤ੍ਰ ਕਲਾ ਨੂੰ ਜਿਸ ਵਿਚ ਅਸ਼ੋਕ ਕਲਿੰਗ ਦੇ ਯੁੱਧ ਵਿੱਚੋਂ ਮੁੜਿਆ ਆ ਰਿਹਾ ਵਿਖਾਇਆ ਗਿਆ ਹੈ, ਨੰਦ ਲਾਲ ਨੇ ਅਧੂਰੀ ਹਾਲਤ ਵਿੱਚ ਪ੍ਰਾਪਤ ਕਰ ਕੇ ਵੀ ਉਸ ਨੂੰ ਆਪਣੀ ਕਲਪਨਾ ਨਾਲ ਸੰਪੂਰਨ ਹਾਲਤ ਵਿਚ ਪੇਸ਼ ਕੀਤਾ ਹੈ। ਅਜੰਤਾ ਦੇ ਚਿਤ੍ਰਾਂ ਵਿਚ ਭਗਵਾਨ ਬੁੱਧ ਸੰਬੰਧੀ ਜਾਤਕ ਕਥਾਵਾਂ ਦਾ ਵਰਨਣ ਹੈ। ਇਸੇ ਤਰ੍ਹਾਂ ਸ਼ਾਂਤੀ ਨਿਕੇਤਨ ਦੇ ਚੀਨਾ ਭਵਨ (ਚੀਨੀ ਭਵਨ) ਵਿੱਚ ਵੀ ਅਜੰਤਾ ਦੇ ਬੁੱਧ ਨਾਲ ਸੰਬੰਧਤ ਕਥਾਵਾਂ ਦੇ ਚਿਤ੍ਰਾਂ ਨੂੰ ਉਤਾਰਿਆ ਹੈ।

ਸ਼ਾਂਤੀ ਨਿਕੇਤਨ ਦਾ ਵਰਣਨ ਕਰਨ ਲੱਗਿਆਂ ਜਦੋਂ ਅਸੀ ਇਹ ਕਹਿੰਦੇ ਹਾਂ ਕਿ ਇਹ ਵੀਹਵੀਂ ਸਦੀ ਨੂੰ ਰਵੀਂਦ੍ਰ ਨਾਥ ਦਾ ਸ਼੍ਰੇਸ਼ਠ ਦਾਨ ਹੈ ਤਾਂ ਓਦੋਂ ਸਾਨੂੰ ਇਸ ਗੱਲ ਨੂੰ ਵੀ ਓਨੇ ਹੀ ਜ਼ੋਰ ਨਾਲ ਮੰਨਣਾ ਪੈਂਦਾ ਹੈ ਕਿ ਜੇ ਨੰਦ ਲਾਲ ਨਾ ਹੁੰਦੇ ਤਾਂ ਸ਼ਾਂਤੀ ਨਿਕਤੇਨ ਦੀ ਕਲਪਨਾ ਜਿੰਨੀ ਕੁ ਗੁਰੂਦੇਵ ਦੇ ਸਮੇਂ ਤਕ ਸਾਰਥਕ ਹੋਈ ਸੀ, ਉਹ ਹੋ ਨਾ ਸਕਦੀ। ਸ਼ਾਂਤੀ ਨਿਕੇਤਨ ਦੀ ਹਰ ਪੱਖ ਦੀ ਉਸਾਰੀ ਵਿਚ ਨੰਦ ਲਾਲ ਦੇ ਹੱਥ ਇਸ ਤਰ੍ਹਾਂ ਦਿੱਸਦੇ ਹਨ ਕਿ ਉਹ ਗੁਰੂਦੇਵ ਦੀ ਕਲਪਨਾ ਦੇ ਪ੍ਰਾਣ ਪ੍ਰਤੀਤ ਹੁੰਦੇ ਹਨ। ਅੱਜ ਜਦੋਂ ਕੋਈ ਬਾਹਰੋਂ ਸ਼ਾਂਤੀ ਨਿਕੇਤਨ ਦੀ ਮਹਿਮਾ ਸੁਣ ਕੇ ਇਸ ਨੂੰ ਵੇਖਣ ਲਈ

ਆਣ ਪਹੁੰਚਦਾ ਹੈ ਤਾਂ ਏਥੇ ਉਸ ਦੇ ਵੇਖਣ ਵਾਲਾ ਕੀ ਹੁੰਦਾ ਹੈ? ਵੱਡੇ ਛੋਟੇ ਰੁੱਖਾਂ ਦਾ ਇਕ ਬਗ਼ੀਚਾ। ਕੁਝ ਸ਼ਾਨਦਾਰ ਇਮਾਰਤਾਂ, ਜਿਨ੍ਹਾਂ ਵਿਚ ਗੁਰੂਦੇਵ ਰਹਿੰਦੇ ਹੁੰਦੇ ਸਨ ਅਤੇ ਅੱਜ ਜਿਨ੍ਹਾਂ ਦੇ ਦੋ ਕਮਰਿਆਂ ਨੂੰ ਛੱਡ ਕੇ ਬਾਕੀ ਸਭਨਾ ਵਿਚ ਹੀ ਭਾਰਤ ਸਰਕਾਰ ਦੀ ਵਿਸ਼ਵ ਭਾਰਤੀ ਯੂਨੀਵਰਸਿਟੀ ਦੇ ਦਫ਼ਤਰ ਹਨ। ਬਾਹਰੋਂ ਆਏ ਲੋਕ, ਜੋ ਕਿ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿਚ ਆਉਂਦੇ ਹਨ, ਮੈਨੂੰ ਘੁੰਮਦਿਆਂ ਵੇਖ ਕੇ ਪੁੱਛ ਲੈਂਦੇ, "ਏਥੇ ਵੇਖਣ ਵਾਲਾ ਕੀ ਹੈ?" ਮੈਂ ਆਖ ਦੇਂਦਾ, "ਕਲਾ ਭਵਨ, ਚੀਨਾ ਭਵਨ, ਹਿੰਦੀ ਭਵਨ ਤੇ ਸ਼ਿਸ਼ੂ ਵਿਭਾਗ।"

ਸੱਚੀ ਗੱਲ ਏਹੋ ਹੈ ਕਿ ਅੱਜ ਜੇ ਕਲਾ ਭਵਨ ਤੇ ਚੀਨਾ ਭਵਨ ਸ਼ਾਂਤੀ ਨਿਕੇਤਨ ਵਿੱਚ ਨਾ ਹੋਣ ਤਾਂ ਏਥੇ ਵੇਖਣ ਵਾਲਾ ਸਿਵਾਏ ਇਨ੍ਹਾਂ ਸ਼ਾਂਤੀ ਦਾਤਾ ਰੁੱਖਾਂ ਤੋਂ ਹੋਰ ਕੁਝ ਨਹੀਂ। ਅਤੇਇਨ੍ਹਾਂ ਕਲਾ ਕਿਰਤਾਂ ਦੇ ਰਚਨਹਾਰ ਹਨ ਨੰਦ ਲਾਲ ਬਸੂ। ਨੰਦ ਲਾਲ ਦੇ ਹੱਥ ਨੂੰ ਤੁਸੀ ਚੀਨਾ ਭਵਨ ਦੇ ਬਰਾਂਡੇ ਵਿਚ ਵੇਖੋ—ਓਥੇ ਉਨ੍ਹਾਂ ਨੇ ਰਵੀਂਦ੍ਰ ਨਾਥ ਦੇ 'ਨਟੀਰ ਪੂਜਾ' ਨਾਂ ਦੇ ਨਿਰਤ ਨਾਟ ਨੂੰ ਚਿਤ੍ਰਿਆ ਹੈ। ਰਵੀਂਦ੍ਰ ਨਾਥ ਦੇ ਹਰ ਨਾਟਕ ਦੇ ਖੇਡਣ ਵੇਲੇ ਉਸ ਦੀ ਸਟੇਜ ਦੀ ਸਜਾਵਟ, ਉਸ ਨਾਟਕ ਦੇ ਪਾਤਰਾਂ ਦੀਆਂ ਪੁਸ਼ਾਕਾਂ ਦੀ ਚੋਣ ਨੰਦ ਲਾਲ ਕਰਦੇ ਸਨ। ਨਿਰੀ ਚੋਣ ਹੀ ਨਹੀ ਸਨ ਕਰਦੇ, ਆਪਣੇ ਹੱਥੀ ਪੁਸ਼ਾਕਾਂ ਤਿਆਰ ਕਰਦੇ ਸਨ ਅਤੇ ਉਨ੍ਹਾਂ ਬਾਰੇ ਦ੍ਰਿਸ਼ਟੀਕੋਨ ਹੁੰਦਾ ਸੀ ਉਨ੍ਹਾਂ ਦਾ ਨਿਰੋਲ ਆਪਣਾ।

ਨੰਦ ਲਾਲ ਦੇ ਭਾਵਾਂ ਵਿਚ ਹੈ ਵਿਸ਼ਵ ਭਾਰਤੀ, ਵਿਸ਼ਵ ਭ੍ਰਾਤ੍ਰੀਪਨ। ਉਸੇ ਭਾਵ ਨਾਲ ਹੀ ਉਹ ਇਨ੍ਹਾਂ ਨਾਟਕਾਂ ਦੇ ਰਾਜਿਆਂ ਤੇ ਪਰਜਾ ਨੂੰ ਕਿਸੇ ਖ਼ਾਸ ਦੇਸ਼ ਕਾਲ ਦੇ ਮੁਤਾਬਕ ਨਾ ਸਜਾਉਂਦੇ, ਸਗੋਂ ਉਨ੍ਹਾਂ ਦਾ ਐਸਾ ਕਲਪਤ ਰੂਪ ਹੁੰਦਾ ਜੋ ਕਿਸੇ ਵੀ ਦੇਸ਼ ਲਈ ਆਪਣਾ ਹੋ ਸਕਦਾ। ਕਲਾ ਨੂੰ ਨੰਦ ਲਾਲ ਸਭ ਤੋਂ ਉੱਚਾ ਮੰਨਦੇ ਹਨ, ਦੇਸ਼ ਨਾਲੋਂ ਤੇ ਦੇਸ਼ ਭਗਤੀ ਨਾਲੋਂ ਵੀ। ਨੰਦ ਲਾਲ ਦੇ ਜੀਵਨ ਵਿਚ ਸੁਦੇਸ਼ੀ ਲਹਿਰ ਦਾ ਪ੍ਰਭਾਵ ਬਹੁਤ ਜ਼ਿਆਦਾ ਹੈ। ਇਸੇ ਪ੍ਰਭਾਵ ਵੱਸ ਹੀ ਉਹ ਭਾਰਤੀ ਕਲਾ ਦੇ ਪੁਨਰ ਜਨਮ ਦੇ ਜਨਕ ਦੇ ਰੂਪ ਵਿਚ ਪ੍ਰਸਿੱਧ ਹਨ। ਭਾਰਤੀ ਕਲਾ ਦੀ ਨਵ ਸਿਰਜਨਾ ਦੇ ਨਾਲ ਨਾਲ ਭਾਰਤ ਦੇ ਸੁਦੇਸ਼ੀ ਆਂਦੋਲਨ ਵਿਚ ਵੀ ਨੰਦ ਲਾਲ ਦਾ ਹਿੱਸਾ ਘੱਟ ਨਹੀ। ਕਾਂਗਰਸ ਦੇ ਸਾਲਾਨਾ ਇਜਲਾਸ ਓਦੋਂ ਦੇਸ਼ ਦੀ ਅੰਤਰ ਆਤਮਾ ਦਾ ਪ੍ਰਤੀਬਿੰਬ ਹੁੰਦੇ ਸਨ। ਉਨ੍ਹਾਂ ਇਜਲਾਸਾਂ ਵਿਚ ਚਰਚਾ ਹੁੰਦੀ ਸੀ ਖ਼ੁਸ਼ਕ ਰਾਜਨੀਤੀ ਦੀ, ਅਤੇ ਨੰਦ ਲਾਲ ਆਪਣੀ ਕਲਾ ਨਾਲ ਉਸ ਖੁਸ਼ਕ ਮਾਹੌਲ ਵਿਚ ਰਸ ਸੰਚਾਰ ਕਰਦੇ ਸਨ। ਪੰਡਾਲਾਂ ਦੀ ਤਿਆਰੀ ਤੇ ਉਨ੍ਹਾਂ ਨੂੰ ਕਲਾ ਕਿਰਤਾਂ ਨਾਲ ਸਜਾਣਾ। ਕਲਾ ਦੀ ਜੀਵਨ ਨਾਲ ਕਿੰਨੀ ਸਾਂਝ ਹੈ ਇਹ ਉਸ ਰਾਜਸੀ ਅਖਾੜੇ ਵਿਚ ਵੀ ਨੰਦ ਲਾਲ ਕਿਸੇ ਨੂੰ ਭੁੱਲਣ ਨਹੀ ਸਨ ਦੇਂਦੇ। ਅਤੇ ਆਪਣੇ ਕਲਾ ਦੇ ਆਦਰਸ਼ ਉੱਤੇ ਏਨੇ ਪੱਕੇ ਕਿ ਕੋਈ ਵੀ ਵਡੇ ਤੋਂ ਵੱਡਾ ਨੇਤਾ ਇਨ੍ਹਾਂ ਦੇ ਆਦਰਸ਼ ਅੱਗੇ ਝੁਕਣ ਲਈ ਮਜਬੂਰ ਸੀ। ਹਰੀ ਪੁਰ ਕਾਂਗ੍ਰਸ ਸੰਮੇਲਣ ਦੀ ਇਕ ਘਟਨਾ ਨੰਦ ਲਾਲ ਦੇ ਇਸ ਆਰਦਸ਼ ਦੀ ਗਵਾਹ ਹੈ। 'ਨੰਦ ਲਾਲ

ਨੇ ਮੰਡਪ ਸਜਾਇਆ ਸੀ। ਵਾਂਸਾਂ ਦੀ ਇਕ ਨਗਰੀ ਬਣਾਈ ਸੀ। ਕੌਮੀ ਝੰਡੇ ਦੇ ਉੱਪਰ ਇਕ ਕਪੜੇ ਦਾ ਫੁੱਲ ਸੀ। ਇਕ ਕਾਂਗਰਸੀ ਨੇਤਾ ਨੇ ਕਿਹਾ, "ਕੌਮੀ ਝੰਡੇ ਤੋਂ ਉਪਰ ਕੁਝ ਨਹੀ ਰਹਿ ਸਕਦਾ। ਸਭ ਤੋਂ ਉਪਰ ਹੈ ਝੰਡਾ।" ਨੰਦ ਲਾਲ ਨੇ ਕਿਹਾ, "ਸੱਭ ਤੋਂ ਉਪਰ ਰਵ੍ਹੇਗਾ ਆਰਟ, ਆਰਟ ਨੂੰ ਹੀ ਮੈਂ ਸਭ ਤੋਂ ਉਪਰ ਰੱਖਿਆ ਏ।"

ਨੇਤਾ– "ਨਹੀਂ, ਇਹ ਨਹੀ ਹੋ ਸਕਦਾ।"

ਨੰਦ ਲਾਲ– "ਅੱਛਾ, ਤਾਂ ਤੁਸਾਂ ਔਹ ਫਿਰਕੀ ਕਿਉਂ ਸਭ ਤੋਂ ਉਪਰ ਰੱਖੀ ਏ?"

ਲੀਡਰ ਸਿਰ ਖੁਰਕਣ ਲੱਗ ਪਿਆ। ਕਿਹਾ, "ਤਾਂ ਗਾਂਧੀ ਜੀ ਨੂੰ ਇਸ ਬਾਰੇ ਪੁੱਛ ਆਵਾਂ।" ਮਹਾਤਮਾ ਜੀ ਨੇ ਕਿਹਾ, "ਨੰਦ ਲਾਲ ਜੀ ਜੋ ਆਖਦੇ ਨੇ, ਉਹੋ ਹੀ ਹੋਵੇਗਾ।"

ਅੱਜ ਕਲਾ ਭਵਨ ਵਿਚ ਖਲੋਤਾ ਵੇਖ ਰਿਹਾ ਹਾਂ ਉਸ ਮਹਾਨ ਨੰਦ ਲਾਲ ਨੂੰ ਜਿਸ ਦਾ ਦਾਨ ਟੈਗੋਰ ਦੇ ਸ਼ਾਂਤੀ ਨਿਕੇਤਨ ਨਾਲੋਂ ਸੰਸਾਰ ਨੂੰ ਕਿਸੇ ਤਰ੍ਹਾਂ ਵੀ ਘੱਟ ਨਹੀ। ਅੱਜ ਵੀ ਨੰਦ ਲਾਲ ਸ਼ਾਂਤੀ ਨਿਕੇਤਨ ਵਿਚ ਹਨ। ਬਿਰਧ ਹਨ। ਘਰੋਂ ਬਾਹਰ ਨਹੀ ਨਿਕਲਦੇ, ਆਪਣੇ ਸ਼ੀਸ਼ਿਆਂ ਵਾਲੇ ਕਮਰੇ ਵਿਚ ਬੈਠੇ ਸੰਸਾਰ ਨੂੰ ਜੀਵਨ ਦੀ ਅੰਤਲੀ ਮੰਜ਼ਿਲ ਤੋਂ ਵੀ ਆਪਣੀ ਸ਼੍ਰੇਸ਼ਟ ਰਚਨਾ ਦਾ ਦਾਨ ਦੇ ਰਹੇ ਹਨ। ਅਤੇ ਮੈਂ ਜਾਂਦਾ ਹਾਂ ਕਰੀਬ ਰੋਜ਼ ਪੁਰਾਤਨ ਭਾਰਤੀ ਕਲਾ ਦੇ ਉੱਧਾਰਕ ਤੇ ਨਵੀ ਭਾਰਤੀ ਕਲਾ ਦੇ ਸਿਰਜਕ ਨੰਦ ਲਾਲ ਦੇ ਨੰਦਨ ਵਿਚ-ਵੇਖਦਾ ਹਾਂ ਉਨ੍ਹਾਂ ਦੇ ਸਮੇਂ ਸਮੇਂ ਦੇ ਬਣਾਏ ਚਿਤ੍ਰਾਂ ਨੂੰ ਤੇ ਉਨ੍ਹਾਂ ਦੇ ਸ਼ਗਿਰਦਾ ਦੇ ਬਣਾਏ ਭਾਂਤ ਭਾਂਤ ਦੀਆਂ ਚੀਜ਼ਾਂ ਦੇ ਮਾਡਲਾਂ ਨੂੰ। ਸੱਜੇ ਪਾਸੇ ਵਾਲੇ ਕਮਰੇ ਵਿਚ ਵੇਖਦਾ ਹਾਂ ਸਮੇਂ ਸਮੇਂ ਦੀਆਂ ਮੂਰਤੀਆਂ—ਮਨੁੱਖੀ ਚਿਹਰੇ ਤੇ ਕਲਾ ਕਿਰਤਾਂ ਨੂੰ। ਸਾਹਮਣੇ ਵੱਡੇ ਕਮਰੇ ਵਿਚ ਵੜਦਿਆਂ ਹੀ ਵੇਖਦਾ ਹਾਂ ਦੋ ਥੰਮ੍ਹਿਆਂ ਨਾਲ ਦੋ ਆਦਮ ਕੱਦ ਤਸਵੀਰਾਂ। ਇਕ ਹੈ ਅਵਨੀਂਦ੍ਰ ਨਾਥ ਠਾਕੁਰ ਦੀ ਬਣਾਈ ਹੋਈ ਬਿਰਧ ਔਰੰਗਜ਼ੇਬ ਦੀ ਅਤੇ ਦੂਸਰੀ ਹੈ ਨੰਦ ਲਾਲ ਦੀ ਬਣੀ ਹੋਈ ਤਪ ਕਰਦੀ ਪੱਥਰ ਹੁੰਦੀ ਜਾਂਦੀ ਉਮਾ ਦੀ। ਦੋ ਮਾਡਲ ਪਏ ਹਨ ਰਾਮ ਕਿੰਕਰ ਦੇ ਬਣੇ ਹੋਏ ਜੋ ਅੱਜ ਦਾ ਜਗਤ ਪ੍ਰਸਿੱਧ ਮੂਰਤੀ ਕਾਰ ਹੈ ਅਤੇ ਨੰਦ ਲਾਲ ਦਾ ਸ਼ਗਿਰਦ ਤੇ ਸਾਥੀ। ਚੌਹੀਂ ਪਾਸੀਂ ਹਨ ਜੀਵਨ ਦੀਆਂ ਝਾਂਕੀਆਂ, ਰੱਬ ਤੋਂ ਬਾਅਦ ਮਨੁੱਖ ਦੇ ਰਚੇ ਮਨੁੱਖੀ ਜੀਵਨ ਦੇ ਸ਼੍ਰੇਸ਼ਟ ਸੰਸਾਰ ਦੀ ਅਨੰਦ ਰਚਨਾ।

ਗਿਆ ਸਾਂ ਇਕ ਦਿਨ ਇਸ ਅਨੰਦ ਦੀਆਂ ਦਾਤਾਂ ਵਾਲੇ ਨੰਦ ਲਾਲ ਦੇ ਦਰਸ਼ਨ ਕਰਨ। ਵੇਖਿਆ ਸੀ ਕੁਝ ਚਿਰ ਉਨ੍ਹਾਂ ਦੇ ਚਰਨਾਂ ਵਿਚ ਬਹਿ ਕੇ ਪੁਰਾਤਨ ਤੇ ਨਵੀਨ ਭਾਰਤੀ ਕਲਾ ਦੇ ਸੰਗਮ ਸਾਧਕ ਨੂੰ।

ਸ਼ਾਂਤੀ ਨਿਕੇਤਨ ਦੀਆਂ ਸੜਕਾਂ ਉੱਤੇ ਤੁਰਿਆਂ ਜਾਂਦਿਆਂ ਅਚਾਨਕ ਤੁਹਾਡੀ ਨਜ਼ਰ ਕਿਸੇ ਮੂਰਤੀ ਉੱਤੇ ਜਾ ਪਏਗੀ। ਅਤੇ ਇੰਜ ਲੱਗੇਗਾ ਜਿਵੇਂ ਉਹ ਤੁਹਾਨੂੰ ਬੁਲਾ ਰਹੀ ਹੈ। ਜੇ ਤੁਸੀ ਬਾਹਰੋਂ ਆਏ ਓ ਅਤੇ ਇਹ ਨਹੀ ਜਾਣਦੇ ਕਿ ਇਹ ਮੂਰਤੀ ਸੀਮੇਂਟ ਦੀ ਹੈ ਤਾਂ ਤੁਸੀ ਉਸ ਦੇ ਬਲਾਵੇ ਨੂੰ ਟਾਲ ਨਹੀ ਸੱਕੋਗੇ। ਤੁਹਾਨੂੰ ਉਸ ਕੋਲ ਜਾਣਾ ਹੀ ਪਏ ਗਾ। ਸੀਮੇਂਟ ਦੀਆਂ ਹੁੰਦੀਆਂ ਹੋਈਆਂ ਵੀ ਇਹਨਾਂ ਮੂਰਤੀਆਂ ਵਿਚ ਇਕ ਜ਼ਿੰਦਗੀ,

ਇਕ ਹਰਕਤ ਦਾ ਝਾਓਲਾ ਤੁਹਾਨੂੰ ਦਿੱਸੇਗਾ। ਅਤੇ ਇਨ੍ਹਾਂ ਵਿੱਚੋਂ ਹੀ ਤੁਸੀ ਵੇਖ ਸੱਕੋਗੇ ਰਾਮ ਕਿੰਕਰ ਨੂੰ।

ਕਲਾ ਭਵਨ ਆਪਣੇ 'ਨੰਦਨ' ਤਕ ਹੀ ਸੀਮਿਤ ਨਹੀਂ; ਉਸ ਦਾ ਅਸਲ ਪਸਾਰਾ ਨੰਦਨ ਦੇ ਚੁਫੇਰੇ ਵੇਖਣ ਵਿਚ ਆਉਂਦਾ ਹੈ। ਨੰਦਨ ਦੇ ਸਾਹਮਣੇ ਦੋਹੀਂ ਪਾਸੀਂ ਦੋ ਵਡੀਆਂ ਮੂਰਤੀਆਂ ਹਨ-ਇਕ ਭਗਵਾਨ ਬੁੱਧ ਦੀ ਤੇ ਦੂਸਰੀ ਸੰਥਾਲ ਜੀਵਨ ਨਾਲ ਸੰਬੰਧਤ—ਪ੍ਰਾਚੀਨ ਤੇ ਨਵੀਨ—ਦੋ ਜੁਗਾਂ ਦੀਆਂ ਪ੍ਰਤੀਨਿਧ ਦੋ ਮੂਰਤੀਆਂ। ਨੰਦਨ ਦੇ ਪਿਛਲੇ ਬੰਨੇ ਕਲਾ ਭਵਨ ਦੇ ਵਿੱਦਿਆਰਥੀਆਂ ਦਾ ਹੋਸਟਲ ਹੈ। ਥਾਂ ਥਾਂ ਤੇ ਖੜੇ ਕੱਚੇ ਪੱਕੇ ਘਰਾਂ ਦਾ ਇਕ ਪਿੰਡ—ਘਰਾਂ ਦੇ ਮੂਹਰੇ, ਐਧਰ ਔਧਰ, ਮੂਰਤੀਆਂ ਹੀ ਮੂਰਤੀਆਂ ਤੇ ਮਾਡਲ ਹੀ ਮਾਡਲ ਪਏ ਹਨ। ਘਰਾਂ ਦੇ ਅੰਦਰ-ਵਿੱਦਿਆਰਥੀਆਂ ਦੇ ਕਮਰਿਆਂ ਵਿਚ ਤੁਹਾਨੂੰ ਮੂਰਤੀਆਂ, ਮਾਡਲ ਤੇ ਚਿਤ੍ਰਪਟ ਉੱਤੇ ਅੰਕਿਤ ਚਿਤ੍ਰ ਵੇਖਣ ਵਿਚ ਮਿਲਣਗੇ। ਕਲਾ ਭਵਨ ਦੇ ਇਸ ਸਾਰੇ ਚੁਗਿਰਦੇ ਵਿਚ ਰੰਗਾਂ ਦੀ, ਬੁਰਸ਼ ਦੀ, ਲਕੜੀ ਦੀ ਤੇ ਛੈਣੀ ਹਥੌੜੀ ਦੀ ਇਕ ਅਨੂਪਮ ਲੀਲ੍ਹਾ ਵੇਖਣ ਵਿਚ ਮਿਲੇਗੀ। ਅਤੇ ਇਸ ਲੀਲ੍ਹਾ ਦੇ ਲੀਲ੍ਹਾਧਰ ਹਨ ਕਲਾ ਭਵਨ ਦੇ ਵਿੱਦਿਆਰਥੀ। ਅਨੋਖੇ ਤੇ ਪਿਆਰੇ ਪਿਆਰੇ, ਰੰਗਾਂ ਤੇ ਭਾਵਾਂ ਦੀ ਦੁਨੀਆਂ ਵਿਚ ਵਿਚਰਦੇ।

ਇਸ ਕਲਾ ਭਵਨ ਦੇ ਵੀ ਪਿਛਲੇ ਪਾਸੇ 'ਸ਼੍ਰੀ ਨਿਕੇਤਨ' ਨੂੰ ਜਾਂਦੀ ਸੜਕ ਦੇ ਕੰਢੇ ਫਿਰ ਦੋ ਮੂਰਤੀਆਂ ਖੜੀਆਂ ਹਨ। ਇਕ ਸੰਥਾਲ ਜੋੜੀ ਵਹਿੰਗੀ ਚੁੱਕੀ ਜਾ ਰਹੀ ਹੈ। ਅਤੇ ਦੂਜੀ ਦੋ ਸੰਥਾਲਣਾ ਬੋਲਪੁਰ ਦੀ ਧਾਨ ਮਿੱਲ ਵਿਚ ਮਜ਼ਦੂਰੀ ਕਰਨ ਜਾ ਰਹੀਆਂ ਹਨ। ਸਿਰਾਂ ਉੱਤੇ ਰੋਟੀਆਂ, ਉਨ੍ਹਾਂ ਦੇ ਪਿੱਛੇ ਪਿੱਛੇ ਇਕ ਬੱਚਾ ਕਾਨੇ ਨਾਲ ਇਕ ਸੰਥਾਲਣ ਦਾ ਦੁਪੱਟਾ ਚੁੱਕੀ ਭੱਜਾ ਜਾ ਰਿਹਾ ਹੈ। ਇਹ ਦੋਵੇਂ ਮੂਰਤੀਆਂ ਵੀ ਰਾਮ ਕਿੰਕਰ ਦੀਆਂ ਬਣਾਈਆਂ ਹੋਈਆਂ ਹਨ। ਇਸੇ ਸੜਕ ਉੱਤੇ ਹੀ ਐਗਰੋ ਇਕਨਾਮਿਕਸ ਬਿਲਡਿੰਗ ਦੇ ਅੱਗੇ ਇਕ ਮਾਸ਼ਕੀ ਦੀ ਵੱਡੀ ਸਾਰੀ ਮੂਰਤੀ ਮਿਲੇਗੀ। ਇਹ ਵੀ ਰਾਮ ਕਿੰਕਰ ਦੀ ਅਗਵਾਈ ਵਿਚ ਬਣੀ ਉਨ੍ਹਾਂ ਦੇ ਸ਼ਾਗਿਰਦਾਂ ਦੀ ਕਲਾ ਕਿਰਤ ਹੈ।

ਰਾਮ ਕਿੰਕਰ ਨੰਦ ਲਾਲ ਬਸੂ ਦੇ ਸ਼ਾਗਿਰਦਾਂ ਵਿਚੋਂ ਇਕ ਐਸੇ ਸ਼ਾਗਿਰਦ ਤੇ ਸਾਥੀ ਹਨ ਜਿਨ੍ਹਾਂ ਨੇ ਦੇਸਾਂ ਪ੍ਰਦੇਸਾਂ ਵਿਚ ਮੂਰਤੀਕਾਰ ਦੇ ਤੌਰ ਤੇ ਬੇ-ਮਿਸਾਲ ਸ਼ੋਹਰਤ ਹਾਸਿਲ ਕੀਤੀ ਹੈ। ਉਹ ਹਿੰਦੁਸਤਾਣ ਦੇ ਦੋ ਤਿੰਨ ਪ੍ਰਸਿੱਧ ਮੂਰਤੀਕਾਰਾਂ ਵਿੱਚੋਂ ਇਕ ਹਨ। ਨੰਦ ਲਾਲ ਨੇ ਜਿਵੇਂ ਸਦਾ ਆਪਣੇ ਗੁਰੂ ਦੀਆਂ ਲੀਹਾਂ ਉੱਤੇ ਹੀ ਨਾ ਚਲਦੇ ਰਹਿ ਕੇ ਚਿਤ੍ਰਕਲਾ ਵਿਚ.ਆਪਣੀ ਮੌਲਿਕ ਤੇ ਨਵੇਕਲੀ ਥਾਂ ਬਣਾ ਲਈ ਹੈ ਉਸੇ ਤਰ੍ਹਾਂ ਰਾਮ ਕਿੰਕਰ ਨੇ ਆਪਣੇ ਆਪ ਨੂੰ ਨੰਦ ਲਾਲ ਦੀਆਂ ਲੀਹਾਂ ਤੱਕ ਸੀਮਿਤ ਨਾ ਰੱਖ ਕੇ ਆਪਣੀ ਇਕ ਵੱਖਰੀ ਸ਼ੈਲੀ ਪ੍ਰਚੱਲਤ ਕੀਤੀ ਹੈ। ਰਾਮ ਕਿੰਕਰ ਨੂੰ ਠੇਠ ਲੋਕ ਜੀਵਨ ਸਭ ਤੋਂ ਵੱਧ ਪ੍ਰਭਾਵਤ ਕਰਦਾ ਹੈ। ਪੁਰਾਤਨ ਕਥਾ ਕਹਾਣੀਆਂ ਉੱਤੇ ਉਨ੍ਹਾਂ ਦੀ ਕੋਈ ਸ਼ਰਧਾ ਨਹੀ ਅਤੇ ਨਾ ਹੀ ਨਵੀਂ ਸੱਭਿਅਤਾ ਦੇ ਅਡੰਬਰ ਉੱਤੇ। ਉਹ ਲਗਾਤਾਰ ਮੂਰਤੀਆਂ ਘੜੀ ਜਾਣਗੇ ਆਪਣੇ ਲਾਗਲੇ ਜੀਵਨ ਵਿਚੋਂ ਕਹਾਣੀਆਂ ਲੈ ਕੇ ਅਤੇ ਚਿਤ੍ਰ

ਬਨਾਣਗੇ ਆਧੁਨਿਕ ਸ਼ੈਲੀ ਵਿਚ—ਪਰ ਉਸੇ ਜਨ ਜੀਵਨ ਦੇ। 1925 ਵਿਚ ਸ਼ਾਂਤੀ ਨਿਕੇਤਨ ਵਿਚ ਆਣ ਕੇ ਉਹ ਨੰਦ ਲਾਲ ਦੇ ਸ਼ਾਗਿਰਦ ਬਣੇ ਤੇ ਗੁਰੂਦੇਵ ਰਵੀਦ੍ਰ ਨਾਥ ਦੇ ਸੰਪਰਕ ਵਿਚ ਏਥੇ ਹੀ ਉਨ੍ਹਾਂ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਬਿਤਾ ਦਿੱਤਾ ਹੈ। ਵਿਆਹ ਨਹੀਂ ਕੀਤਾ,— ਮਸਤ ਮੌਲਾ, ਗਾਉਂਦੇ ਤੇ ਰੰਗਾਂ ਵਿਚ ਰੰਗੇ ਜ਼ਿੰਦਾ ਦਿਲ ਗੁਰੂ ਨੰਦ ਲਾਲ ਦੇ ਸ਼ਾਗਿਰਦਾਂ ਵਿੱਚੋਂ ਸਭ ਤੋਂ ਪ੍ਰਸਿੱਧ ਕਲਾਕਾਰ ਹਨ। ਗੌਰਵ ਮਈ ਕਲਾ ਦਾ ਗਰਵ ਜ਼ਰੂਰ ਹੈ ਪਰ ਹੰਕਾਰ ਨਹੀ। ਘੰਟਿਆਂ ਬੱਧੀ ਗੱਲਾਂ ਕਰਦੇ ਰਹਿੰਦੇ ਜਦੋਂ ਮੈਂ ਉਨ੍ਹਾਂ ਦੇ ਘਰ ਜਾਂਦਾ। ਚਿਤ੍ਰਕਲਾ ਤੋਂ ਤੁਰ ਕੇ ਅਕਸਰ ਰਵੀਦ੍ਰ ਸੰਗੀਤ ਤੇ ਆ ਜਾਂਦੇ ਅਤੇ ਫਿਰ ਗਾ ਗਾ ਕੇ ਰਵੀਦ੍ਰ ਸੰਗੀਤ ਤੇ ਰਵੀਂਦ੍ਰ-ਨਾਟਕਾਂ ਦੀਆਂ ਕਹਾਣੀਆਂ ਸੁਣਾਉਂਦੇ। ਗਲਾ ਕੋਈ ਸੁਰੀਲਾ ਨਹੀਂ ਪਰ ਇਸ਼ਕ ਏਨਾਂ ਹੈ ਕਿ ਗਾਉਣ ਤੋਂ ਬਿਨਾ ਰਹਿ ਹੀ ਨਹੀ ਸਕਦੇ। ਤਾਂ ਵੀ ਗਾਉਣਗੇ ਸੁਰ ਤਾਲ ਵਿਚ। ਅਚਾਨਕ ਰਵੀਦ੍ਰ ਨਾਥ ਦੇ ਕਿਸੇ ਗੀਤ ਦੀ ਕੋਈ ਲਾਈਨ ਗਾ ਕੇ ਆਖਦੇ, "ਬਣਾਓ ਖਾਂ ਇਹਦੀ ਪੰਜਾਬੀ।" ਤੇ ਜਦੋਂ ਮੈਂ ਉਸ ਗੀਤ ਦੀ ਕਲੀ ਨੂੰ ਪੰਜਾਬੀ ਰੂਪ ਦੇ ਦੇਂਦਾ ਤਾਂ ਪੰਜਾਬੀ ਬੋਲੀ ਦੀ ਲ਼ਚਕ ਨਾਲ ਬੰਗਲਾ ਦੀ ਤੁਲਣਾ ਕਰ ਕੇ ਦੋਹਾਂ ਬੋਲੀਆਂ ਨੂੰ ਅਤਿ ਨੇੜੇ ਦੀਆਂ ਹੋਣ ਦੇ ਦਾਅਵੇ ਪੇਸ਼ ਕਰਦੇ। ਤੇ ਮੁੜ ਉਸ ਗੀਤ ਦੇ ਪੰਜਾਬੀ ਰੂਪ ਦੀ ਰੀਹਰਸਲ ਚਲਦੀ ਰਹਿੰਦੀ।

ਮੀਰਾਂ

'ਬੱਦਲ ਤੇ ਧੁੱਪ' ਅਤੇ 'ਕਾਬੁਲੀ ਵਾਲਾ' ਟੈਗੋਰ ਦੀਆਂ ਕਹਾਣੀਆਂ ਪੜ੍ਹਦਿਆਂ ਹੈਰਾਨ ਹੋਇਆ ਸਾਂ ਸ਼ਸ਼ੀ ਭੂਸ਼ਣ ਤੇ ਗਿਰੀ ਬਾਲਾ ਦੀ ਅਤੇ ਰਹਿਮਾਨ ਤੇ ਮਿਨੀ ਦੀ ਬੇਮੇਲ ਉਮਰ ਦੀ ਦੋਸਤੀ ਦਾ ਆਰੰਭ ਵੇਖਕੇ, ਅਤੇ ਫਿਰ ਹੈਰਾਨ ਹੋਇਆ ਸਾਂ ਉਸ ਦਿਨ, ਜਦੋਂ ਉਨ੍ਹਾਂ ਕਹਾਣੀਆਂ ਦਾ ਅਰੰਭ ਮੇਰੀ ਆਪ ਬੀਤੀ ਬਣ ਗਿਆ।

ਕਮਰੇ ਵਿਚ ਬਾਰੀ ਦੇ ਸਾਹਮਣੇ ਤਖ਼ਤ ਪੋਸ਼ ਉੱਤੇ ਬੈਠਾ ਲਿਖ ਰਿਹਾ ਸਾਂ ਕਿ ਕੁਝ ਪੋਲੇ ਪੈਰਾਂ ਦੀ ਆਹਟ ਮਿਲੀ। ਜਿਉਂ ਹੀ ਅੱਖਾਂ ਚੁਕ ਕੇ ਬਾਹਰ ਨੂੰ ਤੱਕਿਆ ਤਿਉਂ ਹੀ 'ਪਾਲਾਓ ਪਾਲਾਓ'—ਭੱਜੋ—ਭੱਜੋ-ਆਖਦੇ ਛੇ ਸੱਤ ਬਾਲ ਜੀ ਭਿਆਣੇ ਹੋਏ ਭੱਜ ਉਠੇ। ਮੈਂ ਹੈਰਾਨ ਜਿਹਾ ਉਠ ਕੇ ਬਾਹਰ ਆ ਗਿਆ। ਵੇਖਿਆ, ਉਹ ਸਾਰੇ ਮੈਥੋਂ ਕਾਫੀ ਦੂਰੀ ਉਤੇ ਇਕ ਪੈਰ ਅਗਾਂਹ ਨੂੰ ਤੇ ਇਕ ਪਿਛਾਂਹ ਨੂੰ ਕੀਤੀ ਭੱਜਣ ਦੀ ਤਿਆਰੀ ਵਿਚ ਖਲੋਤੇ ਮੇਰੇ ਵਲ ਇੰਜ ਵੇਖ ਰਹੇ ਸਨ ਜਿਵੇਂ ਆਖ ਰਹੇ ਹੋਣ- ਕਿ ਤੂੰ ਜਿੰਨਾ ਮਰਜ਼ੀ ਜ਼ੋਰ ਲਾ ਲੈ ਸਾਨੂੰ ਨਹੀ ਫੜ ਸਕਦਾ-। ਇਹ ਠੀਕ 'ਕਾਬੁਲੀ ਵਾਲਾ' ਦਾ ਚੇਤਾ ਕਰਵਾ ਦੇਣ ਵਾਲਾ ਦ੍ਰਿਸ਼ ਸੀ। ਹੁਣ ਮੇਰੀ ਹੈਰਾਨੀ ਹਟ ਗਈ ਤੇ ਬੁਲ੍ਹਾਂ ਤੇ ਮੁਸਕ੍ਰਾਹਟ ਆ ਗਈ ਸੀ। ਕਮਰੇ ਵਿਚ ਆਣ ਕੇ ਫਿਰ ਆਪਣੇ ਕੰਮ ਲੱਗ ਪਿਆ। ਉਸ ਤੋਂ ਬਾਅਦ ਦੋ ਤਿੰਨ ਵਾਰੀ ਇਕ ਕੁੜੀ ਫਿਰ ਬਾਰੀ ਦੇ ਸਾਹਮਣੇ ਆਈ ਤੇ ਮੇਰੇ ਅੱਖਾਂ ਚੁਕਦਿਆਂ ਹੀ ਭੱਜ ਗਈ। ਦੂਸਰੇ ਦਿਨ ਅਤੇ ਫਿਰ ਤੀਸਰੇ ਦਿਨ ਵੀ ਆਈ। ਪਰ ਤੀਸਰੇ ਦਿਨ ਆਉਂਦਿਆਂ ਹੀ ਭੱਜੀ ਨਾ। ਅੱਜ ਉਹ ਗੱਲ ਕਰਨ ਦੇ ਰੌ

ਵਿਚ ਸੀ ਤੇ ਮੈਂ ਵੀ ਸ਼ਸ਼ੀ ਭੂਸ਼ਣ ਵਾਂਗ ਕਿਤਾਬ ਛੱਡ ਕੇ ਤਖਤ ਪੋਸ਼ ਤੋਂ ਉਠ ਕੇ ਉਸ 'ਗਿਰੀ ਬਾਲਾ' ਜਿਹੀ ਨੂੰ ਫੜ ਲਿਆ ਤੇ ਪੁਛਿਆ :

"ਇੰਜ ਭੱਜ ਕਿਉਂ ਜਾਂਦੀ ਏਂ ਰੋਜ਼ ਹੀ?"

"ਉਹ ਸਾਰੇ ਆਂਹਦੇ ਸਨ ਤੁਸੀਂ ਐਵਾਣੇ ਚੁਰਾਣ ਵਾਲੇ ਓ।"

"ਉਨ੍ਹਾਂ ਕਿਵੇਂ ਜਾਣ ਲਿਆ?"

"ਕਿਉਂ, ਤੁਹਾਡੀ ਐਹ ਐਡੀ ਸਾਰੀ ਦਾਹੜੀ ਜੁ ਏ।"

"ਦਾਹੜੀ ਤੇ ਤੁਹਾਡੇ ਰਵੀਂਦ੍ਰ ਨਾਥ ਦੀ ਮੈਥੋਂ ਵੀ ਵਡੀ ਸੀ।"

"ਕਿਉਂ, ਉਹ ਤੇ ਚਿੱਟੀ ਸੀ।"

"ਹੂੰ ! ਤਾਂ ਕਾਲੀ ਦਾਹੜੀ ਵਾਲੇ ਸਾਰੇ ਲੋਕ ਐਂਵਾਣੇ ਚੁਕ ਲਿਜਾਂਦੇ ਨੇ। ਤੈਨੂੰ ਵੀ ਮੈਂ ਉਸੇ ਤਰ੍ਹਾਂ ਦਾ ਲੱਗਦਾ ਵਾਂ?"

"ਅੱਗੇ ਲੱਗਦੇ ਸੀ, ਪਰ ਕਲ ਮੇਰੇ ਪਿਤਾ ਜੀ ਆਖਦੇ ਸਨ, ਤੁਸੀ ਭਲੇ ਆਦਮੀ ਓ। ਨਾਲੇ ਤੁਸੀ ਰਵੀਂਦ੍ਰ ਨਾਥ ਦੀਆਂ ਕਿਤਾਬਾਂ ਲਿਖਦੇ ਓ। ਅੱਛਾ ਤੁਸੀ ਕਾਬੁਲੀ ਵਾਲਾ ਵੀ ਲਿਖੋਗੇ?"

"ਹਾਂ, ਉਹ ਤੇ ਮੈਂ ਪਹਿਲਾਂ ਹੀ ਲਿਖ ਚੁਕਾਂ ਹਾਂ... ਤੇਰੇ ਪਿਤਾ ਦਾ ਨਾਂ ਕੀ ਏ?"

"ਸ਼੍ਰੀ ਜਿਯਤੀਨ ਵਿਸ਼ਵਾਸ।"

"ਅੱਛਾ ! ਤਾਂ ਐਹ ਸਾਹਮਣਾ ਬਗੀਚੇ ਵਾਲਾ ਘਰ ਤੁਹਾਡਾ ਏ।"

"ਹੂੰ।"

"ਤੇ ਏਨੇ ਸੁਹਣੇ ਖ਼ੁਸ਼ਬੋ ਵਾਲੇ ਫੁੱਲਾਂ ਦੇ ਬੂਟੇ ਕਿਹਨੇ ਲਾਏ ਨੇ?"

"ਮੇਰੀ ਮਾਂ ਨੇ। ਉਹੋ ਹੀ ਇਨ੍ਹਾਂ ਨੂੰ ਪਾਣੀ ਵੀ ਰੋਜ਼ ਦੇਂਦੀ ਏ।"

"ਤੇ ਤੂੰ?"

"ਮੈਂ ਵੀ ਵਿਚ ਵਿਚ ਪਾਣੀ ਲਿਆ ਦੇਨੀ ਆਂ।"

"ਤੇ ਸਵੇਰੇ ਗੀਤ ਵੀ ਤੂੰ ਈ ਗਾਉਣੀ ਏਂ ਨਾ ਰੋਜ਼ ਈ !"

"ਹੂੰ, ਤੁਸਾਂ ਸੁਣਿਐ !"

"ਹਰ ਰੋਜ਼ ਸਵੇਰੇ ਕੰਨ ਲਾ ਕੇ। 'ਚੋਖੇਰ ਆਲੋਏ ਦੇਖੇ ਛੀਲੇਮ ਚੋਖੇਰ ਬਾਹੀਰੇ।" ਤੇ 'ਆਜੀ ਝਰੋ ਝਰੋ ਮੁਖਰ ਬਾਦਰ-ਦਿਨੇ ਜਾਨੀ ਨੇ, ਜਾਨੀ ਨੇ ਕਿਛੂ ਤੇ ਕੈਨੋ ਜੇ ਮਨ ਲਾਗੇ ਨਾ।' ਤੇ... "ਤੋਤੋਨ" ਕਰਕੇ ਘਰੋਂ ਪਈ ਆਵਾਜ਼ ਸੁਣਦਿਆਂ ਹੀ "ਮੈਂ ਹੁਣੇ ਆਈ" ਆਖ ਕੇ ਉਹ ਪੰਛੀ ਵਾਂਗ ਫੁਰਰ ਹੋ ਗਈ। ਅਤੇ ਮੇਰੇ ਅੰਦਰ ਜਾ ਕੇ ਬਹਿੰਦਿਆਂ ਹੀ ਮੁੜ ਵੀ ਆਈ।"

"ਤੇਰਾ ਨਾਂ ਤੋਤੋਨ ਏ?"

"ਨਹੀ ਨਾਂ ਤੇ ਮੇਰਾ ਮੀਰਾ ਵਿਸ਼ਵਾਸ ਏ, ਪਰ ਬੁਲਾਉਂਦੇ ਮੈਨੂੰ ਸਾਰੇ ਤੋਤੋਨ ਕਰਕੇ ਈ ਨੇ।"

"ਪਰ ਮੈਂ ਤੇ ਤੇਰਾ ਨਵਾਂ ਨਾਂ ਰਖਾਂਗਾ।"

"ਕੀ?"

"[illegible]"

"[illegible]"

"ਤੂੰ ਪੰਛੀ [illegible] ਹੀ ਫੁਰਰ ਕਰਕੇ ਉਡ ਜਾਨੀ ਏ।"

"ਪਰ ਪੰਛੀ ਤੇ ਤੈਨੂੰ ਨਾ ਚੰਗਾ ਲੱਗਦਾ ਏ।"

"ਤੇ ਪੰਛੀ ਪਾਖੀ।"

"ਐਡਾ ਸ਼ੌਕ ਏ, ਤੁਹਾਨੂੰ ਗੀਤ ਸੁਣਨਾ ਚੰਗਾ ਲਗਦਾ ਏ।"

"[illegible] ਜੀ ਬਹੁਤ ਚੰਗਾ ! ਅਤੇ ਤੂੰ ਜੋ ਏਨਾ ਸੁਹਣਾ ਗਾਉਣੀ ਏਂ। ਪੰਛੀ ਦੀ [illegible] ਵਾਂਗ ਤੇ ਕਿਹੀ ਮਿੱਠੀ ਸੁਰ ਏ ਤੇਰੀ– ਬਿਲਕੁਲ ਕੋਇਲ ਵਾਂਗ। ਕਿੰਨੇ ਕੁ ਗੀਤ ਤੈਨੂੰ ਆਉਂਦੇ ਨੇ?"

"ਇਹੋ ਪੰਜਾਹ ਕੁ।"

"ਸਾਰੇ ਰਵੀਂਦ੍ਰ ਨਾਥ ਦੇ ਹੀ ਨਾ।"

"ਹੈਂ ਸਭ ਰਬੀਂਦ੍ਰ-ਸੰਗੀਤ।"

"ਐਡਾ ਹੁਣ ਤੈਨੂੰ ਡਰ ਤੇ ਨਹੀਂ ਨਾ ਲੱਗਦਾ ਮੇਰੇ ਕੋਲੋਂ?"

"ਨਹੀਂ।"

"ਤਾਂ ਤੇ ਗੀਤ ਸੁਣਾਉਣਾ ਪਏਗਾ।"

"ਹੁਣੇ ਹੀ?"

"ਤੇ ਹੋਰ ਭਲਕੇ।"

"ਭਲਕੇ ਵੀ ਸੁਣਾ ਦਿਆਂਗੀ, ਹੁਣ ਵੀ ਸੁਣਾ ਦੇਨੀ ਆਂ; ਰੋਜ਼ ਸੁਣਾ ਦਿਆ ਕਰਾਂਗੀ, ਦੱਸੋ ਕਿਹੜਾ ਗੀਤ ਸੁਣਾਵਾਂ।"

"ਜਿਹੜਾ ਤੈਨੂੰ ਸਭ ਤੋਂ ਚੰਗਾ ਲਗਦਾ ਏ।"

"ਤਾਂ [illegible] ਆਲੋਏ-ਸੁਣਾਉਣੀ ਆਂ।"

ਸ਼ਾਂਤੀ ਨਿਕੇਤਨ ਵਿਚ ਗੀਤ-ਸੰਗੀਤ ਦਾ ਪਹਿਰਾ ਹੈ। ਜਿਸ ਵੇਲੇ ਜਿਸ ਪਾਸਿਉਂ ਲੰਘੋ, ਕੋਈ ਨਾ ਕੋਈ ਸੰਗੀਤਕ ਕਲੀ ਮਿਠੀ ਰਸੀਲੀ ਸੁਰ ਨਾਲ ਤੁਹਾਡੇ ਕੰਨਾਂ ਵਿਚ ਅੰਮ੍ਰਿਤ ਘੋਲਦੀ ਮਿਲ ਜਾਏਗੀ। ਪਰ ਜੇ ਕੋਈ ਸਾਹਮਣੇ ਬਹਿਕੇ ਸੁਣਾਨ ਵਾਲਾ ਮਿਲ ਜਾਏ ਤਾਂ ਉਸਦਾ ਅਨੰਦ ਵੱਖਰਾ ਹੀ ਹੁੰਦਾ ਹੈ। ਦਿੱਲੀ ਦੀ ਤਲਖ਼ ਤੇ ਵਾਹੋ ਦਾਹ ਜ਼ਿੰਦਗੀ ਵਿਚੋਂ ਨਿਕਲ ਕੇ ਕੁਝ ਚਿਰ ਲਈ ਸ਼ਾਂਤੀ ਨਿਕੇਤਨ ਗਿਆ ਸਾਂ। ਕੁਝ ਦਿਨ ਓਪਰਾ ਓਪਰਾ ਜਿਹਾ ਕੱਲਾ ਕੱਲਾ ਜਿਹਾ ਲੱਗਦਾ ਰਿਹਾ, ਪਰ ਫਿਰ ਜ਼ਿੰਦਗੀ ਸੁਖ ਨਾਲ [illegible] ਮਗਨ ਹੋ ਗਈ। ਸ਼ਾਂਤੀ ਨਿਕੇਤਨ ਦਾ ਮਾਹੌਲ ਹਿਰਦੇ ਦੀਆਂ ਡੂੰਘਾਣਾਂ ਵਿਚ [illegible] ਮਗਨ ਹੋ ਗਿਆ। ਘੁੰਮਦਾ, ਵੇਖਦਾ ਤੇ ਮੁੜ ਆਉਂਦਾ, ਕੋਈ ਕਾਹਲੀ ਨਾ ਰਹਿ [illegible]। ਕੋਈ ਉਤੇਜਨਾ ਵੀ ਹਰ ਵੇਲੇ ਬਾਓਰਿਆਂ ਨਾ ਕਰੀ ਰੱਖਦੀ। ਬੜੀ [illegible] ਘੋਲਦੀ ਰਹਿੰਦੀ। ਆਖਰ ਜਾਣਾ ਵੀ ਕਿੱਥੇ ਹੈ ਮਨੁੱਖ ਨੇ [illegible] ਕਰਕੇ ! ਸੁਖ ਤੇ ਸ਼ਾਂਤੀ ਲਈ ਹੀ ਤਾਂ ਮਨੁੱਖ ਏ [illegible] ਹੈ। ਪਰ ਅੱਜ ਦੀ ਸ਼ਹਿਰੀ ਜ਼ਿੰਦਗੀ ਇਕ ਐਸੀ

ਹੰਗਾਮਿਆਂ ਭਰੀ ਜ਼ਿੰਦਗੀ ਹੈ ਕਿ ਜਿਉਂ ਜਿਉਂ ਮਨੁੱਖ ਸੁਖ ਸ਼ਾਂਤੀ ਦੇ ਪਿੱਛੇ ਭੱਜਦਾ ਹੈ, ਤਿਉਂ ਤਿਉਂ ਉਹ ਉਸ ਤੋਂ ਹੋਰ ਦੂਰ ਹੋਰ ਵੀ ਦੁਰੇਡੀ ਹੁੰਦੀ ਜਾ ਰਹੀ ਹੈ। ਚੈਨ ਖੁੱਸ ਗਿਆ ਹੈ ਉਸ ਦਾ।

ਪਰ ਇਸ ਸ਼ਾਂਤੀ ਨਿਕੇਤਨ ਦਾ ਮਾਹੌਲ ਇਕ ਐਸੀ ਜ਼ਿੰਦਗੀ ਦੀ ਝਲਕ ਸੀ ਜਿਸ ਵਿਚ ਕੰਮਾਂ ਵਿਚ ਲੱਗੇ ਰਹਿਕੇ ਵੀ ਭਰਪੂਰ ਛੁੱਟੀ ਦਾ ਅਨੰਦ ਮਹਿਸੂਸ ਕੀਤਾ ਜਾ ਸਕਦਾ। ਚੈਨ ਅਤੇ ਸੰਤੁਸ਼ਟਤਾ, ਸਭ ਕੁਝ ਕੁ ਕਦਮਾਂ ਉੱਤੇ ਹੀ ਪ੍ਰਾਪਤ ਪਰ ਅਸੀਮ ਅਪਾਰ ਪ੍ਰਕਿਰਤੀ ਦੇ ਰੰਗਾਂ ਦੀ ਧੂਹ ਓਥੇ ਵੀ ਦੂਰ ਅਤੇ ਹੋਰ ਦੂਰ ਵੱਲ ਧੂਹਾਂ ਜ਼ਰੂਰ ਪਾਉਂਦੀ। ਅਤੇ ਉਸ ਧੂਹ ਵਿਚ ਇਕ ਆਨੰਦ ਦਾ ਅਹਿਸਾਸ ਹੁੰਦਾ, ਤਲਖ਼ੀਆਂ ਦਾ ਹੰਭਾਅ ਨਾ ਹੁੰਦਾ।

ਦਿੱਲੀ ਵਿਚ ਜਾਂ ਕਿਸੇ ਵੀ ਵੱਡੇ ਸ਼ਹਿਰ ਵਿਚ ਸਵੇਰੇ ਜਾਗਦਿਆਂ ਹੀ ਜਿਵੇਂ ਇਕ ਉਤੇਜਨਾ ਜਿਹੀ ਨਾਲ, ਇਕ ਡਰ ਜਿਹੇ ਨਾਲ ਅਖ਼ਬਾਰ ਵੱਲ ਵੇਖੀਦਾ ਹੈ, ਰੂਸ ਤੇ ਅਮਰੀਕਾ, ਚੀਨ ਤੇ ਹਿੰਦੁਸਤਾਨ ਦੇ ਵਿਗੜਦੇ ਸੌਰਦੇ ਸੰਬੰਧ ਅਤੇ ਇਹੋ ਜਿਹੀਆਂ ਹੋਰ ਅਨੇਕਾਂ ਗੱਲਾਂ ਸ਼ਾਂਤੀ ਨਿਕੇਤਨ ਵਿਚ ਬੜੀਆਂ ਅਨੋਖੀਆਂ ਲਗਦੀਆਂ। ਕੋਈ ਆਖ਼ਰ ਨਾ ਆ ਗਈ ਲਗਦੀ। ਹਰ ਕੋਈ ਸਿਆਸਤ ਨੂੰ ਲੈ ਕੇ ਹੀ ਬੌਰਾ ਨਾ ਹੋਇਆ ਦਿਸਦਾ-ਸਗੋਂ ਸਵੇਰੇ ਉਠਦਿਆਂ ਹੀ ਪੰਛੀਆਂ ਦੀ ਕਿਲਕਾਰੀ ਸਵਾਗਤ ਕਰਦੀ। ਫਿਰ ਸੰਗੀਤ ਦੀ ਇਕ ਲਹਿਰ ਸ਼ੁਰੂ ਹੋ ਜਾਂਦੀ। ਦੂਰੋਂ ਨੇੜਿਓਂ, ਬੋਲਾਂ ਨਾਲ ਭਰਪੂਰ ਰੰਗਾ ਰੰਗ ਸੁਰਾਂ ਲਗਾਤਾਰ ਕੰਨਾਂ ਨੂੰ, ਮਨ ਨੂੰ ਇਕ ਸਰਗਮ ਵਾਂਗ ਟੁਣਕਾਰਦੀਆਂ ਰਹਿੰਦੀਆਂ।

ਕਈ ਵਾਰੀ ਤਾਂ ਉਹ ਮਾਹੌਲ ਇਕ ਸੁਪਨਾ ਜਿਹਾ ਲਗਦਾ, ਜਿਸ ਵਿਚ ਅੱਜ ਦੀ ਹਲਚਲ ਭਰੀ ਜ਼ਿੰਦਗੀ ਚੋਂ ਪਾਰ ਹੋ ਕੇ ਭਵਿੱਖ ਦੀ ਉਸ ਸਰਲ ਸਹਿਜ ਦੁਨੀਆਂ ਵਿਚ ਪਹੁੰਚ ਗਿਆ ਲਗਦਾ ਜਿਸ ਦੀ ਕਲਪਨਾ ਕਰਕੇ ਹੀ ਰੋਮਾਂਚ ਹੋਣ ਲਗਦਾ ਹੈ ਤੇ ਜਿਸ ਦੇ ਨਾਮ ਉੱਤੇ ਅੱਜ ਕਰੋੜਾਂ ਸੁਪਨ ਦਰਸ਼ੀ ਸੰਘਰਸ਼ ਕਰ ਰਹੇ ਹਨ। ਠੀਕ ਉਸੇ ਤਰ੍ਹਾਂ ਸੰਗੀਤਕ ਦੁਨੀਆਂ ਵਿਚ ਹੀ ਆਪਣੇ ਆਪ ਨੂੰ ਘੁੰਮਦਾ ਮਹਿਸੂਸ ਕਰ ਲੈਂਦਾ।

ਪਰ ਇਹ ਸੰਗੀਤ ਕੋਈ ਫਿਲਮੀ ਸੰਗੀਤ ਨਹੀ ਸੀ ਜਿਹੜਾ ਫੁਰਮਾਇਸ਼ੀ ਗੀਤਾਂ ਉੱਤੇ ਜੜਿਆ ਹੋਵੇ। ਇਸ ਵਿਚ ਵਿਸ਼ਵ ਕਵੀ ਰਵੀਂਦ੍ਰ ਨਾਥ ਦੀ ਅੰਤਰ ਆਤਮਾ ਦੇ ਬੋਲ ਹਨ ਤੇ ਉਨ੍ਹਾਂ ਬੋਲਾਂ ਨੂੰ ਸੁਰ ਦਿੱਤੀ ਹੈ ਓਹਨਾਂ ਹੀ ਭਾਵਾਂ ਦੀ। ਬੋਲ ਤੇ ਸੁਰ ਰਵੀਂਦ੍ਰ ਨਾਥ ਦੇ ਅੰਦਰੋਂ ਇਕੱਠੇ ਫੁਟਦੇ। ਹਰ ਬੋਲ ਇਕ ਰਾਗਮਈ ਸੁਰ ਦਾ ਰੂਪ ਧਾਰ ਕੇ ਕੰਠ ਚੋਂ ਨਿਕਲਦਾ। ਬੋਲ ਤੇ ਸੁਰ ਦੀ ਏਨੀ ਸਾਂਝ ਦੁਨੀਆਂ ਵਿਚ ਸ਼ਾਇਦ ਹੀ ਕਿਸੇ ਕਵੀ ਦੇ ਹਿੱਸੇ ਆਈ ਹੋਵੇ ਜਿੰਨੀ ਰਵੀਂਦ੍ਰ ਨਾਥ ਦੇ ਹਿੱਸੇ ਆਈ· ਸੀ। ਇਹੋ ਕਾਰਣ ਹੈ ਕਿ ਰਵੀਂਦ੍ਰ-ਸੰਗੀਤ ਮਨੋ ਭਾਵਾਂ ਦੇ ਪ੍ਰਗਟਾ ਦਾ ਸਭ ਤੋਂ ਸੁੰਦਰ ਜ਼ਿਰੀਯਾ ਹੈ। ਇਸ ਦਾ ਜਿਉਂਦਾ ਜਾਗਦਾ ਸਰੂਪ ਮੈਂ ਉਸ ਦਿਨ ਵੇਖਿਆ ਜਦੋਂ ਆਕਾਸ਼ ਵਿਚ ਬੱਦਲ ਮੰਡਰਾ ਰਹੇ ਸਨ ਤੇ ਨਿੰਮ੍ਹੀ ਨਿੰਮ੍ਹੀ ਫੁਹਾਰ ਪੈ ਰਹੀ ਸੀ। ਅਚਾਨਕ ਸਾਹਮਣੇ ਕੋਨੇ ਵਾਲੇ ਘਰ ਵਿਚੋਂ ਇਕ ਸੁਰ ਦੇ ਇਹ ਬੋਲ ਤਰਦੇ ਆਏ-

'ਆਜੀ ਝਰੋ ਝਰੋ ਮੁਖਰ ਬਾਦਰ-ਦਿਨੇ
ਜਾਨੀ ਨੇ ਜਾਨੀ ਨੇ ਕਿਛੂ ਤੇ ਕੈਨੋ ਜੇ ਮਨ ਲਾਗੇ ਨਾ।
ਏਈ ਚੰਚਲ ਸ਼ਜਲ ਪਬਨ-ਬੇਗੇ ਉਦਭ੍ਰਾਂਤ ਮੇਘੇ ਮਨ ਚਾਏ
ਮਨ ਚਾਏ ਓਈ ਬਲਾਕਾਰ ਪਥ ਖਾਨੀ ਨੀਤੇ ਚੀਨੇ।
ਮੇਘ ਮਲੱਾਰੇ ਸ਼ਾਰਾ ਦਿਨ ਮਾਨ
ਬਾਜੇ ਝਰਨਾਰ ਗਾਨ
ਮਨ ਹਾਰਾਬਾਰ ਆਜੀ ਬੇਲਾ, ਪਥ ਭੂਲੀਬਾਰ ਖੇਲਾ-ਮਨ ਚਾਏ
ਮਨ ਚਾਏ ਹ੍ਰਿਦਾਏ ਜੌੜਾਤੇ ਕਾਰ ਚਿਰ ਰਿਣੇ।।

ਐਸੇ ਸੁੰਦਰ ਬਰਸਾਤੀ ਦਿਨ ਵਿਚ ਦਿਲ ਮੇਰਾ ਵੀ ਉਸ ਕਮਰੇ ਵਿਚ ਨਹੀਂ ਸੀ ਲਗ ਰਿਹਾ। ਮੱਠੀ ਮੱਠੀ ਫੁਹਾਰ ਵਿਚ ਉਠ ਕੇ ਆਸ਼ਰਮ ਵੱਲ ਤੁਰ ਪਿਆ। ਪਰ ਮੈਂ ਹੈਰਾਨ ਹੋ ਰਿਹਾ ਸਾਂ ਇਹ ਵੇਖ ਕੇ, ਕਿ ਜਿਵੇਂ ਦੂਰ ਕਿਧਰੇ ਰੇਡੀਓ ਸਟੇਸ਼ਨ ਤੋਂ ਕੋਈ ਗੀਤ ਬ੍ਰਾਡਕਾਸਟ ਹੋ ਕੇ ਹਰ ਘਰ ਦੇ ਰੇਡੀਓ ਸੈਟ ਤੋਂ ਬੋਲ ਰਿਹਾ ਹੁੰਦਾ ਹੈ, ਠੀਕ ਉਸੇ ਤਰ੍ਹਾਂ (ਸਿਰਫ ਕੰਠ ਦੇ ਵਖੇਖੇਂ ਨਾਲ) ਉਪਰੋਕਤ ਗੀਤ ਦੀ ਸੁਰ ਘਰ ਘਰ ਵਿਚੋਂ ਸੁਣੀ ਜਾ ਰਹੀ ਸੀ।

ਰਵੀਂਦ੍ਰ ਸੰਗੀਤ

"ਨਮਸਕਾਰ, ਅਮਰ ਬਾਬੂ !"

ਆਪਣੇ ਨਾਮ ਦੇ ਅੰਤਲੇ ਅੱਖਰਾਂ ਨਾਲ 'ਭਾਰਤੀ' ਦੀ ਥਾਂ 'ਬਾਬੂ' ਸੁਣ ਕੇ ਕਿਸੇ ਹੋਰ ਨੂੰ ਬੁਲਾਵੇ ਦਾ ਖਿਆਲ ਹੋਣ ਤੇ ਵੀ ਮੈਂ ਖੱਬੇ ਪਾਸੇ ਵੱਲ ਤੱਕਿਆ ਤਾਂ ਇਕ ਬੰਗਾਲੀ ਸੱਜਣ ਮੇਰੇ ਵੱਲ ਹੀ ਆ ਰਹੇ ਦਿੱਸੇ। ਆਉਂਦਿਆਂ ਹੀ ਬੋਲੇ-

"ਤੁਸਾਂ ਪਛਾਣਿਆ ਨਹੀਂ ਨਾ ! ਉਸ ਦਿਨ ਰਾਤ ਨੂੰ ਮੇਰੇ ਕੋਲੋਂ ਹੀ ਤੁਸਾਂ ਪੰਜਾਬੀ ਕੋਠੀ ਦਾ ਰਾਹ ਪੁਛਿਆ ਸੀ। ਬਾਜਪਾਈ ਜੀ ਨੇ ਮੈਨੂੰ ਤੁਹਾਡੇ ਬਾਰੇ ਦੱਸਿਆ ਸੀ। ਸੁਣਿਐ ਤੁਹਾਨੂੰ ਰਹਿਣ ਦੀ ਜਗ੍ਹਾ ਵਾਸਤੇ ਬੜੀ ਤਕਲੀਫ ਹੋਈ ਏ। ਮੇਰਾ ਨਾਮ ਬੀਰੇਨ ਪਾਲਿਤ ਐ, ਸੰਗੀਤ ਭਵਨ ਵਿਚ ਅਧਿਆਪਕ ਹਾਂ। ਕਿਸੇ ਕੰਮ ਆ ਸਕਦਾ ਹੋਵਾਂ ਤਾਂ ਖੁਸ਼ ਹੋਵਾਂਗਾ।"

ਇਕ ਵਾਰਗੀ ਹੀ ਏਨੀ ਸਾਰੀ ਵਾਕਫੀ ਦੀ ਖ਼ਬਰ ਸੁਣ ਕੇ ਪਹਿਲਾਂ ਤਾਂ ਮੈਂ ਡੌਰ-ਭੌਰਾ ਵੇਖਦਾ ਹੀ ਰਿਹਾ। ਫਿਰ ਸੰਭਲ ਕੇ ਕਿਹਾ, "ਸ਼ਾਂਤੀ ਨਿਕੇਤਨ ਵਿਚ ਰਹਿਣ ਵਾਲਾ ਹਰ ਆਦਮੀ ਮੇਰੇ ਕੰਮ ਆ ਸਕਦਾ ਏ ਤੇ ਮੈਨੂੰ ਉਸ ਦੀ ਲੋੜ ਏ, ਪਰ ਤੁਹਾਡੀ ਲੋੜ ਸਭ ਤੋਂ ਵੱਧ ਏ। ਮੈਂ ਰਵੀਂਦ੍ਰ ਸੰਗੀਤ ਬਾਰੇ ਕੁਝ ਜਾਣਨਾ ਚਾਹੁੰਦਾ ਹਾਂ।"

"ਅਛਾ ਆਓ ਇਕ ਇਕ ਪਾਨ ਖਾ ਲਈਏ। ਫ਼ਿਰ ਗੱਲ ਕਰਦੇ ਹਾਂ।" ਆਖ ਕੇ ਉਹ ਸਾਹਮਣੀ ਪਾਨਾਂ ਵਾਲੀ ਦੁਕਾਨ ਵੱਲ ਤੁਰ ਪਏ।"

"ਤੁਸੀ ਖਾ ਲਓ, ਮੈਂ ਤਾਂ ਪਾਨ ਖਾਂਦਾ ਨਹੀਂ ਹੁੰਦਾ।"

"ਵਾਹ, ਜੇ ਪਾਨ ਹੀ ਨਹੀਂ ਖਾਂਦੇ ਤਾਂ ਤੁਸੀ ਬੰਗਾਲੀ ਵੀ ਨਹੀਂ ਬਣ ਸਕਦੇ।"

"ਪਰ ਤੁਹਾਨੂੰ ਇਹ ਸ਼ੱਕ ਕਿਵੇਂ ਪੈ ਗਿਆ ਕਿ ਮੈਂ ਬੰਗਾਲੀ ਬਣਨਾ ਚਾਹੁੰਦਾ ਹਾਂ। ਮੈਨੂੰ ਹਾਲੀ ਤੁਸੀਂ ਭਾਰਤੀ ਹੀ ਰਹਿਣ ਦਿਓ।"

"ਉਹ, ਫਿਰ ਵੀ ਪਾਨ ਤੁਹਾਨੂੰ ਖਾਣਾ ਹੀ ਪਏਗਾ ਭਾਰਤੀ ਬਾਬੂ। ਪਾਨ ਖਾਲਿਸ ਭਾਰਤ ਵਰਸ਼ ਦੀ ਚੀਜ਼ ਏ, ਵਿਦੇਸ਼ੀ ਨਹੀਂ ਅਤੇ ਹੁਣ ਜਦ ਬੰਗਾਲ ਵਿਚ ਆਏ ਓ ਤਾਂ ਇਕ ਵਾਰੀ ਬੰਗਾਲੀ ਪਾਨ ਦਾ ਸਵਾਦ ਵੇਖ ਲੈਣ ਵਿਚ ਹਰਜ ਵੀ ਕੀ ਏ।"

"ਅੱਛਾ, ਤੁਹਾਡੀ ਇਹ ਫੁਰਮਾਇਸ਼ ਮੰਨ ਲੈਂਦਾ ਹਾਂ, ਪਰ ਇਕ ਸ਼ਰਤ ਨਾਲ !"

"ਕੀ ?"

"ਕਲ੍ਹ ਨੂੰ ਇਹ ਨਾ ਆਖਿਓ ਕਿ ਬੰਗਾਲ ਵਿਚ ਆਏ ਓ, ਬੰਗਾਲੀ ਲੋਕਾਂ ਤੇ ਬੰਗਲਾ ਸਾਹਿਤ ਬਾਰੇ ਜਾਣਨਾ ਸਮਝਣਾ ਚਾਹੁੰਦੇ ਓ ਤਾਂ ਬੰਗਾਲ ਦਾ ਮਛੀ ਭਾਤ ਵੀ ਖਾਣਾ ਪਏਗਾ। ਤੁਹਾਡਾ ਬੰਗਾਲੀ ਭਾਤ, ਤਰਕਾਰੀਰ ਝੋਲ ਤਾਂ ਮੈਨੂੰ ਰੋਜ਼ ਖਾਣਾ ਪੈ ਹੀ ਰਿਹਾ ਏ ਅਤੇ ਉਹ ਕਿਸੇ ਤਰ੍ਹਾਂ ਸੰਘੋਂ ਲੰਘਾ ਵੀ ਲੈਂਦਾ ਹਾਂ, ਪਰ ਦਇਆ ਕਰ ਕੇ ਬੰਗਾਲੀ ਮੱਛੀ ਦੇ ਕੰਡੇ ਤੋਂ ਮੈਨੂੰ ਬਚਾ ਦਿਓ।"

ਸੁਣ ਕੇ ਬੀਰੇਨ ਬਾਬੂ ਹੋ ਹੋ ਕਰ ਕੇ ਹੱਸ ਪਏ। ਇਕ ਪਾਨ ਮੈਨੂੰ ਦੇ ਕੇ ਤੇ ਇਕ ਆਪਣੇ ਮੂੰਹ ਵਿਚ ਸੁਟ ਕੇ ਬੋਲੇ, "ਅਜ ਸ਼ਾਮ ਨੂੰ ਤੁਸੀ ਮੇਰੇ ਘਰ ਆਇਓ, ਰਵੀਂਦ੍ਰ ਸੰਗੀਤ ਬਾਰੇ ਜੋ ਜਾਣਨਾ ਚਾਹੋਗੇ, ਦੱਸਾਂਗਾ ਤੇ ਸੁਣਾ ਵੀ ਦਿਆਂਗਾ।"

"ਘਰ ਤੁਹਾਡਾ ਕਿੱਥੇ ਕੁ ਐ ?"

"ਸੰਗੀਤ ਭਵਨ ਦੇ ਬਿਲਕੁਲ ਸਾਹਮਣੇ, ਜਿਹੜਾ ਬਗ਼ੀਚੇ ਵਾਲਾ ਘਰ ਏ, ਮੈਂ ਓਥੇ ਹੀ ਰਹਿੰਦਾ ਹਾਂ।"

"ਪਰ ਬਗ਼ੀਚਾ ਤੇ ਮੈਂ ਏਥੇ ਕਰੀਬ ਕਰੀਬ ਹਰ ਘਰ ਦੇ ਸਾਹਮਣੇ ਹੀ ਵੇਖਦਾ ਹਾਂ, ਇਹ ਤਾਂ ਸ਼ਾਇਦ ਬੰਗਾਲੀ ਹੋਣ ਦਾ ਸਰਟੀਫੀਕੇਟ ਏ। ਤੁਹਾਡਾ ਬਗ਼ੀਚਾ ਕੁਝ ਖ਼ਾਸ ਕਿਸਮ ਦਾ ਏ ?"

ਬੀਰੇਨ ਬਾਬੂ ਦੇ ਚੇਹਰੇ ਉਤੇ ਇਕ ਖ਼ਾਸ ਕਿਸਮ ਦੇ ਮਾਨ ਦੇ ਚਿੰਨ੍ਹ ਉਭਰ ਆਏ। ਸ਼ਾਂਤੀ ਨਿਕੇਤਨ ਵਿਚ ਜਾ ਕੇ ਇਹ ਗੱਲ ਮੈਂ ਉਚੇਚੇ ਤੌਰ ਤੇ ਮਹਿਸੂਸ ਕੀਤੀ ਸੀ ਕਿ ਹਰ ਬੰਗਾਲੀ ਆਪਣੇ ਘਰ ਦੇ ਬਗ਼ੀਚੇ, ਆਪਣੇ ਬੱਚੇ ਦੇ ਸੰਗੀਤਕ ਗਲੇ ਤੇ ਸਾਹਿਤਕ ਰੁਚੀ ਅਤੇ ਬੰਗਾਲੀ ਬੁੱਧੀ ਦਾ ਇੰਜ ਮਾਨ ਕਰਦਾ ਹੈ ਜਿਵੇਂ ਇਹ ਕੁਝ ਰੱਬ ਨੇ ਸਿਰਫ਼ ਉਸੇ ਨੂੰ ਹੀ ਦੇ ਦਿੱਤਾ ਹੋਵੇ। ਮੇਰਾ ਡੀਲ ਡੌਲ ਵੇਖ ਕੇ ਪਹਿਲੀ ਗੱਲ ਬਾਤ ਵਿਚ ਹੀ ਬਹੁਤੇ ਬੰਗਾਲੀ ਮੈਨੂੰ ਆਖ ਦੇਂਦੇ ਕਿ "ਬੰਗਾਲੀਆਂ ਦੀ ਬੁੱਧੀ ਤੇ ਪੰਜਾਬੀਆਂ ਦਾ ਬਲ ਜੇ ਇੱਕਠੇ ਹੋ ਜਾਣ ਤਾਂ ਅਸੀਂ ਕੀ ਨਹੀ ਕਰ ਸਕਦੇ।"

ਪਹਿਲਾਂ ਪਹਿਲਾਂ ਸੁਣਨ ਵਿਚ ਇਹ ਗੱਲ ਕੁਝ ਚੰਗੀ ਹੀ ਲੱਗਦੀ ਸੀ ਪਰ ਜਦੋਂ ਹਰ ਕਿਸੇ ਕੋਲੋਂ ਇਕ ਮੁਹਾਵਰੇ ਵਾਂਗ ਇਹ ਗੱਲ ਮੇਰੇ ਕੰਨਾਂ ਨੂੰ ਆ ਆ ਕੇ ਟਕਰਾਣ ਲਗੀ ਤਾਂ ਇਸ ਦਾ ਅੰਦਰਲਾ ਭਾਵ ਸਮਝ ਕੇ ਮੈਨੂੰ ਬੜੀ ਖਿਝ ਆਉਣ ਲੱਗੀ। ਅੰਤ ਨੂੰ ਜਦੋਂ ਕਈ ਬੜੇ ਸਿਆਣੇ ਬੰਗਾਲੀਆਂ ਦੇ ਮੂੰਹੋਂ.ਵੀ ਮੈਂ ਇਹੋ ਗੱਲ ਹੀ ਸੁਣੀ ਤਾਂ

ਮੈਥੋਂ ਰਿਹਾ ਨਾ ਗਿਆ ਅਤੇ ਆਖ ਹੀ ਦਿੱਤਾ, "ਬੰਗਾਲੀਆਂ ਕੋਲ ਬੁੱਧੀ ਦੀ ਅਜਾਰੇਦਾਰੀ ਏ ਕਿ ਪੰਜਾਬੀਆਂ ਕੋਲ ਤਾਕਤ ਦੀ। ਬਲ ਹੀਨਾਂ ਕੋਲ ਬੁੱਧੀ ਬਹੁਤਾ ਚਿਰ ਨਹੀਂ ਰਹਿੰਦੀ।"

ਆਪਣੇ ਬਗ਼ੀਚੇ ਵਿਚ ਮੈਨੂੰ ਖ਼ਾਸ ਦਿਲਚਸਪੀ ਲੈਂਦਿਆਂ ਵੇਖ ਕੇ ਬੀਰੇਨ ਬਾਬੂ ਨੇ ਕਿਹਾ, "ਹਾਂ, ਮੇਰਾ ਬਗ਼ੀਚਾ ਖ਼ਾਸ ਕਿਸਮ ਦਾ ਹੀ ਏ। ਉਸ ਆਲੇ ਦੁਆਲੇ ਵਿਚ ਕਿਸੇ ਨੇ ਬਗ਼ੀਚੇ ਵਿਚ ਗੁਲਾਬ ਦੇ ਬੂਟੇ ਨਹੀਂ ਲਾਏ ਹੋਏ। ਮੈਂ ਆਪਣੀ ਹੱਥੀਂ ਲਾਏ ਨੇ। ਉਨ੍ਹਾਂ ਵਿਚੋਂ ਇਕ ਬੂਟੇ ਨਾਲ ਇਕ ਬੜਾ ਹੀ ਖ਼ੂਬਸੂਰਤ ਸੂਹਾ ਫੁਲ ਖਿੜਿਆ ਏ, ਜਿਹੋ ਜਿਹਾ ਪੰਡਤ ਨਹਿਰੂ ਆਪਣੇ ਕੋਟ ਨਾਲ ਲਗਾਉਂਦੇ ਹੁੰਦੇ ਨੇ ਤੇ ਭਾਗਾਂ ਨੂੰ ਪਰਸੋਂ ਪੰਡਤ ਨਹਿਰੂ ਏਥੇ ਆ ਰਹੇ ਨੇ ਕਾਨਵੋਕੇਸ਼ਨ ਦੇ ਸਿਲਸਿਲੇ ਵਿਚ। ਓਹ ਅਕਸਰ ਹਰ ਸਾਲ ਮੇਰੇ ਘਰ ਦੇ ਅੱਗੋਂ ਦੀ ਲੰਘਦੇ ਹੁੰਦੇ ਨੇ। ਮੇਰੀ ਇਛਿਆ ਏ ਉਹ ਫੁਲ ਉਨ੍ਹਾਂ ਦੀ ਭੇਟਾ ਕਰਾਂਗਾ। ਇਸੇ ਲਈ ਦਿਨ ਰਾਤ ਉਸ ਦੀ ਰਾਖੀ ਕਰ ਰਿਹਾ ਹਾਂ। ਤੁਸੀ ਜ਼ਰੂਰ ਆਉਣਾ ਅੱਜ ਹੀ, ਅਮਰ ਬਾਬੂ।"

"ਜ਼ਰੂਰ ਆਵਾਂਗਾ, ਪਰ ਪਾਨਾਂ ਦੇ ਦੋ ਬੀੜੇ ਲੈ ਕੇ ! ਗੁਰੂ ਦੱਛਣਾ ਵਜੋਂ ਪਾਨ ਹੀ ਦਿਆਂਗਾ।"

ਸ਼ਾਮ ਨੂੰ ਜਦੋਂ ਉਨ੍ਹਾਂ ਦੇ ਘਰ ਗਿਆ ਤਾਂ ਉਹ ਆਪਣੇ ਬਗ਼ੀਚੇ ਦੇ ਬੂਟਿਆਂ ਦਵਾਲੇ ਗੋਡੀ ਕਰ ਕਰ ਕੇ ਖਾਦ ਪਾ ਰਹੇ ਸਨ। ਓਥੇ ਹੀ ਅਸਾਂ ਰਵੀਂਦ੍ਰ ਸੰਗੀਤ ਬਾਰੇ ਚਰਚਾ ਸ਼ੁਰੂ ਕਰ ਦਿੱਤੀ। ਮੇਰਾ ਸਵਾਲ ਸੀ ਕਿ "ਰਵੀਂਦ੍ਰ ਸੰਗੀਤ ਭਾਰਤ ਦੇ ਸ਼ਾਸਤਰੀ ਸੰਗੀਤ ਤੇ ਬੰਗਾਲ ਦੇ ਲੋਕ ਸੰਗੀਤ ਨੂੰ ਵੀ ਉਲੰਘ ਕੇ ਬੰਗਾਲ ਦੇ ਹਰ ਘਰ ਵਿਚ ਆਪਣੀ ਨਵੇਕਲੀ ਥਾਂ ਤੇ ਪਰੰਪਰਾ ਕਿਵੇਂ ਬਣਾਉਂਦਾ ਜਾ ਰਿਹਾ ਹੈ। ਸ਼ਾਂਤੀ ਨਿਕੇਤਨ ਤੇ ਉਸ ਤੋਂ ਬਾਹਰ ਵੀ ਇਸ ਦੀ ਸਿਖਲਾਈ ਦਾ ਤਿੰਨਾਂ ਤੋਂ ਛੇ ਸਾਲਾਂ ਤਕ ਦਾ ਕੋਰਸ ਹੈ।"

ਬੀਰੇਨ ਬਾਬੂ ਨੇ ਕਿਹਾ, "ਇਸ ਸਵਾਲ ਦਾ ਜਵਾਬ ਛੋਟਾ ਨਹੀਂ, ਪਰ ਤਾਂ ਵੀ ਮੈਂ ਕੋਸ਼ਿਸ਼ ਕਰਦਾ ਹਾਂ ਕਿ ਤੁਹਾਨੂੰ ਸੰਖੇਪ ਵਿਚ ਇਸ ਬਾਰੇ ਦੱਸਾਂ। ਅੱਵਲ ਤਾਂ ਰਵੀਂਦ੍ਰ ਸੰਗੀਤ ਦੇ ਗੀਤਾਂ ਤੇ ਸੁਰ ਨੂੰ ਅਲੱਗ ਅਲੱਗ ਕਰਕੇ ਵੇਖਣਾ ਹੀ ਔਖਾ ਹੈ, ਪਰ ਫ਼ਰਜ਼ ਕਰੋ ਕਿ ਇੰਜ ਕਰ ਵੀ ਲੈਂਦੇ ਹਾਂ ਤਾਂ ਉਨ੍ਹਾਂ ਗੀਤਾਂ ਵਿਚ ਮਾਨਵ ਮਨ ਦੇ ਹਰ ਤਰ੍ਹਾਂ ਦੇ ਜਜ਼ਬਿਆਂ ਦਾ ਏਨਾ ਸਰਲ ਤੇ ਡੂੰਘਾ ਪ੍ਰਗਟਾਵਾ ਮਿਲਦਾ ਹੈ ਕਿ ਇਹ ਰਵੀਂਦ੍ਰ ਨਾਥ ਵੱਲੋਂ ਹੀ ਸੰਭਵ ਹੋ ਸਕਦਾ ਸੀ। ਉਹ ਸਾਹਿਤ ਤੇ ਗਿਆਨ ਦੇ ਹੋਰ ਹੋਰ ਪੱਖਾਂ ਵੱਲੋਂ ਕਿੰਨੇ ਵੀ ਮਹਾਨ ਹੋਣ, ਪਰ ਅਸਲ ਵਿਚ ਉਹ ਕਵੀ ਸਨ ਅਤੇ ਕਵੀ ਹੀ ਨਹੀਂ ਇਕ ਗੀਤਕਾਰ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਮੇਰਾ ਹੋਰ ਕੁਝ ਭਾਵੇਂ ਖ਼ਤਮ ਹੋ ਜਾਏ ਪਰ ਗੀਤ ਮੇਰੇ ਜਿਊਂਦੇ ਰਹਿਣਗੇ। ਮਨੁੱਖ ਦੇ ਹਰ ਤਰ੍ਹਾਂ ਦੇ ਜਜ਼ਬੇ ਦਾ ਏਨਾ ਖੁਲ੍ਹਾ ਤੇ ਏਨਾ ਸਰਲ ਪ੍ਰਗਟਾਵਾ ਦੁਨੀਆਂ ਵਿਚ ਸ਼ਾਇਦ ਹੀ ਕੋਈ ਕਵੀ ਕਰ ਸਕਿਆ ਹੋਵੇ।

"ਦੂਜੀ ਗੱਲ ਹੈ ਸੁਰ ਦੀ। ਸਾਡੇ ਬੰਗਾਲ ਵਿਚ ਸੰਗੀਤ ਦੀ ਇਕ ਆਪਣੀ ਪਰੰਪਰਾ ਹੈ ਜੋ ਹਿੰਦੁਸਤਾਨੀ (ਕਲਾਸੀਕਲ) ਸੰਗੀਤ ਨਾਲੋਂ ਵੱਖਰੀ ਹੈ। ਸਾਡੇ ਸੁਰ ਪ੍ਰਧਾਨ

ਨਹੀ ਬੋਲ ਪ੍ਰਧਾਨ ਐ। ਹਿੰਦੁਸਤਾਨੀ ਸੰਗੀਤ ਵਿਚ ਸੁਰ ਪ੍ਰਧਾਨ ਏ। ਉਥੇ ਕਿਸੇ ਰਾਗ ਨੂੰ ਗਾਉਣ ਲਈ ਇਹ ਜ਼ਰੂਰੀ ਨਹੀ ਕਿ ਉਹ ਜਿੰਨਾ ਚਿਰ ਗਾਇਆ ਜਾਏ, ਉਸ ਨਾਲ ਗੀਤਾਂ ਦੀਆਂ ਪੰਕਤੀਆਂ ਵੀ ਗਾਈਆਂ ਜਾਣ। ਉਸ ਲਈ ਕੋਈ ਇਕ ਪੰਕਤੀ ਹੀ ਕਾਫ਼ੀ ਹੈ ਅਤੇ ਉਹ ਉਸੇ ਦੇ ਸਹਾਰੇ ਘੰਟਿਆਂ ਬੱਧੀ ਸੁਰ ਨੂੰ ਚਲਾ ਸਕਦਾ ਹੈ। ਪਰ ਸਾਡੀ ਧਰਤੀ ਹੀ ਕੁਝ ਐਸੀ ਏ, ਏਥੋਂ ਦੀਆਂ ਕਲਕਲ ਕਰਦੀਆਂ ਉਮ੍ਹਲਦੀਆਂ ਨਦੀਆਂ, ਤਾੜ ਖਜੂਰ ਨਾਰੀਯਲ ਦੇ ਅਸਮਾਨੀ ਛੋਹਦੇ ਰੁੱਖ਼, ਚੌਹੀ ਪਾਸੀਂ ਸਬਜ਼ਾਜ਼ਾਰ, ਬਰਸਾਤ ਦੀ ਬਹਾਰ ਇਹ ਸਭ ਕੁਝ ਐਸਾ ਹੈ ਕਿ ਇਸ ਨੂੰ ਵੇਖ ਕੇ ਬੰਗਾਲੀ ਲੋਕਾਂ ਦਾ ਹਿਰਦਾ ਹੀ ਉਸੇ ਤਰ੍ਹਾਂ ਉਮ੍ਹਲ ਪੈਂਦਾ ਹੈ ਅਤੇ ਉਹ ਫੁਟਦਾ ਹੈ ਗੀਤਾਂ ਰਾਹੀਂ। ਐਸੀ ਹਾਲਤ ਵਿਚ ਨਿਰੀਆਂ ਸੰਗੀਤ ਦੀਆਂ ਤਾਨਾਂ ਹੀ ਕਿਉਂ ਫੁਟਣ? ਫੁਟਦੇ ਨੇ ਗੀਤਾਂ ਦੇ ਬੋਲ, ਤੇ ਉਹ ਸੁਰ ਦੇ ਸਹਾਰੇ ਗੂੰਜ ਉਠਦੇ ਨੇ। ਰਵੀਦ੍ਰ ਨਾਥ ਤੇ ਬੰਗਾਲ ਦੇ ਕਵੀ ਸਨ ਅਤੇ ਉਨ੍ਹਾਂ ਦੀ ਪ੍ਰੇਰਣਾ ਦਾ ਸਰੋਤ ਇਹੋ ਨਦੀਆਂ ਤੇ ਬਨ ਹੀ ਸਨ। ਬਾਣੀ ਉਨ੍ਹਾਂ ਦੇ ਅੰਦਰੋਂ ਸੋਮੇ ਵਾਂਗ ਫੁਟਦੀ ਸੀ। ਉਨ੍ਹਾਂ ਦੇ ਪਿਤਾ ਸ਼ਾਸਤਰੀ ਸੰਗੀਤ ਦੇ ਉਪਾਸਕ ਸਨ, ਇਸ ਲਈ ਉਨ੍ਹਾਂ ਦੇ ਘਰ ਵਿਚ ਬੜੇ ਬੜੇ ਉਸਤਾਦ ਸੰਗੀਤਕਾਰਾਂ ਦਾ ਜੋੜ ਮੇਲ ਬਣਿਆਂ ਹੀ ਰਹਿੰਦਾ ਸੀ। ਰਵੀਦ੍ਰ ਨਾਥ ਨੇ ਭਾਵੇਂ ਬਾਕਾਇਦਾ ਸ਼ਾਸਤਰੀ ਸੰਗੀਤ ਨਹੀ ਸਿੱਖਿਆ, ਕਿਉਂਕਿ ਬਾਕਾਇਦਾ ਕੁਝ ਵੀ ਸਿੱਖਣ ਦਾ ਉਨ੍ਹਾਂ ਦਾ ਸੁਭਾ ਹੀ ਨਹੀਂ ਸੀ। ਉਹ ਬੰਧਨ ਵਿਚ ਰਹਿਕੇ ਤਾਂ ਕੁਝ ਵੀ ਨਹੀ ਸਨ ਕਰ ਸਕਦੇ ! ਪਰ ਸ਼ਾਸਤਰੀ ਸੰਗੀਤ ਦੇ ਪ੍ਰਭਾਵ ਤੋਂ ਉਹ ਅਛੂਤੇ ਨਹੀਂ ਸਨ ਰਹੇ। ਸੁਰ ਤਾਲ ਤੇ ਰਾਗ ਦਾ ਗਿਆਨ ਉਨ੍ਹਾਂ ਨੂੰ ਕਿਸੇ ਨਾਲੋਂ ਵੀ ਘੱਟ ਨਹੀ ਸੀ। ਪਰ ਉਨ੍ਹਾਂ ਨੇ ਆਪਣੇ ਗੀਤਾਂ ਨੂੰ ਸ਼ਾਸਤਰੀ ਸੰਗੀਤ ਦੇ ਬੰਧਨਾਂ ਵਿਚ ਨਹੀ ਬੰਨ੍ਹਿਆਂ। ਰਵੀਦ੍ਰ ਸੰਗੀਤ ਦਾ ਆਧਾਰ ਕਲਾਸੀਕਲ ਸੰਗੀਤ ਹੀ ਹੈ ਅਤੇ ਉਸ ਦਾ ਕਾਫ਼ੀ ਗਿਆਨ ਹੋਣ ਤੋਂ ਬਿਨਾਂ ਇਸ ਨੂੰ ਸਿੱਖਣਾ ਵੀ ਔਖਾ ਹੈ, ਪਰ ਉਨ੍ਹਾਂ ਨੇ ਆਪਣੇ ਭਾਵ ਪ੍ਰਗਟਾਵੇ ਲਈ ਗੀਤ ਦੇ ਜਜ਼ਬੇ ਅਨੁਸਾਰ ਇਕੋ ਗੀਤ ਵਿਚ ਦੋ ਦੋ ਤਿੰਨ ਤਿੰਨ ਰਾਗਾਂ ਦੀਆਂ ਸੁਰਾਂ ਨੂੰ ਵੀ ਜੋੜਿਆ ਹੈ। ਗੀਤ ਤੇ ਸੁਰ ਉਨ੍ਹਾਂ ਦੇ ਅੰਦਰੋਂ ਇਕੱਠੇ ਹੀ ਫੁਟਦੇ ਸਨ। ਇੰਜ ਕਦੀ ਹੀ ਭਾਵੇਂ ਹੋਇਆ ਹੋਵੇ ਕਿ ਪਹਿਲਾਂ ਗੀਤ ਲਿਖ ਲਿਆ ਹੋਵੇ ਤੇ ਫਿਰ ਉਸ ਲਈ ਸੁਰ ਦੀ ਰਚਨਾ ਕੀਤੀ ਹੋਵੇ। ਜਾਂ ਪਹਿਲਾਂ ਕਿਸੇ ਰਾਗ ਦੀ ਸੁਰ ਫੜ ਲਈ ਹੋਵੇ, ਫਿਰ ਉਸ ਉੱਤੇ ਗੀਤ ਰਚਿਆ ਹੋਵੇ। ਇੰਜ ਕੀਤਾ ਹੈ ਤਾਂ ਸਿਰਫ਼ ਗ਼ੈਰ ਬੰਗਾਲੀ ਸੁਰਾਂ ਜਾਂ ਗੀਤਾਂ ਉੱਤੇ। ਜਾਂ ਫਿਰ ਕੁਝ ਪਰੰਪਰਾਗਤ ਬਾਊਲ ਸੁਰਾਂ ਉੱਤੇ।

"ਇਸ ਤਰ੍ਹਾਂ ਕਰਕੇ ਰਵੀਦ੍ਰ ਸੰਗੀਤ ਬੰਧਨ ਹੀਨ ਗੀਤਮਈ ਪ੍ਰਗਟਾਵਾ ਹੈ ਮਾਨਵ ਆਤਮਾ ਦਾ। ਤੇ ਇਹੋ ਹੀ ਕਾਰਣ ਹੈ ਕਿ ਜਿਉਂ ਜਿਉਂ ਇਸ ਨੂੰ ਸਮਝਿਆ ਜਾ ਰਿਹਾ ਹੈ ਤਿਉਂ ਤਿਉਂ ਇਸ ਦਾ ਪ੍ਰਭਾਵ ਵਧ ਰਿਹਾ ਏ। ਸ਼ਾਂਤੀ ਨਿਕਤੇਨ ਦੇ ਸੰਗੀਤ ਭਵਨ ਵਿਚ ਕਲਾਸੀਕਲ ਸੰਗੀਤ, ਕਲਾਸੀਕਲ ਨਿਰਤ, ਮਨੀਪੁਰੀ ਤੇ ਭਰਤ ਨਾਟਿਅਮ ਸਿਖਾਇਆ ਜਾਂਦਾ ਹੈ, ਪਰ ਬਹੁਤੀ ਗਿਣਤੀ ਰਵੀਦ੍ਰ ਸੰਗੀਤ ਸਿੱਖਣ ਵਾਲਿਆਂ ਦੀ ਹੀ ਐ।"

ਉਸ ਤੋਂ ਬਾਅਦ ਬੀਰੇਨ ਬਾਬੂ ਨੇ ਰਵੀਂਦ੍ਰ ਸੰਗੀਤ ਗਾ ਕੇ ਸੁਣਾਇਆ ਅਤੇ ਫਿਰ ਸੁਣਨ ਸੁਣਾਨ ਦਾ ਸਿਲਸਿਲਾ ਓਨੇ ਦਿਨ ਚਲਦਾ ਰਿਹਾ, ਜਿੰਨੇ ਦਿਨ ਮੈਂ ਸ਼ਾਂਤੀ ਨਿਕੇਤਨ ਵਿਚ ਰਿਹਾ।

ਸ਼ਹਿਨਾਈ

ਮੇਲੇ ਵਿਚ ਥੋੜ੍ਹੇ ਦਿਨ ਬਾਕੀ ਸਨ ਅਤੇ ਦਿਨ ਜਿਉਂ ਜਿਉਂ ਘੱਟ ਹੁੰਦੇ ਗਏ ਮੀਰਾ ਦੇ ਗੀਤਾਂ ਦੀ ਭਰਮਾਰ ਵਧਦੀ ਗਈ। ਆਉਂਦਿਆਂ ਜਾਂਦਿਆਂ ਮੇਰੇ ਕੋਲ ਬਹਿ ਕੇ, ਆਪਣੇ ਘਰ ਦੀ ਬਾਰੀ ਵਿਚ ਖਲੋਤਿਆਂ ਜਿਸ ਵੇਲੇ ਵੇਖੋ ਮੀਰਾ ਮੈਨੂੰ ਸੁਣਾ ਸੁਣਾ ਗੀਤ ਗਾਉਂਦੀ।

ਪਰ ਅਸਲ ਵਿਚ ਉਹ ਇਕ ਤਿਆਰੀ ਵਿਚ ਲਗੀ ਹੋਈ ਸੀ। ਅਤੇ ਜਦੋਂ ਉਸ ਨੂੰ ਵਿਸ਼ਵਾਸ਼ ਹੋ ਗਿਆ ਕਿ ਹੁਣ ਉਸ ਦਾ ਪ੍ਰਭਾਵ ਪੱਕਾ ਜੰਮ ਗਿਆ ਹੈ ਤਾਂ ਉਸ ਨੇ ਸਾਰਾ ਮੇਲਾ ਮੇਰੇ ਨਾਲ ਰਲ ਕੇ ਵੇਖਣ ਦਾ ਪ੍ਰਸਤਾਓ ਰੱਖਿਆ। ਮੇਰੇ ਲਈ ਇਸ ਤੋਂ ਵੱਧ ਖੁਸ਼ੀ ਦੀ ਗੱਲ ਭਲਾ ਕੀ ਹੋ ਸਕਦੀ ਹੈ ! ਏਡੇ ਸਾਰੇ ਮੇਲੇ ਵਿਚ ਇਕੱਲਿਆਂ ਗਵਾਚੇ ਗਵਾਚੇ ਜਿਹੇ ਫਿਰਨ ਨਾਲੋਂ ਮੀਰਾ ਨਾਲ ਰਲ ਕੇ ਮੇਲਾ ਵੇਖਣ ਨਾਲ ਨਿਸਚੇ ਹੀ ਉਹ ਮੇਲਾ ਮੇਰੇ ਲਈ ਵੀ ਮੇਲਾ ਬਣ ਜਾਂਦਾ। ਪਰ ਮੈਂ ਘਬਰਾਇਆ ਓਦੋਂ ਜਦੋਂ ਮੀਰਾ ਨੇ ਆਪਣਾ ਦੂਸਰਾ ਪ੍ਰਸਤਾਓ ਪੇਸ਼ ਕੀਤਾ।

"ਭਾਰਤੀ ਦਾ, ਮੈਲਾਏ ਆਮਾਕੇ ਚੂਰੀ ਕੀਨੇ ਦਿਬੇਨ ਤੋਂ !"

"ਚੂਰੀ? ਚੂਰੀ ਕੀ ਮੀਰਾ?"

"ਚੂਰੀ, ਜੇ ਹਾਤੇ ਪੋਰਾ ਜਾਏ, ਗੋਲਗੋਲ ਕਾਂਚੇਰ, ਤਾਕੇ ਆਪਨਾਰ ਦੇਸ਼ੇ ਕੀ ਬੋਲੇ?"

"ਓਹ ! ਤੂੰ ਚੂੜੀਆਂ ਦੀ ਗੱਲ ਕਰਨੀ ਏਂ ? ਸਾਡੇ ਦੇਸ਼ ਵਿਚ ਵੀ ਇਨ੍ਹਾਂ ਨੂੰ ਚੂੜੀਆਂ ਹੀ ਆਖਦੇ ਨੇ।"

"ਹੈਂ ਹੈਂ, ਸ਼ੇਈ ਚੂਰੀ। ਆਮਾਕੇ ਕੀਨੇ ਦਿਬੇਨ ਤੋ? ਭਾਰਤੀ ਦਾ ਆਮਾਕੇ ਅੱਬਸ਼ੋਈ ਕੀਨੇ ਦਿਬੇਨ। ਆਮਾਕੇ ਬੱਡੋ ਭਾਲੋ ਲਾਗੇ।"

"ਨਾ, ਮੈਂ ਚੂੜਿਆਂ ਕਿਉਂ ਲੈਕੇ ਦਿਆਂਗਾ ! ਤੂੰ ਆਪਣੇ ਪਿਤਾ ਕੋਲੋਂ ਹੀ ਲਵੀਂ। ਤੇ ਮੇਲਾ ਵੀ ਉਨ੍ਹਾਂ ਨਾਲ ਹੀ ਵੇਖੀਂ।"

"ਨਹੀ, ਮੈਂ ਤਾਂ ਤੁਹਾਡੇ ਨਾਲ ਹੀ ਮੇਲਾ ਵੇਖਾਂਗੀ ਤੇ ਚੂੜੀਆਂ ਵੀ ਜ਼ਰੂਰ ਜ਼ਰੂਰ ਹੀ ਖਰੀਦ ਕੇ ਦੇਣੀਆਂ ਪੈਣਗੀਆਂ, ਹੈਂ ਭਾਰਤੀ ਦਾ।"

"ਪਰ ਜੇ ਤੇਰੇ ਪਿਤਾ ਨੇ ਆਖਿਆ ਕਿ ਤੂੰ ਚੂੜੀਆਂ ਲੈਕੇ ਦੇਣ ਵਾਲਾ ਕੌਣ ਹੋਵੇ ਤਦ?"

"ਮੈਂ ਉਨ੍ਹਾਂ ਨੂੰ ਪਹਿਲਾਂ ਹੀ ਆਖਿਆ ਹੋਇਐ ਕਿ ਮੈਂ ਭਾਰਤੀ ਦਾ ਨਾਲ ਮੇਲਾ ਵੇਖਣੈ ਤੇ ਉਹ ਮੈਨੂੰ ਚੂੜੀਆਂ ਲੈਕੇ ਦੇਣਗੇ।"

"ਨਾ ਭਾਈ। ਏਦਾਂ ਮੈਂ ਕੋਈ ਨਹੀਓਂ ਨਾਲ ਖੜਨਾ ਮੇਲੇ ਸ਼ੇਲੇ। ਤੂੰ ਆਪੇ ਹੀ ਆਂਹਦੀ ਸੈਂ ਕਿ ਤੂੰ ਬੱਚੇ ਚੁਰਾਣ ਵਾਲਾ ਏਂ। ਫਿਰ ਜੇ ਸਾਡੇ ਮੇਲੇ ਵਿਚ ਜਾਣ ਪਿਛੋਂ

ਤੇਰੇ ਪਿਤਾ ਪੁਲਿਸ ਲੈਕੇ ਆਣ ਧਮਕੇ ਤਾਂ ਮੇਰਾ ਮੇਲਾ ਤੇ ਠੇਲਾ ਬਣ ਜਾਊ। ਨਾ ਮੈਂ ਕੋਈ ਨਹੀਓਂ ਖੜਨਾ। ਅਤੇ ਜਾਂ ਫਿਰ ਉਨ੍ਹਾਂ ਕੋਲੋਂ ਅਖਵਾ ਦੇ ਕਿ ਤੈਨੂੰ ਨਾਲ ਲਿਜਾ ਕੇ ਮੇਲਾ ਵਿਖਾ ਲਿਆਵਾਂ।"

"ਠੀਕ ਏ। ਮੈਂ ਅਖਵਾ ਦਿਆਂਗੀ।"

ਉਸੇ ਦਿਨ ਸ਼ਾਮ ਨੂੰ ਮੇਰੇ ਨਾਂਹ ਨਾਂਹ ਕਰਦਿਆਂ ਹੋਇਆਂ ਵੀ, ਮੀਰਾ ਮੈਨੂੰ ਖਿੱਚ ਕੇ ਆਪਣੀ ਬੈਠਕ ਵਿਚ ਲੈ ਗਈ ਤੇ ਆਪ ਭੱਜ ਕੇ ਦੂਸਰੇ ਕਮਰੇ ਵਿਚ ਜਾ ਵੜੀ। ਬੈਠਕ ਵਿਚ ਜਾਂਦਿਆਂ ਹੀ ਉਸ ਦੀ ਮਾਂ ਨੇ ਕਿਹਾ, "ਮੀਰਾ ਦੇ ਮੂੰਹ ਵਿਚ ਤੇ ਭਾਰਤੀ ਦਾ ਤੋਂ ਬਿਨਾ ਕੋਈ ਗੱਲ ਹੀ ਨਹੀਂ। ਰੋਜ਼ ਆਂਹਦੀ ਏ, 'ਮਾਂ, ਭਾਰਤੀ ਦਾ ਨੂੰ ਇਕ ਦਿਨ ਬੁਲਾਕੇ ਚਾਹ ਕਿਉਂ ਨਹੀਂ ਪਿਆਉਂਦੀ? ਅੱਜ ਦੁਪਹਿਰ ਤੋਂ ਲਗੀ ਹੋਈ ਏ। ਆਂਹਦੀ.ਸੀ ਭਾਰਤੀ ਦਾ ਖਜੂਰ ਦੇ ਗੁੜ ਦੀ ਖੀਰ ਬੜੀ ਪਸੰਦ ਕਰਦੇ ਨੇ।' ਆਪੇ ਈ ਸਭ ਬਣਾਇਆ ਸੂ।"

ਮੈਂ ਕਿਹਾ, "ਤਦੇ ਰੋਜ਼ ਮੇਰੀ ਪਸੰਦ ਦੇ ਖਾਣਿਆਂ ਬਾਰੇ ਪੁੱਛ ਪੁੱਛ ਕੇ ਮਨ ਹੀ ਮਨ ਗਿਣਤੀਆਂ ਕਰਦੀ ਰਹਿੰਦੀ ਸੀ।"

ਏਨੇ ਨੂੰ ਮੀਰਾ ਨੇ ਇਕ ਥਾਲ ਮੇਰੇ ਅੱਗੇ ਲਿਆ ਰੱਖਿਆ। ਉਸ ਵਿਚ ਖਜੂਰ ਦੇ ਗੁੜ ਦੀ ਖੀਰ, ਪੂਰੀ ਕਚੌਰੀ, ਦੋ ਤਿੰਨ ਸਬਜ਼ੀਆਂ, ਰੋਟੀ ਤੇ ਹੋਰ ਪਤਾ ਨਹੀਂ ਕੀ ਕੀ ਸੀ? ਮੈਂ ਹੈਰਾਨ ਜਿਹੇ ਨੇ ਪੁਛਿਆ –

"ਇਹ ਸਭ ਤੂੰ ਆਪ ਹੀ ਪਕਾਇਐ ਮੀਰਾ ?"

ਮੀਰਾ ਸ਼ਰਮਾ ਗਈ। ਮਾਂ ਨੇ ਕਿਹਾ, "ਅਜ ਤੇ ਮੈਨੂੰ ਚੌਕੇ ਦੇ ਨੇੜੇ ਵੀ ਨਹੀਂ ਸੁ ਢੁਕਣ ਦਿਤਾ। ਅਖ਼ੇ ਭਾਰਤੀ ਦਾ ਦੇ ਸੁਭਾਅ ਦਾ ਤੈਨੂੰ ਨਹੀਂ ਪਤਾ।"

ਮੀਰਾ ਬੰਗਾਲੀ ਰਿਵਾਜ ਮੁਤਾਬਕ ਮੱਖੀਆਂ ਝਲਣ ਲਈ ਪੱਖਾ ਫੜ ਕੇ ਬਹਿ ਗਈ ਤੇ ਬੜੇ ਜਤਨ ਨਾਲ ਬਣਾਏ ਉਸ ਦੇ ਪਦਾਰਥਾਂ ਨੂੰ ਮੈਂ ਸਵਾਦ ਲਾ ਲਾ ਕੇ ਖਾਧਾ। ਫਿਰ ਉਹ ਜਾ ਕੇ ਝਟ ਪਟ ਚਾਹ ਬਣਾ ਲਿਆਈ। ਮੀਰਾ ਦੇ ਸਨੇਹ ਜਤਨ ਨਾਲ ਬਣਾਏ ਥਾਲ ਦੇ ਭੋਜ ਨੂੰ ਆਪਣੀ ਲੋੜ ਨਾਲੋਂ ਦੁਗਣਾ ਕੁ ਹੋਣ ਤੇ ਵੀ ਛਕਦਿਆਂ ਮੈਂ ਢਿਲ ਨਾ ਲਾਈ। ਤ੍ਰਿਪਤੀ ਹੋਈ ਸਾਡੀ ਦੋਹਾਂ ਦੀ ਹੀ।

ਫਿਰ ਮੀਰਾ ਨੇ ਕਿਹਾ, "ਹੁਣ ਪੁਛ ਲਓ ਮਾਂ ਨੂੰ।" ਗੱਲ ਨੂੰ ਸਮਝ ਨਾ ਸਕੱਣ ਕਰ ਕੇ ਮੈਂ ਸਵਾਲੀਆ ਨਜ਼ਰਾਂ ਨਾਲ ਦੋਹਾਂ ਵੱਲ ਤਕਿਆ। ਮਾਂ ਨੇ ਕਿਹਾ, 'ਮੀਰਾ ਆਂਹਦੀ ਏ ਮੈਂ ਭਾਰਤੀ ਦਾ ਨਾਲ ਮੇਲਾ ਵੇਖਾਂਗੀ।"

"ਜੀ ਹਾਂ, ਆਂਹਦੀ ਤੇ ਮੈਨੂੰ ਵੀ ਸੀ।"

"ਸਾਨੂੰ ਤੇ ਮੇਲੇ ਦੇ ਪਰਾਹੁਣਿਆਂ ਚੋਂ ਹੀ ਫੁਰਸਤ ਨਹੀਂ ਮਿਲਣੀ। ਤੁਸੀਂ ਹੀ ਲੈ ਜਾਇਓ ਸੁ।"

ਗੱਲ ਪੱਕੀ ਹੋ ਗਈ। ਹੁਣ ਮੀਰਾ ਦਾ ਉਤਸਾਹ ਆਪੇ ਵਿਚ ਨਹੀਂ ਸੀ ਮਿਓਂਦਾ।

ਮੇਲੇ ਦੀ ਚਹਿਲ ਪਹਿਲ ਸ਼ੁਰੂ ਹੋ ਗਈ। ਦੂਰ ਦੂਰ ਤੋਂ ਪਰਾਹੁਣੇ ਆ ਰਹੇ ਸਨ

ਉਸ ਤੋਂ ਬਾਅਦ ਬੀਰੇਨ ਬਾਬੂ ਨੇ ਰਵੀਂਦ੍ਰ ਸੰਗੀਤ ਗਾ ਕੇ ਸੁਣਾਇਆ ਅਤੇ ਫਿਰ ਸੁਣਨ ਸੁਣਾਨ ਦਾ ਸਿਲਸਿਲਾ ਓਨੇ ਦਿਨ ਚਲਦਾ ਰਿਹਾ, ਜਿੰਨੇ ਦਿਨ ਮੈਂ ਸ਼ਾਂਤੀ ਨਿਕੇਤਨ ਵਿਚ ਰਿਹਾ।

ਸ਼ਹਿਨਾਈ

ਮੇਲੇ ਵਿਚ ਥੋੜ੍ਹੇ ਦਿਨ ਬਾਕੀ ਸਨ ਅਤੇ ਦਿਨ ਜਿਉਂ ਜਿਉਂ ਘੱਟ ਹੁੰਦੇ ਗਏ ਮੀਰਾ ਦੇ ਗੀਤਾਂ ਦੀ ਭਰਮਾਰ ਵਧਦੀ ਗਈ। ਆਉਂਦਿਆਂ ਜਾਂਦਿਆਂ ਮੇਰੇ ਕੋਲ ਬਹਿ ਕੇ, ਆਪਣੇ ਘਰ ਦੀ ਬਾਰੀ ਵਿਚ ਖਲੋਤਿਆਂ ਜਿਸ ਵੇਲੇ ਵੇਖੋ ਮੀਰਾ ਮੈਨੂੰ ਸੁਣਾ ਸੁਣਾ ਗੀਤ ਰਿਝਾਉਂਦੀ।

ਪਰ ਅਸਲ ਵਿਚ ਉਹ ਇਕ ਤਿਆਰੀ ਵਿਚ ਲਗੀ ਹੋਈ ਸੀ। ਅਤੇ ਜਦੋਂ ਉਸ ਨੂੰ ਵਿਸ਼ਵਾਸ਼ ਹੋ ਗਿਆ ਕਿ ਹੁਣ ਉਸ ਦਾ ਪ੍ਰਭਾਵ ਪੱਕਾ ਜੰਮ ਗਿਆ ਹੈ ਤਾਂ ਉਸ ਨੇ ਸਾਰਾ ਮੇਲਾ ਮੇਰੇ ਨਾਲ ਰਲ ਕੇ ਵੇਖਣ ਦਾ ਪ੍ਰਸਤਾਓ ਰੱਖਿਆ। ਮੇਰੇ ਲਈ ਇਸ ਤੋਂ ਵੱਧ ਖ਼ੁਸ਼ੀ ਦੀ ਗੱਲ ਭਲਾ ਕੀ ਹੋ ਸਕਦੀ ਹੈ ! ਏਡੇ ਸਾਰੇ ਮੇਲੇ ਵਿਚ ਇਕੱਲਿਆਂ ਤਵਾਚੇ ਗਵਾਚੇ ਜਿਹੇ ਫਿਰਨ ਨਾਲੋਂ ਮੀਰਾ ਨਾਲ ਰਲ ਕੇ ਮੇਲਾ ਵੇਖਣ ਨਾਲ ਨਿਸਚੇ ਹੀ ਉਹ ਮੇਲਾ ਮੇਰੇ ਲਈ ਵੀ ਮੇਲਾ ਬਣ ਜਾਂਦਾ। ਪਰ ਮੈਂ ਘਬਰਾਇਆ ਓਦੋਂ ਜਦੋਂ ਮੀਰਾ ਨੇ ਆਪਣਾ ਦੂਸਰਾ ਪ੍ਰਸਤਾਓ ਪੇਸ਼ ਕੀਤਾ।

"ਭਾਰਤੀ ਦਾ, ਮੈਲਾਏ ਆਮਾਕੇ ਚੂਰੀ ਕੀਨੇ ਦਿਬੇਨ ਤੋ !"

"ਚੂਰੀ? ਚੂਰੀ ਕੀ ਮੀਰਾ?"

"ਚੂਰੀ, ਜੇ ਹਾਤੇ ਪੋਰਾ ਜਾਏ, ਗੋਲਗੋਲ ਕਾਂਚੇਰ, ਤਾਕੇ ਆਪਨਾਰ ਦੇਸ਼ੇ ਕੀ ਬੋਲੇ?"

"ਓਹ ! ਤੂੰ ਚੂੜੀਆਂ ਦੀ ਗੱਲ ਕਰਨੀ ਏਂ ? ਸਾਡੇ ਦੇਸ਼ ਵਿਚ ਵੀ ਇਨ੍ਹਾਂ ਨੂੰ ਚੂੜੀਆਂ ਹੀ ਆਖਦੇ ਨੇ।"

"ਹੈਂ ਹੈਂ, ਸ਼ੇਈ ਚੂਰੀ। ਆਮਾਕੇ ਕੀਨੇ ਦਿਬੇਨ ਤੋ? ਭਾਰਤੀ ਦਾ ਆਮਾਕੇ ਅੱਬਸ਼ੋਈ ਕੀਨੇ ਦਿਬੇਨ। ਆਮਾਕੇ ਬੱਡੋ ਭਾਲੋ ਲਾਗੇ।"

"ਨਾ, ਮੈਂ ਚੂੜਿਆਂ ਕਿਉਂ ਲੈਕੇ ਦਿਆਂਗਾ ! ਤੂੰ ਆਪਣੇ ਪਿਤਾ ਕੋਲੋਂ ਹੀ ਲਵੀਂ। ਤੇ ਮੇਲਾ ਵੀ ਉਨ੍ਹਾਂ ਨਾਲ ਹੀ ਵੇਖੀਂ।"

"ਨਹੀਂ, ਮੈਂ ਤਾਂ ਤੁਹਾਡੇ ਨਾਲ ਹੀ ਮੇਲਾ ਵੇਖਾਂਗੀ ਤੇ ਚੂੜੀਆਂ ਵੀ ਜ਼ਰੂਰ ਜ਼ਰੂਰ ਹੀ ਖ਼ਰੀਦ ਕੇ ਦੇਣੀਆਂ ਪੈਣਗੀਆਂ, ਹੈਂ ਭਾਰਤੀ ਦਾ।"

"ਪਰ ਜੇ ਤੇਰੇ ਪਿਤਾ ਨੇ ਆਖਿਆ ਕਿ ਤੂੰ ਚੂੜੀਆਂ ਲੈਕੇ ਦੇਣ ਵਾਲਾ ਕੌਣ ਹੋਵੇ [illegible]?"

"ਮੈਂ ਪਿਤਾ ਨੂੰ ਪਹਿਲਾਂ ਹੀ ਆਖਿਆ ਹੋਇਐ ਕਿ ਮੈਂ ਭਾਰਤੀ ਦਾ ਨਾਲ ਮੇਲਾ ਵੇਖੂੰ ਤੇ ਉਹ ਇਨ੍ਹੂੰ ਚੂੜੀਆਂ ਲੈਕੇ ਦੇਣਗੇ।"

"ਨਾ ਭਾਈ। ਏਦਾਂ ਮੈਂ ਕੋਈ ਨਹੀਓ ਨਾਲ ਖੜਨਾ ਮੇਲੇ ਸ਼ੇਲੇ। ਤੂੰ ਆਪੇ ਹੀ ਆਖਦੀ ਸੀ ਕਿ ਤੂੰ ਮੈਨੂੰ ਘੁਮਾਣ ਵਾਲਾ ਏਂ। ਫਿਰ ਜੇ ਸਾਡੇ ਮੇਲੇ ਵਿਚ ਜਾਣ ਪਿਛੋਂ

ਤੇਰੇ ਪਿਤਾ ਪੁਲਿਸ ਲੈਕੇ ਆਣ ਧਮਕੇ ਤਾਂ ਮੇਰਾ ਮੇਲਾ ਤੇ ਠੇਲਾ ਬਣ ਜਾਊ। ਨਾ ਮੈਂ ਕੋਈ ਨਹੀਓਂ ਖੜਨਾ। ਅਤੇ ਜਾਂ ਫਿਰ ਉਨ੍ਹਾਂ ਕੋਲੋਂ ਅਖਵਾ ਦੇ ਕਿ ਤੈਨੂੰ ਨਾਲ ਲਿਜਾ ਕੇ ਮੇਲਾ ਵਿਖਾ ਲਿਆਵਾਂ।"

"ਠੀਕ ਏ। ਮੈਂ ਅਖਵਾ ਦਿਆਂਗੀ।"

ਉਸੇ ਦਿਨ ਸ਼ਾਮ ਨੂੰ ਮੇਰੇ ਨਾਂਹ ਨਾਂਹ ਕਰਦਿਆਂ ਹੋਇਆਂ ਵੀ, ਮੀਰਾ ਮੈਨੂੰ ਖਿੱਚ ਕੇ ਆਪਣੀ ਬੈਠਕ ਵਿਚ ਲੈ ਗਈ ਤੇ ਆਪ ਭੱਜ ਕੇ ਦੂਸਰੇ ਕਮਰੇ ਵਿਚ ਜਾ ਵੜੀ। ਬੈਠਕ ਵਿਚ ਜਾਂਦਿਆਂ ਹੀ ਉਸ ਦੀ ਮਾਂ ਨੇ ਕਿਹਾ, "ਮੀਰਾ ਦੇ ਮੂੰਹ ਵਿਚ ਤੇ ਭਾਰਤੀ ਦਾ ਤੋਂ ਬਿਨਾ ਕੋਈ ਗੱਲ ਹੀ ਨਹੀਂ। ਰੋਜ਼ ਆਂਹਦੀ ਏ, 'ਮਾਂ, ਭਾਰਤੀ ਦਾ ਨੂੰ ਇਕ ਦਿਨ ਬੁਲਾਕੇ ਚਾਹ ਕਿਉਂ ਨਹੀਂ ਪਿਆਉਂਦੀ? ਅੱਜ ਦੁਪਹਿਰ ਤੋਂ ਲਗੀ ਹੋਈ ਏ। ਆਂਹਦੀ.ਸੀ ਭਾਰਤੀ ਦਾ ਖਜੂਰ ਦੇ ਗੁੜ ਦੀ ਖੀਰ ਬੜੀ ਪਸੰਦ ਕਰਦੇ ਨੇ।' ਆਪੇ ਈ ਸਭ ਬਣਾਇਆ ਸੂ।"

ਮੈਂ ਕਿਹਾ, "ਤਦੇ ਰੋਜ਼ ਮੇਰੀ ਪਸੰਦ ਦੇ ਖਾਣਿਆਂ ਬਾਰੇ ਪੁੱਛ ਪੁੱਛ ਕੇ ਮਨ ਹੀ ਮਨ ਗਿਣਤੀਆਂ ਕਰਦੀ ਰਹਿੰਦੀ ਸੀ।"

ਏਨੇ ਨੂੰ ਮੀਰਾ ਨੇ ਇਕ ਥਾਲ ਮੇਰੇ ਅੱਗੇ ਲਿਆ ਰੱਖਿਆ। ਉਸ ਵਿਚ ਖਜੂਰ ਦੇ ਗੁੜ ਦੀ ਖੀਰ, ਪੂਰੀ ਕਚੌਰੀ, ਦੋ ਤਿੰਨ ਸਬਜ਼ੀਆਂ, ਰੋਟੀ ਤੇ ਹੋਰ ਪਤਾ ਨਹੀਂ ਕੀ ਕੀ ਸੀ? ਮੈਂ ਹੈਰਾਨ ਜਿਹੇ ਨੇ ਪੁਛਿਆ –

"ਇਹ ਸਭ ਤੂੰ ਆਪ ਹੀ ਪਕਾਇਐ ਮੀਰਾ ?"

ਮੀਰਾ ਸ਼ਰਮਾ ਗਈ। ਮਾਂ ਨੇ ਕਿਹਾ, "ਅਜ ਤੇ ਮੈਨੂੰ ਚੌਂਕੇ ਦੇ ਨੇੜੇ ਵੀ ਨਹੀਂ ਸੁ ਢੁਕਣ ਦਿਤਾ। ਅਖੇ ਭਾਰਤੀ ਦਾ ਦੇ ਸੁਭਾਅ ਦਾ ਤੈਨੂੰ ਨਹੀਂ ਪਤਾ।"

ਮੀਰਾ ਬੰਗਾਲੀ ਰਿਵਾਜ ਮੁਤਾਬਕ ਮੱਖੀਆਂ ਝੱਲਣ ਲਈ ਪੱਖਾ ਫੜ ਕੇ ਬਹਿ ਗਈ ਤੇ ਬੜੇ ਜਤਨ ਨਾਲ ਬਣਾਏ ਉਸ ਦੇ ਪਦਾਰਥਾਂ ਨੂੰ ਮੈਂ ਸਵਾਦ ਲਾ ਲਾ ਕੇ ਖਾਧਾ। ਫਿਰ ਉਹ ਜਾ ਕੇ ਝਟ ਪਟ ਚਾਹ ਬਣਾ ਲਿਆਈ। ਮੀਰਾ ਦੇ ਸਨੇਹ ਜਤਨ ਨਾਲ ਬਣਾਏ ਥਾਲ ਦੇ ਭੋਜ ਨੂੰ ਆਪਣੀ ਲੋੜ ਨਾਲੋਂ ਦੁਗਣਾ ਕੁ ਹੋਣ ਤੇ ਵੀ ਛਕਦਿਆਂ ਮੈਂ ਢਿਲ ਨਾ ਲਾਈ। ਤ੍ਰਿਪਤੀ ਹੋਈ ਸਾਡੀ ਦੋਹਾਂ ਦੀ ਹੀ।

ਫਿਰ ਮੀਰਾ ਨੇ ਕਿਹਾ, "ਹੁਣ ਪੁਛ ਲਓ ਮਾਂ ਨੂੰ।" ਗੱਲ ਨੂੰ ਸਮਝ ਨਾ ਸਕੱਣ ਕਰ ਕੇ ਮੈਂ ਸਵਾਲੀਆ ਨਜ਼ਰਾਂ ਨਾਲ ਦੋਹਾਂ ਵੱਲ ਤਕਿਆ। ਮਾਂ ਨੇ ਕਿਹਾ, 'ਮੀਰਾ ਆਂਹਦੀ ਏ ਮੈਂ ਭਾਰਤੀ ਦਾ ਨਾਲ ਮੇਲਾ ਵੇਖਾਂਗੀ।"

"ਜੀ ਹਾਂ, ਆਂਹਦੀ ਤੇ ਮੈਨੂੰ ਵੀ ਸੀ।"

"ਸਾਨੂੰ ਤੇ ਮੇਲੇ ਦੇ ਪਰਾਹੁਣਿਆਂ ਚੋਂ ਹੀ ਫੁਰਸਤ ਨਹੀ ਮਿਲਣੀ। ਤੁਸੀ ਹੀ ਲੈ ਜਾਇਓ ਸੁ।"

ਗੱਲ ਪੱਕੀ ਹੋ ਗਈ। ਹੁਣ ਮੀਰਾ ਦਾ ਉਤਸਾਹ ਆਪੇ ਵਿਚ ਨਹੀਂ ਸੀ ਮਿਓਂਦਾ।

ਮੇਲੇ ਦੀ ਚਹਿਲ ਪਹਿਲ ਸ਼ੁਰੂ ਹੋ ਗਈ। ਦੂਰ ਦੂਰ ਤੋਂ ਪਰਾਹੁਣੇ ਆ ਰਹੇ ਸਨ

ਸ਼ਾਂਤੀ ਨਿਕੇਤਨ ਦੇ ਹਰੇਕ ਘਰ ਵਿਚ। ਸਿਰਫ ਮੇਰਾ ਨਿਵਾਸ ਸਥਾਨ ਹੀ ਇਕ ਐਸੀ ਥਾਂ ਸੀ, ਜਿਥੇ ਅਜੇ ਤਕ ਬਾਹਰੋਂ ਤੇ ਕੋਈ ਆਇਆ ਹੀ ਨਹੀਂ ਸੀ, ਸਗੋਂ ਕੁੰਜ ਬਾਬੂ ਵੀ ਬੰਬਈ ਟੁਰ ਗਏ ਸਨ। ਮੇਲਾ ਤਾਂ 22 ਦਸੰਬਰ ਨੂੰ ਹੀ ਭਰ ਗਿਆ ਸੀ, ਪਰ ਅਸਲ ਮੇਲਾ ਅਜੇ ਦੂਸਰੇ ਦਿਨ ਸੀ। ਦੁਕਾਨਾਂ ਚੀਜ਼ਾਂ ਨਾਲ ਤੇ ਮੈਦਾਨ ਲੋਕਾਂ ਨਾਲ ਭਰਿਆ ਹੋਣ ਤੇ ਵੀ ਅਜੇ ਭੀੜ ਓਪਰੀ ਓਪਰੀ ਹੀ ਫਿਰ ਰਹੀ ਸੀ।

ਰਾਤ ਨੂੰ ਬੈਤਾਲਿਕ ਤੋਂ ਮੇਲੇ ਦਾ ਆਰੰਭ ਸੀ। ਅਸੀ ਵੀ ਤਿਆਰ ਹੋ ਕੇ ਲਾਇਬਰੇਰੀ ਹਾਲ ਦੇ ਸਾਹਮਣੇ ਜਾ ਪਹੁੰਚੇ। ਠੀਕ ਨੌਂ ਵਜੇ ਬੈਤਾਲਿਕ ਯਾਤਰਾ ਸ਼ੁਰੂ ਹੋਈ। ਸ੍ਰੀ ਬੀਰੇਨ ਪਾਲਿਤ ਆਪਣੇ ਸੰਗੀ ਸਾਥੀਆਂ ਨਾਲ ਤਾਨਪੂਰੇ ਤੇ ਇਸਰਾਜ ਚੁਕੀ ਅੱਗੇ ਅੱਗੇ ਚਲ ਰਹੇ ਸਨ ਤੇ ਸਾਡਾ ਵਿਸ਼ਾਲ ਦਲ ਪਿਛੇ ਪਿਛੇ। ਬੀਰੇਨ ਬਾਬੂ ਦੀ ਸੰਗੀਤ ਮੰਡਲੀ ਨੇ ਖੰਮਾਂਚ ਦੀਆਂ ਸੁਰਾਂ ਵਿਚ ਕਵੀ ਗੁਰੂ ਦਾ ਗੀਤ ਸ਼ੁਰੂ ਕੀਤਾ:-

'ਆਜੀ ਜਤੋ ਤਾਰਾ ਤਬੋ ਆਕਾਸ਼ੇ
ਸ਼ੌਬੇ ਮੋਰ ਪ੍ਰਾਣ ਭਰੀ ਪ੍ਰਕਾਸ਼ੇ।।
ਨਿਖਿਲ ਤੋਮਾਰ ਏਸ਼ੇਛੇ ਛੁਟੀਯਾ,
ਮੋਰ ਮਾਝੇ ਆਜੀ ਪੌੜੇਛੇ ਟੂਟੀਯਾ ਹੇ,
ਤਬੋ ਨਿਕੁੰਜੇਰ ਮੰਜਰੀ ਜਤ ਆਮਾਰੀ ਐਂਗੇ ਬਿਕਾਸ਼ੇ।।
ਦਿਕੇ ਦਿਰੀਤੇ ਜਤੋ ਆਨੰਦ
ਲਭੀਯਾਛੇ ਐਕ ਗਭੀਰ ਰੀਧ ਹੇ,
ਅਮਾਰ ਚਿੱਤੇ ਮਿਲੀ ਐਕੱਤਰੇ ਤੋਮਾਰ ਮੰਦਿਰੇ ਉੱਛਾਸ਼ੇ।
ਆਜੀ ਕੋਨੋਖਾਨੇ ਆਰੇ ਓ ਨਾ ਜਾਣੀ,
ਸ਼ੁਨੀਤੇ ਨਾ ਪਾਈ ਆਜੀ ਕਾਰੋ ਬਾਣੀ ਹੇ,
ਨਿਖਿਲ ਨਿਸ਼ਵਾਸ਼ ਆਜੀ ਏ ਬੱਖੇ ਬਾਂਸ਼ਰੀਰ ਸ਼ੁਰੇ ਬਿਲਾਸ਼ੇ।।

ਗੀਤ ਦੀ ਮੱਠੀ ਮੱਠੀ ਲੈਅ ਦੇ ਸਹਾਰੇ ਸਾਰਾ ਬੈਤਾਲਿਕ ਦਲ ਤੁਰਿਆ ਜਾ ਰਿਹਾ ਸੀ। ਸਭ ਗਾ ਰਹੇ ਸਨ। ਜਿਨ੍ਹਾਂ ਨੂੰ ਇਹ ਗੀਤ ਆਉਂਦਾ ਨਹੀਂ ਸੀ, ਉਹ ਵੀ ਮੁੜ ਮੁੜ ਸੁਣਨ ਤੇ ਨਾਲ ਹਲਦੇ ਜਾ ਰਹੇ ਸਨ।

ਕੁਲਵੰਤ ਸਿੰਘ ਤੇ ਉਨ੍ਹਾਂ ਦੇ ਦੋ ਤਿੰਨ ਕਲਕੱਤੇ ਦੇ ਸਾਥੀ ਮੇਰੇ ਨਾਲ ਆ ਰਲੇ ਸਨ। ਸ਼ਾਂਤੀ ਨਿਕੇਤਨ ਦੇ ਰਾਤ ਵੇਲੇ ਦੇ ਉਸ ਸ਼ਾਂਤ ਮਾਹੌਲ ਵਿਚ ਸਾਡਾ ਦਲ ਇਸ ਗੀਤ ਦੀਆਂ ਸੁਰਾਂ ਨੂੰ ਦੁਹਰਾਉਂਦਾ ਹੋਇਆ ਕਲਾ ਭਵਨ, ਸੰਗੀਤ ਭਵਨ ਤੇ ਛਾਤਿਮ ਤਲਾ ਵੱਲੋਂ ਹੁੰਦਾ ਹੋਇਆ ਲਾਏਬਰੇਰੀ ਕੋਲ ਆਣ ਖਿੰਡਿਆ।

ਅਗਲੇ ਦਿਨ ਸਵੇਰੇ ਚਾਰ ਵਜੇ ਹੀ ਫਿਰ ਬੈਤਾਲਿਕ ਸੀ ਤੇ ਸਾਢੇ ਪੰਜ ਵਜੇ ਸ਼ਹਿਨਾਈ। ਮੇਰੀ ਜਾਗ ਤੇ ਸ਼ਹਿਨਾਈ ਰਾਹੀਂ ਗੂੰਜਦੀ ਭੈਰਵੀ ਦੀ ਸੁਰ ਨੇ ਹੀ ਖੋਹਲੀ। ਸ਼ਹਿਨਾਈ ਦੀ ਉਸ ਗੂੰਜ ਨਾਲ ਸਾਰਾ ਵਾਤਾਵਰਣ ਭਰਿਆ ਸੀ। ਏਨੀ ਭਰਪੂਰ ਗੂੰਜ, ਪਰ ਫਿਰ ਵੀ ਰੌਲਾ ਰਤੀ ਨਹੀਂ। ਉਸ ਵੇਲੇ ਜੀਅ ਕਰਦਾ ਸੀ ਕਿ ਸ਼ਹਿਨਾਈ ਬਣਾਨ

ਵਾਲੇ ਤੇ ਵਜਾਣ ਵਾਲੇ ਨੂੰ ਦਾਦ ਦਿਆਂ, ਜਿਸ ਨੇ ਉਸ ਪ੍ਰਭਾਤ ਵੇਲੇ ਮੇਰੇ ਸਾਰੇ ਆਲੇ ਦੁਆਲੇ ਨੂੰ ਮਧੁਰਿਮਾ ਨਾਲ ਰੁਸ਼ਨਾਇਆ ਹੋਇਆ ਸੀ।

ਇਕ ਘੰਟੇ ਦੇ ਸ਼ਹਿਨਾਈ ਵਾਦਨ ਤੋਂ ਝਟ ਬਾਅਦ ਹੀ ਵਿਸ਼ਵਾਸ਼ ਬਾਬੂ ਦੇ ਘਰ ਚੋਂ ਇਕ ਮਧੁਰ ਧੁਣੀ ਗੂੰਜੀ। ਇਹ ਮੀਰਾ ਦੀ ਆਵਾਜ਼ ਸੀ। ਮੀਰਾ ਨੇ ਜਦੋਂ ਵੀ ਕਦੀ ਮੇਰਾ ਧਿਆਨ ਖਿਚਣਾ ਹੁੰਦਾ, ਉਹ ਆਪਣੇ ਪਿਛਲੇ ਕਮਰੇ ਦੀ ਬਾਹਰਲੀ ਬਾਰੀ ਪਿਛੇ ਖਲੋ ਕੇ ਗਾਉਂਦੀ, 'ਚੋਖੇਰ ਆਲੋਏ ਦੇਖੇਛਿਲੇਮ ਚੋਖੇਰ ਬਾਹੀਰੇ।' ਗੁਰੂ ਦੇਵ ਦਾ ਇਹ ਗੀਤ ਮੀਰਾ ਦੀ ਸੁਰ ਵਿਚੋਂ ਇੰਜ ਮਧੁਮਈ ਹੋ ਕੇ ਨਿਕਲਦਾ ਕਿ ਮੈਨੂੰ ਬਾਬ ਬਾਰ ਇਸ ਲਈ ਫੁਰਮਾਇਸ਼ ਕਰਨੀ ਪੈਂਦੀ। ਹੁੰਦਿਆਂ ਹੁੰਦਿਆਂ ਇਹ ਗੀਤ ਸਾਡਾ ਦੋਹਾਂ ਦਾ ਦੂਤ ਬਣ ਗਿਆ। ਮੈਂ ਕਿਧਰੇ ਵੇਹਲਾ ਹੋਵਾਂ ਅਤੇ ਇਕੱਲੇ ਦਾ ਜੀਅ ਨਾ ਲਗਦਾ ਹੋਵੇ ਤਾਂ ਆਪਣੇ ਕਮਰੇ ਦੀ ਬਾਰੀ ਕੋਲ ਖਲੋ ਕੇ ਇਸ ਦੀ ਇਕ ਕਲੀ ਛੇੜਦਾ। ਮੀਰਾ ਮੇਰੀ ਸੱਦ ਸਮਝ ਜਾਂਦੀ ਤੇ ਕੁਝ ਮਿੰਟਾਂ ਵਿਚ ਹੀ ਮੇਰੇ ਕੋਲ ਆ ਜਾਂਦੀ। ਅਤੇ ਜੇ ਕਦੀ ਉਸ ਦਾ ਜੀਅ ਟੌਫ਼ੀ ਖਾਣ ਲਈ ਬਹੁਤਾ ਹੀ ਉਤਾਵਲਾ ਹੋ ਜਾਂਦਾ ਤਾਂ ਆਪਣੇ ਘਰ ਦੀ ਬਾਰੀ ਵਿਚੋਂ ਹੀ ਇਸ ਗੀਤ ਦੀ ਵੱਢੀ ਚੜ੍ਹਾ ਕੇ ਮੈਨੂੰ ਟੌਫ਼ੀਆਂ ਤਿਆਰ ਰਖਣ ਲਈ ਆਖ ਦੇਂਦੀ।

ਪਰ ਅੱਜ ਦੇ ਗੀਤ ਦਾ ਅੰਦਾਜ਼ ਕੁਝ ਵਖਰਾ ਸੀ। ਅਜ ਗੱਲ ਟੌਫ਼ੀ ਉਤੇ ਹੀ ਨਹੀ ਸੀ ਮੁਕ ਜਾਣੀ, ਸੋ ਮੀਰਾ ਪੂਰੇ ਮਨ ਨਾਲ ਤੇ ਬਾਰ ਬਾਰ ਇਸ ਗੀਤ ਨੂੰ ਦੁਹਰਾ ਰਹੀ ਸੀ, ਥੋੜ੍ਹੇ ਚਿਰ ਬਾਅਦ ਆ ਪਹੁੰਚੀ। ਕਿਹਾ, "ਚਲੋ ਭਾਰਤੀ ਦਾ, ਮੇਲੇ ਚਲੋ।"

ਮੇਰਾ ਮੇਲਾ ਬਣ ਗਿਆ। ਮੀਰਾ ਇਕ ਇਕ ਹੱਟੀ ਤੇ ਖਲੋਂਦੀ, ਚੀਜ਼ਾਂ ਵੇਖਦੀ, ਭਾਅ ਪੁਛਦੀ ਨੱਕ ਚੜ੍ਹਾਉਂਦੀ ਤੇ ਮੇਰਾ ਹੱਥ ਖਿਚਦੀ ਹੋਈ ਤੁਰ ਪੈਂਦੀ। ਅਸਲ ਵਿਚ ਉਸ ਦਾ ਹਰ ਚੀਜ਼ ਹੀ ਖਰੀਦ ਲੈਣ ਨੂੰ ਜੀਅ ਕਰਦਾ ਸੀ ਅਤੇ ਇਕ ਦੋ ਵਾਰੀ ਉਸ ਨੇ ਇਸ ਸਿਲਸਿਲੇ ਵਿਚ ਆਪਣੇ ਭਾਰਤੀ ਦਾ ਦਾ ਜੀਅ ਟੋਹ ਕੇ ਇਹ ਸਿਟਾ ਕਢ ਲਿਆ ਸੀ ਕਿ ਜੇ ਇਹ ਸਾਰੀਆਂ ਚੀਜ਼ਾਂ ਖਰੀਦਣ ਦੇ ਗੇੜ ਵਿਚ ਪੈ ਗਏ ਤਾਂ ਚੂੜੀਆਂ ਤੋਂ ਹੱਥ ਖਾਲੀ ਹੀ ਰਹਿ ਜਾਣਗੇ। ਇਸੇ ਲਈ ਚੀਜ਼ ਵੇਖਦੀ ਤੇ ਨੱਕ ਚੜ੍ਹਾ ਕੇ ਅਗਾਂਹ ਤੁਰ ਪੈਂਦੀ। ਮੈਂ ਖੁਸ਼ ਸਾਂ, ਪਰ ਇਹ ਨਕ ਵਟ ਜਦੋਂ ਚੂੜੀਆਂ ਦੀਆਂ ਦੁਕਾਨਾਂ ਉਤੇ ਜਾ ਕੇ ਵੀ ਹਟਿਆ ਨਾ ਤਾਂ ਖੁਸ਼ੀ ਦੀ ਥਾਂ ਫਿਕਰ ਨੇ ਲੈ ਲਈ। ਸੈਂਕੜੇ ਦੁਕਾਨਾਂ ਚੂੜੀਆਂ ਦੀਆਂ ਅਸਾਂ ਗਾਹ ਮਾਰੀਆਂ, ਪਰ ਮੀਰਾ ਨੂੰ ਚੂੜੀਆਂ ਪਸੰਦ ਨਹੀਂ ਸਨ ਆ ਰਹੀਆਂ। ਅੰਤ ਦੋ ਤਿੰਨ ਵਾਰੀ ਸਾਰਾ ਬਾਜ਼ਾਰ ਘੁੰਮਣ ਤੇ ਥੱਬਾ ਕੁ ਸਾਰੀਆਂ ਵਧੀਆ ਚੂੜੀਆਂ ਦੀ ਚੋਣ ਕਰ ਕੇ ਮੀਰਾ ਨੇ ਮੇਰੇ ਬਟੂਏ ਨੂੰ ਹੱਥ ਪਵਾਇਆ। ਚੂੜੀਆਂ ਤੋਂ ਬਾਅਦ ਗੁਡੀਆਂ ਅਤੇ ਗੁਡੀਆਂ ਬਾਵਿਆਂ ਤੋਂ ਬਾਅਦ ਕਾਂਟੇ, ਕਾਂਟਿਆਂ ਤੋਂ ਬਾਅਦ ਗਲ ਲਈ ਹਾਰ ਅਤੇ ਹਾਰ ਤੋਂ ਬਾਅਦ... ਜਾਣੇ ਕੀ ਕੀ– ਮੀਰਾ ਅੱਜ ਮੇਲੇ ਆਈ ਸੀ ਆਪਣੇ ਭਾਰਤੀ ਦਾ ਦੇ ਨਾਲ। ਫਿਰ ਉਹ ਆਪਣੇ ਜੀ ਨੂੰ ਤਰਸਾਉਂਦੀ ਕਿਉਂ? ਹਰ ਚੀਜ਼ ਖਰੀਦਣ ਲੱਗੀ ਮੀਰਾ ਆਖਦੀ, "ਭਾਰਤੀ ਦਾ, ਇਹ ਮੈਂ ਤੁਹਾਡੀ ਨਿਸ਼ਾਨੀ ਵਜੋਂ ਸਾਂਭ ਕੇ ਰੱਖਾਂਗੀ, ਐਸ

ਚੀਜ਼ ਨੂੰ ਜਦੋਂ ਮੈਂ ਵੇਖਿਆ ਕਰਾਂਗੀ ਤਾਂ ਤੁਸੀਂ ਮੈਨੂੰ ਉਸੇ ਵੇਲੇ ਯਾਦ ਆਇਆ ਕਰੋਗੇ।"

ਘਰ ਜਾਂਦੇ ਤੇ ਮੁੜ ਮੇਲੇ ਵਿਚ ਆ ਜਾਂਦੇ। ਇਹ ਮੇਲਾ ਸਾਡੇ ਪੰਜਾਬ ਦੇ ਆਮ ਮੇਲਿਆਂ ਨਾਲੋਂ ਕੁਝ ਵਖਰੀ ਕਿਸੁਮ ਦਾ ਸੀ। ਜਿੰਨਾਂ ਰੌਲਾ ਗੌਲਾ, ਹੱਟੀਆਂ, ਬਜ਼ਾਰ ਤੇ ਰੰਗ ਤਮਾਸ਼ੇ ਸਾਡੇ ਮੇਲਿਆਂ ਵਿਚ ਹੁੰਦੇ ਹਨ, ਉਹ ਸਭ ਕੁਝ ਤਾਂ ਹੈ ਹੀ ਸੀ, ਪਰ ਕਈ ਗੱਲਾਂ ਵਿਚ ਇਹ ਉਸ ਨਾਲੋਂ ਬਿਲਕੁਲ ਹੀ ਵੱਖਰਾ ਤੇ ਨਿਰਾਲੀਆਂ ਮਹਾਨਤਾਵਾਂ ਵਾਲਾ ਸੀ। ਮੂਲ ਰੂਪ ਵਿਚ ਇਹ ਮੇਲਾ ਬੰਗਾਲ ਦੇ ਸਭਿਆਚਾਰ ਦੀ ਇਕ ਭਰਵੀ ਝਾਕੀ ਹੁੰਦਾ ਹੈ। ਮੈਂ ਵੇਖਿਆ, ਬ੍ਰਮ੍ਹ ਮੰਦਰ ਦੇ ਨਾਲ ਹੀ ਬੋਹੜ ਥੱਲੇ ਬੰਗਾਲ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਬਾਊਲ ਸਾਧੂਆਂ ਦਾ ਡੇਰਾ ਹੈ। ਬਾਊਲ ਸੰਪਰਦਾ ਬੰਗਾਲੀ ਸਮਾਜ ਵਿਚ ਇਕ ਐਸੀ ਸਾਧੂ ਕੜੀ ਹੈ ਜਿਹੜੀ ਹਿੰਦੂਆਂ ਮੁਸਲਮਾਨਾਂ ਦੀ ਸਾਂਝੀ ਹੈ। ਵੇਖਣ ਵਿਚ ਇਹ ਬਾਵਲੇ ਜਿਹੇ ਹਨ, ਲੰਮੀਆਂ ਦਾੜ੍ਹੀਆਂ ਤੇ ਖੁਲ੍ਹੇ ਵਾਲ, ਜਾਂ ਗੋਲ ਪਗੜੀ। ਇਕ ਹੱਥ ਵਿਚ ਇਕਤਾਰਾ, ਤੇ ਲੱਕ ਨਾਲ ਬੱਧੀ ਇਕ ਤਬਲਚੀ ਜਿਹੀ ਨੂੰ ਵਜਾਂਦੇ ਗਿਟਿਆਂ ਤੱਕ ਲੰਮੇ ਚੋਲੇ ਪਾਈ ਇਹ ਸਾਧੂ ਗਾਉਂਦੇ ਹਨ ਤੇ ਨੱਚਦੇ ਹਨ। ਇਨ੍ਹਾਂ ਨੂੰ ਵੇਖ ਕੇ ਆਪਣੇ ਪੰਜਾਬ ਦੇ ਨਾਮਧਾਰੀ ਮਸਤਾਨਿਆਂ ਦੀ ਤਸਵੀਰ ਅੱਖਾਂ ਸਾਹਮਣੇ ਨੱਚ ਉਠਦੀ ਸੀ। ਕਈ ਵਾਰੀ ਤਾਂ ਇਨ੍ਹਾਂ ਵਿਚ ਤੇ ਨਾਮਧਾਰੀ ਮਸਤਾਨਿਆਂ ਵਿਚ ਫਰਕ ਕਰਨਾ ਔਖਾ ਹੋ ਜਾਂਦਾ, ਪਰ ਇਕ ਫਰਕ ਇਨ੍ਹਾਂ ਦਾ ਬਹੁਤ ਵਡਾ ਹੈ। ਬਾਊਲ ਸਾਧੂ ਗਾਂਜਾ ਪੀਂਦੇ ਹਨ ਹਰ ਵੇਲੇ। ਗਾਂਜੇ ਦੇ ਸੂਟੇ ਤੋਂ ਬਗੈਰ ਉਨ੍ਹਾਂ ਦਾ ਅਮਲ ਨਹੀਂ ਖਿੜਦਾ ਅਤੇ ਅਮਲ ਖਿੜਨ ਤੋਂ ਬਿਨਾਂ ਬਾਊਲ ਨੂੰ ਬਾਊਲ ਦੇ ਰੂਪ ਵਿਚ ਵੇਖਣਾ ਔਖਾ ਹੁੰਦਾ ਹੈ। ਇਨ੍ਹਾਂ ਬਾਰੇ ਆਮ ਧਾਰਨਾ ਇਹ ਹੈ ਕਿ 'ਸਰੀਰ' ਨੂੰ ਸੁਖ ਪੁਚਾਣਾ ਹੀ ਇਨ੍ਹਾਂ ਦੀ ਮੂਲ ਅਰਾਧਨਾ ਹੈ। ਸਰੀਰਕ ਇੰਦਰੀਆਂ ਹੀ ਇਨ੍ਹਾਂ ਦਾ ਭਗਵਾਨ ਹਨ।

ਇਕ ਮਹਿਫਲ ਲੱਗਦੀ ਹੈ, ਜਿਸ ਨੂੰ 'ਕਵੀ ਗਾਣ' ਆਖਿਆ ਜਾਂਦਾ ਹੈ। ਇਕ ਕੌਵੀ ਆਪਣੀ ਕਵਿਤਾ ਰਾਹੀਂ ਜਾਂ ਕਿਸੇ ਹੋਰ ਪੁਰਾਣੇ ਪਰਸਿੱਧ ਕਵੀ ਦੀ ਕਵਿਤਾ ਰਾਹੀਂ ਧਰਮ ਤੱਤ ਬਾਰੇ, ਸਰੀਰ ਤੱਤ ਬਾਰੇ ਘੰਟਿਆਂ ਬੱਧੀ ਵਿਆਖਿਆ ਕਰਦਾ ਰਹਿੰਦਾ ਹੈ ਤੇ ਫਿਰ ਦੂਸਰਾ ਕਵੀ ਉਸੇ ਤਰ੍ਹਾਂ ਉਹਦਾ ਜਵਾਬ ਦੇਂਦਾ ਹੈ।

ਇਸੇ ਤਰ੍ਹਾਂ 'ਜਾਤਰਾ' ਤੇ ਕੀਰਤਨ ਦਾ ਰਸ ਵੀ ਉਸੇ ਵੇਲੇ ਮੇਲੇ ਵਿਚ ਹੀ ਮਾਣਿਆਂ ਜਾ ਸਕਦਾ ਹੈ।

ਦੂਸਰੇ ਦਿਨ ਵਿਸ਼ਵ ਭਾਰਤੀ ਦੇ ਵਿਦਿਆਰਥੀਆਂ ਨੂੰ, ਆਮ੍ਰ ਕੁੰਜ ਵਿਚ ਯੂਨੀਵਰਸਿਟੀ ਦੇ ਚਾਂਸਲਰ ਪੰਡਤ ਨਹਿਰੂ ਵੱਲੋਂ ਡਿਗਰੀਆਂ ਤੇ ਛਾਤਿਮ ਤਲਾ ਵਾਲੇ ਸਪਤਪਰਨੀ ਦੇ ਪੱਤਿਆਂ ਦਾ ਪਰਸਾਦ ਦਿੱਤਾ ਗਿਆ ਅਤੇ ਫਿਰ ਹੌਲੀ ਹੌਲੀ ਮੇਲਾ ਖਿੰਡ ਗਿਆ, ਪਰ ਉਹ ਸ਼ਹਿਨਾਈ ਦੀ ਸੁਰ ਅੱਜ ਵੀ ਮੇਰੇ ਕੰਨਾਂ ਵਿਚ ਗੂੰਜ ਰਹੀ ਹੈ।

4
ਸ਼ਾਂਤੀ ਨਿਕੇਤਨ ਦੇ ਆਸ ਪਾਸ

ਬੱਚੇ ਅਗ਼ਵਾ ਕਰਨ ਵਾਲੇ

ਪ੍ਰਕ੍ਰਿਤੀ ਬੰਗਾਲ ਉਪਰ ਬੜੀ ਮੇਹਰਬਾਨ ਹੈ। ਜਿਧਰ ਜਾਂਦੇ ਓਥੇ ਹੀ ਤਾੜ-ਖਜੂਰ ਦੇ ਉਚੇ ਰੁੱਖਾਂ ਦੀ ਭਰਮਾਰ ਮਿਲਦੀ। ਰੋਜ਼ ਸਵੇਰੇ ਸਵੇਰੇ ਹੀ ਪਿੰਡਾਂ ਦੇ ਕੁਝ ਫੇਰੀ ਵਾਲੇ ਖਜੂਰ ਦਾ ਤਾਜ਼ਾ ਰਸ ਘੜਿਆਂ ਵਿਚ ਭਰੀ ਸ਼ਾਂਤੀ ਨਿਕੇਤਨ ਆ ਜਾਂਦੇ। ਇਕ ਆਨੇ ਦਾ ਇਕ ਗਿਲਾਸ ਖਜੂਰ ਦੇ ਰਸ ਦਾ ਉਨ੍ਹਾਂ ਕੋਲੋਂ ਮਿਲ ਜਾਂਦਾ। ਦੋ ਗਿਲਾਸ ਪੀਕੇ ਮਨ ਤ੍ਰਿਪਤ ਹੋ ਜਾਂਦਾ।

ਫਿਰ ਦੂਜਾ ਗੇੜਾ ਫੇਰੀ ਵਾਲਿਆਂ ਦਾ ਲਗਦਾ— ਜਿਸ ਵਿਚ ਓਸੇ ਖਜੂਰ ਦੇ ਰਸ ਦਾ ਬਣਿਆ ਹੋਇਆ ਤਾਜ਼ਾ ਤਾਜ਼ਾ ਗਾਹੜਾ ਗੁੜ ਲੈ ਕੇ ਆਉਂਦੇ। ਉਸ ਗੁੜ ਦਾ ਸਵਾਦ ਐਸਾ ਕਿ ਮੂੰਹੋਂ ਨਾ ਲਹਿੰਦਾ। ਤੀਜਾ ਗੇੜਾ ਉਨ੍ਹਾਂ ਫੇਰੀ ਵਾਲਿਆਂ ਦਾ ਹੁੰਦਾ ਖਜੂਰ ਦੇ ਗੁੜ ਦੀਆਂ ਪੇਸੀਆਂ ਵੇਚਣ ਲਈ। ਗੁੜ ਐਸਾ ਕਣਦਾਰ ਕਿ ਮੂੰਹ ਵਿਚ ਪਾਉਂਦਿਆਂ ਹੀ ਖੁਰ ਜਾਂਦਾ।

ਇਕ ਦਿਨ ਮੈਂ ਸੁਰੇਸ਼ ਨੂੰ ਆਖਿਆ ਕਿ ਚਲੋ ਕਿਸੇ ਪਿੰਡ ਵਿਚ ਚਲਣੇ ਆਂ ਨਾਲੇ ਬੰਗਾਲ ਦਾ ਪਿੰਡ ਵੇਖ ਲਾਂਗੇ ਨਾਲੇ ਗੁੜ ਖਾ ਆਵਾਂਗੇ। ਸੋ ਸ਼ਾਂਤੀ ਨਿਕੇਤਨ ਦੇ ਨੇੜੇ ਹੀ ਇਕ ਪਿੰਡ ਗੋਆਲ ਪਾੜਾ ਵਿਚ ਜਾ ਪਹੁੰਚੇ। ਪਿੰਡ 'ਚ ਪ੍ਰਵੇਸ਼ ਕਰਦਿਆਂ ਹੀ ਜੋ ਨਜ਼ਾਰਾ ਵੇਖਿਆ- ਉਹ ਮੇਰੀ ਸੋਚ ਸਮਝ ਤੋਂ ਬਾਹਰ ਸੀ। ਨਜ਼ਾਰਾ ਇਹ ਸੀ ਕਿ ਪਹਿਲਾਂ ਸਾਨੂੰ ਦੂਰੋਂ ਆਉਂਦਿਆਂ ਵੇਖਕੇ ਪਿੰਡ ਦੇ ਬੱਚੇ ਅਸਚਰਜ ਜਿਹੇ ਵਿਚ ਪਏ ਦਿੱਸੇ। ਫਿਰ ਜ਼ਰਾ ਕੁ ਨੇੜੇ ਹੁੰਦਿਆਂ ਹੀ ਉਹ ਸਾਰੇ ਰੋਂਦੇ ਚੀਕਦੇ ਆਪਣੇ ਘਰਾਂ ਨੂੰ ਨੱਸ ਉਠੇ। ਸਾਡੇ ਸਾਮਹਣੇ ਤੀਜੀ ਝਾਕੀ ਇਹ ਆਈ ਕਿ ਜਿਸ ਜਿਸ ਗਲੀ ਵਿਚ ਵੜਦੇ ਓਸ ਗਲੀ ਦੇ ਸਾਰੇ ਦੇ ਸਾਰੇ ਘਰਾਂ ਦੇ ਦਰਵਾਜ਼ੇ ਠਾਹ ਠਾਹ ਬੰਦ ਹੁੰਦੇ ਗਏ - ਤੇ ਗਲੀ ਇਕ ਦਮ ਸੁੰਞੀ ਹੋ ਜਾਂਦੀ।

ਇਕ ਦੁਕਾਨ ਤੇ ਪਕੌੜੇ ਬਣ ਰਹੇ ਸਨ। ਓਥੇ ਗਏ। ਪਕੌੜੇ ਲੈ ਕੇ ਖਾਂਦਿਆਂ ਖਾਂਦਿਆਂ ਦੁਕਾਨਦਾਰ ਕੋਲੋਂ ਪਿੰਡ ਵਿਚ ਵੜਦਿਆਂ ਹੀ ਬੱਚਿਆਂ ਦੇ ਰੋਣ ਚੀਕਣ ਤੇ ਘਰਾਂ ਦੇ ਦਰਵਾਜ਼ੇ ਬੰਦ ਹੋਣ ਦਾ ਕਾਰਨ ਪੁੱਛਣ ਤੇ ਦੱਸਿਆ ਗਿਆ ਕਿ ਤੁਹਾਡੀ ਲੰਮੀ ਦਾਹੜੀ ਕਾਰਨ ਇੰਜ ਹੋਇਆ ਹੈ। ਏਧਰ ਦੇ ਪਿੰਡਾਂ ਵਾਲੇ ਸਿੱਖਾਂ ਤੇ ਪਠਾਣਾਂ ਬਾਰੇ ਇਹ ਗੱਲ ਮਨ ਵਿਚ ਵਸਾਈ ਬੈਠੇ ਨੇ ਕਿ ਇਹ ਲੋਕ ਬੱਚਿਆਂ ਨੂੰ ਚੁਕ ਕੇ ਲੈ ਜਾਂਦੇ ਨੇ। ਮੈਂ ਤੇ ਜਾਣਦਾ ਹਾਂ ਕਿ ਤੁਸੀ ਸ਼ਾਂਤੀ ਨਿਕੇਤਨ ਵਿਚ ਰਹਿ ਰਹੇ ਓ— ਪਰ ਇਹ ਬੱਚੇ ਅਤੇ ਔਰਤਾਂ ਤਾਂ ਨਹੀਂ ਜਾਣਦੇ ਨਾ।

ਦੁਕਾਨ ਦੇ ਸਾਹਮਣੇ ਹੀ ਥੋੜ੍ਹੀ ਦੂਰੀ ਤੇ ਇਕ ਛੱਪਰ ਜਿਹਾ ਸੀ— ਜਿਸਦੇ ਹੇਠਾਂ ਤੇ ਬਾਹਰ ਬਹੁਤ ਸਾਰੇ ਲੋਕ ਬੈਠੇ ਹੋਏ ਸਨ। ਰੌਲਾ ਜਿਹਾ ਮੱਚਿਆ ਹੋਇਆ ਸੀ। ਮੈਂ ਦੁਕਾਨਦਾਰ ਕੋਲੋਂ ਪੁਛਿਆ— "ਇਹ ਪੰਚਾਇਤ ਬੈਠੀ ਹੋਈ ਏ ਪਿੰਡ ਦੀ?"

ਉਹਨੇ ਦੱਸਿਆ- "ਇਹ ਤਾੜੀ ਘਰ ਏ— ਪੰਚਾਇਤ ਨਹੀਂ।"

"ਤਾੜੀ ਘਰ? ਚਲੋ ਵੇਖੀਏ ਤਾਂ ਸਹੀ !" ਅਸਾਂ ਦੋਹਾਂ ਨੇੜੇ ਜਾ ਕੇ ਵੇਖਿਆ— ਛੱਪਰ ਹੇਠਾਂ ਭੱਠੀਆਂ ਸਨ। ਤਾੜ ਦੇ ਰਸ ਦੇ ਮਟਕੇ ਅੱਗ ਉਪਰ ਚੜ੍ਹੇ ਹੋਏ ਸਨ। ਓਥੇ ਬੈਠੇ ਹਰ ਵਿਅਕਤੀ ਦੇ ਮੂਹਰੇ ਇਕ ਇਕ ਮਟਕੀ ਤੇ ਕੱਪ ਜਾਂ ਗਿਲਾਸ ਪਿਆ ਸੀ ਤੇ ਸੱਭੇ ਮਜ਼ੇ ਨਾਲ ਤਾੜੀ (ਤਾੜ ਦੇ ਰਸ ਤੋਂ ਬਣੀ ਸ਼ਰਾਬ) ਪੀਂਦੇ ਗੱਪ ਸ਼ੱਪ ਲੜਾ ਰਹੇ ਸਨ।

ਅਸਾਂ ਘੁੰਮ ਫਿਰ ਕੇ ਪਿੰਡ ਵੇਖਿਆ, ਖਜੂਰ ਦਾ ਗੁੜ ਖਰੀਦਿਆ ਤੇ ਸ਼ਾਂਤੀ ਨਿਕੇਤਨ ਪਰਤ ਆਏ।

ਹਾਜੀ ਸਾਹਿਬ

ਇਕ ਦਿਨ ਮੈਂ ਸੁਰੇਸ਼ ਨੂੰ ਆਖਿਆ— "ਅੱਜ ਕਿਸੇ ਮੁਸਲਮਾਨੀ ਪਿੰਡ ਚਲੀਏ।" ਸੁਰੇਸ਼ ਤਾਂ ਹਰਦਮ ਤਿਆਰ ਹੀ ਰਹਿੰਦਾ ਸੀ। ਸੋ ਸ਼ਾਂਤੀ ਨਿਕੇਤਨ ਤੋਂ ਚਾਰ-ਪੰਜ ਮੀਲ ਦੂਰ ਸੁਣੀਂਦੇ ਇਕ ਪਿੰਡ ਵਲ ਟੁਰ ਪਏ। ਪਿੰਡ ਦੀ ਜੂਹ ਤੋਂ ਬਾਹਰ ਹੀ ਦੂਰੋਂ ਇਕ ਸਿੱਖ ਨੂੰ ਤੁਰਦਿਆਂ ਫਿਰਦਿਆਂ ਵੇਖਕੇ ਕੁਝ ਹੈਰਾਨੀ ਜਿਹੀ ਹੋਈ। ਸੋਚਿਆ— 'ਇਹ ਸਿਖ ਚਾਲ ਢਾਲ ਤੋਂ ਏਸੇ ਪਿੰਡ ਦਾ ਹੀ ਲਗਦਾ ਹੈ ਤਾਂ ਕੀ ਏਥੇ ਪੰਜਾਬੀ ਲੋਕ ਵੀ ਰਹਿੰਦੇ ਨੇ?' ਗੱਲ ਅਜੇ ਦਿਮਾਗ ਵਿਚ ਘੁੰਮ ਹੀ ਰਹੀ ਸੀ ਕਿ ਅਸੀਂ ਉਸ ਵਿਅਕਤੀ ਕੋਲ ਪੁਜ ਗਏ। ਨੁੱਕਰ ਵਾਲੀ ਦਸਤਾਰ, ਲੰਮੀ ਦਾਹੜੀ— ਪਰ ਲੱਕ ਤਹਿਮਤ ! ਉਮਰ ਕੋਈ ਪੰਜਾਹ ਕੁ ਸਾਲ। ਉਸਨੇ ਵੀ ਸਾਨੂੰ ਦੂਰੋਂ ਹੀ ਵੇਖ ਲਿਆ ਸੀ— ਤੇ ਵੇਖ ਕੇ ਰਵਾਂ ਰਵੀ ਅੱਗੋਂ ਵਾਲੀ ਸਾਡੇ ਵੱਲ ਹੀ ਆ ਰਿਹਾ ਸੀ। ਕੋਲ ਆਉਂਦਿਆਂ ਹੀ ਬੋਲਿਆ— "ਸਤਿ ਸ੍ਰੀ ਅਕਾਲ ਸਰਦਾਰ ਜੀ।" ਸਤਿ ਸ੍ਰੀ ਅਕਾਲ ਦਾ ਜਵਾਬ ਸਤਿ ਸ੍ਰੀ ਅਕਾਲ ਆਖ ਕੇ ਦੇਂਦਿਆ ਹੀ- ਮੇਰੀ ਨਜ਼ਰ ਉਸਦੀਆਂ ਮੁੱਛਾਂ ਉਪਰ ਜਾ ਪਈ— ਜਿਨ੍ਹਾਂ ਦੀਆਂ ਲਵਾਂ ਕੱਟੀਆਂ ਹੋਈਆਂ ਸਨ। ਮੇਰਾ ਭਰਮ ਦੂਰ ਹੋ ਗਿਆ। ਉਹ ਮੁਸਲਮਾਨ ਹੀ ਸੀ। ਏਨੇ ਨੂੰ ਉਸਨੇ ਸ਼ੁੱਧ ਉਰਦੂ ਵਿਚ ਪੁੱਛ ਲਿਆ— "ਕਹਾਂ ਤੇ ਤਸ਼ਰੀਫ ਆਵਰੀ ਹੁਈ ਹੈ ਜਨਾਬ ਕੀ?"

ਮੈਂ ਆਖਿਆ— "ਸ਼ਾਂਤੀ ਨਿਕੇਤਨ ਤੋਂ ਆ ਰਹੇ ਹਾਂ।"

"ਨਹੀਂ, ਮੈਨੇ ਆਪਕੇ ਵਤਨ ਕੀ ਬਾਤ ਪੂਛੀ ਹੈ। ਆਪ ਸ਼ਾਂਤੀ ਨਿਕੇਤਨ ਕਹਾਂ ਸੇ ਆਏ ਹੈਂ?"

ਮੈਂ ਆਖਿਆ— "ਦਿੱਲੀ ਸੇ"।

ਸੁਣਦਿਆਂ ਹੀ ਹਉਕੇ ਜਿਹੇ ਵਾਂਗ ਉਸਦੇ ਮੂੰਹੋਂ ਨਿਕਲਿਆ— "ਹੁਬੇ ਵਤਨ ! ਮੈਂ ਭੀ ਦਿੱਲੀ ਕਾ ਹੀ ਰਹਿਣੇ ਵਾਲਾ ਹੂੰ। ਯਹਾਂ ਮਸਜਿਦ ਮੇ ਇਮਾਮ ਹੂੰ।"

ਮੈਂ ਪੁਛਿਆ— "ਜਨਾਬ ਤੁਸੀਂ ਐਥੇ ਬੰਗਾਲ ਦੇ ਇਸ ਦੂਰ ਦਰਾਜ਼ ਪਿੰਡ ਵਿਚ ਕਿਵੇਂ ਪਹੁੰਚ ਗਏ?"

"ਬਸ ਦਾਣਾ ਪਾਣੀ ਖੈਂਚ ਲਾਇਆ ਹੈ, ਬਰਸੋਂ ਸੇ ਯਹੀ ਪਰ ਹੂੰ।"

ਮੈਂ ਪੁਛਿਆ "ਏਥੇ ਕਿਸੇ ਦੁਕਾਨ ਤੋਂ ਗੁੜ ਮਿਲ ਜਾਏਗਾ ਖਜੂਰ ਦਾ? ਅਤੇ ਪਾਣੀ ਵੀ?"

"ਹਾਂ ਸਾਹਿਬ, ਗੁੜ ਭੀ ਮਿਲੇਗਾ, ਪੇੜਾ ਭੀ ਮਿਲੇਗਾ, ਪਾਣੀ ਭੀ ਮਿਲੇਗਾ, ਆਪ ਆਈਯੇ ਮੇਰੇ ਸਾਥ।"

ਪਿੰਡ ਵਿਚ ਵੜਦਿਆਂ ਮੌਲਵੀ ਸਾਹਿਬ ਨੇ ਇਕ ਘਰ ਦਾ ਦਰਵਾਜ਼ਾ ਖੜਕਾਇਆ। ਦਰਵਾਜ਼ਾ ਖੁਲ੍ਹਦਿਆਂ ਹੀ ਉਨ੍ਹਾਂ ਨੇ ਸਾਨੂੰ ਪਾਣੀ ਪਿਆਉਣ ਲਈ ਆਖਿਆ। ਪਾਣੀ ਪੀਣ ਤੋਂ ਬਾਅਦ ਮੌਲਵੀ ਸਾਹਿਬ ਨੇ ਕਿਹਾ— "ਆਈਯੇ ਆਪਕੋ ਹਾਜੀ ਸਾਹਿਬ ਸੇ ਮਿਲਵਾਤਾ ਹੂੰ। ਚਾਏ ਆਪਕੋ ਵਹੀਂ ਪਿਲਵਾਏਂਗੇ।"

ਮੌਲਵੀ ਸਾਹਿਬ ਸਾਨੂੰ ਇਕ ਦੋ ਗਲੀਆਂ ਵਿਚ ਦੀ ਲੰਘਾਉਂਦੇ ਇਕ ਐਸੀ ਥਾਂ ਲੈ ਗਏ- ਜਿਥੇ ਦੂਰੋਂ ਹੀ ਦੇਖਿਆ— ਇਕ ਸਰਦਾਰ ਜੀ ਮੂਸਲ ਜਿਹੇ ਨਾਲ ਪੌੜੀ ਉਪਰ ਚੜ੍ਹੇ ਉਸ ਵਿਚ ਦਾਣੇ ਪਾ ਰਹੇ ਨੇ ਤੇ ਇਕ ਗੱਭਰੂ ਉਨ੍ਹਾਂ ਨੂੰ ਭਰ ਭਰ ਬਾਲਟੀਆਂ ਦਾਣੇ ਦੇ ਰਿਹਾ ਹੈ। ਸਾਨੂੰ ਵੇਖਕੇ ਉਹ ਹੇਠਾਂ ਉੱਤਰ ਆਏ। ਮੌਲਵੀ ਸਾਹਿਬ ਵਾਂਗ ਹੀ ਉਨ੍ਹਾਂ ਦੀਆਂ ਮੁੱਛਾਂ ਦੀਆਂ ਵੀ ਲਵਾਂ ਕੱਟੀਆਂ ਹੋਈਆਂ ਸਨ। ਉਮਰ ਵੀ ਉਨ੍ਹਾਂ ਵਾਂਗ ਹੀ ਸੀ, ਸਿਰ ਉਪਰ ਦਸਤਾਰ ਵੀ ਓਸੇ ਤਰ੍ਹਾਂ ਤੇ ਦਾੜ੍ਹੀ ਵੀ। ਉਂਜ ਮੌਲਵੀ ਸਾਹਿਬ ਨਾਲੋਂ ਗੋਰੇ ਤੇ ਨੈਣ ਨਕਸ਼ਾਂ ਵਲੋਂ ਬਹੁਤ ਹੀ ਖੂਬਸੂਰਤ। ਮੌਲਵੀ ਸਾਹਿਬ ਨੇ ਸਾਡੀ ਜਾਣ ਪਛਾਣ ਕਰਵਾਈ। ਮੈਨੂੰ ਦਿੱਲੀ ਦਾ ਦੱਸਿਆ ਤੇ ਉਨ੍ਹਾਂ ਬਾਰੇ ਇਹ ਕਿ ਆਪ ਹਾਜੀ ਸਾਹਿਬ ਨੇ, ਕੁਝ ਸਾਲ ਪਹਿਲਾਂ ਹੀ ਹੱਜ ਕਰਕੇ ਆਏ ਨੇ।

ਹਾਜੀ ਸਾਹਿਬ ਨਾਲ ਹੀ ਬਣੀ ਬੈਠਕ ਵਿਚ ਲੈ ਗਏ। ਘਰ ਦੇ ਬਣੇ ਹੋਏ ਪੇੜੇ, ਬਿਸਕੁਟ ਤੇ ਚਾਹ ਆ ਗਈ। ਚਾਹ ਪੀਂਦਿਆਂ ਮੈਂ ਚਾਹ ਲਿਆਉਣ ਵਾਲੇ ਬੱਚੇ ਬਾਰੇ ਪੁਛਿਆ। ਉਨ੍ਹਾਂ ਕਿਹਾ "ਜੀ ਹਾਂ ਇਹ ਮੇਰਾ ਹੀ ਬੱਚਾ ਹੈ"। ਮੈਂ ਕਿਹਾ "ਮਾਸ਼ਾ ਅੱਲ੍ਹਾ ਬੜਾ ਖੂਬਸੂਰਤ ਏ। ਕਿੰਨੇ ਬੱਚੇ ਨੇ ਆਪ ਦੇ?" ਹਾਜੀ ਸਾਹਿਬ ਨੇ ਕੁਝ ਝਿਜਕ ਕੇ ਕੁਝ ਬੁਲ੍ਹਾਂ ਵਿਚ ਹੀ ਮੁਸਕਰਾ ਕੇ ਕਿਹਾ "ਜੀ ਚੌਵ੍ਹੀ ਸਨ ਪਰ ਹੁਣ ਤੇ ਨੌ ਹੀ ਰਹਿ ਗਏ ਨੇ। ਬਾਕੀ ਅੱਲਾ ਨੂੰ ਪਿਆਰੇ ਹੋ ਗਏ ਨੇ। ਫਿਰ ਉਨ੍ਹਾਂ ਨੇ ਹੌਲੀ ਜਿਹੀ ਮੁਸਕਰਾਉਂਦਿਆਂ ਹੋਇਆਂ ਹੀ ਕਿਹਾ— ਮੇਰੀਆਂ ਚਾਰ ਸ਼ਾਦੀਆਂ ਨੇ।"

ਮੈਂ ਵੀ ਮੁਸਕਰਾਉਂਦਿਆਂ ਹੋਇਆ ਹੀ ਬੰਗਲਾ ਭਾਸ਼ਾ ਵਿਚ ਕਿਹਾ, "ਆਪ ਨੂੰ ਉਰਦੂ ਬੋਲਣ ਵਿਚ ਮੁਸ਼ਕਿਲ ਆ ਰਹੀ ਏ ਆਪ ਕਿਰਪਾ ਕਰਕੇ ਆਪਣੀ ਬੰਗਲਾ ਭਾਸ਼ਾ ਵਿਚ ਹੀ ਬੋਲੋ— ਮੈਂ ਸਮਝ ਲੈਂਦਾ ਹਾਂ।"

ਹਾਜੀ ਸਾਹਿਬ ਦੀ ਜਾਨ ਸੌਖੀ ਹੋ ਗਈ ਤੇ ਫਿਰ ਉਨ੍ਹਾਂ ਨੇ ਦੱਸਿਆ, ਉਹ ਕਦੋਂ ਮੱਕਾ ਸ਼ਰੀਫ ਗਏ ਸਨ। ਜਿਸ ਕੁਰਸੀ ਉਪਰ ਆਪ ਬੈਠੇ ਹੋ ਏਸੇ ਉਪਰ ਇਕ ਦਿਨ ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਬੈਠੇ ਸਨ। ਕਲਕੱਤੇ ਕੋਈ ਵੀ ਵੱਡਾ ਆਦਮੀ ਬਦੇਸ ਤੋਂ ਆਵੇ ਓਹ ਸਾਡੇ ਏਥੇ ਜ਼ਰੂਰ ਤਸ਼ਰੀਫ ਲਿਆਉਂਦਾ ਹੈ। ਤੁਸੀ ਆਏ ਓ ਸਾਨੂੰ

ਬੇਹੱਦ ਖੁਸ਼ੀ ਹੋਈ ਏ। ਫਿਰ ਓਹਨਾਂ ਨੇ ਆਪਣੇ ਬੱਚਿਆਂ ਨੂੰ ਬੁਲਾਕੇ ਸਾਨੂੰ ਮਿਲਾਇਆ।

ਉਸਤੋਂ ਬਾਅਦ ਮੌਲਵੀ ਸਾਹਿਬ ਸਾਨੂੰ ਓਥੋਂ ਦੇ ਸਕੂਲ ਮਾਸਟਰ ਦੇ ਘਰ ਲੈ ਗਏ। ਉਹ ਵੀ ਬੜੇ ਪਿਆਰੇ ਇਨਸਾਨ ਲੱਗੇ, ਚਾਹ ਓਹਨਾਂ ਨੇ ਵੀ ਜ਼ੋਰੀ ਪਿਆ ਦਿੱਤੀ। ਬੱਚਿਆਂ ਨੂੰ ਅੰਦਰੋਂ ਬੁਲਾਕੇ ਮਿਲਾਇਆ। ਇਕ ਉਹਨਾਂ ਦੀ ਲੜਕੀ ਸੀ 12-13 ਸਾਲ ਦੀ– ਬੇਹੱਣ ਖੂਬਸੂਰਤ। ਉਹਦੇ ਹੱਥਾਂ ਦੀ ਕਸੀਦਾਕਾਰੀ, ਉਹਦੇ ਹੱਥੀ ਹੀ ਵਿਖਾਈ– ਤੇ ਮਾਸਟਰ ਸਾਹਿਬ ਢੇਰ ਸਾਰੀ ਮੁਹੱਬਤ ਨਾਲ ਸਾਨੂੰ ਪਿੰਡੋਂ ਬਾਹਰ ਤਕ ਵਿਦਾ ਕਰਨ ਆਏ। ਮੌਲਵੀ ਸਾਹਿਬ ਤਾਂ ਸਾਨੂੰ ਵਿਦਾ ਕਰਨ ਲਗੇ ਲਗਪਗ ਰੋ ਹੀ ਪਏ। ਮੈਨੂੰ ਅੱਜ ਵੀ ਮੌਲਵੀ ਸਾਹਿਬ, ਹਾਜੀ ਸਾਹਿਬ ਤੇ ਮਾਸਟਰ ਸਾਹਿਬ ਦੇ ਮੁਹੱਬਤ ਭਰੇ ਚੇਹਰੇ ਜਦੋਂ ਯਾਦ ਆਉਂਦੇ ਨੇ ਤਾਂ ਮਨ ਵਿਚ ਇਕ ਗੁਦਗੁਦੀ ਜਿਹੀ ਹੋਣ ਲਗ ਜਾਂਦੀਂ ਹੈ।

ਕੰਕਾਲੀ ਤਲਾ

ਸ਼ਾਂਤੀ ਨਿਕੇਤਨ ਵਿਚ ਹੀ ਕਿਸੇ ਨੇ ਦੱਸ ਪਾਈ ਕਿ ਏਥੋਂ ਚਾਰ ਪੰਜ ਮੀਲ ਤੇ ਇਕ ਸਥਾਨ ਹੈ– ਕੰਕਾਲੀ ਤਲਾ। ਤੀਰਥ ਹੈ, ਜਾ ਕੇ ਦਰਸ਼ਨ ਕਰ ਆਓ।

ਮੈਂ ਸੁਰੇਸ਼ ਨੂੰ ਨਾਲ ਲੈ ਕੇ ਕੰਕਾਲੀ ਤਲਾ ਜਾ ਪਹੁੰਚਾ। ਇਕ ਛੋਟਾ ਜਿਹਾ ਮੰਦਿਰ ਸੀ– ਰਮਣੀਕ ਇਕਾਂਤ ਵਿਚ। ਲਾਗੇ ਚਾਗੇ ਕੋਈ ਆਬਾਦੀ ਨਹੀਂ ਸੀ- ਪਰ ਆਲਾ ਦੁਆਲਾ ਹਰਿਆ ਭਰਿਆ ਸੀ।

ਮੰਦਿਰ ਦੇ ਪੁਜਾਰੀ ਨੇ ਦੱਸਿਆ ਕਿ "ਔਹ ਜਿਹੜਾ ਛੋਟਾ ਜਿਹਾ ਸਰੋਵਰ ਹੈ– ਇਸ ਵਿਚ ਸਤੀ ਦਾ ਧੜ ਡਿੱਗਾ ਸੀ। ਸਰੋਵਰ ਦੇ ਜਲ ਵਿਚ ਹੱਥ ਪਾ ਕੇ ਵੇਖੋ– ਤੁਹਾਨੂੰ ਸਤੀ ਦੇ ਸਰੀਰ ਦੀ ਛੋਹ ਮਹਿਸੂਸ ਹੋਵੇਗੀ।"

ਮੈਂ ਜਲ ਵਿਚ ਹੱਥ ਪਾਇਆ ਪਰ ਮੈਨੂੰ ਕਿਸੇ ਤਰ੍ਹਾਂ ਦੀ ਛੋਹ ਮਹਿਸੂਸ ਨਾ ਹੋਈ। ਹੋ ਸਕਦਾ ਹੈ ਮੇਰੇ ਅਸ਼ਰਧਕ ਮਨ ਦੀ ਭਾਵਨਾ ਕਰਕੇ ਮੈਨੂੰ ਛੋਹ ਦਾ ਅਨੁਭਵ ਨਾ ਹੋਇਆ ਹੋਵੇ। ਖ਼ੈਰ ! ਮੈਂ ਓਥੋਂ ਬਾਰੇ ਹੋਰ ਪੁਛਿਆ ਤਾਂ ਪੁਜਾਰੀ ਜੀ ਨੇ ਦੱਸਿਆ ਕਿ "ਸਾਲ ਵਿਚ ਇਕ ਵਾਰੀ ਏਥੇ ਮੇਲਾ ਲਗਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਭਗਤ ਲੋਕ ਆਉਂਦੇ ਨੇ, ਸਰੋਵਰ ਚੋਂ ਅੰਮ੍ਰਿਤ ਪਾਨ ਕਰਦੇ ਤੇ ਬਲੀ-ਪ੍ਰਸਾਦ ਲੈਂਦੇ ਨੇ।"

ਮੈਂ ਪੁਛਿਆ "ਇਹ ਬਲੀ ਪ੍ਰਸਾਦ ਕੀ ਹੁੰਦਾ ਏ?"

ਪੁਜਾਰੀ ਜੀ ਨੇ ਦਸਿਆ– "ਮੇਲੇ ਵਾਲੇ ਦਿਨ ਦੇਵੀ ਨੂੰ ਢਾਈ ਹਜ਼ਾਰ ਬਕਰਿਆਂ ਦੀ ਬਲੀ ਚੜ੍ਹਾਈ ਜਾਂਦੀ ਏ। ਓਹਨਾਂ ਬਲੀ ਦੇ ਬਕਰਿਆਂ ਦੇ ਮਾਸ ਦਾ ਪ੍ਰਸਾਦ ਹੀ ਹਰ ਕਿਸੇ ਨੂੰ ਦਿੱਤਾ ਜਾਂਦਾ ਏ।"

ਮੇਰਾ ਤੇ ਸੁਣ ਕੇ ਜੀਅ ਹੀ ਕਚਿਆਉਣ ਲੱਗਾ। ਫਿਰ ਧਿਆਨ ਆਇਆ ਸਤੀ ਦੀ ਕਥਾ ਦਾ।

ਇਕ ਸਮੇਂ ਦੇਵੀ ਨੇ ਬ੍ਰਹਮਾ ਦੇ ਮਾਨਸ ਪੁੱਤਰ ਦੱਖਸ਼ ਪ੍ਰਜਾਪਤੀ ਦੇ ਘਰ ਪੁੱਤਰੀ ਰੂਪ ਵਿਚ ਜਨਮ ਧਾਰਿਆ। ਉਸਦਾ ਨਾਮ ਰਖਿਆ ਗਿਆ 'ਸਤੀ'। ਸਿਆਣੀ ਹੋਣ ਤੇ ਸ਼ਿਵਜੀ ਮਹਾਰਾਜ਼ ਨਾਲ ਉਸਦਾ ਵਿਆਹ ਹੋ ਗਿਆ। ਇਸ ਵਿਆਹ ਲਈ ਦੱਖਸ਼ ਪ੍ਰਜਾਪਤੀ ਰਾਜ਼ੀ ਨਹੀ ਸੀ– ਕਿਉਂਕਿ ਉਹ ਤਾਂ ਰਾਜਾ ਸੀ, ਪਰ ਸ਼ਿਵਜੀ ਮਹਾਰਾਜ ਸ਼ਮਸ਼ਾਨ ਵਿਚ ਰਹਿਣ ਵਾਲਾ ਨੰਗ ਧੜੰਗ ਭੰਗੜ ਮਲੰਗ। ਵਿਆਹ ਤਾਂ ਹੋ ਗਿਆ-- ਪਰ ਪਿਤਾ ਨੇ ਕਦੇ ਵੀ ਸ਼ਿਵਜੀ ਨਾਲ ਕੋਈ ਵਾਸਤਾ ਨਾ ਰਖਿਆ।

ਇਕ ਸਮੇਂ ਦੱਖਸ਼ ਪ੍ਰਜਾਪਤੀ ਨੇ ਯੱਗ ਕੀਤਾ। ਹੋਰ ਦੁਨੀਆਂ ਭਰ ਦੇ ਲੋਕਾਂ ਨੂੰ ਯੱਗ ਸਮੇਂ ਸੱਦਿਆ– ਪਰ ਆਪਣੀ ਧੀ ਸਤੀ ਤੇ ਜਵਾਈ ਸ਼ਿਵਜੀ ਨੂੰ ਖ਼ਬਰ ਤਕ ਵੀ ਨਾ ਘੱਲੀ, ਫਿਰ ਵੀ ਸਤੀ ਦੇ ਕੰਨੀ ਪਿਤਾ ਵੱਲੋਂ ਯੱਗ ਰਚਾਉਣ ਦੀ ਖਬਰ ਪੈ ਗਈ। ਉਸਨੇ ਸ਼ਿਵਜੀ ਨੂੰ ਕਿਹਾ ਕਿ "ਚਲੋ ਅਸੀਂ ਵੀ ਯੱਗ ਵਿਚ ਸ਼ਾਮਲ ਹੋਈਏ।"

ਸ਼ਿਵਜੀ ਨੇ ਕਿਹਾ "ਤੇਰੇ ਪਿਤਾ ਨੇ ਖ਼ਬਰ ਤਕ ਨਹੀ ਘੱਲੀ, ਬੁਲਾਇਆ ਨਹੀ। ਫਿਰ ਬਿਨ ਬੁਲਾਏ ਕਿਵੇਂ ਚਲੇ ਜਾਈਏ।"

ਸਤੀ ਨੇ ਕਿਹਾ– "ਮੇਰੇ ਤੇ ਪਿਤਾ ਦਾ ਘਰ ਏ। ਨਾ ਹੀ ਬੁਲਾਇਆ ਸਹੀ, ਪਿਤਾ ਦੇ ਘਰ ਬਿਨ ਬੁਲਾਇਆਂ ਵੀ ਜਾ ਸਕਦੀ ਹਾਂ। ਤੁਸੀ ਨਾ ਜਾਓ, ਮੈਨੂੰ ਜਾਣ ਦੀ ਆਗਿਆ ਦੇ ਦਿਓ।"

ਸ਼ਿਵਜੀ ਨੇ ਉਸਨੂੰ ਫਿਰ ਰੋਕਿਆ– ਪਰ ਸਤੀ ਨੇ ਹਠ ਕਰਕੇ ਆਗਿਅ ਲੈ ਲਈ ਤੇ ਪਿਤਾ ਦੇ ਘਰ ਜਾ ਪਹੁੰਚੀ।

ਦੱਖਸ਼ ਪ੍ਰਜਾਪਤੀ ਨੇ ਧੀ ਦੇ ਆਉਣ ਤੇ ਉਸਦਾ ਕੋਈ ਆਦਰ ਨਾ ਕੀਤਾ– ਸਗੋਂ ਉਸਦੇ ਪਤੀ ਸ਼ਿਵਜੀ ਦਾ ਨਾਮ ਲੈ ਕੇ ਉਸ ਬਾਰੇ ਅਪਮਾਨ ਤੇ ਨਿੰਦਿਆ ਭਰੇ ਸ਼ਬਦਾਂ ਦੀ ਵਰਤੋਂ ਕੀਤੀ।

ਸਤੀ ਆਪਣੇ ਪਤੀ ਦੀ ਨਿੰਦਿਆ ਤੇ ਅਪਮਾਨ ਸਹਿ ਨਾ ਸੱਕੀ ਤੇ ਕਰੋਧ ਅਤੇ ਪਛਤਾਵੇ ਨਾਲ ਓਥੇ ਹੀ ਸਰੀਰ ਤਿਆਗ ਦਿੱਤਾ।

ਸ਼ਿਵਜੀ ਮਹਾਰਾਜ ਨੂੰ ਸਤੀ ਦੇ ਸਰੀਰ ਤਿਆਗਣ ਦੀ ਖਬਰ ਲਗ ਗਈ। ਉਸਨੇ ਤੁਰੰਤ ਆਪਣੇ ਗਣਾ ਨੂੰ ਪ੍ਰਗਟ ਕੀਤਾ। ਉਨ੍ਹਾਂ ਨੂੰ ਨਾਲ ਲੈ ਕੇ ਯੱਗ ਸਥਾਨ ਤੇ ਪਹੁੰਚ ਗਿਆ। ਗਣਾ ਨੇ ਯੱਗ ਉਜਾੜ ਦਿੱਤਾ। ਸ਼ਿਵਜੀ ਨੇ ਸਤੀ ਦੀ ਦੇਹ ਨੂੰ ਮੋਢੇ ਉਤੇ ਧਰ ਲਿਆ ਤੇ ਭਿਆਨਕ ਨਾਚ ਨੱਚਣ ਲਗਾ। ਉਸਨੇ ਆਪਣੇ ਸਹੁਰੇ ਦੱਖਸ਼ ਪ੍ਰਜਾਪਤੀ ਦਾ ਸਿਰ ਵੀ ਕੱਟ ਸੁਟਿਆ। ਸ਼ਿਵਜੀ ਦੇ ਭਿਆਨਕ ਨਾਚ ਨਾਲ ਤਿਰਲੋਕੀ ਕੰਬਣ ਲਗੀ। ਸਭ ਦੇਵਤਾ ਓਥੇ ਪਹੁੰਚ ਗਏ। ਸ਼ਿਵਜੀ ਨੂੰ ਨੱਚਣੋਂ ਰੋਕਣ ਦੀਆਂ ਬੇਨਤੀਆਂ ਕੀਤੀਆਂ– ਪਰ ਓਹ ਰੁਕੇ ਹੀ ਨਾ। ਅੰਤ ਬ੍ਰਹਮਾ ਦੀ ਪ੍ਰਾਰਥਨਾ ਤੇ ਵਿਸ਼ਨੂੰ ਮਹਾਰਾਜ ਨੇ ਆਪਣੇ ਚੱਕਰ ਨਾਲ ਸਤੀ ਦੇ ਸਰੀਰ ਦੇ ਇਕਵੰਜਾ (51) ਟੁਕੜੇ ਕਰ ਸੁਟੇ। ਉਹ ਟੁਕੜੇ ਧਰਤੀ ਤੇ ਵੱਖ ਵੱਖ ਹਿੱਸਿਆ ਵਿਚ ਡਿੱਗੇ। ਜਿਥੇ ਜਿਥੇ ਉਹ ਟੁਕੜੇ ਡਿੱਗੇ- ਓਥੇ ਓਥੇ 'ਸ਼ਕਤੀ ਪੀਠ' ਬਣ ਗਏ। ਏਥੇ ਐਸ ਸਰੋਵਰ ਵਾਲੀ ਥਾਂ ਤੇ ਸਤੀ ਦਾ ਧੜ ਡਿੱਗਾ

ਸੀ। ਸੋ ਏਹ 'ਕੰਕਾਲੀ ਤਲਾ' ਸ਼ਕਤੀ ਪੀਠ ਬਣ ਗਿਆ।

ਓਧਰ ਜਦੋਂ ਸਤੀ ਦਾ ਸਾਰਾ ਸਰੀਰ ਟੁਕੜੇ ਟੁਕੜੇ ਹੋ ਕੇ ਥਾਂ ਥਾਂ ਤੇ ਜਾ ਡਿੱਗਾ ਤਾਂ ਸ਼ਿਵਜੀ ਮਹਾਰਾਜ ਦੀ ਸੁਰਤ ਵੀ ਪਲਟੀ। ਬ੍ਰਹਮਾ ਨੇ ਬੜੀ ਆਜਜ਼ੀ ਨਾਲ ਉਨ੍ਹਾਂ ਅੱਗੇ ਅਰਜ਼ ਕੀਤੀ ਕਿ ਮੇਰੇ ਮਾਨਸ ਪੁੱਤਰ ਦੱਖਸ਼ ਪ੍ਰਜਾਪਤੀ ਦਾ ਗੁਨਾਹ ਮੁਆਫ ਕਰੋ ਤੇ ਇਸਨੂੰ ਜੀਵਨ ਦਾਨ ਦਿਓ। ਸ਼ਿਵਜੀ ਮਹਾਰਾਜ ਦਾ ਮਨ ਪਸੀਜ ਗਿਆ। ਫਿਰ ਵੀ ਉਨ੍ਹਾਂ ਨੇ ਪ੍ਰਜਾਪਤੀ ਦਾ ਆਪਣਾ ਸਿਰ ਉਸਦੇ ਧੜ ਤੇ ਨਹੀਂ ਲਗਾਇਆ, ਸਗੋਂ ਇਕ ਬੱਕਰੇ ਦਾ ਸਿਰ ਉਹਦੇ ਧੜ ਉਪਰ ਲਗਾ ਦਿੱਤਾ।

ਸ਼ਾਇਦ ਓਸੇ ਬੱਕਰੇ ਦੇ ਸਿਰ ਵਾਲੇ ਪ੍ਰਜਾਪਤੀ ਦੀ ਬਲੀ ਹੀ ਹਰ ਸਾਲ ਦੇਵੀ ਨੂੰ ਚੜ੍ਹਾਈ ਜਾ ਰਹੀ ਹੈ।

ਜੈਦੇਵ ਦਾ ਗੀਤ ਗੋਵਿੰਦ

ਸ਼ਾਂਤੀ ਨਿਕੇਤਨ ਵਿਚ ਰਹਿਣ ਸਮੇਂ ਹੀ ਇਕ ਦਿਨ ਵਿਸ਼ਵ ਭਾਰਤੀ ਦੇ ਉੜੀਆ ਵਿਭਾਗ ਦੇ ਵਿਦਿਆਰਥੀਆਂ ਨੇ ਪੁਛਿਆ—

"ਜੈਦੇਵ ਦੇ ਮੇਲੇ ਚਲਣੈ?"

"ਜੈਦੇਵ ਕਵੀ ਦੇ ਮੇਲੇ?" ਮੈਂ ਪੁਛਿਆ।

"ਹਾਂ। ਬੋਲਪੁਰ ਤੋਂ ਬਸ ਮਿਲੇਗੀ। ਘੰਟੇ ਭਰ ਦਾ ਰਸਤਾ ਹੈ ਓਥੋਂ।"

"ਤਾਂ ਤੇ ਜ਼ਰੂਰ ਚੱਲਾਂਗਾ।"

ਸਾਈਕਲ ਰਿਕਸ਼ਿਆਂ ਰਾਹੀਂ ਦੋ ਮੀਲ ਤੇ ਬੋਲਪੁਰ, ਫਿਰ ਬਸ ਰਾਹੀਂ ਅਸੀਂ ਅੱਠ ਦਸ ਜਣੇ ਕੇਂਦੁਲੀ ਜਾ ਪਹੁੰਚੇ। ਛੋਟਾ ਜਿਹਾ ਪਿੰਡ ਹੈ ਕੇਂਦੁਲੀ ਤੇ ਉਸ ਪਿੰਡ ਵਿਚ ਇਕ ਪਰਾਚੀਨ ਰਾਧਾਕ੍ਰਿਸ਼ਨ ਮੰਦਿਰ ਹੈ। ਮੇਲੇ ਵਿਚ ਹਜ਼ਾਰਾਂ ਦੀ ਭੀੜ ਸੀ। ਮਨੋਰੰਜਨ ਲਈ ਉਹ ਸਭ ਕੁਝ ਮੌਜੂਦ ਸੀ ਜੋ ਪਿੰਡਾਂ ਦੇ ਮੇਲਿਆ ਵਿਚ ਹੁੰਦਾ ਹੈ। ਮੰਦਿਰ ਵਿਚ ਜੈਦੇਵ ਵੱਲੋਂ ਸਥਾਪਤ ਰਾਧਾਕ੍ਰਿਸ਼ਨ ਦੀ ਮੂਰਤੀ ਹੈ। ਓਥੇ ਪ੍ਰਣਾਮ ਕਰਕੇ ਅਗਾਂਹ ਹੋਏ ਤਾਂ ਸਾਹਮਣੇ ਬੰਗਾਲ ਦੇ ਬਾਊਲ ਸਾਧੂਆਂ ਦਾ ਅਖਾੜਾ ਸੀ। ਇਹ ਬਾਊਲ ਸਾਧੂ ਲੋਕ-ਗਾਇਕ ਹਨ ਅਤੇ ਵੈਸ਼ਣਵ ਮਤ ਦੇ ਧਾਰਨੀ ਹਨ। ਇਨ੍ਹਾਂ ਦੇ ਹੱਥ ਵਿਚ ਇਕ ਖ਼ਾਸ ਤਰ੍ਹਾਂ ਦੀ ਕਿੰਗ ਵਰਗਾ ਤਾਰ ਵਾਲਾ ਸਾਜ਼ ਹੁੰਦਾ ਹੈ— ਤੇ ਗਲ ਵਿਚ ਇਕ ਨਿੱਕੀ ਜਿਹੀ ਤਬਲਚੀ। ਇਕ ਹੱਥ ਨਾਲ ਤਾਰ ਵਾਲਾ ਸਾਜ਼ ਅਤੇ ਦੂਜੇ ਹੱਥ ਨਾਲ ਤਬਚਲੀ ਵਜਾਉਂਦੇ ਇਹ ਪਿੰਡ ਪਿੰਡ ਗਾਉਂਦੇ ਮਿਲਦੇ ਨੇ। ਚਿਲਮਾ ਭਰ ਭਰ ਸੁਲਫਾ ਪੀਂਦੇ ਇਹ ਮਸਤ ਮਲੰਗ ਬਾਊਲ ਬੰਗਾਲ ਦੀ ਰੂਹ ਵਾਂਗ ਨੇ— ਜੋ ਨਿਵੇਕਲੀ ਕਿਸਮ ਦੇ ਲਟਕੇਦਾਰ ਬਾਊਲ ਸੰਗੀਤ ਰਾਹੀ ਪਛਾਣ ਵਿਚ ਆਉਂਦੀ ਹੈ। ਥੋੜ੍ਹਾ ਚਿਰ ਬਾਊਲ ਸੰਗੀਤ ਸੁਨਣ ਤੋਂ ਬਾਦ ਸਾਨੂੰ ਮੇਲੇ ਦੇ ਪ੍ਰਬੰਧਕਾਂ ਨੇ ਆਮ ਜਨਤਾ ਤੋਂ ਵੱਖਰੇ ਵਿਸ਼ੇਸ਼ ਲੰਗਰ ਵਿਚ ਲਿਜਾ ਕੇ ਭੋਜਨ ਕਰਵਾਇਆ। ਫਿਰ ਮੈਨੂੰ ਸਭਨਾਂ ਵਿਚੋਂ ਵਡਾ ਜਾਣ ਕੇ ਪਾਨ ਤੇ ਸਿਗਰੇਟ

ਦੀ ਡੱਬੀ ਅਤੇ ਮਾਚਿਸ ਪੇਸ਼ ਕੀਤੀ। ਉਂਜ ਸਾਡੇ ਸਾਰਿਆਂ ਵਿਚੋਂ ਹੀ ਕੋਈ ਸਿਗਰੇਟ ਨਹੀ ਸੀ ਪੀਂਦਾ। ਪਰ ਪ੍ਰਬੰਧਕਾਂ ਨੂੰ ਇਹ ਗੱਲ ਸਮਝਾਉਣ ਵਿਚ ਮੈਨੂੰ ਕਾਫੀ ਮੁਸ਼ਕਿਲ ਆਈ ਕਿ ਮੈਂ ਸਿਗਰੇਟ ਨੂੰ ਹੱਥ ਵੀ ਨਹੀ ਲਗਾਉਂਦਾ।

'ਜੈਦੇਵ' ਪੰਜ ਕੁ ਸੌ ਸਾਲ ਪਹਿਲਾਂ ਜਨਮੇ ਸੰਸਕ੍ਰਿਤ ਦੇ ਅਜਿਹੇ ਕਵੀ ਹੋਏ ਨੇ ਜਿਨ੍ਹਾਂ ਦੇ ਸ਼ਿੰਗਾਰ ਰਸੀ ਕਾਵਿ ਦੇ ਟਾਕਰੇ ਦਾ ਕਾਵਿ ਦੁਨੀਆਂ ਦੀ ਕਿਸੇ ਵੀ ਭਾਸ਼ਾ ਵਿਚ ਲੱਭਣਾ ਮੁਸ਼ਕਿਲ ਹੈ। ਜੈਦੇਵ ਨੇ ਰਾਧਾਕ੍ਰਿਸ਼ਨ ਦੀ ਪ੍ਰੇਮ ਲੀਲਾ ਦਾ ਪ੍ਰਸੰਗ— 'ਗੀਤ ਗੋਵਿੰਦ' ਲਿਖਿਆ। ਪਰ ਇਕ ਕਵੀ ਅਤੇ ਉਹ ਵੀ ਕਿਸੇ ਲੋਕ ਭਾਸ਼ਾ ਦਾ ਨਹੀ— ਸਗੋਂ ਸੰਸਕ੍ਰਿਤ ਦੇ ਕਵੀ ਦਾ ਮੇਲਾ ਲੱਗੇ ਅਤੇ ਮੇਲਾ ਵੀ ਪੇਂਡੂ ਇਲਾਕਿਆਂ ਵਿਚ- ਜੋ ਆਮ ਤੌਰ ਤੇ ਘੱਟ ਪੜ੍ਹਿਆਂ ਦੇ ਦੇਸ ਮੰਨੇ ਜਾਂਦੇ ਨੇ। ਇਹ ਗੱਲ ਹੈਰਾਨੀਜਨਕ ਲਗਦੀ ਹੈ ਪਰ ਹੈਰਾਨੀ ਓਦੋਂ ਹਟ ਜਾਂਦੀ ਹੈ— ਜਦੋਂ ਪਤਾ ਲਗਦਾ ਹੈ ਕਿ ਜੈਦੇਵ ਨਿਰਾ ਕਵੀ ਹੀ ਨਹੀਂ ਸੀ— ਸਗੋਂ ਭਗਤ ਕਵੀ ਵੀ ਸੀ। ਭਗਤੀ ਕਾਵਿ ਸਦਕਾ ਹੀ ਜੈਦੇਵ ਦੇ 'ਗੋਵਿੰਦ ਗੀਤ' ਬੰਗਾਲ ਤੇ ਉੜੀਸਾ ਦੇ ਮੰਦਿਰਾਂ ਵਿਚ ਗਾਏ ਜਾਂਦੇ ਨੇ ਅਤੇ ਦੁਨੀਆਂ ਦੀ ਹਰ ਵਡੀ ਭਾਸ਼ਾ ਵਿਚ ਉਹ ਗੀਤ ਅਦੁਤੀ ਸ਼ਿੰਗਾਰ ਰਸ ਵਜੋਂ ਅਸ਼ਚਰਜ ਭਾਵ ਨਾਲ ਉਲਥਾਏ ਤੇ ਪੜ੍ਹੇ ਜਾਂਦੇ ਨੇ।

ਜੈਦੇਵ ਬਾਰੇ ਕਈ ਕਥਾਵਾਂ ਪ੍ਰਸਿਧ ਨੇ। ਇਕ ਕਥਾ ਹੈ— ਜਦੋਂ ਜੈਦੇਵ ਗੀਤ ਗੋਵਿੰਦ ਲਿਖਦਿਆਂ ਰਾਧਾ ਕ੍ਰਿਸ਼ਨ ਦੇ ਪ੍ਰੇਮ ਪ੍ਰਸੰਗ ਦਾ ਵਰਨਣ ਕਰਦਿਆਂ ਕਰਦਿਆਂ ਇਸ ਪਦ ਉਤੇ ਪੁਜਾ— 'ਸਮਰ ਗਰਲ ਖੰਡਨੰ ਮਮ ਸ਼ਿਰਸੀ ਮੰਡਨੰ...

ਏਨਾਂ ਲਿਖਣ ਤੇ ਅਗਲੀ ਹੱਲ ਲਿਖਣ ਦੀ ਹਿੰਮਤ ਨਹੀ ਪਈ ਕਿਉਂਕਿ ਉਹ ਗੱਲ ਲਿਖਦਿਆਂ ਕਵੀ ਨੂੰ ਜਾਪਿਆ— ਭਗਵਾਨ ਦਾ ਅਨਾਦਰ ਨਾ ਹੋ ਜਾਏ। ਏਸੇ ਉਧੇੜ ਬੁਨ ਵਿਚ ਕਿ ਆਪਣੇ ਮਨ ਦਾ ਭਾਵ ਕਿਵੇਂ ਜ਼ਾਹਰ ਕਰਾਂ— ਕਵੀ ਉਸ ਪਦ ਨੂੰ ਵਿਚੇ ਹੀ ਛੱਡ ਕੇ ਨਦੀ ਤੇ ਇਸ਼ਨਾਨ ਕਰਨ ਚਲਾ ਗਿਆ। ਜਦੋਂ ਇਸ਼ਨਾਨ ਕਰਕੇ ਵਾਪਸ ਆਇਆ ਤਾਂ ਕਵੀ ਦੀ ਪਤਨੀ ਭੋਜਨ ਕਰ ਰਹੀ ਸੀ। ਪਤੀ ਪਤਨੀ ਨੂੰ ਭੋਜਨ ਕਰਦਿਆਂ ਵੇਖਕੇ ਅਤੇ ਪਤਨੀ ਪਤੀ ਨੂੰ ਇਸ਼ਨਾਨ ਕਰਕੇ ਆਇਆਂ ਵੇਖ ਕੇ — ਦੋਵੇ ਹੀ ਮਹਾਂ ਅਸਚਰਜ ਵਿਚ ਪੈ ਗਏ ਤੇ ਇਕ ਦੂਜੇ ਵੱਲ ਬਿਟਰ ਬਿਟਰ ਤੱਕਣ ਲਗੇ। ਕੁਝ ਚਿਰ ਬਾਅਦ ਪਤਨੀ ਨੇ ਹੀ ਪੁਛਿਆ— "ਦੁਬਾਰਾ ਇਸ਼ਨਾਨ ਕਰ ਆਏ ਓ?" ਪਤੀ ਨੇ ਕਿਹਾ-- "ਅੱਜ ਤੂੰ ਮੈਨੂੰ ਖੁਆਣ ਤੋਂ ਪਹਿਲਾਂ ਹੀ ਕਿਵੇਂ ਖਾਣ ਬਹਿ ਗਈ ਏਂ?" ਪਤਨੀ ਨੇ ਆਖਿਆ— "ਥੋੜ੍ਹਾ ਚਿਰ ਪਹਿਲਾਂ ਹੀ ਤੇ ਤੁਸੀ ਇਸ਼ਨਾਨ ਕਰਕੇ ਆਏ ਤੇ ਭੋਜਨ ਕਰ ਗਏ ਓ- ਫਿਰ. ਦੁਬਾਰਾ ਕਿਉਂ ਇਸ਼ਨਾਨ ਕਰਨ ਗਏ?" ਪਤੀ ਨੇ ਕਿਹਾ— "ਮੈਂ ਤੇ ਲਿਖਣਾ ਵਿਚੇ ਛੱਡ ਕੇ ਜਦੋਂ ਇਸ਼ਨਾਨ ਕਰਨ ਗਿਆ ਸਾਂ— ਓਦੋਂ ਦਾ ਗਿਆ ਹੁਣ ਹੀ ਮੁੜਿਆ ਹਾਂ।" ਪਤਨੀ ਨੇ ਕਿਹਾ— "ਕਿਉਂ? ਥੋੜ੍ਹਾ ਚਿਰ ਪਹਿਲਾਂ ਹੀ ਤਾਂ ਤੁਸੀ ਇਸ਼ਨਾਨ ਕਰਕੇ ਆਏ, ਆਪਣਾ ਪਦ ਪੂਰਾ ਕੀਤਾ ਤੇ ਫਿਰ ਭੋਜਨ ਕਰਕੇ ਬਾਹਰ ਚਲੇ ਗਏ ਸਾਓ- ਹੁਣ ਫਿਰ ਇਸ਼ਨਾਨ ਕਰ ਕੇ ਆਏ ਓ।"

ਜੈਦੇਵ ਨੂੰ ਸਾਰੇ ਮਾਮਲੇ ਦੀ ਸਮਝ ਆ ਗਈ। ਉਸਨੇ ਕਿਹਾ— "ਵਿਖਾ ਜਿਹੜਾ ਪਦ ਪੂਰਾ ਕੀਤਾ ਹੈ। ਪਤਨੀ ਨੇ ਉਹ ਪੱਤਰਾ ਵਿਖਾਇਆ ਜਿਸ ਉਤੇ ਇਕ ਪਦ ਦਾ ਅੱਧਾ ਹਿੱਸਾ ਲਿਖਦਿਆਂ ਲਿਖਦਿਆਂ ਜੈਦੇਵ ਉਠਕੇ ਚਲਿਆ ਗਿਆ ਸੀ — ਤੇ ਬਾਕੀ ਦਾ ਅੱਧਾ ਇਸ਼ਨਾਨ ਕਰਕੇ ਆਣ ਕੇ ਲਿਖਿਆ ਸੀ। ਜੈ ਦੇਵ ਨੇ ਵੇਖਿਆ— ਬਾਕੀ ਦਾ ਅੱਧਾ ਪਦ ਇੰਜ ਲਿਖਿਆ ਹੋਇਆ ਸੀ—

ਦੇਹੀ ਪਦ ਪੱਲਵਮੁਦਾਰਮ।
ਜਵਲਤੀ ਮਯੀ ਦਾਰੁਣੋ ਮਦਨ-ਕਦਨਾਨਲੋ,
ਹਰਤੁ ਤਦੁਪਾਹਿਤ-ਵਿਕਾਰਮ (ਪ੍ਰੀਯੇ)।।

(ਹੇ ਪ੍ਰੀਯੇ— ਆਪਣੇ ਰਾਂਗਲੇ ਚਰਨ ਮੇਰੇ ਸਿਰ ਉਪਰ ਰੱਖ ਦੇ— ਜਿਸ ਨਾਲ ਕਾਮ ਅਗਨੀ ਦੇ ਜ਼ਹਿਰ ਨਾਲ ਜਲਦੇ ਮੇਰੇ ਹਿਰਦੇ ਨੂੰ ਠੰਢ ਪੈ ਜਾਏ।) ਜੈਦੇਵ ਨੇ ਸਮਝ ਲਿਆ ਕਿ ਏਸ ਦੁਚਿਤੀ ਵਿਚ ਮਦਦ ਕਰਨ ਲਈ ਕਿ — ਭਗਵਾਨ ਦੇ ਸਿਰ ਉਪਰ ਰਾਧਾ ਦੇ ਚਰਨ ਰਖਣ ਦੀ ਗੱਲ ਕਿਵੇਂ ਲਿਖੇ—. ਭਗਵਾਨ ਜੈਦੇਵ ਦਾ ਰੂਪ ਧਾਰ ਆਪ ਆਣਕੇ ਉਹ ਪਦ ਪੂਰਾ ਕਰ ਗਏ ਨੇ ਤੇ ਪਰਸਾਦ ਵੀ ਛਕ ਗਏ ਨੇ। ਜੈਦੇਵ ਨੇ ਪਤਨੀ ਨੂੰ ਇਹ ਗੱਲ ਦੱਸੀ ਤੇ ਜਿਹੜਾ ਭੋਜਨ ਉਹ ਛਕ ਰਹੀ ਸੀ— ਉਸ ਵਿਚੋਂ ਆਪ ਵੀ ਭਗਵਾਨ ਦੇ ਪਰਸਾਦ ਰੂਪ ਵਿਚ ਭੋਜਨ ਪਾਇਆ।

ਇਕ ਵਾਰੀ ਜੈਦੇਵ ਨੇ ਰਾਧਾ-ਕ੍ਰਿਸ਼ਨ ਦੀ ਮੂਰਤੀ ਲਿਆਂਦੀ। ਉਸ ਮੂਰਤੀ ਦੀ ਸਥਾਪਨਾ ਲਈ ਕੁਝ ਰਕਮ ਇਕੱਠੀ ਕਰਨ ਵਾਸਤੇ ਜੈਦੇਵ ਜੈਪੁਰ ਨੂੰ ਗਿਆ।

ਮੁੜਦਿਆਂ ਹੋਇਆਂ ਡਾਕੂਆਂ ਨੇ ਉਸ ਨੂੰ ਲੁਟ ਲਿਆ ਅਤੇ ਓਹਦੇ ਹੱਥ ਪੈਰ ਵੱਢ ਕੇ ਉਹਨੂੰ ਖੂਹ ਵਿਚ ਸੁਟ ਗਏ। ਜੈਦੇਵ ਖੂਹ ਵਿਚ ਹੀ ਕ੍ਰਿਸ਼ਨ ਨਾਮ ਜਪਦਾ ਰਿਹਾ। ਸਬੱਬ ਨਾਲ ਗੋੜੇਸ਼ਵਰ ਦਾ ਰਾਜਾ ਲਛਮਨ ਸੇਨ ਉਥੋਂ ਦੀ ਲੰਘਿਆ ਤੇ ਜੈਦੇਵ ਨੂੰ ਖੂਹ ਵਿਚੋਂ ਕਢਵਾਕੇ ਨਾਲ ਹੀ ਲੈ ਗਿਆ ਅਤੇ ਆਪਣੀ ਰਾਜ ਸਭਾ ਦੇ ਪੰਜ ਰਤਨਾਂ ਵਿਚ ਉਸਨੂੰ ਸਥਾਨ ਦਿੱਤਾ। ਇਕ ਸਮੇਂ ਕਿਸੇ ਉਤਸਵ ਦੇ ਸਿਲਸਿਲੇ ਵਿਚ ਰਾਜੇ ਨੇ ਭੰਡਾਰਾ ਕੀਤਾ। ਉਸ ਭੰਡਾਰੇ ਵਿਚ ਉਹ ਚਾਰੇ ਡਾਕੂ ਵੀ ਆਏ, ਜਿਨ੍ਹਾਂ ਨੇ ਜੈਦੇਵ ਦੇ ਹੱਥ ਪੈਰ ਵੱਢੇ ਸਨ। ਜੈਦੇਵ ਨੇ ਪ੍ਰੇਮ ਰੰਗ ਵਿਚ ਉਹਨਾਂ ਦੀ ਬੜੀ ਖਾਤਰ ਕੀਤੀ ਤੇ ਚੋਖਾ ਸਾਰਾ ਧਨ ਦੇ ਕੇ ਰਾਜ ਦੇ ਪਹਿਰੂਆਂ ਨੂੰ ਕਿਹਾ ਕਿ ਇਹਨਾ ਚੋਹਾਂ ਨੂੰ ਬਾ-ਇਫਾਜ਼ਤ ਇਹਨਾ ਦੇ ਪਿੰਡ ਪੁਚਾ ਆਉਣ। ਰਾਹ ਵਿਚ ਪਹਿਰੂਆਂ ਨੇ ਜੈਦੇਵ ਦੀ ਉਸਤਤ ਕੀਤੀ— ਪਰ ਡਾਕੂਆਂ ਨੇ ਜੈਦੇਵ ਦੀ ਨਿੰਦਿਆ ਕੀਤੀ। ਨਿੰਦਿਆ ਕਰਦਿਆਂ ਹੀ ਧਰਤੀ ਫਟ ਗਈ ਤੇ ਉਹ ਚਾਰੇ ਡਾਕੂ ਧਰਤੀ ਵਿਚ ਸਮਾ ਗਏ। ਓਧਰ ਓਸੇ ਵੇਲੇ ਜੈਦੇਵ ਦੇ ਹੱਥ ਪੈਰ ਆਣਕੇ ਉਸਦੇ ਸਰੀਰ ਨਾਲ ਜੁੜ ਗਏ।

ਜੈਦੇਵ ਰੋਜ਼ ਗੰਗਾ ਇਸ਼ਨਾਨ ਕਰਦਾ ਸੀ। ਬਿਰਧ ਹੋਣ ਤੇ ਗੰਗਾ ਤੇ ਜਾਣਾ ਜਦੋਂ ਔਖਾ ਹੋ ਗਿਆ ਤਾਂ ਉਸਦੀ ਪ੍ਰਾਰਥਨਾ ਤੇ ਗੰਗਾ ਉਸਦੇ ਬੂਹੇ ਅਗੋਂ ਦੀ ਵਗਣੀ ਸ਼ੁਰੂ ਹੋ ਗਈ।

ਸਾਡੇ ਪੰਜਾਬ ਦੇ ਮਹਾਨ ਕਵੀ ਪ੍ਰੋਫੈਸਰ ਪੂਰਨ ਸਿੰਘ ਜੀ ਨੇ ਜੈਦੇਵ ਦੇ ਗੀਤ ਗੋਵਿੰਦ ਦੇ ਇਕ ਹਿੱਸੇ ਦਾ ਸੰਸਕ੍ਰਿਤ ਤੋਂ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਸੀ। ਉਸੇ ਅਨੁਵਾਦ ਤੋਂ ਪ੍ਰੋਫੈਸਰ ਕਿਰਪਲ ਸਿੰਘ ਕਸੇਲ ਜੀ ਨੇ ਹੁਣ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਕਸੇਲ ਜੀ ਨੇ ਪੂਰਨ ਸਿੰਘ ਜੀ ਦੀ ਗੀਤ ਗੋਵਿੰਦ ਬਾਰੇ ਰਾਏ ਨੂੰ ਆਪਣੇ ਅਨੁਵਾਦ ਵਿਚ ਜਿਵੇਂ ਪੇਸ਼ ਕੀਤਾ ਹੈ ਉਸ ਵਿਚੋਂ ਕੁਝ ਸ਼ਬਦ ਹਨ :

"ਸੱਚੇ ਅਰਥਾਂ ਵਿਚ ਰਾਧਾ ਪ੍ਰਭੂ ਦੀ ਪਤਨੀ ਹੈ। ਜਿਸਦੀ ਕ੍ਰਿਸ਼ਨ ਖੁਸ਼ਾਮਦ ਕਰਦੇ ਹਨ, ਉਸਨੂੰ ਲਾਡ ਲਡਾਉਂਦੇ ਹਨ ਤੇ ਉਸ ਨਾਲ ਚੁਹਲ ਕਰਦੇ ਹਨ, ਉਸਨੂੰ ਲੱਭਦੇ ਫਿਰਦੇ ਹਨ। ਰੁਠੀ ਨੂੰ ਮਨਾਉਂਦੇ ਹਨ, ਉਸ ਕੋਲੋਂ ਮਾਫੀਆਂ ਮੰਗਦੇ ਹਨ, ਉਸਨੂੰ ਪਕੜ ਲੈਂਦੇ ਹਨ ਅਤੇ ਉਸਦੀ ਪ੍ਰੀਤ ਗੜ੍ਹਚੀ ਆਤਮਾ ਵਿਚੋਂ ਸੁਖ ਸ਼ਾਂਤੀ ਨੂੰ ਭਾਲਦੇ ਹਨ...।

5
ਵਾਪਸੀ

ਪ੍ਰਭਾਤ-ਬੰਧੂ

ਇਕ ਦਿਨ ਪ੍ਰਾਰਥਨਾ ਤੋਂ ਬਾਅਦ ਆਣ ਕੇ ਆਪਣੀ ਕੁਟੀਆ ਵਿਚ ਬੈਠਾ ਹੀ ਸਾਂ ਕਿ ਬਾਹਰ ਮੋਟਰ ਦੇ ਹਾਰਨ ਦੀ ਬਾਰ ਬਾਰ ਹੋ ਰਹੀ ਆਵਾਜ਼ ਨੇ ਬਾਹਰ ਸੱਦ ਲਿਆ। ਜਾਂ ਵੇਖਿਆ ਤਾਂ ਸਾਹਮਣਿਓਂ ਵਾਈਸ ਚਾਂਸਲਰ ਸ੍ਰੀ ਸੁਧੀਰੰਜਨ ਦਾਸ ਅੰਦਰ ਨੂੰ ਚਲੇ ਆ ਰਹੇ ਸਨ। ਮੇਰੇ ਤਾਂ ਇਕ ਦਮ ਹੋਸ਼ ਹਵਾਸ ਹੀ ਉਡ ਗਏ।

ਹੋਸ਼ ਹਵਾਸ ਉਡਣ ਦਾ ਇਕ ਕਾਰਣ ਸੀ। ਕੁੰਜ ਬਾਬੂ ਦੇ ਘਰ ਆਪਣੇ ਇਕਰਾਰ ਮੁਤਾਬਕ ਮੈਂ ਇਕ ਮਹੀਨਾ ਰਹਿ ਚੁਕਾ ਸਾਂ, ਪਰ ਸ਼ਾਂਤੀ ਨਿਕੇਤਨੋਂ ਹਿੱਲਣ ਤੇ ਮੇਰਾ ਜੀ ਨਹੀਂ ਸੀ ਕਰਦਾ। ਕੁੰਜ ਬਾਬੂ ਕੁਝ ਦਿਨ ਪਹਿਲਾਂ ਮੈਥੋਂ ਵਿਦਿਆ ਹੋ ਕੇ ਬੰਬਈ ਵਿਚ ਹੋ ਰਹੀ ਆਲ ਇੰਡੀਆ ਫੋਕਲੋਰ ਕਾਨਫਰੰਸ ਵਿਚ ਹਿੱਸਾ ਲੈਣ ਚਲੇ ਗਏ ਸਨ ਤੇ ਆਖ ਗਏ ਸਨ ਕਿ ਪਹਿਲੀ ਜਨਵਰੀ ਨੂੰ ਉਨ੍ਹਾਂ ਦਾ ਪਰਵਾਰ ਉੜੀਸਾ ਤੋਂ ਸ਼ਾਂਤੀ ਨਿਕੇਤਨ ਪਹੁੰਚ ਜਾਏਗਾ ਅਤੇ ਉਹ ਆਪ ਕੁਝ ਦਿਨ ਬਾਅਦ ਆਉਣਗੇ। ਮੇਰਾ ਪਹਿਲਾ ਪ੍ਰੋਗਰਾਮ ਇਕੱਤੀ ਦਸੰਬਰ ਤੱਕ ਸ਼ਾਂਤੀ ਨਿਕੇਤਨ ਤੋਂ ਤੁਰ ਜਾਣ ਦਾ ਸੀ। ਏਧਰ ਮੈਂ ਇਕ ਡੇਢ੍ਹ ਮਹੀਨਾ ਹੋਰ ਸ਼ਾਂਤੀ ਨਿਕੇਤਨ ਵਿਚ ਹੀ ਟਿਕਣ ਦਾ ਇਰਾਦਾ ਬਣਾ ਲਿਆ, ਸਵਾਲ ਇਹ ਸੀ ਕਿ ਰਵ੍ਹਾਂ ਕਿੱਥੇ। ਮੇਲਾ ਮੁਕ ਗਿਆ ਸੀ, ਵਿਸ਼ਵ ਭਾਰਤੀ ਵਿਚ ਛੁਟੀਆਂ ਸਨ, ਵਿਦਿਆਰਥੀਆਂ ਦੀਆਂ ਟੋਲੀਆਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਇਤਿਹਾਸਕ ਥਾਵਾਂ ਦੀ ਯਾਤਰਾ ਤੇ ਗਈਆਂ ਸਨ। ਮੈਂ ਫਿਰ ਇਕ ਵਾਰੀ ਰਹਿਣ ਲਈ ਥਾਂ ਦੀ ਸਮੱਸਿਆ ਵਿਚ ਫਸ ਗਿਆ ਅਤੇ ਭੱਜ ਨੱਸ ਕਰਦਿਆਂ ਰਾਜਸਥਾਨ ਦੇ ਇਕ ਵਿਦਿਆਰਥੀ ਸੁਰੇਸ਼ ਚੰਦਰ ਸ਼ਰਮਾ ਕੋਲੋਂ ਮੈਨੂੰ ਥਾਂ ਮਿਲ ਗਈ। ਸੁਰੇਸ਼ ਚੰਦਰ ਇਕ ਮਾਮੂਲੀ ਸਕੂਲ ਮਾਸਟਰ ਦਾ ਪੁਤਰ ਹੈ। ਲਗਨ ਹੈ ਚਿਤਰਕਾਰ ਬਣਨ ਦੀ। ਬੀ. ਏ. ਤਕ ਤਾਂ ਰਾਜਸਥਾਨ ਵਿਚ ਹੀ ਪੜ੍ਹਿਆ, ਪਰ ਬਾਅਦ ਵਿਚ ਸ਼ਾਂਤੀ ਨਿਕੇਤਨ ਦੀ ਮਸ਼ਹੂਰੀ ਨੇ ਉਸਦਾ ਮਨ ਖਿੱਚ ਗਿਆ। ਰਾਜਸਥਾਨ ਦੇ ਮੁਖ ਮੰਤਰੀ ਸੁਖਾੜੀਆਂ ਸਾਹਿਬ ਨੇ ਉਸ ਦੀਆਂ ਕਲਾ ਕਿਰਤਾਂ ਵੇਖ ਕੇ ਪਹਸੰਸਾ ਕੀਤੀ ਅਤੇ ਸ਼ਾਂਤੀ ਨਿਕੇਤਨ ਦੇ ਕਲਾ ਭਵਨ ਵਿਚ ਅੱਗੋਂ ਪੜ੍ਹਨ ਲਈ ਵਜ਼ੀਫਾ ਦੇਣ ਦਾ ਇਕਰਾਰ ਕੀਤਾ। ਉਸ ਇਕਰਾਰ ਦੇ ਸਹਾਰੇ ਸੁਰੇਸ਼ ਨੇ ਵਿਸ਼ਵ ਭਾਰਤੀ ਵਿਚ ਦਾਖਲਾ ਲੈ ਲਿਆ, ਪਰ ਮੁਖ ਮੰਤਰੀ ਸਾਹਿਬ ਨੂੰ ਰਾਹ ਜਾਂਦਿਆਂ ਦਿੱਤੇ ਇਕਰਾਰ ਯਾਦ ਰਖਣ ਦੀ ਵੇਹਲ ਕਿੱਥੇ? ਅਨੇਕਾਂ ਚਿੱਠੀਆਂ ਤੇ ਯਾਦ ਦਹਾਨੀਆਂ ਤੇ ਵੀ ਸੁਰੇਸ਼ ਨੂੰ ਵਜ਼ੀਫਾ ਨਾ ਮਿਲਿਆ। ਰਾਜਸਥਾਨ ਵਿਚ ਉਸ ਨੂੰ ਫੀਸ ਨਹੀ ਸੀ ਦੇਣੀ ਪੈਂਦੀ। ਸ਼ਾਂਤੀ ਨਿਕੇਤਨ ਵਿਚ ਵੀ ਕਈ ਵਿਦਿਆਰਥੀਆਂ ਦੀ ਫੀਸ ਮਾਫ ਹੋ ਜਾਂਦੀ ਹੈ, ਪਰ ਲੱਖ ਜਤਨ ਕਰਨ ਤੇ ਵੀ ਸੁਰੇਸ਼ ਦੀ ਫੀਸ ਸ਼ਾਂਤੀ ਨਿਕੇਤਨ ਵਿਚ

ਮਾਫ ਨਾ ਹੋਈ। ਫੀਸ ਦੇਣੀ ਪੈਂਦੀ ਹੈ ਅਠਾਰਾਂ ਰੁਪਏ ਮਹੀਨਾ, ਦੋ ਵੇਲੇ ਦੀ ਰੋਟੀ ਲਈ ਦੇਣੇ ਪੈਂਦੇ ਪੈਤੀ ਰੁਪਏ ਮਹੀਨਾ ਤੇ ਚਾਹ ਪਾਣੀ ਲਈ ਪੰਦਰਾਂ ਰੁਪਏ ਅੱਡ। ਹੋਸਟਲ ਵਿਚ ਰਹਿਣ ਦਾ ਕਿਰਾਇਆ ਵੀ ਬਾਰਾਂ ਤੇਰਾਂ ਦੇਣਾ ਪੈਂਦਾ ਹੈ। ਇਸ ਤੋਂ ਛੁਟ ਸ਼ਾਂਤੀ ਨਿਕੇਤਨ ਦੇ ਫਾਈਨ ਆਰਟ ਦੇ ਵਿਦਿਆਰਥੀ ਨੂੰ ਰੰਗਾਂ ਤੇ ਕਾਗਜ਼ ਉਤੇ ਵੀ ਦਸ ਵੀਹ ਰੁਪਏ ਮਹੀਨੇ ਦੇ ਖ਼ਰਚਣੇ ਪੈਂਦੇ ਹਨ। ਏਨੇ ਖ਼ਰਚ, ਤੇ ਘਰੋਂ ਮਿਲਦੇ ਨੇ ਸਿਰਫ ਪੰਜਾਹ ਰੁਪਏ।

ਪਰ ਸੁਰੇਸ਼ ਸਿਰੜੀ ਮੁੰਡਾ ਹੈ। ਉਹ ਕਿਚਨ ਵਿਚ ਇਕ ਵੇਲੇ ਖਾਂਦਾ ਹੈ। ਚਾਹ ਦੁਧ ਘਿਓ ਛਕਦਾ ਹੀ ਨਹੀਂ। ਸਵੇਰੇ ਉਹ ਭੁੱਖਾ ਹੀ ਕਲਾਸ ਵਿਚ ਜਾਂਦਾ ਹੈ। ਦੁਪਹਿਰੇ ਰੋਟੀ ਖਾਂਦਾ ਹੈ ਤੇ ਰਾਤ ਨੂੰ ਦਵਾਨੀ ਦੀ ਡਬਲ ਰੋਟੀ ਲੈ ਕੇ ਪਿੰਡੋਂ ਲਿਆਂਦੇ ਹੋਏ ਅਚਾਰ ਨਾਲ ਚੱਬ ਜਾਂਦਾ ਹੈ। ਰਹਿਣ ਲਈ ਉਸ ਨੇ ਸ਼ਾਂਤੀ ਨਿਕੇਤਨ ਤੋਂ ਬਾਹਰਵਾਰ ਨਹਿਰ ਦੇ ਲਾਗੇ ਇਕ ਝੁੱਗੀ ਵਿਚ ਡੇਰਾ ਲਾਇਆ ਹੈ। ਉਸ ਝੁੱਗੀ ਦਾ ਨਾਮ ਹੈ ਉੱਤਰਾ। ਉੱਤਰਾ ਸੜਕ ਦੇ ਕੰਢੇ ਤੇ ਹੈ। ਸੁਰੇਸ਼ ਦਾ ਸਾਮਾਨ ਵੀ ਉਸ ਵਰਗਾ ਹੀ ਹੈ। ਇਕ ਟਰੰਕ, ਜਿਸ ਵਿਚ ਉਸ ਦੀਆਂ ਖਣੀਆਂ ਤਸਵੀਰਾਂ ਰਖੀਆਂ ਰਹਿੰਦਿਆਂ ਹਨ। ਕਪੜੇ ਓਨੇ ਹੀ ਹਨ ਜਿੰਨੇ ਉਸ ਦੇ ਗਲ ਪਏ ਰਹਿੰਦੇ ਹਨ। ਉਹਨਾਂ ਨੂੰ ਹੀ ਕਿਸੇ ਵੇਲੇ ਨਹਿਰ ਤੇ ਜਾ ਕੇ ਧੋ ਲੈਂਦਾ ਹੈ। ਪ੍ਰੈਸ ਕਰਦਾ ਹੀ ਨਹੀਂ। ਇਕ ਰਜ਼ਾਈ ਤੇ ਇਕ ਕੰਬਲ ਹੈ ਸੀ ਪਰ ਉਸੇ ਵਰਗੇ ਇਕ ਹੋਰ ਵਿਦਿਆਰਥੀ ਦਾ, ਜਿਸ ਕੋਲ ਰਜ਼ਾਈ ਵੀ ਨਹੀਂ ਸੀ, ਕੰਬਲ ਚੋਰੀ ਹੋ ਜਾਣ ਕਰ ਕੇ ਸੁਰੇਸ਼ ਨੇ ਹੇਠਾਂ ਵਿਛਾਣ ਵਾਲਾ ਕੰਬਲ ਕਢ ਕੇ ਉਸ ਨੂੰ ਰਾਤ ਉਤੇ ਲੈਣ ਲਈ ਦੇ ਦਿੱਤਾ, ਅਤੇ ਆਪ ਉਹ ਇਕ ਦਰੀ ਵਿਛਾ ਲੈਂਦਾ ਹੈ। ਪਰ ਦਰੀ ਵੀ ਉਹ ਮੰਜੀ ਉਤੇ ਨਹੀ ਵਿਛਾਉਂਦਾ। ਸ਼ਾਂਤੀ ਨਿਕੇਤਨ ਵਿਚ ਮੰਜੀ ਉਤੇ ਸੌਣ ਦਾ ਤਾਂ ਰਿਵਾਜ ਹੀ ਨਹੀ, ਸਭ ਲੋਕ ਤਖ਼ਤ ਪੋਸ਼ਾਂ ਉਤੇ ਸੌਂਦੇ ਹਨ, ਪਰ ਸੁਰੇਸ਼ ਪਹਿਲਾਂ ਤਾਂ ਭੁੰਜੇ ਹੀ ਡੇਰਾ ਲਾ ਲੈਂਦਾ ਰਿਹਾ ਹੈ। ਬਾਅਦ ਵਿਚ ਉਸ ਦੇ ਗਵਾਂਢ ਰਹਿੰਦੀ ਇਕ ਅਮਰੀਕਨ ਲੇਡੀ ਉਸ ਨੂੰ ਜਾਣ ਲੱਗੀ ਦੋ ਤਿੰਨ ਬੈਂਚ, ਇਕ ਮੇਜ਼ ਤੇ ਇਕ ਬਾਲਟੀ ਦੇ ਗਈ ਸੀ। ਸੋ ਹੁਣ ਉਹ ਦੋ ਬੈਂਚਾਂ ਨੂੰ ਜੋੜ ਕੇ ਉਹਨਾਂ ਉਤੇ ਸੌਂਦਾ ਹੈ।

ਮੈਨੂੰ ਨਥਾਵਿਆਂ ਵਾਂਗ ਫਿਰਦਿਆਂ ਵੇਖ ਕੇ ਸੁਰੇਸ਼ ਨੂੰ ਤਰਸ ਆ ਗਿਆ। ਕਿਹਾ, "ਮੈਂ ਜਿਸ ਝੁੱਗੀ ਵਿਚ ਰਹਿੰਦਾ ਹਾਂ ਉਸ ਦਾ ਮਾਲਕ ਕਲਕੱਤੇ ਰਹਿੰਦਾ ਏ। ਕਿਰਾਏ ਦੇ ਬਦਲੇ ਵਿਚ ਮੈਂ ਉਸ ਦੇ ਮਕਾਨ ਦੀ ਰਾਖੀ ਕਰ ਛਡਦਾ ਹਾਂ। ਤੁਸੀ ਵੀ ਆ ਜਾਓ, ਦੋਵੇਂ ਜਣੇ ਰਾਖੀ ਕਰਾਂਗੇ।"

ਮੈਂ ਉਸ ਦੀ ਪੇਸ਼ਕਸ਼ ਮਨਜ਼ੂਰ ਕਰ ਲਈ। ਠੀਕ ਇਕੱਤੀ ਤਰੀਕ ਨੂੰ ਹੀ ਆਪਣੇ ਇਕਰਾਰ ਮੁਤਾਬਕ ਕੁੰਜ ਬਾਬੂ ਦਾ ਕਮਰਾ ਵੇਹਲਾ ਕਰ ਦਿੱਤਾ ਤੇ ਜਿੰਦਰਾ ਮਾਰ ਕੇ ਚਾਬੀ ਉਹਨਾਂ ਦੇ ਇਕ ਵਿਦਿਆਰਥੀ ਨੂੰ ਦੇ ਕੇ ਆਪਣਾ ਸਾਮਾਨ ਉੱਤਰਾ ਵਿਚ ਜਾ ਟਿਕਾਇਆ। ਸੌਣ ਲਈ ਸੁਰੇਸ਼ ਨੇ ਮੈਨੂੰ ਵੀ ਦੋ ਬੈਂਚ ਜੋੜ ਦਿੱਤੇ ਤੇ ਮੈਂ ਉਹਨਾਂ ਉਤੇ

ਲਿਖਣ ਪੜ੍ਹਨ ਬਹਿਣ ਸੌਣ ਆਦਿ ਲਈ ਆਸਣ ਵਿਛਾ ਦਿੱਤਾ।

ਅਤੇ ਉਸ ਦਿਨ ਅਚਾਨਕ ਉਸੇ ਉੱਤਰਾ ਦੇ ਬੂਹੇ ਵੱਲ ਵਾਈਸ ਚਾਂਸਲਰ ਨੂੰ ਵਧਦਿਆਂ ਵੇਖ ਕੇ ਮੇਰੇ ਹੋਸ਼ ਹਵਾਸ ਤਾਂ ਉਡਣੇ ਹੀ ਸਨ ! ਇਕ ਦਮ ਹੀ ਮੇਰੇ ਮਨ ਵਿਚ ਅਨੇਕਾਂ ਸਵਾਲ ਆ ਜੁੜੇ। 'ਇਹ ਕਿਉਂ ਆਏ ਨੇ? ਬੈਠਾਵਾਂਗਾ ਕਿੱਥੇ? ਸ਼ਾਇਦ ਆਪੀਂ ਕਹਿਣ ਆਏ ਨੇ ਕਿ ਸ਼ਾਂਤੀ ਨਿਕੇਤਨ ਵਿਚ ਕੋਈ ਯਾਤਰੀ ਏਨਾ ਚਿਰ ਕਦੀ ਨਹੀ ਰਿਹਾ, ਜਿੰਨਾ ਚਿਰ ਤੂੰ ਰਹਿ ਲਿਆ ਏ, ਸੋ ਹੁਣ ਮੁੜ ਜਾ। ਜਾਂ ਖੌਰੇ ਇਹ ਹੀ ਆਖਣ ਆਏ ਹੋਣ ਕਿ ਰਵੀਂਦ੍ਰ ਜਨਮ ਸ਼ਤਾਬਦੀ ਦੇ ਸਿਲਸਿਲੇ ਵਿਚ ਰਵੀਂਦ੍ਰ ਨਾਥ ਦੀ ਜਗਤ ਪ੍ਰਸਿਧ ਪੁਸਤਕ ਗੋਰਾ ਦਾ ਅਨੁਵਾਦ ਕਰਨ ਲਈ ਰਵੀਂਦ੍ਰ ਨਾਥ ਦੀ ਪੁੰਨ ਭੂਮੀ ਤੇ ਆਣ ਕੇ ਇੰਜ ਖਸਤਾ ਹਾਲਤ ਵਿਚ ਰਵ੍ਹੇਂ, ਇਹ ਉਹਨਾਂ ਕੋਲੋਂ ਸਹਾਰਿਆ ਨਹੀ ਗਿਆ, ਸੋ ਹੁਣੇ ਹੀ ਆਪਣੀ ਮੋਟਰ ਵਿਚ ਬਿਠਾ ਕੇ ਇਕ ਚੰਗੇ ਸੁਥਰੇ ਘਰ ਵਿਚ ਲੈ ਜਾਣ ਲਈ ਆਏ ਨੇ।' ਪਰ ਬਹੁਤੀਆਂ ਗੱਲਾਂ ਸੋਚਣ ਜੋਗਾ ਵਕਤ ਹੀ ਕਦੋਂ ਸੀ? ਕੁਝ ਉਹ ਅੱਗੇ ਆ ਚੁਕੇ ਸਨ ਤੇ ਕੁਝ ਮੈਂ ਡੌਰ ਭੌਰਾ ਜਿਹਾ ਅਗਾਂਹ ਹੋ ਗਿਆ ਸਾਂ। ਦੋਹਾਂ ਨੇ ਇਕੱਠੀ ਹੀ ਇਕ ਦੂਸਰੇ ਨੂੰ ਨਮਸਕਾਰ ਬੁਲਾਈ ਤੇ ਮੇਰੇ ਇਕ ਤਰ੍ਹਾਂ ਰਾਹ ਲੋਕ ਕੇ ਸਵਾਲੀਆਂ ਨਜ਼ਰਾਂ ਨਾਲ ਤਕਦਿਆਂ ਹੀ ਉਹਨਾਂ ਨੇ ਕਿਹਾ, "ਤੁਸੀ ਏਥੇ ਆ ਗਏ ਓ? ਕਈ ਵਾਰੀ ਆਪਣੇ ਘਰੋਂ ਹੀ ਤੁਹਾਨੂੰ ਏਥੇ ਖਲੋਤਿਆਂ ਵੇਖ ਕੇ ਸ਼ੱਕ ਜਿਹਾ ਪੈਂਦਾ ਸੀ। ਫਿਰ ਕੁੰਜ ਬਾਬੂ ਕੋਲੋਂ ਪੁਛਣ ਤੇ ਪਤਾ ਲੱਗਾ। ਕੋਈ ਤਕਲੀਫ ਤਾਂ ਨਹੀਂ ਨਾ ਏ ਥੇ?"

ਮੈਂ ਕਿਹਾ, "ਤਕਲੀਫ ਕਾਹਦੀ ਏ। ਹੁਣ ਹੀ ਤਾਂ ਰਵੀਂਦ੍ਰ ਨਾਥ ਦੇ ਅਸਲ ਭਾਰਤ ਵਰਸ਼ ਵਿਚ ਆਇਆ ਹਾਂ।"

"ਕੀ ਦੱਸਾਂ ਤੁਹਾਨੂੰ, ਜਗਾਹ ਦੀ ਏਨੀ ਤੰਗੀ ਏ ਕਿ..., ਅੱਛਾ ਮੈਂ ਆਇਆ ਹਾਂ, ਭਲਕੇ ਦੁਪਹਿਰ ਦਾ ਭੋਜਨ ਤੁਸਾਂ ਮੇਰੇ ਘਰ ਕਰਨਾ ਏ। ਕੋਈ ਹੋਰ ਪ੍ਰੋਗ੍ਰਾਮ ਤਾਂ ਨਹੀਂ ਨਾ ਤੁਹਾਡਾ? ਹਾਂ ਤੇ, ਤੁਸੀ ਸਭ ਕੁਝ ਖਾ ਲੈਂਦੇ ਓ ਨਾ?"

ਨਾਂਹ ਕਰਨ ਦਾ ਤਾਂ ਕੋਈ ਕਾਰਣ ਹੀ ਨਹੀ ਸੀ ਸੋ ਦਾਅਵਤ ਮਨਜ਼ੂਰ ਕਰਦਿਆਂ ਹੋਇਆਂ ਕਿਹਾ, "ਪਰ ਮੈਂ ਮਾਸ ਮੱਛੀ ਨਹੀ ਖਾਂਦਾ, ਨਿਰਾਮਿਸ਼ ਹੀ ਖਾਵਾਂਗਾ।"

"ਮਾਸ ਮੱਛੀ ਨਹੀ ਖਾਂਦੇ? ਇਹ ਕੀ, ਸਿਖ ਹੋ ਕੇ ਮਾਸ ਮੱਛੀ ਨਹੀਂ ਖਾਂਦੇ? ਤਾਂ ਤੂੰ ਮਲੇਛ ਸਿਖ ਏਂ।" ਆਖ ਕੇ ਹੱਸਦੇ ਹੱਸਦੇ ਦੋਬਾਰਾ ਪੱਕੀ ਕਰ ਕੇ ਉਹ ਚਲੇ ਗਏ । ਤੇ ਮੈਂ ਇਸ ਅਜੀਬ ਸ਼ਖਸੀਅਤ ਬਾਰੇ ਸੋਚਦਾ ਸੋਚਦਾ ਆਪਣੀ ਕੁਟੀਆ ਵਿਚ ਜਾ ਬੈਠਾ। ਸੋਚਦਾ ਸਾਂ, 'ਸੰਜੋਗ ਕਿੰਨੇ ਅਜੀਬ ਹਨ। ਤੇ ਕਿੰਨੇ ਵਲ ਪਾ ਕੇ ਆਦਮੀ ਇਕ ਦੂਸਰੇ ਨੂੰ ਜਾ ਮਿਲਦਾ ਹੈ।'

ਸਾਲ ਕੁ ਪਹਿਲਾਂ ਵੀ ਇਕ ਵਾਰੀ ਦਿੱਲੀਓਂ ਸ਼ਾਂਤੀ ਨਿਕੇਤਨ ਨੂੰ ਤਿਆਰ ਹੋਇਆ ਸਾਂ, ਪਰ ਓਦੋਂ ਇਕ ਅੱਧ ਮਹੀਨੇ ਲਈ ਨਹੀ, ਸਗੋਂ ਇਕ ਲੰਮੇ ਅਰਸੇ ਲਈ। ਏਥੇ ਰਹਿ ਕੇ ਟੈਗੋਰ ਸਾਹਿਤ ਦਾ ਗੰਭੀਰ ਰੂਪ ਵਿਚ ਅਧਿਐਨ ਕਰਨਾ ਚਾਹੁੰਦਾ ਸਾਂ। ਜਾਣਦਾ

ਨਹੀਂ ਸਾਂ ਕਿ ਏਥੇ ਰਹਿਣ ਲਈ ਕੁਝ ਖਾਸ ਸ਼ਰਤਾਂ ਹਨ। ਜਿਹੋ ਜਿਹੀ ਬਚਪਨ ਤੋਂ ਹੀ ਕਲਪਨਾ ਕਰਦਾ ਆ ਰਿਹਾ ਸਾਂ ਕਿ ਸ਼ਾਂਤੀ ਨਿਕੇਤਨ ਇਕ ਆਸ਼ਰਮ ਹੈ, ਗਿਆਨਾਰਥੀਆਂ ਲਈ ਉਹ ਇਕ ਸਾਹਿਤ ਤੀਰਥ ਹੈ, ਤੇ ਓਥੇ ਜਾਂਦਿਆਂ ਹੀ ਰਹਿਣ ਖਾਣ ਦਾ ਬੰਦੋਬਸਤ ਹੋ ਜਾਂਦਾ ਹੈ। ਇਸੇ ਆਧਾਰ ਉੱਤੇ ਦਿੱਲੀ ਦਾ ਖਲਾਰਾ ਸਮੇਟਣਾ ਸ਼ੁਰੂ ਕਰ ਦਿੱਤਾ ਤੇ ਯਾਤਰਾ ਦੀ ਤਿਆਰੀ ਵਿਚ ਲਗ ਪਿਆ ਸਾਂ, ਪਰ ਕੁਝ ਬੰਗਾਲੀ ਮਿੱਤਰਾਂ ਨੇ ਮੈਨੂੰ ਮੇਰੀ ਸੁਪਨਿਆਂ ਦੀ ਦੁਨੀਆਂ ਚੋਂ ਬਾਹਰ ਖਿਚ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਓਥੇ ਖਾਣ ਪੀਣ ਤੇ ਰਹਿਣ ਦਾ ਸਾਰਾ ਬੰਦੋਬਸਤ ਆਪਣਾ ਕਰਨਾ ਪਏਗਾ ਅਤੇ ਜੇ ਇਹ ਸਭ ਤੇਰੀ ਹਿੰਮਤ ਤੋਂ ਬਾਹਰ ਹੈ ਤਾਂ ਦਿੱਲੀ ਵਿਚ ਹੀ ਐਸੇ ਤਿੰਨ ਆਦਮੀ ਹੈਨ ਜਿਹੜੇ ਇਸ ਸਿਲਸਿਲੇ ਵਿਚ ਤੇਰੀ ਮਦਦ ਕਰ ਸਕਦੇ ਨੇ। ਉਹ ਤਿੰਨ ਆਦਮੀ ਹਨ, ਪੰਡਿਤ ਜਵਾਹਰ ਲਾਲ ਨਹਿਰੂ, ਜਿਹੜੇ ਕਿ ਸ਼ਾਂਤੀ ਨਿਕੇਤਨ ਵਿਸ਼ਵ ਭਾਰਤੀ ਯੂਨੀਵਰਸਿਟੀ ਦੇ ਚਾਂਸਲਰ ਹਨ, ਦੂਸਰੇ ਪ੍ਰੋ: ਹੁਮਾਯੂੰ ਕਬੀਰ, ਉਹ ਹਿੰਦੁਸਤਾਨ ਦੇ ਸਭਿਆਚਾਰਕ ਮੰਤਰੀ ਹਨ ਤੇ ਵਿਸ਼ਵ ਭਾਰਤੀ ਵਿਚ ਉਨ੍ਹਾਂ ਦਾ ਉਚੇਚਾ ਪ੍ਰਭਾਵ ਹੈ ਅਤੇ ਤੀਸਰੇ ਹਨ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੁਧੀਰੰਜਨ ਦਾਸ। ਉਹਨਾਂ ਨੇ ਪਹਿਲੀ ਤਾਲੀਮ ਸ਼ਾਂਤੀ ਨਿਕੇਤਨ ਵਿਚ ਗੁਰੂਦੇਵ ਟੈਗੋਰ ਕੋਲੋਂ ਹੀ ਪਾਈ ਹੈ ਅਤੇ ਅਜ ਵੀ ਓਥੇ ਉਨ੍ਹਾਂ ਦਾ ਖਾਸ ਪ੍ਰਭਾਵ ਹੈ। ਉਹ ਹੈਨ ਵੀ ਬੜੇ ਸੱਜਣ ਵਿਅਕਤੀ।

ਪਰ ਮੇਰਾ ਮਨ ਇਸ ਰਾਹ ਤੋਂ ਆਕੀ ਹੋ ਖਲੋਤਾ। ਉਹ ਆਖਦਾ ਸੀ : 'ਜੇ ਸ਼ਾਂਤੀ ਨਿਕੇ-ਤਨ ਵਿਚ ਟੈਗੋਰ ਦੇ ਸਾਹਿਤ ਦਾ ਅਧਿਐਨ ਕਰਨ ਜਾਣ ਲਈ ਏਨੇ ਵਿਅਕਤੀਆਂ ਦੀ ਸਿਫਾਰਸ਼ ਦੀ ਲੋੜ ਹੈ ਤਾਂ ਭਾਰਤੀ, ਤੇਰੇ ਰਹਿਣ ਵਾਲਾ ਸ਼ਾਂਤੀ ਨਿਕੇਤਨ ਉਹ ਨਹੀਂ। ਆਜ਼ਾਦ ਹਿੰਦੁਸਤਾਨ ਦੇ ਗਿਆਨਾਰਥੀਆਂ ਲਈ ਸ਼ਾਂਤੀ ਨਿਕੇਤਨ ਵਿਚ ਸਾਹਿਤ ਅਧਿਐਨ ਵਾਸਤੇ ਏਡੇ ਵਡੇ ਵਿਅਕਤੀਆਂ ਦੀ ਸਿਫਾਰਸ਼ ! ਨਾ, ਤੈਥੋਂ ਇਹ ਕੰਮ ਨਹੀਂ ਹੋਣਾ ਭਾਊ।' ਮਨ ਬਦਲ ਲਿਆ। ਬਿਸਤਰਾ ਬੋਰੀਆ ਖੋਹਲ ਦਿੱਤਾ ਤੇ ਫਿਰ ਕਿਸੇ ਵੇਲੇ ਕੁਝ ਦਿਨਾਂ ਲਈ ਇਕ ਝਾਤੀ ਮਾਰ ਆਵਾਂਗਾ ਸੋਚ ਕੇ ਆਪਣੇ ਕੰਮੀ ਲੱਗ ਪਿਆ ਸਾਂ।

ਅਤੇ ਹੁਣ ਜਦੋਂ ਫਿਰ ਸ਼ਾਂਤੀ ਨਿਕੇਤਨ ਨੂੰ ਤਿਆਰ ਹੋ ਰਿਹਾ ਸਾਂ ਓਦੋਂ ਅਚਾਨਕ ਖਬਰ ਨਿਕਲੀ ਸੀ ਕਿ ਸ੍ਰੀ ਸੁਧੀ ਰੰਜਨ ਦਾਸ ਵਿਸ਼ਵ ਭਾਰਤੀ ਦੇ ਵਾਈਸ ਚਾਂਸਲਰ ਬਣਾਏ ਗਏ ਹਨ।

'ਮੈਨੂੰ ਕੀ?' ਆਖ ਕੇ ਮੈਂ ਗੱਡੀ ਚੜ੍ਹ ਬੈਠਾ ਸਾਂ, ਪਰ ਸ਼ਾਂਤੀ ਨਿਕੇਤਨ ਪਹੁੰਚਣ ਤੇ ਪਤਾ ਲੱਗਾ ਕਿ ਮੈਨੂੰ ਵੀ ਕੁਝ ਹੈ ਵੇ। ਸਿਰ ਲੁਕਾਣ ਲਈ ਥਾਂ ਲੱਭਦਿਆਂ ਲੱਭਦਿਆਂ ਅਨੇਕਾਂ ਲੋਕਾਂ ਨਾਲ ਮੁਲਾਕਾਤ ਹੋ ਗਈ ਸੀ। ਸ਼ਾਂਤੀ ਨਿਕੇਤਨ ਨਿਕੀ ਜਿਹੀ ਥਾਂ ਹੋਣ ਕਰ ਕੇ ਇਹ ਗੱਲ ਮਸ਼ਹੂਰ ਹੁੰਦਿਆਂ ਚਿਰ ਨਾ ਲੱਗਾ ਕਿ ਇਕ ਪੰਜਾਬੀ ਆਦਮੀ ਏਥੇ ਆਇਆ ਹੈ, ਸਾਹਿਤ ਅਕੈਡਮੀ ਵੱਲੋਂ ਕ੍ਰਿਸ਼ਣਾ ਕ੍ਰਿਪਲਾਨੀ ਦੀ ਚਿੱਠੀ ਲਿਆਇਆ ਹੈ, ਪਰ ਉਸ ਨੂੰ ਰਹਿਣ ਲਈ ਥਾਂ ਨਹੀਂ ਮਿਲੀ। ਉਹ ਪੋਸ਼ਾਲੀ ਹੋਟਲ ਵਿਚ ਪੰਜ ਰੁਪਏ

ਰੋਜ਼ ਤੇ ਰਹਿ ਰਿਹਾ ਹੈ।

ਸ਼ਾਂਤੀ ਨਿਕੇਤਨ ਵਿਚ ਹੋਰ ਕਿਸੇ ਤਰ੍ਹਾਂ ਦੀ ਬਾਹਰੀ ਰਾਜਨੀਤੀ ਹੋਵੇ ਨਾ ਹੋਵੇ, ਪਰ ਸਥਾਨਕ ਰਾਜ਼ਨੀਤੀ ਕਾਫ਼ੀ ਹੈ। ਕਈ ਤਰ੍ਹਾਂ ਦੇ ਲੋਕ ਮੈਨੂੰ ਆਣ ਆਣ ਮਿਲਦੇ। ਪੈਂਦਿਆਂ ਹੀ ਮੇਰੇ ਨਾਲ ਹਮਦਰਦੀ ਜ਼ਾਹਰ ਕਰਦੇ ਅਤੇ ਮੈਂ ਸਮਝਦਾ ਕਿ ਹੁਣ ਮੇਰੇ ਲਈ ਥਾਂ ਦਾ ਬੰਦੋਬਸਤ ਹੋ ਗਿਆ ਹੈ, ਪਰ ਉਹ ਸੱਜਣ ਹਮਦਰਦੀ ਜਤਾ ਕੇ ਕਿਸੇ ਨਾ ਕਿਸੇ ਦਾ ਨਾਮ ਦੱਸ ਕੇ ਉਸ ਕੋਲ ਜਾਣ ਦਾ ਮਸ਼ਵਰਾ ਦੇ ਕੇ ਅਗਾਂਹ ਹੁੰਦੇ। ਇਨ੍ਹਾ ਹਮਦਰਦਾਂ ਦੀ ਦੱਸ ਹੌਲੀ ਹੌਲੀ ਨਵੇਂ ਆਏ ਵਾਈਸ ਚਾਂਸਲਰ ਦੀ ਹੱਦ ਤਕ ਪਹੁੰਚੀ। ਮੇਰੇ ਲਈ ਇਹ ਇਕ ਨਵੀਂ ਸਮੱਸਿਆ ਸੀ ਕਿ ਕੁਝ ਦਿਨਾਂ ਲਈ ਰਹਿਣ ਵਾਸਤੇ ਇਕ ਕਮਰੇ ਦੀ ਮੰਗ ਲੈ ਕੇ ਉਨ੍ਹਾਂ ਕੋਲ ਜਾਵਾਂ। ਤਾਂ ਵੀ ਇਹ ਇਕ ਚੰਗਾ ਬਹਾਨਾ ਜ਼ਰੂਰ ਸੀ ਉਸ ਵਿਅਕਤੀ ਨੂੰ ਨੇੜਿਓਂ ਵੇਖ ਲੈਣ ਦਾ ਜਿਸ ਦੇ ਪਹੁੰਚਦਿਆਂ ਹੀ ਹਰ ਜ਼ਬਾਨ ਉੱਤੇ ਇਹ ਗੱਲ ਸੀ ਕਿ ਹੁਣ ਜ਼ਰੂਰ ਕੁਝ ਹੋਵੇਗਾ, ਇਨ੍ਹਾਂ ਨੇ ਸਾਰਾ ਢਾਂਚਾ ਹੀ ਬਦਲ ਕੇ ਰੱਖ ਦੇਣਾ ਏ। ਇਹ ਬੜੇ ਜ਼ਬਰਦਸਤ ਆਦਮੀ ਨੇ, ਜਵਾਹਰ ਲਾਲ ਨੇ ਇਨ੍ਹਾਂ ਨੂੰ ਖ਼ਾਸ ਕਰ ਕੇ ਇਹ ਜ਼ਿੰਮੇਵਾਰੀ ਦਿੱਤੀ ਏ, ਹੁਣ ਵੇਖਾਂਗੇ ਧਾਂਦਲੀ ਕਿਵੇਂ ਚੱਲਦੀ ਏ... ਇਤਿ ਆਦਿ। ਇਹ ਸਭ ਸੁਣ ਸੁਣ ਕੇ ਮੇਰੇ ਵੀ ਕੰਨ ਖੜੇ ਹੋ ਗਏ। ਕੋਈ ਗੱਲ ਜ਼ਰੂਰ ਹੈ। ਕੀ ਹੈ, ਇਸ ਦਾ ਮੈਨੂੰ ਕਿਵੇਂ ਪਤਾ ਲੱਗਦਾ? ਪਰ ਜਿਸ ਵਿਅਕਤੀ ਵੱਲ ਸਾਰਾ ਸ਼ਾਂਤੀ ਨਿਕੇਤਨ ਏਨੀ ਆਸ ਤੇ ਸ਼ਰਧਾ ਭਰੀਆਂ ਨਜ਼ਰਾਂ ਨਾਲ ਵੇਖ ਰਿਹਾ ਹੈ, ਉਸ ਨੂੰ ਇਕ ਵਾਰੀ ਨੇੜਿਓਂ ਤੱਕਣ ਨੂੰ ਜੀ ਜ਼ਰੂਰ ਕੀਤਾ।

ਜਾਂ ਪਹੁੰਚਾ ਉਨ੍ਹਾਂ ਦੇ ਘਰ। ਨੌਕਰ ਚਾਕਰ ਤੇ ਕੋਈ ਦਿੱਸਿਆ ਨਾ ਜਿਸ ਰਾਹੀਂ ਅੰਦਰ ਖ਼ਬਰ ਘੱਲਦਾ। ਸੋ ਬਾਹਰਲੇ ਬਰਾਂਡੇ ਵਿਚ ਖੁਲ੍ਹਦੇ ਖੱਬੇ ਪਾਸੇ ਦੇ ਬੂਹੇ ਨੂੰ ਆਪੇ ਹੀ ਜਾ ਠਕੋਰਿਆ।

"ਆ ਜਾਓ।" ਆਵਾਜ਼ ਆਈ ਤੇ ਮੈਂ ਬੂਹਾ ਖੋਹਲ ਕੇ ਅੰਦਰ ਜਾ ਪਹੁੰਚਾ। ਮੇਰੇ ਜਿਹੀ ਸ਼ਕਲ ਸੂਰਤ ਉਨ੍ਹਾਂ ਲਈ ਨਵੀਂ ਨਹੀਂ ਸੀ, ਕਿਉਂਕਿ ਦੋ ਦਿਨ ਪਹਿਲਾਂ ਤੱਕ ਉਹ ਵੀ ਦਿੱਲੀ ਵਿਚ ਹੀ ਰਹਿੰਦੇ ਗਏ ਸਨ ਅਤੇ ਕਾਫੀ ਚਿਰ ਸ਼ਿਮਲੇ ਵੀ ਰਹੇ ਸਨ, ਤਾਂ ਵੀ ਸ਼ਾਂਤੀ ਨਿਕੇਤਨ ਵਿਚ ਪਹੁੰਚਦਿਆਂ ਹੀ ਉਨ੍ਹਾਂ ਲਈ ਮੁੜ ਉਹੋ ਜਿਹੀ ਸੂਰਤ ਵੇਖ ਲੈਣ ਦੀ ਆਸ ਕਰਨੀ ਰਤਾ ਔਖੀ ਸੀ। ਮੈਨੂੰ ਵੇਖਦਿਆਂ ਹੀ ਉਨ੍ਹਾਂ ਦੇ ਚੇਹਰੇ ਤੇ ਕੁਝ ਭਾਵ ਜਾਗੇ ਤੇ ਛੇਤੀ ਨਾਲ ਕੁਰਸੀ ਤੋਂ ਉਠ ਕੇ ਉਨ੍ਹਾਂ ਨੇ ਜਿਊ ਆਇਆਂ ਕਿਹਾ। ਫਿਰ ਇਕ ਕੁਰਸੀ ਉਤੇ ਬਹਿਣ ਲਈ ਕਹਿ ਕੇ ਸਵਾਲੀਆ ਨਜ਼ਰਾਂ ਨਾਲ ਮੇਰੇ ਵਲ ਤਕਦੇ ਰਹੇ। ਆਸ ਮੇਰੀ ਤੋਂ ਵੀ ਬਾਹਰ ਦੀ ਗੱਲ ਸੀ ਕਿ ਮੈਨੂੰ ਇੰਜ ਆਦਰ ਨਾਲ ਜਿਊ ਆਇਆਂ ਆਖਿਆ ਜਾਏਗਾ। ਪਹਿਲੇ ਦਿਨਾਂ ਦਾ ਅਨੁਭਵ ਹੀ ਕੁਝ ਇਸੇ ਤਰ੍ਹਾਂ ਦਾ ਸੀ। ਖੈਰ ! ਮੈਂ ਸ਼ਾਂਤੀ ਨਿਕੇਤਨ ਤੇ ਫਿਰ ਉਨ੍ਹਾਂ ਕੋਲ ਆਉਣ ਦਾ ਮਨੋਰਥ ਦੱਸਿਆ। ਉਨ੍ਹਾਂ ਨੇ ਪੜਤਾਲ ਕਰ ਕੇ ਬੰਦੋਬਸਤ ਕਰਨ ਦਾ ਬਚਨ ਦੇ ਕੇ ਮੈਨੂੰ ਵਿਦਿਆ ਕਰ ਦਿੱਤਾ।

ਦੂਸਰੇ ਦਿਨ ਉੱਤਰਾਇਣ ਦੇ ਦਾਲਾਨ ਵਿਚ ਉਨ੍ਹਾਂ ਦਾ ਪਬਲਿਕ ਸਨਮਾਨ ਸੀ। ਰਵੀਂਦ੍ਰ ਨਾਥ ਦੀ ਭਤੀਜੀ ਇੰਦਰਾ ਦੇਵੀ ਚੌਧਰਾਣੀ ਵੱਲੋਂ ਬੋਲੇ ਗਏ ਸਨਮਾਨ ਦੇ ਕੁਝ ਬੋਲ ਸੁਣਕੇ ਜਿਸ ਤਰ੍ਹਾਂ ਤੇ ਜੋ ਕੁਝ ਇਨ੍ਹਾਂ ਨੇ ਆਖਿਆ, ਇਸ ਨਾਲ ਇਨ੍ਹਾਂ ਦਾ ਇਕ ਹੋਰ ਤੇ ਪਰੀਪੂਰਨ ਰੂਪ ਵੇਖਣ ਦਾ ਮੌਕਾ ਮਿਲ ਗਿਆ। ਜਿਸ ਵਿਦਿਆਲੇ ਵਿਚ ਨਿਕੇ ਹੁੰਦਿਆਂ ਉਹ ਪੜ੍ਹੇ ਸਨ ਉਹ ਵਿਦ੍ਯਿਆਲਾ ਅੱਜ ਇੰਟਰਨੈਸ਼ਨਲ ਯੂਨੀਵਰਸਿਟੀ ਸੀ ਤੇ ਨਿਕੇ ਸੁਧੀ ਨੂੰ ਅੱਜ ਢਲਦੀ ਉਮਰ ਵਿਚ ਉਸ ਯੂਨੀਵਰਸਿਟੀ ਵਿਚ ਸਭ ਤੋਂ ਵੱਧ ਸਨਮਾਨ ਜਨਕ ਪਦਵੀ ਦਿੱਤੀ ਜਾ ਰਹੀ ਸੀ। ਸਫਲ ਜ਼ਿੰਦਗੀ ਦਾ ਇਕ ਲੰਮਾ ਦੌਰ ਲੰਘਾ ਕੇ ਦੇਸਾਂ ਪਰਦੇਸ਼ਾਂ ਵਿਚ ਘੁੰਮ ਕੇ ਅੰਤ ਤੇ ਐਸੇ ਸਨਮਾਨ ਦੀ ਪ੍ਰਾਪਤੀ ਦਾ ਅਨੰਦ ਠੀਕ ਤਰ੍ਹਾਂ ਤਾਂ ਉਹੋ ਹੀ ਜਾਣ ਸਕਦੇ ਹਨ ਪਰ ਘਟਨਾਵਾਂ ਦੇ ਇਸ ਸਿਲਸਿਲੇ ਦੇ ਬਿਆਨ ਵੇਲੇ ਉਨ੍ਹਾਂ ਦਾ ਗੱਚ ਭਰ ਆਉਣ ਅਤੇ ਅੱਖਾਂ ਦਾ ਡੁਲ੍ਹ ਡੁਲ੍ਹ ਪੈਣ ਦਾ ਦ੍ਰਿਸ਼ ਮੇਰੇ ਜਿਹੇ ਜਜ਼ਬਾਤੀ ਆਦਮੀ ਨੂੰ ਵੀ ਸਮਝਾਣ ਲਈ ਘੱਟ ਨਹੀਂ ਸੀ। ਮੇਰਾ ਵਿਸ਼ਵਾਸ ਹੈ, ਜਿਸ ਵਿਅਕਤੀ ਦੀਆਂ ਖੁਸ਼ੀ ਵੇਲੇ, ਸਫਲਤਾ ਵੇਲੇ ਕਿਸੇ ਵੱਲੋਂ ਆਪਣੇ ਉੱਤੇ ਵਿਸ਼ਵਾਸ ਦਰਸਾਉਣ ਵੇਲੇ ਅੱਖਾਂ ਭਰ ਆਉਂਦੀਆਂ ਤੇ ਬੋਲ ਕੰਬ ਜਾਂਦੇ ਹਨ; ਦੂਸਰੇ ਦਾ ਦੁਖ ਪੀੜ ਵੇਖ ਕੇ ਵੀ ਉਹੋ ਹੀ ਹਮਦਰਦੀ ਤੇ ਪੀੜ ਨਾਲ ਡੁਲ੍ਹ ਸਕਦਾ ਹੈ। ਮੇਰੇ ਲਈ ਇਹ ਪਹਿਲਾ ਮੌਕਾ ਸੀ ਕਿਸੇ ਐਸੇ ਵਿਅਕਤੀ ਨੂੰ ਵੇਖਣ ਦਾ ਜਿਹੜਾ ਹੁਣੇ ਹੁਣੇ ਹੀ ਦੇਸ਼ ਦੀ ਸਭ ਤੋਂ ਵਡੀ ਅਦਾਲਤ ਦਾ ਸਭ ਤੋਂ ਵਡਾ ਜੱਜ ਸੀ, ਜ਼ਿੰਦਗੀ ਜਾਂ ਮੌਤ-ਮਹਾਨ ਅਨੰਦ ਜਾਂ ਅਥਾਹ ਗ਼ਮ—ਇਨ੍ਹਾਂ ਦੋ ਵਸਤਾਂ ਨਾਲ ਜਿਸਦਾ ਵਾਹ ਸੀ, ਪਤਾ ਨਹੀਂ ਕਿੰਨੀ ਵਾਰੀ ਉਹ ਫੈਸਲੇ ਦੀ ਘੜੀ ਇਨ੍ਹਾਂ ਦੀ ਜ਼ਿੰਦਗੀ ਵਿਚ ਆਈ ਹੋਵੇ ਗੀ, ਜਦੋਂ ਕਿਸੇ ਲਈ ਮੌਤ ਦੀ ਸਜ਼ਾ ਤਜਵੀਜ਼ ਕਰਕੇ ਹਨੇਰੇ ਕੋਨੇ ਵਿਚ ਬਦਕਿਸਮਤ ਲਈ ਅੱਥਰਾਂ ਕੇਰੀਆਂ ਹੋਣਗੀਆਂ ਜਾਂ ਕਿਸੇ ਦੇ ਗਲ ਪੈਂਦੇ ਫਾਂਸੀ ਦੇ ਰੱਸੇ ਨੂੰ ਪਰੇ ਹਟਾ ਕੇ ਦਿੱਤੀ ਜ਼ਿੰਦਗੀ ਦੇ ਮਹਾਨ ਅਨੰਦ ਵਿਚ ਅੱਖੀਆਂ ਡੋਹਲੀਆਂ ਹੋਣਗੀਆਂ।

ਸਨਮਾਨ ਸਭਾ ਖ਼ਤਮ ਹੋਣ ਤੇ ਦੂਰੋਂ ਹੀ ਮੈਨੂੰ ਵੇਖਕੇ ਮੇਰੇ ਵੱਲ ਆਏ ਤੇ ਗੈਸਟ ਹਾਊਸ ਦੇ ਚਾਲੀ ਪੰਜਾਹ ਤਖਤ ਪੋਸ਼ਾਂ ਵਾਲੇ ਕਮਰੇ ਵਿਚ ਰਜਿਸਟਰਾਰ ਵੱਲੋਂ ਮੇਰੇ ਲਈ ਇਕ ਤਖ਼ਤਪੋਸ਼ ਦਾ ਬੰਦੋਬਸਤ ਹੋ ਜਾਣ ਦੀ ਖਬਰ ਦੇ ਕੇ ਮੈਨੂੰ ਓਥੇ ਜਾਣ ਲਈ ਕਿਹਾ। ਜਤਨ ਉਨ੍ਹਾਂ ਨੇ ਕੀਤਾ ਸੀ, ਪਰ ਗੈਸਟ ਹਾਊਸ ਦੇ ਉਸ ਭੀੜ ਭੜੱਕੇ ਵਾਲੇ ਕਮਰੇ ਵਿਚ ਇਕ ਸੀਟ ਮਿਲ ਜਾਣ ਤੇ ਕੀ ਤਸੱਲੀ ਮਿਲਣੀ ਸੀ? ਹਾਂ ਹੂੰ ਕਰਕੇ ਮੈਂ ਉਨ੍ਹਾਂ ਕੋਲੋਂ ਆ ਗਿਆ। ਦੋ ਕੁ ਦਿਨਾਂ ਬਾਅਦ ਹੀ ਸਵੇਰ ਦੀ ਪ੍ਰਾਰਥਨਾ ਵੇਲੇ ਮੇਰੇ ਬਾਰੇ ਨਿਸਚਿੰਤ ਹੋਣ ਲਈ ਫਿਰ ਪੁਛ ਲਿਆ ਕਿ ਮੈਂ ਗੈਸਟ ਹਾਊਸ ਵਿਚ ਡੇਰਾ ਲਾ ਦਿੱਤਾ ਹੈ ਕਿ ਨਹੀਂ। ਉੱਤਰ ਵਿਚ ਮੈਂ ਉਸ ਬਾਰੇ ਆਪਣੀ ਮਜਬੂਰੀ ਦੱਸੀ, ਪਰ ਇਹ ਦੱਸ ਕੇ ਉਨ੍ਹਾਂ ਦੀ ਚਿੰਤਾ ਵੀ ਦੂਰ ਕਰ ਦਿੱਤੀ ਕਿ ਕੁੰਜ ਬਾਬੂ ਦੇ ਘਰ ਮੇਰੇ ਰਹਿਣ ਦਾ ਬੰਦੋਬਸਤ ਹੋ ਗਿਆ ਹੈ।

ਪ੍ਰਾਰਥਨਾ ਨੂੰ ਜਾਂਦਿਆਂ ਰੋਜ਼ ਸਵੇਰੇ ਰਾਹ ਵਿਚ ਸਾਡਾ ਮੇਲ ਹੋ ਜਾਂਦਾ। ਲਾਇਬਰੇ

ਰੀ ਦੇ ਸਾਹਮਣੇ ਪਹੁੰਚਦਿਆਂ ਹੀ ਅਨੇਕਾਂ ਨਿਕੇ ਨਿਕੇ ਬਾਲਕ ਸਾਨੂੰ ਘੇਰ ਲੈਂਦੇ। ਸਾਰੇ ਹੀ ਵਾਰੀ ਵਾਰੀ ਪਹਿਲਾਂ "ਸੁਧੀ ਰੰਜਨ ਦਾ, ਨਮਸਕਾਰ" ਤੇ ਫਿਰ "ਭਾਰਤੀ ਦਾ, ਨਮਸਕਾਰ" ਆਖ ਆਖ ਕੇ ਹੱਲਾ ਮਚਾ ਦੇਂਦੇ। ਫਿਰ ਸਾਡਾ ਦੋਹਾਂ ਦਾ ਇਮਤਹਾਨ ਸ਼ੁਰੂ ਹੋ ਜਾਂਦਾ। ਪਹਿਲਾਂ ਉਨ੍ਹਾਂ ਦੀ ਹੀ ਵਾਰੀ ਹੁੰਦੀ। ਸਾਰੇ ਬੱਚੇ ਹੀ ਵਾਰੀ ਵਾਰੀ ਤੇ ਕਈ ਵਾਰੀ ਇਕੱਠੇ ਹੀ ਪੁਛੀ ਜਾਂਦੇ "ਸ਼ੁਧੀ ਰੰਜਨ ਦਾ, ਆਮਾਰ ਨਾਮ ਬੋਲੁਣ ਤੋਂ, ਆਮਾਰ ਨਾਮ, ਆਮਾਰ ਨਾਮ-- ਮੇਰਾ ਨਾਂ ਮੇਰਾ ਨਾਂ ਮੇਰਾ ਨਾਂ ਦੱਸੋ ਮੇਰਾ ਨਾਂ।" ਅਤੇ ਸੁਧੀ ਰੰਜਨ ਦਾ ਹਰ ਕਿਸੇ ਦਾ ਨਾਂ ਦੱਸੀ ਜਾਂਦੇ। ਫਿਰ ਮੇਰੀ ਵਾਰੀ ਹੁੰਦੀ, "ਭਾਰਤੀ ਦਾ, ਆਮਾਰ ਨਾਮ ਬੋਲੁਣ ਤੋਂ, ਆਮਾਰ ਨਾਮ, ਆਮਾਰ ਨਾਮ।" ਮੈਂ ਵੀ ਉਸੇ ਤਰ੍ਹਾਂ ਜਵਾਬ ਦੇਣੇ ਸ਼ੁਰੂ ਕਰ ਦੇਂਦਾ-ਤੋਰ ਨਾਮ ਰਵੀਦ੍ਰ ਪਾਲ, ਤੋਰ ਨਾਮ ਚਿਤਰੰਜਨ, ਤੋਰ ਰਵੀਦ੍ਰ, ਤੁਮੀ ਰਣਜੀਤ, 'ਤੋਮਾਰ ਨਾਮ ਅਮਲ, ਤੁਮੀ ਤੋੜਿਤ ਨਾ !... ਅਤੇ ਦਸਦਿਆਂ ਦਸਦਿਆਂ ਮੈਂ ਤਾਂ ਭੁਲ ਕੇ ਆਪਣੀ ਹਾਰ ਮੰਨ ਲੈਂਦਾ। ਬੱਚੇ ਬਾਰ ਬਾਰ ਆਪਣਾ ਆਪਣਾ ਨਾਮ ਦੱਸਦੇ, ਉਨ੍ਹਾਂ ਦੇ ਅਰਥ ਪੁਛਦੇ ਤੇ ਫਿਰ ਇਹ ਵੀ ਪੁੱਛਦੇ ਕਿ ਨਾਂ ਚੰਗਾ ਏ ਕਿ ਮਾੜਾ। ਇਸੇ ਚੰਗੇ ਮਾੜੇ ਦੇ ਗੇੜ ਵਿਚ ਹੀ ਮੈਂ ਇਕ ਦਿਨ ਇਕ ਬੱਚੇ ਦੀ ਉਦਾਸੀ ਦਾ ਕਾਰਨ ਵੀ ਬਣ ਗਿਆ। ਉਸ ਨੇ ਆਪਣਾ ਨਾਂ ਦੱਸਿਆ ਸੀ ਪ੍ਰਾਂਸ਼ੂ, ਪਰ ਮੈਨੂੰ ਪੈਰ ਵਿਚਲਾ 'ਰ' ਨਾ ਸੁਣਿਆ ਅਤੇ ਮੈਂ 'ਪਾਂਸ਼ੂ' ਸਮਝ ਕੇ ਇਸ ਨਾਮ ਨੂੰ ਚੰਗਾ ਨਾ ਆਖ ਸਕਿਆ। ਸਾਰਾ ਦਿਨ ਉਸਦਾ ਲੱਥਾ ਲੱਥਾ ਉਦਾਸ ਮੂੰਹ ਮੇਰੀਆਂ ਅੱਖਾਂ ਅੱਗੇ ਘੁੰਮਦਾ ਰਿਹਾ। ਰਹਿ ਰਹਿ ਕੇ ਮਨ ਵਿਚ ਸਵਾਲ ਵੀ ਉਠਦਾ ਕਿ ਇਸ ਦੇ ਮਾਪਿਆਂ ਨੇ ਇਸ ਦਾ ਨਾਂ, 'ਪਾਂਸ਼ੂ' ਕਿਉਂ ਰਖਿਆ? ਕੀ 'ਪਾਂਸ਼ੂ' ਦਾ ਕੋਈ ਸੁਹਣਾ ਅਰਥ ਵੀ ਹੈ? ਕਈ ਕਿਤਾਬਾਂ ਬੰਗਲਾ ਵਿਚੋਂ ਅਨੁਵਾਦ ਕਰਨ ਕਰ ਕੇ ਸ਼ਬਦਾਂ ਤੇ ਉਨ੍ਹਾਂ ਦੇ ਅਰਥਾਂ ਦੇ ਗੇੜ ਵਿਚ ਪਏ ਰਹਿਣ ਦੀ ਆਦਤ ਵੀ ਮੇਰੇ ਮਨ ਦੀ ਇਸ ਹਾਲਤ ਦੀ ਜ਼ਿੰਮੇਵਾਰ ਸੀ। ਆਮ ਤੌਰ ਤੇ ਮੈਨੂੰ ਓਨਾ ਚਿਰ ਚੈਨ ਨਹੀਂ ਆਉਂਦਾ, ਜਿੰਨਾ ਚਿਰ ਕਿਸੇ ਅੜ ਗਏ ਸ਼ਬਦ ਦਾ ਤਸੱਲੀ ਬਖਸ਼ ਅਰਥ ਜਾਂ ਉਸ ਦੇ ਮੁਕਾਬਲੇ ਦਾ ਸ਼ਬਦ ਨਾ ਲੱਭ ਲਵਾਂ। ਉਸੇ ਆਦਤ ਮੁਤਾਬਕ ਹੀ ਅੰਤ ਨੂੰ ਹਾਰ ਕੇ ਸ਼ਬਦ ਕੋਸ਼ ਕੱਢ ਕੇ ਬਹਿ ਗਿਆ ਤੇ ਪਾਂਸ਼ੂ ਦੇ ਅਰਥ ਲਭਦਿਆਂ ਲਭਦਿਆਂ ਅਚਾਨਕ ਮੇਰੀ ਨਜ਼ਰ 'ਪ੍ਰਾਂਸ਼ੂ' ਤੇ ਜਾ ਰੁਕੀ। ਪ੍ਰਾਂਸ਼ੂ ਦਾ ਅਰਥ ਹੈ 'ਉੱਚਾ'। ਦੂਸਰੇ ਦਿਨ ਫਿਰ ਉਸਨੂੰ ਪੁਛਣ ਤੇ ਜਦੋਂ ਉਸ ਨੇ ਆਪਣਾ ਨਾਂ ਪ੍ਰਾਂਸ਼ੂ ਦੱਸਿਆ ਤਾਂ ਫਿਰ ਉਸ ਨੂੰ ਖ਼ੁਸ਼ ਕਰਦਿਆਂ ਮੈਨੂੰ ਦੇਰ ਨਾ ਲੱਗੀ।

ਇਨ੍ਹਾਂ ਬੱਚਿਆਂ ਦੇ ਨਾਮ ਯਾਦ ਹੁੰਦਿਆਂ ਮੈਨੂੰ ਤਾਂ ਚੋਖੇ ਦਿਨ ਹੀ ਲੱਗ ਗਏ ਸਨ, ਪਰ ਸਾਡੇ ਸੁਧੀ ਰੰਜਨ ਦਾ ਨੇ ਤਿੰਨਾਂ ਚੌਹ ਦਿਨਾਂ ਵਿਚ ਹੀ ਸਾਰੇ ਨਾਮ ਪਕਾ ਲਏ ਸਨ। ਯਾਦਦਾਸ਼ਤ ਉਨ੍ਹਾ ਦੀ ਅਸਚਰਜ ਸੀ। ਸੈਂਕੜੇ ਬੱਚਿਆਂ ਦੇ ਨਾਂ ਤੇ ਸ਼ਕਲਾਂ ਉਨ੍ਹਾਂ ਨੂੰ ਕੁਝ ਦਿਨਾਂ ਵਿਚ ਹੀ ਇੰਜ ਯਾਦ ਹੋ ਗਈਆਂ, ਜਿਵੇਂ ਉਹ ਸਾਲਾਂ ਤੋਂ ਉਨ੍ਹਾਂ ਦੇ ਨਾਲ ਹੀ ਉਠਦੇ ਬੈਠਦੇ ਖੇਡਦੇ ਰਹੇ ਹੋਣ। ਜਿਸ ਦਿਨ ਕੋਈ ਇਕ ਵੀ ਬੱਚਾ ਗ਼ੈਰ ਹਾਜ਼ਿਰ ਹੁੰਦਾ ਤਾਂ ਇਨ੍ਹਾਂ ਦੀਆਂ ਨਜ਼ਰਾਂ ਉਸ ਨੂੰ ਢੂੰਡਦੀਆਂ ਢੂੰਡਦੀਆਂ ਅੰਤ ਸਵਾਲੀਆ ਫਿਕਰਾ

ਬਣ ਜਾਂਦੀਆਂ। ਕਿਸੇ ਹੋਰ ਕੋਲੋਂ ਪੁਛਦੇ, "ਅਜ ਅਨੂਪ ਨਹੀ ਆਇਆ?"

ਤੇ ਜੇ ਉਸ ਦੇ ਬੀਮਾਰ ਹੋ ਕੇ ਹਸਪਤਾਲ ਪਏ ਹੋਣ ਦੀ ਖ਼ਬਰ ਮਿਲਦੀ ਤਾਂ ਥੋੜ੍ਹੇ ਚਿਰ ਬਾਅਦ ਇਨ੍ਹਾਂ ਨੂੰ ਹਸਪਤਾਲ ਵਿਚ ਵੇਖਿਆ ਜਾ ਸਕਦਾ। ਇਹ ਨਿਕੇ ਨਿਕੇ ਬਾਲ ਸਾਡੀ ਸਵੇਰ ਦੇ ਦੋਸਤ ਬਣ ਗਏ। ਲੋਕ ਤਾਂ ਹੋਰ ਵੀ ਬਥੇਰੇ ਆਉਂਦੇ ਸਨ ਪ੍ਰਾਰਥਨਾ ਵਿਚ, ਪਰ ਇਨ੍ਹਾਂ ਨਿੱਕਿਆਂ ਨੇ ਸਾਨੂੰ ਦੋਹਾਂ ਨੂੰ ਹੀ ਆਪਣੇ ਮਿੱਤਰ ਬਣਾਇਆ ਸੀ। ਇਹ ਬਾਲ ਮੈਨੂੰ ਏਨਾ ਚਾਹੁੰਦੇ ਸਨ, ਇੰਜ ਗੱਲਾਂ ਕਰਦੇ ਹਨ ਅਤੇ ਮੈਂ ਰੋਜ਼ ਨੇਮ ਨਾਲ ਪ੍ਰਾਰਥਨਾ ਵਿਚ ਹਾਜ਼ਰ ਹੁੰਦਾ ਹਾਂ, ਵੇਖ ਕੇ ਸੁਧੀ ਦਾ ਵੀ ਮੈਨੂੰ ਉਸੇ ਤਰ੍ਹਾਂ ਸਨੇਹ ਕਰਨ ਲੱਗ ਪਏ। ਅਸਲ ਵਿਚ ਉਹ ਵੇਲਾ ਹੀ ਐਸਾ ਹੁੰਦਾ ਸੀ। ਉਸ ਵੇਲੇ ਉਹ ਵਾਈਸ ਚਾਂਸਲਰ ਨਹੀ ਸਨ ਹੁੰਦੇ ਤੇ ਮੈਂ ਏਡੀ ਦੂਰੋਂ ਸ਼ਾਂਤੀ ਨਿਕੇਤਨ ਵਿਚ ਗਿਆ ਦਰਸ਼ਨਾਰਥੀ ਭਾਰਤੀ ਨਹੀ ਸਾਂ ਹੁੰਦਾ। ਅਸੀ ਸਾਰੇਇਕ ਲਾਈਨ ਵਿਚ ਉਸ ਇਕ ਦੇ ਹਜ਼ੂਰ ਵਿਚ ਮਿਤਰਾਂ, ਭਰਾਵਾਂ ਵਾਂਗ ਉਸ ਦੇ ਪੁਤਰਾਂ ਦੇ ਰੂਪ ਵਿਚ ਖਲੋਤੇ ਹੁੰਦੇ। ਸਾਰੇ ਹੀ ਇਕ ਸਵੱਰ ਨਾਲ ਬੋਲਦੇ, "ਪਿਤਾ ਨੋਹਸੀ, ਪਿਤਾ ਨੋਬੋਧੀ, ਨਮਸਤੇਸਤੁ।"

ਅਸੀਂ ਦੋਵੇਂ ਜਦੋਂ ਆਮ੍ਰ ਕੁੰਜ ਤੱਕ ਪਹੁੰਚਦੇ ਤਾਂ ਦੂਰੋਂ ਪਰਲੇ ਪਾਸਿਓਂ ਕੋਈ ਬਾਲ ਤੁਰਿਆ ਆਉਂਦਾ ਦਿੱਸਦਾ। ਸੁਧੀ ਦਾ ਉਸ ਨੂੰ ਵੇਖ ਲੈਂਦੇ ਤੇ ਉਹ ਇਨ੍ਹਾਂ ਨੂੰ। ਅਤੇ ਫਿਰ ਉਹ ਓਧਰੋਂ ਤੇ ਇਹ ਏਧਰੋਂ ਦੌੜ ਪੈਂਦੇ। ਮੁਕਾਬਲਾ ਹੁੰਦਾ ਪ੍ਰਾਰਥਨਾ ਸਥਾਨ ਉੱਤੇ ਪਹਿਲਾਂ ਪਹੁੰਚਣ ਲਈ। ਪਹੁੰਚਦਾ ਉਹ ਬੱਚਾ ਹੀ। ਜੇ ਉਹ ਰਤਾ ਪਿਛੜਦਾ ਦਿਸਦਾ ਤਾਂ ਇਹ ਚਾਲ ਹੌਲੀ ਕਰ ਕੇ ਉਸ ਨੂੰ ਜਿਤਾ ਦੇਂਦੇ।

ਇਕ ਦਿਨ ਅਸਾਂ ਦੋਹਾਂ ਨੇ ਇਕ ਦੂਜੇ ਦੀ ਇਕ ਗੱਲ ਫੜ ਲਈ। ਪ੍ਰਾਰਥਨਾ ਵੇਲੇ ਗੁਰੂ ਦੇਵ ਦਾ ਇਕ ਗੀਤ ਗਾਇਆ ਗਿਆ। ਕੋਈ ਗੱਲ ਸੀ। ਜਦੋਂ ਗੀਤ ਮੁੱਕਾ ਤਾਂ ਮੈਂ ਕਿਸੇ ਬਹਾਨੇ ਅੱਖਾਂ ਪੂੰਝਦਿਆਂ ਪੂੰਝਦਿਆਂ ਮੂੰਹ ਮੋੜਿਆ। ਵੇਖਿਆ, ਉਹ ਵੀ ਉਸੇ ਤਰ੍ਹਾਂ ਕਿਸੇਬਹਾਨੇ ਅੱਖਾਂ ਪੂੰਝ ਰਹੇ ਸਨ। ਇਕ ਦੂਜੇ ਵਲ ਨਜ਼ਰ ਪੈਂਦਿਆਂ ਹੀ ਗੱਲ ਫੜੀ ਗਈ, ਦੋਹਾਂ ਨੇ ਹੀ ਕੰਨੀ ਖਿਸਕਾ ਲਈ।

ਸ਼ਾਂਤੀ ਨਿਕੇਤਨ ਵਿਚ ਨਿਤ ਕੋਈ ਨਾ ਕੋਈ ਸਮਾਗਮ, ਕਿਸੇ ਦਾ ਲੈਕਚਰ ਆਦਿ ਹੁੰਦੇ ਹੀ ਰਹਿੰਦੇ ਹਨ। ਕੋਸ਼ਿਸ਼ ਤਾਂ ਮੇਰੀ ਹੁੰਦੀ ਕਿ ਹਰ ਸਮਾਗਮ ਵਿਚ ਪਹੁੰਚ ਜਾਵਾਂ, ਪਰ ਕਈ ਵਾਰੀ ਪਤਾ ਹੀ ਨਾ ਲੱਗਣ ਕਰਕੇ ਜਾਂ ਕਿਤੇ ਦੂਰ ਕਿਸੇ ਪਿੰਡ ਨੂੰ ਗਏ ਹੋਣ ਕਰਕੇ ਜੇ ਪਹੁੰਚ ਨਾ ਸਕਦਾ ਤਾਂ ਜਵਾਬਦੇਹੀ ਦਾ ਧੁੜਕੂ ਲੱਗਾ ਹੀ ਰਹਿੰਦਾ। ਅਕਸਰ ਪੁੱਛ ਹੋ ਜਾਂਦੀ, "ਕਲ੍ਹ ਐਡਾ ਸੁਹਣਾ ਭਾਸ਼ਣ ਸੀ, ਤੁਸੀ ਸ਼ਾਇਦ...।" ਅਤੇ ਫਿਰ ਆਪ ਹੀ ਅਗਲੇ ਨੇੜਲੇ ਪਰੋਗਰਾਮ ਬਾਰੇ ਪਹਿਲਾਂ ਹੀ ਦੱਸ ਦੇਂਦੇ।

ਕਈ ਵਾਰੀ ਸਾਡੀ ਦੋਹਾਂ ਦੀ ਕੋਈ ਗੱਲ ਕਈ ਕਈ ਦਿਨ ਬਹੁਤ ਲੋਕਾਂ ਦੀ ਦਿਲਚਸਪੀ ਤੇ ਚਰਚਾ ਦਾ ਵਿਸ਼ੈ ਬਣ ਜਾਂਦੀ।

ਇਕ ਦਿਨ ਰੂਸ ਦਾ ਇਕ ਤਾਲੀਮੀ ਡੈਲੀਗੇਸ਼ਨ ਸ਼ਾਂਤੀ ਨਿਕੇਤਨ ਆ ਗਿਆ। ਟਾਟਾ ਹਾਊਸ ਵਿਚ ਹੀ ਰਾਤ ਠਹਿਰਾਇਆ ਗਿਆ। ਅਗਲੇ ਦਿਨ ਸਵੇਰੇ ਹੀ ਉਸ ਨੇ

ਟੁਰ ਜਾਣਾ ਸੀ। ਪ੍ਰਾਰਥਨਾ ਨੂੰ ਜਾਣ ਲਈ ਆਪਣੇ 'ਉੱਤਰਾਂ' ਵਾਲੇ ਨਿਵਾਸ ਚੋਂ ਤੁਰ ਕੇ ਸੁਧੀ ਦਾ ਦੇ ਘਰ ਸਾਹਮਣੇ ਪਹੁੰਚਦਿਆਂ ਹੀ ਉਨ੍ਹਾਂ ਨਾਲ ਮੇਲ ਹੋ ਗਿਆ। ਓਥੋਂ ਦੋਵੇ ਹੀ ਰੂਸੀ ਡੈਲੀਗੇਸ਼ਨ ਨੂੰ ਵਿਦਾ ਆਖਣ ਲਈ ਟਾਟਾ ਹਾਊਸ ਗਏ। ਡੈਲੀਗੇਸ਼ਨ ਦੇ ਇਕ ਮੈਂਬਰ ਨੇ ਸਾਡੇ ਦੋਹਾਂ ਦੇ ਕੋਟਾਂ ਨੂੰ ਸ਼ੀਸ਼ੇ ਦਾ ਬਣਿਆ ਹੋਇਆ ਇਕ ਇਕ ਬਟਨ ਜਿਹਾ ਲਾ ਦਿੱਤਾ। ਦੋਹਾਂ ਨੇ ਇਕ ਦੂਜੇ ਨੂੰ ਵਿਖਾਇਆ। ਉਨ੍ਹਾਂ ਦੀ ਛਾਤੀ ਉਤੇ ਮਾਸਕੋ ਯੂਨੀਵਰਸਿਟੀ ਦੀ ਤਸਵੀਰ ਵਾਲਾ ਬਟਨ ਸੀ ਤੇ ਮੇਰੀ ਛਾਤੀ ਉਤੇ ਲੈਨਿਨ ਦੀ ਤਸਵੀਰ ਵਾਲਾ। ਅਸਾਂ ਦੋਹਾਂ ਨੇ ਹੀ ਇਹ ਬਟਨ ਕੋਟਾਂ ਨਾਲੋਂ ਕਦੀ ਨਾ ਲਾਹੇ। ਪ੍ਰੋਫੈਸਰ ਲੋਕ ਤੇ ਬੱਚੇ ਸਾਰੇ ਹੀ ਪਹਿਲਾਂ ਤੇ ਦੋ ਚਾਰ ਦਿਨ ਇਸ ਗੱਲ ਨੂੰ ਨੋਟ ਕਰਦੇ ਰਹੇ ਕਿ ਬਟਨ ਸ਼ਾਂਤੀਨਿਕੇਤਨ ਵਿਚ ਸਿਰਫ ਇਨ੍ਹਾਂ ਦੋਹਾਂ ਦੀ ਹਿੱਕ ਉਤੇ ਹੀ ਲੱਗੇ ਹਨ। ਫਿਰ ਪੁਛ ਸ਼ੁਰੂ ਹੋ ਗਈ। ਉਨ੍ਹਾਂ ਨੇ ਇਸ ਦੀ ਪ੍ਰਾਪਤੀ ਦਾ ਇਤਿਹਾਸ ਦੱਸ ਕੇ ਹੌਲੀ ਜਿਹੀ ਨਾਲ ਹੀ ਇਹ ਆਖ ਦੇਣਾ ਕਿ "ਅਮਰ ਭਾਰਤੀ ਨੂੰ ਆਰਡਰ ਆਫ਼ ਲੈਨਿਨ ਮਿਲਿਆ ਏ।" ਕਿਸੇ ਨੇ ਜੇ ਪਹਿਲਾਂ ਮੈਨੂੰ ਪੁਛ ਲੈਣਾ ਤਾਂ ਮੈਂ ਵੀ ਉਸੇ ਤਰ੍ਹਾਂ ਦਾ ਇਤਿਹਾਸ ਦੱਸ ਕੇ ਹੌਲੀ ਜਿਹੀ ਉਨ੍ਹਾਂ ਦਾ ਮਾਸਕੋ ਯੂਨੀਵਰਸਿਟੀ ਨਾਲ ਕੋਈ ਸੰਬੰਧ ਜੋੜ ਦੇਣਾ, ਪਰ ਅਸਲ ਪ੍ਰੋਗ੍ਰਾਮ ਸਾਡਾ ਦੋਹਾਂ ਦਾ ਹੀ ਦੂਸਰਿਆਂ ਨੂੰ ਖਪਾਉਣ ਦਾ ਰਹਿੰਦਾ।

ਸਾਡੀ ਇਹ ਦੋਸਤੀ ਪਰਭਾਤ ਦੇ ਕੁਝ ਛਿਨਾਂ ਲਈ ਰਾਖਵੀ ਸੀ। ਉਸ ਤੋਂ ਬਾਅਦ ਸਾਡੀ ਜਾਤ ਵੱਖਰੀ ਹੋ ਜਾਂਦੀ। ਉਹ ਐਸ. ਆਰ. ਦਾਸ ਹੁੰਦੇ ਤੇ ਮੈਂ ਉਹੋ ਨਥਾਵਾਂ ਅਮਰ ਭਾਰਤੀ।

ਪਰ ਅੱਜ ਜਦੋਂ ਅਚਾਨਕ ਇਨ੍ਹਾਂ ਦੋਸਤੀ ਦੇ ਛਿਨਾਂ ਨੂੰ ਪੱਸਰਦਿਆਂ ਵੇਖਿਆ ਤਾਂ ਮਨ ਵਿਚੋਂ ਅਨੇਕਾਂ ਸਵਾਲ ਉਠ ਖਲੋਣੇ ਸੁਭਾਵਕ ਹੀ ਸਨ।

ਅਗਲੇ ਦਿਨ ਜਦੋਂ ਸਮੇਂ ਸਿਰ ਉਨ੍ਹਾਂ ਦੇ ਘਰ ਪਹੁੰਚਾ ਤਾਂ ਰਾਮ ਕਿੰਕਰ ਤੇ ਕ੍ਰਿਸ਼ਨਾ ਕ੍ਰਿਪਲਾਣੀ ਸਾਹਿਬ ਨੂੰ ਵੀ ਦਾਅਵਤ ਵਿਚ ਹਾਜ਼ਰ ਵੇਖਿਆ। ਸਾਡੇ ਅੱਠਾਂ ਦਸਾਂ ਆਦਮੀਆਂ ਵਿਚ ਮੈਂ ਤੇ ਕ੍ਰਿਪਲਾਨੀ ਜੀ ਹੀ ਗ਼ੈਰ ਬੰਗਾਲੀ ਸਾਂ, ਪਰ ਕਿਉਂਕਿ ਕ੍ਰਿਪਲਾਣੀ ਜੀ ਤਾਂ ਕਈ ਵਰ੍ਹੇ ਗੁਰੂਦੇਵ ਦੀ ਛਤਰ ਛਾਇਆ ਹੇਠ ਸ਼ਾਂਤੀ ਨਿਕੇਤਨ ਵਿਚ ਰਹਿ ਚੁੱਕੇ ਸਨ ਅਤੇ ਵਿਆਹੇ ਵੀ ਗੁਰੂਦੇਵ ਦੀ ਦੋਹਤੀ ਨੰਦਿਤਾ ਦੇਵੀ ਨਾਲ ਹਨ, ਇਸ ਲਈ ਉਹ ਹੁਣ ਨਾਮ ਦੇ ਹੀ ਗ਼ੈਰ ਬੰਗਾਲੀ ਸਨ। ਰਵੀਂਦ੍ਰ ਸ਼ਤਾਬਦੀ ਦੇ ਪ੍ਰੋਗ੍ਰਾਮ ਦੇ ਸਿਲਸਿਲੇ ਵਿਚ ਅਜ ਕਲ ਕੁਝ ਦਿਨਾਂ ਲਈ ਸ਼ਾਂਤੀ ਨਿਕੇਤਨ ਆਏ ਹੋਏ ਸਨ। ਸੋ ਇਸ ਬੰਗਾਲੀ ਮਹਿਫਲ ਵਿਚ ਮੈਂ ਕੱਲਾ ਹੀ ਪੰਜਾਬੀ ਤੇ ਉਹ ਵੀ ਲੰਮੀ ਦਾਹੜੀ ਵਾਲਾ ਕਾਬੂ ਆ ਗਿਆ ਸਾਂ। ਮੇਰੀ ਖ਼ਾਨਾ-ਬਦੋਸ਼ੀ ਤੋਂ ਲੈ ਕੇ ਦਾਹੜੀ ਵਿਚ ਡਾਲ ਭਾਤ ਦੇ ਕਿਣਕੇ ਅੜ ਜਾਣ ਤੱਕ ਹਰ ਗੱਲ ਨੂੰ ਦਿਲਚਸਪੀ ਦਾ ਕੇਂਦਰ ਬਣਨਾ ਪਿਆ। ਭਾਵੇ ਮੈਂ ਦਾਹੜੀ ਦੇ ਨਾਂ ਤੇ ਪਹਿਲਾਂ ਹੀ ਦੋ ਤਿੰਨ ਚਿੱਮਚੇ ਲੈ ਬੈਠਾ ਸਾਂ। ਪਰ ਜਿਵੇਂ ਉਹ ਸਾਰੇ ਚੌਲਾਂ ਸਮੇਤ ਸਬੂਤਾ ਪੰਜਾ ਹੀ ਨਿਗਲ ਜਾਂਦੇ ਸਨ, ਉਸ ਤਰ੍ਹਾਂ ਮੇਰੇ ਚਿਮਚੇ ਤੇ ਸਭ ਕੁਝ ਸਮੇਟ ਕੇ ਮੂੰਹ ਵਿਚ ਨਹੀ ਸਨ ਪੁਚਾ ਸਕਦੇ। ਸੋ ਇਕ ਅੱਧ ਦਾਣਾ ਦਾਹੜੀ

ਵਿਚ ਅੜ ਹੀ ਜਾਂਦਾ। ਹੈ ਤਾਂ ਸਾਰਾ ਬੰਗਾਲੀ ਭੋਜਨ ਹੀ ਸੀ, ਪਰ ਇਹ ਨਾ ਹੋਟਲ 'ਚ ਬਣਿਆਂ ਸੀ ਅਤੇ ਨਾ ਹੀ ਕਿਸੇ ਨੌਕਰ ਦੇ ਹੱਥਾਂ ਦਾ, ਨੌਕਰ ਤਾਂ ਉਸ ਘਰ ਵਿਚ ਕੋਈ ਹੈ ਹੀ ਨਹੀ ਸੀ—ਇਹ ਸਾਰਾ ਕੁਝ ਸ਼੍ਰੀਮਤੀ ਦਾਸ ਦੇ ਹੱਥਾਂ ਦਾ ਬਣਿਆਂ ਹੋਇਆ ਸੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਢਲਦੀ ਉਮਰ ਤੇ ਮਾਇਕ ਸਮਰੱਥਾ ਹੋਣ ਤੇ ਵੀ ਸ਼੍ਰੀਮਤੀ ਦਾਸ ਘਰ ਵਿਚ ਨੌਕਰ ਰਖਣਾ ਪਸੰਦ ਨਹੀਂ ਕਰਦੇ। ਪੁੱਛਣ ਤੇ ਕਿਹਾ ਸਾਨੇ, "ਨੌਕਰ ਹੱਥੀ ਹੋਏ ਕੰਮ ਵਿਚ 'ਸਨੇਹ' ਦਾ ਕੋਈ ਦਖਲ ਨਹੀਂ ਹੁੰਦਾ, ਮੈਂ ਆਪਣੇ ਘਰ ਨੂੰ ਸਨੇਹ ਹੀਨ ਕਿਉਂ
ਬਣਾਵਾਂ?" ਇਹੋ ਕਾਰਨ ਸੀ ਕਿ ਏਨੇ ਦਿਨ ਜਿਹੜਾ ਬੰਗਾਲੀ ਦਾਲ ਭਾਤ ਖਾ ਖਾ ਕੇ ਮੇਰੀ ਜਾਨ ਤੰਗ ਪਈ ਹੋਈ ਸੀ ਅੱਜ ਉਸੇ ਵਿਚੋਂ ਹੀ ਅੰਮ੍ਰਿਤ-ਰਸ ਆ ਰਿਹਾ ਸੀ। ਖਾਣੇ ਦੇ ਨਾਲ ਨਾਲ ਉਨ੍ਹਾਂ ਦੀ ਡਰ ਭਰੀ ਪੁੱਛ ਕਿ 'ਪਤਾ ਨਹੀ ਤੁਹਾਨੂੰ ਕਿਹੋ ਜਿਹਾ ਲੱਗਦਾ ਹੋਵੇਂ', ਇਕ ਵੱਖਰਾ ਹੀ ਸਵਾਦ ਦੇਂਦੀ ਸੀ। ਉਹ ਡਰ ਸੀ ਸਨੇਹ ਦਾ, ਜਿਹੜਾ ਹਿੰਦੁਸਤਾਨ ਦੇ ਘਰਾਂ ਦੀਆਂ ਸਵਾਣੀਆਂ ਵਿਚ ਹੀ ਸੰਭਵ ਹੈ।

ਮੋਹ ਜਾਲ

ਸ਼ਾਂਤੀ ਨਿਕੇਤਨ ਵਿਚ ਦਿਨ ਤੇ ਦਿਨ ਇੰਜ ਬੀਤਦੇ ਜਾ ਰਹੇ ਸਨ ਜਿਵੇਂ ਠੀਕ ਟਿਕਾਣੇ ਤੇ ਪਹੁੰਚ ਗਿਆ ਹਾਂ ਤੇ ਹੁਣ ਕਿਧਰੇ ਜਾਣਾ ਆਉਣਾ ਨਹੀਂ। ਪਰ ਇਕ ਦਿਨ ਸਵੇਰੇ ਸਵੇਰੇ ਬ੍ਰਮ੍ਹ ਮੰਦਰ ਦੀ ਉਪਾਸਨਾ ਵਿਚ ਸ਼ਾਮਿਲ ਹੋਣ ਲਈ ਜਾਂਦਿਆਂ ਹੀ ਇਕ ਸੱਜਣ ਨੇ ਮੇਰੀ ਉਹ ਭਾਵ ਮਗਨਤਾ ਤੋੜ ਦਿੱਤੀ। ਉਨ੍ਹਾਂ ਨੇ ਪੁਛਿਆ, "ਅਜੇ ਕੁਝ ਚਿਰ ਰਹੋਗੇ ਨਾ ਏਥੇ।"

"ਅਜੇ ਜਾਣ ਬਾਰੇ ਫੈਸਲਾ ਨਹੀਂ ਕਰ ਸਕਿਆ।"

"ਕਲ ਵਾਈਸ ਚਾਂਸਲਰ ਵੀ ਕਹਿ ਰਹੇ ਸਨ ਕਿ ਇਹ ਆਪਣਾ ਕੰਮ ਤੇ ਮੁਕਾ ਬੈਠੇ ਨੇ ਪਰ ਸ਼ਾਂਤੀ ਨਿਕੇਤਨ ਦੇ ਮਾਹੌਲ ਨੇ ਉਨ੍ਹਾਂ ਨੂੰ ਇੰਜ ਮੋਹ ਵਿਚ ਫਸਾ ਲਿਆ ਹੈ ਕਿ ਉਨ੍ਹਾ ਲਈ ਘਰ ਮੁੜਨਾ ਮੁਸ਼ਕਿਲ ਬਣਾ ਦਿੱਤਾ ਹੈ।"

ਮੈਨੂੰ ਇੰਜ ਲੱਗਾ ਜਿਵੇਂ ਮੇਰੀ ਕੋਈ ਚੋਰੀ ਉਤੋਂ ਹੀ ਫੜ ਲਈ ਗਈ ਹੋਵੇ। ਸ਼ਾਂਤੀ ਨਿਕੇ-ਤਨ ਵਿਚ ਰਹਿ ਰਿਹਾ ਸਾਂ ਪਰ ਇਸ ਗੱਲ ਦਾ ਖ਼ਿਆਲ ਹੀ ਨਹੀ ਸੀ ਕਿ ਕਿਉਂ ਮੇਰੇ ਮੁੜਨ ਦਾ ਦਿਨ ਰੋਜ਼ ਰੋਜ਼ ਅੱਗੇ ਪੈਂਦਾ ਜਾ ਰਿਹਾ ਹੈ। ਅੱਜ ਅਚਾਨਕ ਮੇਰੇ ਆਪਣੇ ਸਾਹਮਣੇ ਹੀ ਇਕ ਭੇਤ ਖੁਲ੍ਹ ਗਿਆ ਕਿ ਸ਼ਾਂਤੀ ਨਿਕੇਤਨ ਦੇ ਮਾਹੌਲ ਨੇ ਮੈਨੂੰ ਆਪਣੇ ਮੋਹ-ਜਾਲ ਵਿਚ ਫਸਾਇਆ ਹੋਇਆ ਹੈ। ਸ਼ਾਂਤੀ ਨਿਕੇਤਨ ਵਿਚ ਮੈਂ ਜਿਸ ਸ਼ਰਧਾ ਭਗਤੀ ਨਾਲ ਗਿਆ ਸਾਂ, ਓਥੇ ਪਹੁੰਚਦਿਆਂ ਹੀ ਉਸ ਨੂੰ ਠੇਸ ਵੀ ਕਾਫੀ ਲੱਗੀ ਸੀ, ਕਈ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਸੀ ਪਰ ਫਿਰ ਵੀ ਇਸ ਨੇ ਕਿਵੇਂ ਅਦਿੱਖ ਹਥਾਂ ਨਾਲ ਮੇਰੇ ਮਨ ਨੂੰ ਕੀਲਿਆ ਹੋਇਆ ਹੈ। ਆਪਣੇ ਇਸ ਮੋਹ ਬਾਰੇ

ਸੋਚ ਕੇ ਅਤੇ ਇਹ ਸੋਚ ਕੇ ਕਿ ਜਿੰਨਾਂ ਵੀ ਇਸ ਜਾਲ ਵਿਚ ਫਸਦਾ ਜਾਵਾਂਗਾ ਏਥੋਂ ਨਿਕਲਣਾ ਓਨਾ ਹੀ ਔਖਾ ਹੁੰਦਾ ਜਾਏਗਾ, ਇਸ ਦੇ ਬਾਵਜੂਦ ਪੱਕੇ ਤੌਰ ਤੇ ਏਥੇ ਰਹਿਣਾ ਮੇਰੇ ਵਿਤੋਂ ਬਾਹਰ ਹੈ। ਏਥੇ ਇਹੋ ਜਿਹੇ ਵਿਅਕਤੀ ਤਾਂ ਜ਼ਰੂਰ ਹੈ ਨੇ ਜਿਹੜੇ ਮੇਰੇ ਇਸ ਮੋਹ ਦੀ ਮਜਬੂਰੀ ਨੂੰ ਵੇਖ ਕੇ ਆਪਣੇ ਸ਼ਾਂਤੀ ਨਿਕੇਤਨ ਦੀ ਆਕਰਸ਼ਨ ਸ਼ਕਤੀ ਉਤੇ ਪਰਸੰਨ ਹੋ ਰਹੇ ਹਨ ਪਰ ਇਹੋ ਜਿਹਾ ਕੋਈ ਨਹੀ ਜਿਹੜਾ ਇਹ ਆਖ ਸਕੇ ਕਿ "ਤੂੰ ਏਥੇ ਹੀ ਰਹੇਂਗਾ।" ਫਿਰ ਇਸ ਮਜਬੂਰੀ ਨੂੰ ਹੋਰ ਕਿਉਂ ਵਧਾਇਆ ਜਾਏ?

ਫੈਸਲਾ ਕਰ ਲਿਆ, ਭਲਕੇ ਹੀਂ ਤੁਰ ਜਾਵਾਂਗਾ। ਅਤੇ ਇਹ ਫੈਸਲਾ ਕਰਨ ਦੀ ਦੇਰ ਸੀ ਕਿ ਜ਼ਿੰਦਗੀ ਵਿਚ ਇਕ ਭੁਚਾਲ ਜਿਹਾ ਆ ਗਿਆ ਪਰਤੀਤ ਹੋਣ ਲਗਾ। ਸਮਝ ਨਹੀਂ ਸੀ ਆ ਰਹੀ ਇਹ ਸ਼ਾਂਤੀ ਨਿਕੇਤਨ ਦਾ ਗੁਣ ਹੈ ਜਾਂ ਮਨ ਨੇ ਆਪਣੇ ਲਈ ਸਭ ਤੋਂ ਪਹਿਲੀ ਤੇ ਸਭ ਤੋਂ ਆਖਰੀ ਥਾਂ ਪਸੰਦ ਕਰ ਲਈ ਹੈ। ਮੇਰੇ ਮਨ ਦੀ ਹਾਲਤ ਅਜਬ ਸੀ। ਉਸਦੀ ਸਾਰੀ ਕਠੋਰਤਾ ਅੱਖਾਂ ਰਾਹੀਂ ਵਹਿ ਤੁਰੀ। ਅਤੇ ਇਹ ਵਹਿਣ ਐਸਾ ਸੀ ਜਿਹੜਾ ਕਿਸੇ ਤਰ੍ਹਾਂ ਰੁਕਣਾ ਨਹੀ ਸੀ ਚਾਹੁੰਦਾ। ਤਿਆਰ ਹੋ ਰਿਹਾ ਸਾਂ ਤੇ ਰੋ ਰਿਹਾ ਸਾਂ। ਸ਼ਾਂਤੀ ਨਿਕੇਤਨ ਦੇ ਅਨੇਕਾਂ ਵਿਅਕਤੀਆਂ ਨਾਲ ਬੀਤੇ ਢਾਈ ਮਹੀਨਿਆਂ ਵਿਚ ਸਾਂਝ ਪਈ ਸੀ। ਪਰ ਉਨ੍ਹਾਂ ਨੂੰ ਮਿਲਾਂ ਕਿਵੇਂ?

ਤਾਂ ਵੀ ਮਿਲਿਆ ਸਾਰਿਆਂ ਨੂੰ ਹੀ ਸਾਂ। ਬੋਲ ਨੇ ਸਾਥ ਨਹੀ ਸੀ ਦਿੱਤਾ ਪਰ ਅੱਖਾਂ ਨੇ ਸਾਰੀਆਂ ਗੱਲਾਂ ਹੀ ਕੀਤੀਆਂ ਸਨ। ਇਕ ਡਰ ਲਗਦਾ ਸੀ ਤਾਂ ਆਪਣੇ ਪ੍ਰਭਾਤ ਮਿਤਰਾਂ ਕੋਲੋਂ। ਉਨ੍ਹਾਂ ਨੇ ਮੈਨੂੰ ਸਭ ਤੋਂ ਵੱਧ ਪਿਆਰ ਦਿੱਤਾ ਸੀ ਤੇ ਕਦੀ ਵੀ ਉਨ੍ਹਾਂ ਕੋਲੋਂ ਨਾ ਜਾਣ ਦੇ ਬਾਰ ਬਾਰ ਇਕਰਾਰ ਦਿੱਤੇ ਸਨ। ਫਿਰ ਉਨ੍ਹਾਂ ਨੂੰ ਕਿਵੇਂ ਆਖਾਂ ਕਿ "ਮੈਂ ਜਾ ਰਿਹਾ ਹਾਂ।" ਉਨ੍ਹਾਂ ਤੋਂ ਚੋਰੀ ਹੀ ਚਲੇ ਜਾਣ ਦਾ ਫੈਸਲਾ ਕਰ ਲਿਆ, ਪਰ ਦੂਸਰੇ ਦਿਨ ਜਦੋਂ ਮੈ ਆਖ਼ਰੀ ਵਾਰੀ ਸ਼ਾਂਤੀ ਨਿਕੇਤਨ ਆਸ਼ਰਮ ਨੂੰ ਨਮਸਕਾਰ ਕਰਨ ਗਿਆ ਤਾਂ ਮੇਰੇ ਉਹ ਸਾਰੇ ਬਾਲ ਬੰਧੂ ਅਚਾਨਕ ਮੇਰੇ ਸਾਹਮਣੇ ਆਣ ਖਲੋਤੇ। ਸਾਰਿਆਂ ਨੇ ਇਕ ਜ਼ਬਾਨ ਵਿਚ ਹੀ ਕਿਹਾ, 'ਭਾਰਤੀ ਦਾ, ਤੁਸੀ ਜਾ ਰਹੇ ਓ?"

"ਹੂੰ।"

"ਕਿਉਂ, ਤੁਸੀ ਏਥੇ ਹੀ ਰਹੋ ਨਾ।"

"ਜਾਣਾ ਹੀ ਪਏਗਾ ਭਾਈ ! ਬਿਨਾਂ ਗਿਆ ਚਲਨਾ ਨਹੀਂ।"

"ਤਾਂ ਭਲਕੇ ਸਵੇਰੇ ਪ੍ਰਾਰਥਨਾ ਵਿਚ ਤੁਸੀ ਸਾਡੇ ਨਾਲ ਨਹੀ ਹੋਵੋਗੇ।" ਰੋਣ ਹਾਕੇ ਰਣਜੀਤ ਨੇ ਕਿਹਾ। ਰਵੀਦ੍ਰ ਪਾਲ ਨੇ ਸ਼ਕਾਇਤ ਭਰੀਆਂ ਨਜ਼ਰਾਂ ਨਾਲ ਮੇਰੇ ਵੱਲ ਤਕਿਆ, ਬਾਕੀਆਂ ਨੇ ਗੁੱਸੇ ਹੋ ਜਾਣ ਦਾ ਐਲਾਨ ਕਰ ਦਿੱਤਾ। ਸਭਨਾਂ ਨੂੰ ਪਿਆਰ ਦੇ ਕੇ ਕਿਸੇ ਤਰ੍ਹਾਂ ਮੈ ਇਹ ਕਹਿ ਸੱਕਿਆ, "ਤੁਹਾਡੇ ਸੁਧੀਰੰਜਨ ਦਾ ਤੇ ਤੁਹਾਡੇ ਕੋਲ ਹੀ ਨੇ। ਉਹ ਤੁਹਾਨੂੰ ਪਿਆਰ ਵੀ ਬਹੁਤ ਕਰਦੇ ਨੇ।"

"ਤੁਸੀ ਫਿਰ ਕਦੋਂ ਆਓਗੇ।"

"ਜਦੋਂ ਤੁਸੀ ਬੁਲਾਓਗੇ ਓਦੋਂ ਹੀ।"

ਅਤੇ ਅੰਤ ਰਾਤ ਨੂੰ ਦਸ ਵਜੇ ਦੇ ਕਰੀਬ ਸੁਧੀ ਰੰਜਨ ਬਾਬੂ ਦਾ ਦਰਵਾਜ਼ਾ ਵੀ ਜਾ ਖੜਕਾਇਆ। ਏਨੀ ਕੁਵੇਲੇ ਮੈਨੂੰ ਆਪਣੇ ਘਰ ਆਇਆਂ ਵੇਖਕੇ ਉਨ੍ਹਾਂ ਨੇ ਫਿਕਰ ਜਿਹੇ ਨਾਲ ਹੀ ਪੁਛਿਆ ਸੀ, "ਐਸ ਵੇਲੇ?"

"ਜੀ, ਅੱਜ ਜਾ ਰਿਹਾ ਹਾਂ।"

"ਇੰਜ, ਐਡੀ ਛੇਤੀ?"

"ਜਾਣਾ ਹੀ ਪੈ ਰਿਹਾ ਹੈ।"

"ਰੋਜ਼ ਸਵੇਰੇ ਪ੍ਰਾਰਥਨਾ ਵਿਚ ਤੁਸੀਂ ਆਉਂਦੇ ਸੀ, ਬੜਾ ਚੰਗਾ ਲੱਗਦਾ ਸੀ ਅਤੇ ਅੱਜ.. ਅੱਛਾ। ਫਿਰ ਕਦੋਂ ਆਓਗੇ?"

ਬੋਲ ਨੇ ਫਿਰ ਸਾਥ ਨਹੀਂ ਦਿੱਤਾ। ਅੱਖਾਂ ਨੇ ਹੀ ਕੁਝ ਕਿਹਾ ਸੀ, ਉਹ ਜ਼ਰੂਰ ਸਮਝ ਗਏ ਹੋਣਗੇ।

ਅਤੇ ਫਿਰ ਰਾਤ ਦੇ ਗਿਆਰਾਂ ਵਜੇ ਮੇਰੀ ਬਾਰੀ ਤੋਂ ਬਾਹਰ ਕਕਰੀਲੀ ਸਰਦੀ ਵਿਚ ਅੱਗ ਬਾਲ ਕੇ ਉਸ ਦੇ ਸਹਾਰੇ ਰਾਤ ਕਟ ਦੇਣ ਵਾਲਾ ਬਿਹਾਰ ਵਾਸੀ ਸ਼ੰਕਰ ਆਪਣੇ ਰਿਕਸ਼ੇ ਵਿਚ ਬੈਠਾ ਕੇ ਮੈਨੂੰ ਬੋਲਪੁਰ ਨੂੰ ਲੈ ਤੁਰਿਆ। ਨਾਲ ਮੇਰੇ ਸੁਰੇਸ਼ ਸੀ। ਸੁਧੀਰੰਜਨ ਦਾ ਦੀ ਕੋਠੀ, ਉੱਤਰਾਇਣ ਤੇ ਆਸ਼ਰਮ ਕੋਲੋਂ ਲੰਘਦਿਆਂ ਹੋਇਆਂ ਉਸ ਮਹਿਮਾ ਭਰੇ ਚੁਫੇਰੇ ਨੂੰ ਸ਼ਕਾਇਤੀ ਨਜ਼ਰਾਂ ਨਾਲ ਤਕਦਾ ਬੋਲਪੁਰ ਪਹੁੰਚਾ ਸਾਂ। ਕਲਕੱਤਾ ਕਦੀ ਨਹੀਂ ਸੀ ਵੇਖਿਆ, ਪਰ ਉਸ ਵੇਲੇ ਵੀ ਆਸ਼ਰਮ ਦੇ ਜਗਤ ਵਿਚੋਂ ਨਿਕਲ ਕੇ ਕਲਕੱਤੇ ਦੀਆਂ ਭੀੜਾਂ ਵਿਚ ਜਾਣ ਨੂੰ ਮਨ ਨਹੀਂ ਮੰਨਿਆਂ, ਸੋ ਦਿੱਲੀ ਨੂੰ ਹੀ ਪਰਤ ਪਿਆ।

ਮੈਂ ਅਜੇ ਵਾਪਸ ਨਹੀਂ ਆਇਆ



ਅਮਰ ਭਾਰਤੀ